24 ਜਨਵਰੀ-ਮਾਰਚ,2012

# ਕਹਾਣੀ ਧਾਰਾ



ਮੁੱਲ : 25/-



24 ਜਨਵਰੀ-ਮਾਰਚ, 2012

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

ਸੰਪਾਦਕ:
ਭਗਵੰਤ ਰਸੂਲਪੁਰੀ
94170-64350

Titel Art:Kaushik Sengupta

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।
ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 10, ਜਨਵਰੀ, 2012)

## ਇਸ ਅੰਕ ਵਿਚ

1. ਸੰਪਾਦਕੀ :
ਪੰਜਾਬੀ ਸਾਹਿਤ 'ਚੋਂ ਉਸਰਦਾ 'ਦਲਿਤ ਪਾਤਰ'-1
ਸਵੈ ਜੀਵਨੀ :
ਇਨ ਬਾਜਰੇ ਦੀ ਰੋਟੀਓਂ / ਸਰੂਪ ਸਿਆਲਵੀ-2
ਲੇਖਕਾਂ ਅੰਦਰਲਾ ਸੱਚ / ਮੋਹਣ ਸਿੰਘ ਕੁੱਕੜਪਿੰਡੀਆ-11
ਕਹਾਣੀਆਂ:
1. ਤੀਸਰਾ ਸ਼ਬਦ / ਲਾਲ ਸਿੰਘ-16
2. ਖੰਡਰ / ਬਲਬੀਰ ਕੌਰ ਸੰਘੇੜਾ-24
3. ਤੱਕੜੀ ਤੇ ਤਿੱਕੜੀ / ਮੋਹਨ ਲਾਲ ਫਿਲੌਰੀਆ-40
4. ਖੁਸ਼ੀ ਦੀ ਰੌਅ / ਜ਼ੋਰਾ ਸਿੰਘ ਸੰਧੂ-45
5. ਕਲਰਕ / ਮਹਿੰਦਰ ਸਿੰਘ ਤਤਲਾ-50
ਸ਼ਬਦ ਚਿੱਤਰ:
ਮੈਂ ਸਵਰਨ ਚੰਦਨ ਹਾਂ / ਜਿੰਦਰ-65
ਲੇਖ:
1. ਦਲਿਤ ਵਰਗ ਨੂੰ ਸਮਰਮਿਤ ਕਹਾਣੀਕਾਰ ਗੁਰਮੀਤ ਕੜਿਆਲਵੀ / ਪਰਮਪਾਲ ਸਿੰਘ-75
2. ਦਿਲ ਦੀ ਵੇਦਨਾ ਦਾ ਕਥਾਕਾਰ ਜਤਿੰਦਰ ਹਾਂਸ/ ਡਾ. ਤਜਿੰਦਰ ਪਾਲ ਕੌਰ-81
ਜਨ ਬੋਧ:
ਵਿਆਹ ਤੋਂ ਬਾਹਰੇ ਸੰਬੰਧ /ਸ਼ਰਣ ਕੁਮਾਰ ਲਿੰਬਾਲੇ
ਅਨੁ. ਭਗਵੰਤ ਰਸੂਲਪੁਰੀ-84
ਪੁਸਤਕ ਰੀਵਿਊ: 99
ਹੁੰਗਾਰਾ: 112

ਪਰਵਾਜ਼ ਪ੍ਰਕਾਸ਼ਨ

ਉਤਮ, ਮਿਆਰੀ, ਸੁੰਦਰ ਦਿੱਖ ਵਿਚ ਪੁਸਤਕਾਂ ਪ੍ਰਕਾਸ਼ਤ ਕਰਨ ਵਾਲਾ ਨਵਾਂ ਪ੍ਰਕਾਸ਼ਨ ਘਰ। ਪੰਜਾਬੀ ਸਾਹਿਤ ਦੀ ਹਰ ਵਿਧਾ ਦੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਲਈ ਸੰਪਰਕ ਕਰੋ। ਵਧੇਰੇ ਜਾਣਕਾਰੀ ਫੋਨ ਤੇ ਜਾਂ ਈ-ਮੇਲ ਰਾਹੀ ਪ੍ਰਾਪਤ ਕਰੋ। ISBN ਨੰਬਰ ਨਾਲ ਹਰ ਪੁਸਤਕ ਪ੍ਰਕਾਸ਼ਤ ਕੀਤੀ ਜਾਂਦੀ ਹੈ।

Parwaz Parkashan
E.mail:parwazparkashan@gmail.com
Mob. 94170-64350

ਸੰਪਾਦਕੀ

# ਪੰਜਾਬੀ ਸਾਹਿਤ 'ਚੋਂ ਉਸਰਦਾ 'ਦਲਿਤ ਪਾਤਰ'

ਸੰਤ ਸਾਹਿਤ ਤੋਂ ਇਲਾਵਾ ਕਿੱਸਾ ਸਾਹਿਤ ਵਿਚੋਂ ਉਸਰ ਰਹੇ ਦਲਿਤ ਪਾਤਰ ਦੀ ਪਛਾਣ ਕੀਤਿਆ ਪਤਾ ਲੱਗਦਾ ਹੈ ਕਿ ਦਲਿਤ, ਸਮਾਜ ਦਾ ਇਕ ਅਜਿਹਾ ਅੰਗ ਹੈ, ਜਿਸ ਨੂੰ ਲਗਾਤਾਰ ਸਮਾਜਿਕ, ਆਰਥਿਕ ਤੇ ਮਾਨਸਿਕ ਤੌਰ ਤੇ ਦਰੜਿਆ ਤੇ ਕੁਚਲਿਆ ਜਾ ਰਿਹਾ ਸੀ। ਜਿਸ ਨੂੰ ਬਹੁਤ ਘੱਟ ਤੇ ਓਪਰੀ ਪੱਧਰ 'ਤੇ ਲਿਖਾਰੀਆਂ ਨੇ ਸਮਝਿਆ। ਹਰੀ ਕ੍ਰਾਂਤੀ ਤੋਂ ਪਹਿਲੇ ਦੌਰ ਦਾ ਸਾਹਿਤ ਦਲਿਤ ਪਾਤਰਾਂ ਦੀਆਂ ਓਪਰੀਆਂ ਪਰਤਾਂ ਨੂੰ ਉਭਾਰਨ ਵਾਲਾ ਰੁਦਨ ਦਾ ਸਾਹਿਤ ਰਿਹਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਦੇ ਸਾਹਿਤ 'ਚ ਜਿਹੜਾ ਪਾਤਰ ਆਇਆ ਉਸ ਨੂੰ ਇਕ ਜਮਾਤ ਦੇ ਤੌਰ ਤੇ ਪੰਜਾਬੀ ਸਾਹਿਤਕਾਰਾਂ ਨੇ ਲਿਆਂਦਾ। ਨੀਵੀਂ ਜਾਤ ਦੀ ਮਾਨਸਿਕ ਪੀੜਾ ਤੋਂ ਕੋਰੇ ਦਲਿਤ ਪਾਤਰ ਘੜੇ ਜਾਣ ਲੱਗੇ। ਅਤਰਜੀਤ-ਗੋਰਖੀ-ਦਿਲ-ਉਦਾਸੀ ਦੇ ਦੌਰ ਦੇ ਦਲਿਤ ਪਾਤਰ ਵੀ ਸੰਪੂਰਨ ਰੂਪ ਵਿਚ ਉਸਰਦੇ ਜਿਸਦੇ ਨਹੀਂ ਹਨ। ਕਿਉਂਕਿ ਇਨ੍ਹਾਂ ਦੇ ਮਨਾਂ ਵਿਚ ਕਿਤੇ ਨਾ ਕਿਤੇ ਪ੍ਰਗਤੀਵਾਦੀ ਵਿਚਾਰਧਾਰਾ ਪਈ ਸੀ। ਜਿਸ ਕਾਰਨ ਦਲਿਤ ਪਾਤਰ ਹਕੀਕੀ ਰੂਪ ਵਿਚ ਉਭਰ ਨਹੀਂ ਸਕੇ। ਦਲਿਤ ਪਾਤਰ ਨੂੰ ਸਮਝਣ ਲਈ ਉਸ ਦੀ ਨੀਵੀਂ ਜਾਤ ਤੇ ਨੀਵੀਂ ਜਾਤ ਨਾਲ ਜੁੜੀ ਮਾਨਸਿਕ ਪੀੜਾ ਨੂੰ ਸਮਝਣਾ ਜ਼ਰੂਰੀ ਹੈ।

ਪੰਜਾਬੀ 'ਚ ਦੂਜੀਆਂ ਭਾਸ਼ਾਵਾਂ ਅਤੇ ਪੰਜਾਬੀ ਦੇ ਦਲਿਤ ਲੇਖਕਾਂ ਦੀਆਂ ਸਵੈ ਜੀਵਨੀਆਂ ਛਪਣ ਨਾਲ ਪੰਜਾਬੀ ਦਲਿਤ ਸਾਹਿਤ ਪ੍ਰੰਪਰਕ ਪੈਟਰਨ ਤੋਂ ਟੁੱਟ ਕੇ ਲਿਖਿਆ ਜਾਣ ਲੱਗਾ। ਕਹਾਣੀ ਤੇ ਕਵਿਤਾ ਰਾਹੀਂ ਦਲਿਤ ਪਾਤਰ ਨੂੰ ਸਮੁੱਚੇ ਸੰਦਰਭ ਵਿਚ ਲਿਆਉਣ ਦੇ ਨਿੱਗਰ ਯਤਨ ਹੋਏ। ਨਾਵਲ ਭਾਵੇਂ ਇਕ ਦੋ ਹੀ ਆਏ। ਇਨ੍ਹਾਂ ਦੇ ਪਾਤਰ ਬਿਲਕੁਲ ਵੱਖਰੀ ਕਿਸਮ ਦੇ ਸੱਚ ਦੇ ਨੇੜੇ ਸਨ। ਇਸੇ ਦੌਰ ਵਿਚ ਗੈਰ ਦਲਿਤ ਲੇਖਕਾਂ ਨੇ ਵੀ ਵਗਦੀ ਗੰਗਾਂ ਵਿਚ ਹੱਥ ਧੋਣ ਲਈ ਦਲਿਤ ਪਾਤਰਾਂ ਨੂੰ ਕਹਾਣੀਆਂ ਵਿਚ ਲੈ ਕੇ ਆਦਾਂ। ਇਹ ਸਾਹਿਤਕਾਰ ਜਾਂ ਤਾਂ ਪਾਤਰਾਂ ਦੀ ਖਿੱਲੀ ਉਡਾਉਂਦੇ ਜਾਂ ਤਰਸ ਤੇ ਰੁਦਨ ਪੈਦਾ ਕਰਦੇ ਸਨ। ਵਰਿਆਮ ਸੰਧੂ ਦੀ 'ਨੌਂ ਬਾਰਾਂ ਦੱਸ' ਤੇ ਮਨਿੰਦਰ ਕਾਂਗ ਦੀ 'ਕੁੱਤੀ ਵਿਹੜਾ' ਕਹਾਣੀਆਂ ਇਸ ਦੀਆਂ ਨਿੱਗਰ ਉਦਾਹਰਨਾ ਹਨ। ਜਿਥੇ ਸੰਧੂ ਦਲਿਤ ਪਾਤਰ ਦੀ ਖਿੱਲੀ ਉਡਾਉਂਦਾ ਹੈ ਉੱਥੇ ਕਾਂਗ ਭੰਗੀ ਸਮਾਜ ਦੀ ਸਿੱਖੀ ਦ੍ਰਿਸ਼ਟੀਕੋਣ ਤੋਂ ਮੌਖਿਕ ਇਤਿਹਾਸਕਾਰੀ ਕਰਦਿਆਂ ਕਹਾਣੀ ਦੇ ਸਾਰੇ ਤੱਤ ਇਕ ਪਾਸੇ ਕਰਕੇ ਵਾਰਤਕ ਲਿੱਖਣ ਲੱਗ ਪੈਂਦਾ ਹੈ, ਦੁਖਾਂਤ ਇਹ ਹੈ ਕਿ ਇਨ੍ਹਾਂ ਰਚਨਾਵਾਂ ਨੂੰ ਦਲਿਤ ਸਾਹਿਤ ਦੀਆਂ ਪ੍ਰਤੀਨਿੱਧ ਰਚਨਾਵਾਂ ਵਜੋਂ ਪ੍ਰਚਾਰਿਆ ਜਾਣ ਲੱਗਦਾ ਹੈ। ਦਲਿਤ ਵਰਗ ਵਿਚੋਂ ਆਏ ਮੋਹਨ ਲਾਲਾ ਫਿਲੌਰੀਆ, ਸਰੂਪ ਸਿਆਲਵੀ, ਗੁਰਮੀਤ ਕੜਿਆਲਵੀ, ਮਦਨ ਵੀਰਾ, ਬਲਬੀਰ ਮਾਧੋਪੁਰੀ ਆਦਿ ਲੇਖਕ ਜਿਹੜੀਆਂ ਰਚਨਾਵਾਂ ਵਿਚ ਦਲਿਤ ਪਾਤਰ ਲੈ ਕੇ ਆਉਂਦੇ ਹਨ ਉਹ ਇਸ ਲਈ ਸ਼ਕਤੀਸ਼ਾਲੀ ਹਨ ਕਿਉਂਕਿ ਇਨ੍ਹਾਂ ਨੇ ਪਾਤਰ ਘੜੇ ਨਹੀਂ ਬਲਕਿ ਉਨ੍ਹਾਂ ਦੀ ਜ਼ਿੰਦਗੀ ਦੇ ਅਨੁਭਵ ਤੇ ਮਾਨਸਿਕ ਪੀੜਾ 'ਚੋਂ ਨਿਕਲੇ ਹਨ। ਪਰ ਇਨ੍ਹਾਂ ਪਾਤਰਾਂ ਦੀ ਪੰਜਾਬੀ ਸਾਹਿਤ 'ਚ ਗੱਲ ਨਹੀਂ ਤੁਰਦੀ। ਸਗੋਂ ਆਲੋਚਨਾ ਹੁੰਦੀ ਹੈ। ਸਾਡੀ ਪੰਜਾਬੀ ਸਮੀਖਿਆ ਦੀ ਪਿੱਠ ਭੂਮੀ 'ਤੇ ਜਾਤੀ ਸਰੋਕਾਰ ਕਾਰਜਸ਼ੀਲ ਹਨ। ਜਿਹੜੇ ਕਿ ਇਸ ਸਾਹਿਤ ਨੂੰ ਹਾਸ਼ੀਏ ਤੇ ਧਕੇਲ ਦਿੰਦੇ ਹਨ। ਇਸ ਸਾਹਿਤ ਨੇ ਮੁੱਖ ਧਾਰਾ ਦਾ ਸਾਹਿਤ ਤਾਂ ਬਣਨਾ ਹੀ ਹੈ, ਇਸ ਨੂੰ ਰੋਕਿਆ ਨਹੀਂ ਜਾ ਸਕਦਾ। ਪਰ ਵਕਤ ਜ਼ਰੂਰ ਲੱਗੇਗਾ।

ਇਸ ਅੰਕ ਦੀਆਂ ਕਾਫੀ ਰਚਨਾਵਾਂ ਦਲਿਤ ਸਰੋਕਾਰਾਂ ਨਾਲ ਸਬੰਧਤ ਹਨ। ਵਿਸ਼ੇਸ਼ ਰੂਪ ਵਿਚ ਤਿੰਨ ਸਵੈ ਜੀਵਨੀਆਂ ਦੇ ਕਾਂਡ ਛਾਪ ਰਹੇ ਹਾਂ। ਜਿਨ੍ਹਾਂ ਵਿਚੋਂ ਦੋ ਸਿੱਧੇ ਦਲਿਤ ਸਰੋਕਾਰਾਂ ਨਾਲ ਜੁੜੇ ਹੋਏ ਹਨ। ਭਵਿੱਖ ਵਿਚ ਇਸ ਦੌਰ ਦੀਆਂ ਜਾਂ 'ਕਹਾਣੀ ਧਾਰਾ' ਪਰਚੇ ਵਿਚ ਛਪਦੀਆਂ ਰਚਨਾਵਾਂ ਵਿਚੋਂ ਹੀ ਉਹ ਪਾਤਰ ਦੇਰ ਤੀਕ ਜਿਊਂਦੇ ਜ਼ਰੂਰ ਰਹਿਣਗੇ, ਜਿਹੜੇ ਬਾਅਦ ਵਿਚ ਅਮਰ ਪਾਤਰ ਹੋਣਗੇ।

ਇਸ ਅੰਕ ਤੋਂ 'ਜਨ ਬੋਧ' ਕਾਲਮ ਵਿਚ ਅਸੀਂ ਵਰਜਿਤ ਵਿਸ਼ੇ ਤੇ ਲਿੰਬਾਲੇ ਦਾ ਲੇਖ ਅਨੁਵਾਦ ਕਰਕੇ ਛਾਪ ਰਹੇ ਹਾਂ। ਇਹ ਲੇਖ ਮਹੱਤਵਪੂਰਨ ਤਾਂ ਹੈ ਹੀ ਬਲਕਿ ਬਹਿਸ ਤਲਬ ਵੀ ਹੈ। ਜਿਸ ਤੇ ਸੰਵਾਦ ਤੋਰਨ ਲਈ ਪੰਜਾਬੀ ਦੇ ਲੇਖਕਾਂ, ਬੁੱਧੀਜੀਵੀਆਂ ਨੂੰ ਸੱਦਾ ਦਿੱਤਾ ਜਾਂਦਾ ਹੈ। **-ਭਗਵੰਤ ਰਸੂਲਪੁਰੀ**



# ਸਵੈ ਜੀਵਨੀ/ ਇਨ ਬਾਜਰੇ ਕੀ ਰੋਟੀਓਂ / ਸਰੂਪ ਸਿਆਲਵੀ

'ਰੋਟੀ ਖਾਣ ਦੀ ਮੁਦਰਾ ਵਿਚ ਹੱਥ ਫੈਲਾ ਕੇ' ਸਾਡੇ ਸਕੂਲ ਦੇ ਮੁੱਖ ਅਧਿਆਪਕ ਲਛਮਣ ਦਾਸ ਤੇ ਮਾਸਟਰ ਬਾਲ ਕ੍ਰਿਸ਼ਨ ਮੈਨੂੰ ਨਾਟਕ ਦੀ ਰੀਹਰਸਲ ਕਰਵਾ ਰਹੇ ਸਨ। "ਇਨ ਬਾਜਰੇ ਕੀ ਰੋਟੀਓਂ ਔਰ ਸਾਗ ਮੇਂ ਕਿਤਨਾ ਆਨੰਦ ਹੈ ਭੀਲਰਾਜ...।" ਰਾਜਪੂਤ ਰਾਜੇ, ਮਹਾਰਾਣਾ ਪ੍ਰਤਾਪ ਦੇ ਛੋਟੇ ਭਰਾ ਸ਼ਕਤੀ ਸਿੰਘ ਦੀ ਅਦਾਕਾਰੀ ਮੇਰਾ ਗੁਆਂਢੀ ਮੁੰਡਾ, ਜਗਿੰਦਰ ਸਿੰਘ ਕਰ ਰਿਹਾ ਸੀ। ਤੇ ਭਾਮਾ ਸ਼ਾਹ, ਮਹਾਰਾਣਾ ਪ੍ਰਤਾਪ ਦੇ ਮੰਤਰੀ ਦਾ ਰੋਲ ਵੀ ਸਾਡੇ ਗੁਆਂਢੀਆਂ ਦਾ ਮੁੰਡਾ ਜਸਵੰਤ ਕਰ ਰਿਹਾ ਸੀ।

ਪਰ ਨਾਟਕ ਦੇ ਤਿੰਨ ਪਾਤਰਾਂ ਦੀ ਅਦਾਕਾਰੀ ਸਾਡੇ ਪਿੰਡ ਮਾਜਰੀ ਦੇ ਸਰਕਾਰੀ ਪ੍ਰਾਈਮਰੀ ਸਕੂਲ ਵਿਚ ਪੜ੍ਹਦੇ ਰਾਜਪੂਤਾਂ ਦੇ ਮੁੰਡੇ ਨਹੀਂ ਸਗੋਂ ਅਸੀਂ ਅਛੂਤਾਂ, ਚਮਾਰਾਂ ਦੇ ਮੁੰਡੇ ਕਰ ਰਹੇ ਸਾਂ। ਪਿਛਲੀ ਸਦੀ ਦੇ ਛੇਵੇਂ ਦਹਾਕੇ ਵਿਚ ਜਿਮੀਂਦਾਰਾਂ ਦੇ ਮੁੰਡੇ ਪੜ੍ਹਾਈ ਵੱਲ ਬਹੁਤਾ ਧਿਆਨ ਨਹੀਂ ਸਨ ਦਿੰਦੇ, ਮਾਪਿਆਂ ਨਾਲ ਖੇਤੀ ਦੇ ਕੰਮਾਂ ਵਿਚ ਲੱਗੇ ਰਹਿੰਦੇ ਸਨ। ਸਾਡੇ ਨਾਲ ਪੜਦਾ ਜਿਮੀਂਦਾਰਾਂ ਦਾ ਕੋਈ ਵੀ ਮੁੰਡਾ ਮੈਟਰਿਕ ਤੱਕ ਨਹੀਂ ਪਹੁੰਚਿਆ ਸੀ।

ਸਾਡੇ ਮਾਪੇ ਹਾੜ੍ਹੀ ਸਾਉਣੀ ਕਈ ਕਈ ਦਿਨ ਜਿਮੀਂਦਾਰਾਂ ਦੇ ਖੇਤਾਂ ਵਿਚ ਵਗਾਰਾਂ ਕਰਦੇ ਰਹਿੰਦੇ ਸਨ। ਤੇ ਸਾਡੇ ਘਰ ਦੇ ਜੀਆਂ ਨੂੰ ਚੱਜ ਨਾਲ ਦੋ ਡੰਗ ਦੀ ਰੋਟੀ ਵੀ ਨਹੀਂ ਜੁੜਦੀ ਸੀ। ਉਤੋਂ ਅੰਨ ਦਾ ਸੰਕਟ। ਲੋਕੀਂ ਰਾਸ਼ਨ ਕਾਰਡਾਂ 'ਤੇ ਡੀਪੂਆਂ ਵਿਚੋਂ ਸਰਕਾਰ ਦਾ ਭੇਜਿਆਂ ਹੋਇਆ ਆਟਾ ਖਰੀਦ ਕੇ ਖਾ ਰਹੇ ਸਨ। ਸਕੂਲ ਵਿਚ ਚਲਦੇ ਨਾਟਕ ਵਿਚ ਮੈਂ ਮਹਾਰਾਣਾ ਪ੍ਰਤਾਪ ਦਾ ਰੋਲ ਕਰ ਰਿਹਾ ਸਾਂ। ਜੇ ਜੰਗਲਾਂ ਵਿਚ ਘੁੰਮਦੇ ਮਹਾਰਾਣਾ ਪ੍ਰਤਾਪ ਨੂੰ ਤਾਂ ਉਹਦੇ ਮੰਤਰੀ ਭਾਮਾ ਸ਼ਾਹ ਨੇ, ਮੁਗਲਾਂ ਕੋਲ ਹਾਰਿਆ ਮੇਵਾੜ ਰਾਜ ਮੁੜ ਪ੍ਰਾਪਤ ਕਰਨ ਲਈ ਆਪਣੀ ਪੂੰਜੀ ਭੇਟ ਕਰ ਦਿੱਤੀ ਸੀ। ਪਰ ਮੇਰੇ ਬਾਈ ਜੀ ਆਸਾ ਸਿੰਘ ਨੂੰ, ਰਾਸ਼ਨ ਕਾਰਡ 'ਤੇ ਡੀਪੂ ਤੋਂ ਆਟਾ ਖਰੀਦ ਕੇ ਲਿਆਉਣ ਲਈ ਲੋਕੀਂ ਉਹਦੀ ਦੁਕਾਨ ਵਿਚੋਂ ਉਧਾਰ ਲੈ ਕੇ ਗਏ ਬੂਟ, ਗੁਰਗਾਬੀਆਂ ਦੇ ਪੈਸੇ ਵੀ ਨਹੀਂ ਸਨ ਦੇ ਰਹੇ।

ਬਾਈ ਜੀ ਕਿਤੋਂ ਬਾਜਰੇ ਦਾ ਥੈਲਾ ਲਿਆਏ ਸਨ। ਬੀਬੀ ਤੜਕੇ ਉਠਕੇ, ਗੀਤ ਗੁਣਗੁਣਾਉਂਦਿਆਂ ਚੱਕੀ 'ਤੇ ਬਾਜਰੇ ਦਾ ਆਟਾ ਪੀਂਹਦੀ। ਮੈਂ ਸਾਝਰੇ ਉਠਕੇ ਦੀਵਾ ਬਾਲਕੇ ਪੜ੍ਹਦਾ ਹੁੰਦਾ ਸਾਂ। ਪਰ ਚੱਕੀ ਝੋਹਣ ਦੀ ਲੋਰ ਵਿਚ ਮੈਨੂੰ ਮਿੱਠੀ ਮਿੱਠੀ ਨੀਂਦਰ ਆਈ ਜਾਂਦੀ ਤੇ ਮੈਂ ਸਾਝਰੇ ਉਠਣ ਤੋਂ ਅਵੇਸਲਾ ਹੋਈ ਜਾਂਦਾ। ਅੱਖਾਂ ਮਲਦਿਆਂ ਉਠਕੇ ਛੇਤੀ ਛੇਤੀ ਸਕੂਲ ਜਾਣ ਲਈ ਤਿਆਰ ਹੁੰਦਾ ਤੇ ਬੀਬੀ ਦੀ ਪਕਾਈ ਮੋਟੀ ਜਿਹੀ ਬਾਜਰੇ ਦੀ ਰੋਟੀ ਤੇ ਅੰਬ ਦੇ ਅਚਾਰ ਦੀ ਫਾੜੀ ਧਰਕੇ ਆਨੰਦ ਨਾਲ ਖਾਂਦਾ ਤੇ ਸਕੂਲ ਨੂੰ ਚਲਿਆ ਜਾਂਦਾ।

ਜਦ ਅਸੀਂ ਚੌਥੀ ਜਮਾਤ ਵਿਚ ਪੜ੍ਹਦੇ ਸਾਂ, ਸਾਡੇ ਪਿੰਡ ਸਾਂਝੇ ਪੰਜਾਬ ਦੇ ਮੁੱਖ ਮੰਤਰੀ ਭੀਮ ਸੈਨ ਸੱਚਰ ਆਏ ਸਨ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਦਸਿਆ ਸੀ ਕਿ ਉਹ ਅੰਗਰੇਜ਼ਾਂ ਵਿਰੁੱਧ ਆਜ਼ਾਦੀ ਦੀ ਲੜਾਈ ਲੜਦਿਆਂ ਜਦ ਵੀ ਉਹਨਾਂ ਨੇ ਅੰਡਰ ਗਰਾਉਂਡ ਹੋਣਾ ਹੁੰਦਾ ਇਸ ਮਾਜਰੀ ਪਿੰਡ ਦੇ ਬਾਬਾ ਦਯਾ ਨਾਥ ਦੇ ਮਠ ਵਿਚ ਆ ਕੇ ਰਹਿੰਦੇ ਹੁੰਦੇ ਸਨ। ਸੁਆਮੀ ਲਛਮਣ ਗਿਰੀ ਨੇ ਇਸ ਮੱਠ ਵਿਚ ਆਜ਼ਾਦੀ ਘੁਲਾਟੀਏ ਤਿਆਰ ਕਰਨ ਲਈ ਇਕ ਤਰ੍ਹਾਂ ਨਾਲ ਟਰੇਨਿੰਗ ਸਕੂਲ ਖੋਲ੍ਹਿਆ ਹੋਇਆ ਸੀ। ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦੀ ਪ੍ਰਾਪਤ ਕਰਨ ਲਈ 1941 ਦੇ ਮਹਾਤਮਾ ਗਾਂਧੀ ਦੇ ਕਰੋ ਜਾਂ ਮਰੋ ਅੰਦੋਲਨ ਵਿਚ ਮਾਜਰੀ ਪਿੰਡ ਦੇ ਬਾਬਾ ਲਛਮਣ ਗਿਰੀ, ਪੰਡਤ ਕਾਲੀ ਚਰਨ, ਚੋਧਰੀ ਜੋਗਿੰਦਰ ਸਿੰਘ, ਪੰਡਤ ਵਿਦਿਆ ਪ੍ਰਕਾਸ਼, ਪੰਡਤ ਸੰਭੂ ਨਾਥ, ਚੌਧਰੀ ਮੁਣਸ਼ੀ ਸਿੰਘ, ਪੰਡਤ ਨਰਪਤ ਰਾਏ, ਕਸਯਪ ਰਾਜਪੂਤ ਸੁੰਦਰ ਦਾਸ (ਭੜਭੂੰਜਾ ਜਾਤੀ) ਆਦਿ ਨੇ ਗ੍ਰਿਫਤਾਰੀਆਂ ਦਿੱਤੀਆਂ ਸਨ ਜਾਂ ਗ੍ਰਿਫਤਾਰੀਆਂ ਦੇਣ ਵਾਲਿਆਂ ਨੂੰ

ਤਿਆਰ ਕਰਨ ਵਿਚ ਯੋਗਦਾਨ ਪਾਇਆ ਸੀ। ਇਸ ਲਈ ਪੰਜਾਬ ਦੇ ਮੁੱਖ ਮੰਤਰੀ, ਭੀਮ ਸੈਨ ਸੱਚਰ, ਕੁਰਾਲੀ ਤੋਂ ਅੱਗੇ ਕੋਈ ਸੜਕ ਨਾ ਹੋਣ ਕਰਕੇ ਪਿੰਡਾਂ ਦੀਆਂ ਪਗਡੰਡੀਆਂ ਤੇ ਗਰਮੀਆਂ ਵਿਚ ਨਦੀਆਂ ਦੇ ਫੁਲੇ ਹੋਏ ਰੇਤੇ ਵਿਚ ਕਾਰਾਂ ਫਸਣ ਤੋਂ ਭੁੰਙ, ਸਰਕੜਾ ਵਿਛਾ ਕੇ ਤਿਆਰ ਕੀਤੇ ਰਸਤੇ 'ਤੇ ਚੱਲਕੇ, ਆਜਾਦੀ ਘੁਲਾਟੀਆਂ ਦੀ ਕਰਮ ਭੂਮੀ ਨੂੰ ਨਤਮਸਤਕ ਹੋਣ ਲਈ ਆਏ ਸਨ।

ਮੁੱਖ ਮੰਤਰੀ ਦੀ ਜਿਹੜੀ ਸਟੇਜ ਤੋਂ ਪ੍ਰਸਿੱਧ ਲੋਕ ਗਾਇਕ ਜਗਤ ਸਿੰਘ ਜੱਗਾ ਨੇ ਤੂੰਬੀ ਨਾਲ , 'ਕੁਝ ਲੀਡਰ ਭੁੱਖੇ ਚੌਧਰ ਦੇ ਦੁਨੀਆਂ ਨੂੰ ਖਾਣਾ ਚਾਹੁੰਦੇ ਨੇ... ਪਈ ਜਾਗਦੇ ਰਹਿਣਾ।' ਗੀਤ ਗਾਇਆ ਸੀ। ਅਸੀਂ ਵੀ ਚੌਥੀ ਜਮਾਤ ਦੇ ਚਾਰ ਮੁੰਡਿਆਂ ਨੇ ਉਸ ਸਟੇਜ ਤੋਂ ਗਰੁਪ ਸਾਂਗ ਪੇਸ਼ ਕੀਤਾ ਸੀ, 'ਅੰਨ ਦਾ ਸੰਕਟ ਜਿਹੜਾ ਆਇਆ, ਇਸਨੇ ਹਰ ਇਕ ਨੂੰ ਤੜਫਾਇਆ, ਬਹੁਤ ਅੰਨ ਉਗਾਵਣ ਖਾਤਰ, ਖੁਡ ਖੁਡ ਬੀਜ ਪੁਆਵਾਂਗੇ, ਆਲੂ ਮਟਰ ਗਾਜਰਾਂ ਸਲਗ਼ਮ ਖਾਲੀ ਥਾਂ ਤੇ ਲਾਵਾਂਗੇ।

ਸਕੂਲੋਂ ਛੁੱਟੀ ਹੋਣ 'ਤੇ ਅਸੀਂ ਪਿੰਡ ਨਾਲ ਖਹਿ ਕੇ ਲੰਘਦੀ ਸੀਸਵਾ ਨਦੀ ਦੇ ਰੇਤਲੇ ਥਲ ਵਿਚ ਖੇਡਣ ਲਈ ਚਲੇ ਜਾਂਦੇ। ਅਸੀਂ ਰੇਤੇ ਵਿਚ ਪਾਲੇ ਬਾਣਾ ਕੇ ਕਬੱਡੀ ਖੇਡਦੇ। ਕਿਨਾਰੇ ਦੀ ਢਾਬ ਤੇ ਭੱਜਕੇ ਆ ਕੇ ਰੇਤੇ ਵਿਚ ਛਾਲਾਂ ਮਾਰਦੇ, ਤੇ ਦੇਖਦੇ ਕਿ ਕਿਸਨੇ ਸਭ ਤੋਂ ਲੰਮੀ ਛਾਲ ਮਾਰੀ ਹੈ। ਖੇਡ ਕੁੱਦ ਕੇ ਥੱਕ ਕੇ ਅਸੀਂ ਨਦੀ ਵਿਚ ਸੇਮ ਦੇ ਚਲਦੇ ਪਾਣੀ ਕਿਨਾਰੇ ਪੈਰਾਂ ਤੇ ਗਿੱਲਾ ਰੇਤ ਪਾ ਕੇ ਰੇਤ ਦੇ ਘਰ ਬਣਾਉਂਦੇ ਤੇ ਫੇਰ ਚਲਦੇ ਪਾਣੀ ਨੂੰ ਰੇਤੇ ਦਾ ਬੰਨ੍ਹ ਲਾ ਕੇ ਨਾਉਣ ਲੱਗ ਪੈਂਦੇ। ਪਰ ਮੈਂ, ਜਗਿੰਦਰ, ਰਾਮ ਆਸਾਰ ਤੇ ਜਸਵੰਤ, ਮੁਹੱਲੇ ਦੇ ਚਾਰਾਂ ਮੁੰਡਿਆਂ ਨੂੰ, ਜਸਵੰਤ ਚਲਾਕ ਹੋਣ ਕਰਕੇ ਚਾਰਾਂ ਨੂੰ ਇਕੱਠੇ ਨਹੀਂ ਸੀ ਹੋਣ ਦਿੰਦਾ। ਉਹ ਦੋ ਜਣਿਆ ਨੂੰ ਆਪਣੇ ਨਾਲ ਲਾ ਕੇ, ਤਿੰਨਾਂ ਦਾ ਜੁੱਟ ਬਣਾ ਕੇ ਚੌਥੇ ਦੀ ਆੜੀ ਠੂਹ ਕਰਵਾ ਦਿੰਦਾ। ਮੈਂ ਆਪਣੇ ਆਪ ਵਿਚ ਮਸਤ ਰਹਿੰਦਾ। ਨਾ ਕਿਸੇ ਦੀ ਆੜੀ ਠੂਹ ਕਰਦਾ ਤੇ ਨਾ ਹੀ ਕਿਸੇ ਨੂੰ ਪਹਿਲਾਂ ਬੁਲਾਉਂਦ। ਇਕ ਵਾਰੀ ਜਸਵੰਤ ਮੇਰੇ ਨਾਲ ਲੜ ਪਿਆ। ਉਹ ਮੇਰੇ ਵੱਲ ਨੂੰ ਅੱਖਾਂ ਕੱਢਕੇ ਦੇਖਿਆ ਕਰੇ, ਮੈਂ ਉਸ ਵੱਲ ਦੇਖਕੇ ਹੱਸਕੇ ਥੁੱਕ ਦੇਣਾ। ਇਕ ਦਿਨ ਉਸਨੂੰ ਕੋਈ ਕੰਮ ਸੀ, ਉਹ ਮੇਰੇ ਕੋਲ ਸਾਡੇ ਕੋਠੇ ਤੇ ਆ ਗਿਆ ਦੋਵੇਂ ਘਰਾਂ ਦੇ ਕੱਚੇ ਕੋਠਿਆਂ ਦੀਆਂ ਪਿੱਠਾਂ ਜੁੜਦੀਆਂ ਸਨ। ਮੈਂ ਉਸਨੂੰ ਪੁਛਿਆ, "ਤੂੰ ਮੇਰੇ ਵੱਲ ਅੱਖਾਂ ਕਿਉਂ ਕੱਢਦਾ ਸੀ?" ਉਹਨੇ ਕਿਹਾ , "ਤੂੰ ਵੀ ਤਾਂ ਮੇਰੇ ਵੱਲ ਦੇਖਕੇ ਥੁੱਕ ਦਿੰਦਾ ਸੀ।" ਉਹ ਹੱਸ ਪਿਆ। ਚਲ ਆੜੀ ਪੈ ਗਈ।

ਮੈਂ ਦੇਖਦਾ, ਜਿਵੇਂ ਪਿੰਡ ਵਿਚ ਸਾਡੇ ਨਾਲ, ਚੂਹੜੇ-ਚਮਾਰਾਂ ਨਾਲ ਉਦੋਂ ਛੂਆ-ਛੂਤ ਕੀਤੀ ਜਾਂਦੀ ਸੀ ਪਰ ਸਕੂਲ ਵਿਚ ਸਾਡੇ ਨਾਲ ਸਿੱਧੇ ਤੌਰ ਤੇ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਸਕੂਲ ਵਿਚ ਨਲਕਾ ਲੱਗਿਆ ਹੋਇਆ ਸੀ। ਅਸੀਂ ਵੀ ਹੋਰਾਂ ਮੁੰਡਿਆਂ ਕੁੜੀਆਂ ਵਾਂਗ ਨਲਕਾ ਗੇੜ ਕੇ ਪਾਣੀ ਪੀ ਲੈਂਦੇ ਸਾਂ। ਪਰ ਸਕੂਲ ਦੇ ਅਧਿਆਪਕ ਉੱਚੀ ਜਾਤੀ ਦੇ ਮੁੰਡੇ-ਕੁੜੀਆਂ ਨੂੰ ਹੀ ਪਾਣੀ ਪਿਲਾਉਣ ਨੂੰ ਕਹਿੰਦੇ ਸਨ। ਇਸਦਾ ਸਾਨੂੰ ਪਤਾ ਲਗਦਾ ਰਹਿੰਦਾ ਸੀ। ਇਕ ਦਿਨ ਮੈਂ ਨਲਕੇ 'ਤੇ ਪਾਣੀ ਪੀਣ ਗਿਆ। ਉਥੇ ਗੜਵੀ ਪਈ ਸੀ, ਜਿਸ ਵਿਚ ਅਧਿਆਪਕਾਂ ਨੂੰ ਪਾਣੀ ਪਿਲਾਉਂਦੇ ਸਨ। ਆਲੇ ਦੁਆਲੇ ਦੇਖਕੇ ਮੈਂ ਉਸ ਵਿਚ ਥੁੱਕ ਦਿੱਤਾ ਸੀ। ਪਰ ਇਹ ਗੱਲ ਮੈਨੂੰ ਆਪ ਨੂੰ ਹੀ ਬੁਰੀ ਲੱਗੀ, ਮੈਂ ਗੜਵੀ ਚੁੱਕ ਕੇ ਧੋਣ ਲੱਗ ਪਿਆ। ਇਕ ਮੁੰਡੇ ਨੇ ਜਾ ਕੇ ਮਾਸਟਰ ਹਰੀ ਰਤਨ ਕੋਲ ਸ਼ਿਕਾਇਤ ਲਾ ਦਿੱਤੀ। ਮੈਂ ਜਾ ਕੇ ਦੱਸਿਆ ਕਿ 'ਗੜਵੀ ਮੇਰੇ ਕੋਲੋਂ ਡਿੱਗ ਪਈ ਸੀ। ਮੈਂ ਚੁੱਕ ਕੇ ਧੋ ਕੇ ਰੱਖ 'ਤੀ।' ਮਾਸਟਰ ਹਰੀ ਰਤਨ ਇਸ ਗੱਲ ਨੂੰ ਤੂਲ ਨਹੀਂ ਦੇਣਾ ਚਾਹੁੰਦਾ ਸੀ। ਉਹਨੇ ਉਸ ਮੁੰਡੇ ਦੇ ਹੀ ਦੋ ਡੰਡੇ ਜੜ ਦਿੱਤੇ, 'ਚੱਲ ਬੈਠ... ਫਿਰ ਕੀ ਹੋਇਆ... ਜੇ ਗੜਵੀ ਧੋ ਦਿੱਤੀ।"

ਪਰ ਜਦ ਸਕੂਲ ਦਾ ਨਲਕਾ ਖਰਾਬ ਹੋ ਜਾਂਦਾ ਤਾਂ ਨਾਲ ਦੇ ਰਾਜਪੂਤਾਂ ਦੇ ਖੂਹ ਤੋਂ ਉੱਚ ਜਾਤੀ ਦੇ ਮੁੰਡੇ ਹੀ ਪਾਣੀ ਖਿਚਦੇ ਸਨ, ਅਧਿਆਪਕ ਉਹਨਾਂ ਨੂੰ ਸਮਝਾ ਕੇ ਭੇਜਦੇ ਸਨ। ਉਹ ਮੌਣ 'ਤੇ ਰੱਖੇ ਪੀਪੇ ਭਰੀ ਜਾਂਦੇ ਤੇ ਅਸੀਂ ਰਲੀਆਂ ਮਿਲੀਆਂ ਜਾਤੀਆਂ ਦੇ ਮੁੰਡੇ ਉਹ ਪੀਪੇ ਹੱਥਾਂ ਤੇ ਚੁੱਕਕੇ ਸਕੂਲ ਵਿਚਲੀਆਂ ਫੁਲਾਂ ਦੀਆਂ ਕਿਆਰੀਆਂ ਵਿਚ ਪਾਣੀ ਪਾਈ ਜਾਂਦੇ ਸਾਂ।



ਸਕੂਲ ਵਿਚ ਜਾਤ-ਪਾਤ ਪੱਧਰ 'ਤੇ ਕੋਈ ਸਿੱਧੇ ਤੌਰ 'ਤੇ ਵਿਤਕਰਾ ਨਾ ਹੋਣ ਦਾ ਕਾਰਨ ਸ਼ਾਇਦ ਸਕੂਲ ਮੁੱਖੀ ਲਛਮਣ ਦਾਸ ਦਾ ਨਾਈ ਜਾਤੀ, ਪਛੜੀ ਸ਼੍ਰੈਣੀ ਨਾਲ ਸਬੰਧਤ ਹੋਣਾ ਸੀ। ਉਹਨਾਂ ਦਾ ਨਾਲ ਲਗਦਾ ਪਿੰਡ ਮਾਣਕਪੁਰ ਸ਼ਰੀਫ ਸੀ ਤੇ ਉਹ ਸਕੂਲ ਦੇ ਕੋਲ ਹੀ ਕਿਰਾਏ 'ਤੇ ਮਕਾਨ ਲੈ ਕੇ ਰਹਿੰਦੇ ਸਨ। ਉਹਨਾਂ ਨੂੰ ਸਾਡੀ ਮਾੜੀ ਆਰਥਕ ਤੇ ਸਮਾਜਿਕ ਹਾਲਤ ਦਾ ਅਹਿਸਾਸ ਸੀ। ਜਦ ਕੋਈ ਘੁਲਾੜੀ ਤੋਂ ਤੱਤਾ ਤੱਤਾ ਗੁੜ ਦੇ ਜਾਂਦਾ ਤਾਂ ਗੁੜ ਦੀ ਰੋੜੀ ਰੋੜੀ ਸਾਡੇ ਚਮਾਰਾਂ ਦੇ ਮੁੰਡਿਆਂ ਦੇ ਹੱਥਾਂ ' ਤੇ ਧਰ ਦਿੰਦੇ ਤੇ ਹੱਸਦੇ, "ਦੇਖੋ ਬਈ ਹੱਥ ਤਾਂ ਨੀ ਜਲਦੇ।"

ਸਕੂਲ ਮੁੱਖੀ ਮਾਸਟਰ ਲਛਮਣ ਦਾਸ ਸਾਡੀ ਜਮਾਤ ਦੇ ਇੰਚਾਰਜ ਵੀ ਸਨ। ਪੜ੍ਹਾਈ ਵਿਚ ਹੁਸ਼ਿਆਰ ਹੋਣ ਕਰਕੇ ਉਹਨਾਂ ਨੇ ਮੈਨੂੰ ਕਲਾਸ ਦਾ ਮਨੀਟਰ ਬਣਾਇਆ ਹੋਇਆ ਸੀ। ਇਕ ਦਿਨ ਮੈਂ ਵਿਦਿਆਰਥੀਆਂ ਨੂੰ ਫੱਟੀਆਂ 'ਤੇ ਬੋਲ ਲਿਖਤ ਲਿਖਵਾ ਰਿਹਾ ਸਾਂ। ਅੱਗੇ ਵਾਕ ਆ ਗਿਆ, "ਗੁਰੂ ਗੋਬਿੰਦ ਸਿੰਘ ਨਾਂਦੇੜ ਵਿਖੇ ਲਛਮਣ ਦਾਸ ਬੈਰਾਗੀ ਨੂੰ ਮਿਲੇ, ਉਦੋਂ ਅਸੀਂ ਛੋਟੇ ਬੱਚੇ ਅਧਿਆਪਕਾਂ ਦਾ ਨਾਂ ਲੈਣ ਤੋਂ ਬਹੁਤ ਡਰਦੇ ਸਾਂ। ਅਧਿਆਪਕਾਂ ਦਾ ਤਾਂ ਇਕ ਪਾਸੇ ਆਪਣਾ ਨਾਂ ਲੈਣ ਵਾਲੇ ਨੂੰ ਵੀ ਦੂਸਰੇ ਬੱਚੇ ਖਿਝਾ ਦਿੰਦੇ ਸਨ। 'ਆਪਣਾ ਨਾਂ ਲੈ ਲਿਆ, ਗੁਟਾਰ ਪਾਣੀ ਪੀ ਲਿਆ।' ਅਸੀਂ ਲਛਮਣ ਦਾਸ ਹੈਡ ਮਾਸਟਰ ਬਾਲ ਕ੍ਰਿਸ਼ਨ ਨੂੰ 'ਸਿਆਲਬੀਏ ਮਾਸਟਰ ਤੇ ਹਰੀ ਰਤਨ ਨੂੰ ਤਿਉੜੀਏ ਮਾਸਟਰਾ ਕਹਿੰਦੇ ਸਾਂ। ਮੈਂ ਆਪਣੇ ਅਧਿਆਪਕ ਦਾ ਨਾਂ ਲੈਣ ਤੋਂ ਝੇਪ ਗਿਆ ਤੇ ਅੱਗੇ ਲਿਖਵਾਉਣਾ ਬੰਦ ਕਰ ਦਿੱਤਾ। ਮਾਸਟਰ ਜੀ ਦੇਖ ਰਹੇ ਸਨ, ਉਹਨਾਂ ਨੇ ਕਿਹਾ, "ਅੱਗੇ ਲਿਖਵਾ।" ਜਦ ਮੈਂ ਉਹਨਾਂ ਦੇ ਨਾਂ ਵਾਲਾ ਵਾਕ ਲਿਖਵਾਇਆ ਤਾਂ ਉਹ ਹੱਸਕੇ ਕਹਿਣ ਲੱਗੇ, "ਤੂੰ ਮੇਰਾ ਨਾਂ ਲਈ ਜਾਂਦਾ ਆ।" ਇਹ ਆਖਦਿਆਂ ਉਹ ਸਿਗਰਟ ਲਾ ਕੇ ਆਨੰਦ ਨਾਲ ਸਿਰ ਮਾਰਦਿਆਂ ਸਿਗਰਟ ਪੀਣ ਲੱਗ ਪਏ।

ਮਾਸਟਰ ਲਛਮਣ ਦਾਸ ਆਮ ਤੌਰ 'ਤੇ ਸਾਡੀ ਬੂਟਾਂ ਗੁਰਗਾਬੀਆਂ ਦੀ ਦੁਕਾਨ ਵਿਚ ਆ ਕੇ ਬੈਠੇ ਰਹਿੰਦੇ ਸਨ। ਉਹ ਬਾਈ ਜੀ ਨੂੰ ਲੰਬੜਦਾਰ ਕਹਿ ਕੇ ਬੁਲਾਉਂਦੇ ਸਨ। ਬਾਈ ਜੀ ਨੂੰ ਜੁਦਾ ਕਰਕੇ, ਬਾਪੂ ਤੇ ਚਾਚੇ ਦੀ ਬੈਠਕ ਤੋਂ ਸਿਆਲਬੇ ਵੱਲ ਜਾਂਦੀ ਤੰਗ ਗਲੀ ਤੋਂ ਦੂਸਰੇ ਪਾਸੇ ਵਾਲਾ ਲੱਕੜੀ ਗੋਹਾ ਰੱਖਣ ਵਾਲਾ ਕਮਰਾ ਕੰਮ ਕਰਨ ਲਈ ਦਿੱਤਾ ਗਿਆ ਸੀ। ਬੀਬੀ ਨੇ ਥੰਮੀਆਂ 'ਤੇ ਖੜ੍ਹੇ ਦਰਖਤਾਂ ਦੇ ਮੋਟੇ ਤਣੇ ਵੱਢਣੇ ਪਾਏ ਅਣਘੜ ਸ਼ਤੀਰਾਂ ਤੇ ਕੜੀਆਂ ਦੀ ਬੋਦੇ ਪੁਰਾਣੇ ਫੂਸ ਵਾਲੀ ਛੱਤ ਵਾਲੇ ਉਸ ਤਿੰਨ ਖਣਾਂ ਦੇ ਕਮਰੇ ਦੀਆਂ ਪਥਾਨਿਆਂ ਨਾਲ ਬਣਾਈਆਂ ਟੇਢੀਆਂ ਮੇਢੀਆਂ ਕੰਧਾਂ 'ਤੇ ਪਾਂਡੂ ਫੇਰ ਕੇ ਸਾਫ ਸੁਥਰਾ ਬਣਾ ਦਿੱਤਾ ਸੀ। ਤੇ ਕੱਚਾ ਫਰਸ਼ ਗੋਹੇ ਮਿੱਟੀ ਨਾਲ ਲਿੱਪ ਦਿੱਤਾ ਸੀ। ਬਾਈ ਜੀ ਕਮਰੇ ਦੀ ਇਕ ਪਾਸੇ ਦੀ ਕੰਧ ਨਾਲ, ਬੂਆ ਜੀਤੋ ਦੀਆਂ ਰੰਗ ਬਰੰਗੀਆਂ ਪੱਟੀਆਂ ਪਾ ਕੇ ਬੁਣੀ ਦਰੀ ਵਿਛਾ ਕੇ ਆਪਣੇ ਸੰਦਾਂ ਨੂੰ ਤਰਤੀਬ ਨਾਲ ਸੈੱਟ ਕਰਕੇ ਆਪਣਾ ਬੂਟ, ਗੁਰਗਾਬੀਆਂ ਬਣਾਉਣ ਦਾ ਕੰਮ ਕਰਨ ਲੱਗ ਪਏ ਸਨ। ਉਹਨਾਂ ਨੇ ਗਾਹਕਾਂ ਦੇ ਬੈਠਣ ਲਈ ਬਚਨਾ ਰਾਮ ਤਰਖਾਣ ਤੋਂ ਇਕ ਛੇ ਫੁੱਟ ਲੰਮਾ ਲੱਕੜੀ ਦਾ ਢੋਅ ਲਾ ਕੇ ਬੈਠਣ ਵਾਲਾ ਬਾਈ ਜੀ ਦੇ ਬੈਠਣ ਵਾਲੀ ਥਾਂ ਤੋਂ ਸਾਹਮਣੇ ਵਾਲੀ ਕੰਧ ਨਾਲ ਰੱਖ ਦਿੱਤਾ ਸੀ। ਗਰਮੀਆਂ ਦੇ ਤੀਸਰੇ ਪਹਿਰ, ਦੀਵਾਰਾਂ ਦੇ ਪਰਛਾਵੇਂ ਮੁੜਨ 'ਤੇ ਆਪਣੇ ਲੋੜੀਂਦੇ ਸੰਦ ਬਾਹਰ ਕੱਢਕੇ, ਇਸ ਚਬੂਤਰੇ 'ਤੇ ਹਵਾ ਹਾਰੇ ਬਹਿ ਕੇ ਕੰਮ ਕਰਨ ਲੱਗ ਪੈਂਦੇ ਸਨ। ਉਹ ਸਾਹਮਣੇ ਆ ਕੇ ਬੈਠਣ ਵਾਲੇ ਲਈ ਸਟੂਲ ਰੱਖ ਦਿੰਦੇ ਸਨ। ਕਈ ਹੋਰ ਜਣਾ ਆ ਕੇ ਕਮਰੇ ਦੀ ਦੇਹਲੀ ਤੇ ਹੀ ਬਹਿ ਜਾਂਦਾ ਸੀ। ਤੇ ਕੋਈ ਭੁੰਜੇ ਹੀ ਪੈਰਾਂ ਭਾਰ ਬੈਠਾ ਰਹਿੰਦਾ ਸੀ।

ਬਾਈ ਜੀ ਆਪਣਾ ਕੰਮ ਕਰੀ ਜਾਂਦੇ ਤੇ ਆ ਕੇ ਬਹਿਣ ਵਾਲਿਆਂ ਸਰੋਤਿਆਂ ਨੂੰ ਮਹਾਂਭਾਰਤ ਦੀਆਂ ਕਹਾਣੀਆਂ ਸੁਣਾਉਣ ਦੇ ਨਾਲ ਹੀ ਮੈਨੂੰ, ਸਕੂਲ ਜਾਣ ਤੋਂ ਪਹਿਲਾਂ ਹੀ ਕੋਲ ਬਿਠਾ ਕੇ ਸਲੇਟ 'ਤੇ ਸਲੇਟੀ ਨਾਲ 'ੳ ਅ ੲ' ਲਿਖਣਾ ਸਿਖਾਉਣ ਲੱਗ ਪਏ ਸਨ। ਮੇਰੇ ਕੋਲੋਂ 'ੳ ਅ' ਦੀਆਂ ਗੋਲਾਈਆਂ ਨਾ ਬਣਦੀਆਂ ਤੇ ਇਕ ਪਾਸੇ ਨੂੰ ਲੰਮੀ ਲੀਕ ਖਿਚੀ ਜਾਂਦੀ। ਮੇਰੀ ਗਲ੍ਹ 'ਤੇ ਚਪੇੜ ਪੈਂਦੀ, ਮੈਂ ਉਚੀ ਉਚੀ ਰੋਣ ਲੱਗ ਪੈਂਦਾ। ਮੇਰਾ ਰੋਣਾ ਸੁਣ ਕੇ ਗਲੀ ਦੇ ਦੂਸਰੇ ਪਾਸਿਓਂ ਆਪਣੇ ਘਰੋਂ ਬੇਬੇ ਅੱਛਰੋ ਭੱਜੀ ਭੱਜੀ ਆਉਂਦੀ, ਬਾਜੀ ਜੀ

ਨੂੰ ਗਾਲ੍ਹਾਂ ਕੱਢਦੀ, "ਅਸੀਂ ਤਾਂ ਸੌ ਸੁਖਾ ਸੁਖਕੇ, ਮਸਾਂ ਇਹਦਾ ਮੂੰਹ ਦੇਖਿਆ। ਲਾ ਹੁਣ ਇਹਦੇ ਹੱਥ ਜੋ ਨਾ ਗਲਵਾੜੇ ਪਾੜ ਦਵਾਂ।" ਉਹ ਸੀਂਹਣੀ ਵਾਂਗ ਗਰਜਦੀ ਤੇ ਮੈਨੂੰ ਗੋਦੀ ਚੁੱਕ ਕੇ ਘਰ ਨੂੰ ਲੈ ਜਾਂਦੀ।

ਮੈਨੂੰ ਦੱਸਿਆ ਗਿਆ ਸੀ ਕਿ ਮੇਰੇ ਵੱਡੇ ਭਰਾ ਦੀ ਮੌਤ ਹੋ ਗਈ ਸੀ, ਇਸ ਲਈ ਮੈਨੂੰ ਡਾਢੇ ਚਾਅ ਲਾਡ ਨਾਲ ਪਾਲਿਆ ਜਾ ਰਿਹਾ ਸੀ। ਮੇਰਾ ਘਰ ਦੇ ਸਾਰੇ ਜੀਅ ਬਹੁਤ ਧਿਆਨ ਰੱਖਦੇ ਸਨ। ਬਾਪੂ ਮੈਨੂੰ ਉਹ ਖੇਡਾਂ ਬਣਵਾ ਕੇ ਦਿੰਦਾ, ਜਿਹੜੀਆਂ ਕਿਸੇ ਹੋਰ ਬੱਚੇ ਕੋਲ ਨਹੀਂ ਸਨ ਹੁੰਦੀਆਂ। ਇਕ ਵਾਰੀ ਬਾਪੂ ਨੇ ਦੁਸਾਂਗੜ ਲਕੜ ਦਾ ਟਾਹਣਾ ਲਿਆਂਦਾ, ਚਰਖੇ ਦੇ ਵਿਚ ਚੱਲਣ ਵਾਲਾ ਮਜੂੰਰੁ ਚਰਵਾ ਕੇ ਉਹਦੇ ਪਹੀਆਂ ਬਣਾ ਕੇ, ਤਖਾਣਾਂ ਤੋਂ ਗੱਡਾ ਬਣਵਾ ਲਿਆਇਆ। ਇਕ ਜਣਾ ਪਹੀਆਂ ਵਿਚਕਾਰਲੀ ਲੱਠ ਤੇ ਬਹਿ ਕੇ ਦੁਸਾਂਗੜ ਫੜ ਲੈਂਦਾ ਤੇ ਦੋ ਜਣੇ ਡੰਡੇ ਦੇ ਅਗਲੇ ਸਿਰੇ ਤੇ ਲਾਏ ਡੰਡੇ ਨੂੰ ਦੋਹਾਂ ਪਾਸਿਆਂ ਤੋਂ ਫੜ ਕੇ ਖਿਚਦੇ। ਵਾਰੀ ਵਾਰੀ ਸਾਰੇ ਮੁੰਡੇ ਉਸ ਗੱਡੇ 'ਤੇ ਝਾਟੀ ਲਈ ਜਾਂਦੇ। ਇਕ ਸਾਲ ਬਾਪੂ ਨੇ ਅੰਬਾਂ ਦੀ ਫਸਲ ਤੋਂ ਬਾਅਦ, ਬਾਗ ਵਿਚੋਂ ਝੁੱਗੀ ਚੁਕਵਾ ਲਿਆਂਦੀ ਤੇ ਸਾਡੇ ਕੱਚੇ ਕੋਠੇ ਤੇ ਲਿਆ ਕੇ ਪਾ ਦਿਤੀ, ਤਾਂ ਜੋ ਮੈਂ ਗਰਮੀਆਂ ਤੇ ਬਰਸਾਤਾਂ ਵਿਚ ਹਵਾ ਵਿਚ ਬਹਿ ਕੇ ਪੜ੍ਹ ਸਕਾਂ।

ਉਧਰ ਬਾਈ ਜੀ ਦਾ ਮੈਨੂੰ ਕੋਲ ਬਿਠਾ ਕੇ ਪੰਜਾਬੀ ਪੜ੍ਹਾਉਣਾ ਜਾਰੀ ਰਿਹਾ। ਹੌਲੀ ਹੌਲੀ ਮੈਂ ਪੰਜਾਬੀ ਪੜ੍ਹਨੀ ਤੇ ਲਿਖਣੀ ਸਿੱਖ ਗਿਆ ਸਾਂ। ਬਾਈ ਜੀ ਨੇ ਮੈਨੂੰ 'ਜਪੁਜੀ ਸਾਹਿਬ' ਦਾ ਪਾਠ ਕਰਨਾ ਸਿਖਾ ਦਿੱਤਾ। ਤੇ ਮੈਂ ਸਵੇਰੇ ਉਠ ਕੇ ਨਹਾ ਕੇ ਜਪੁਜੀ ਸਾਹਿਬ ਦਾ ਪਾਠ ਕਰਨ ਲੱਗ ਪਿਆ ਸਾਂ। ਜੋ ਮੈਥੋਂ ਦਿਨ ਵਿਚ ਗਲਤੀਆਂ ਹੋਈ ਜਾਂਦੀਆਂ ਤਾਂ ਮੈਂ ਯਾਦ ਕਰਕੇ ਦੱਸਦਾ, "ਬਾਈ ਜੀ ਅੱਜ ਮੈਂ ਸਵੇਰੇ ਜਪੁਜੀ ਸਾਹਿਬ ਦਾ ਪਾਠ ਕਰਨਾ ਭੁੱਲ ਗਿਆ, ਤਾਂ ਹੀ ਭੁੱਲਾਂ ਹੋਈ ਜਾਂਦੀਆਂ ਨੇ।"

ਬਾਈ ਜੀ ਉਹਨਾਂ ਕੋਲ ਬੈਠੇ ਪੰਜ, ਸੱਤ ਬੰਦਿਆਂ ਨੂੰ ਆਪਣਾ ਕੰਮ ਕਰਨ ਦੇ ਨਾਲ ਨਾਲ ਮਹਾਂਭਾਰਤ ਦੀਆਂ ਲੰਮੀਆਂ ਲੰਮੀਆਂ ਕਹਾਣੀਆਂ ਸੁਣਾਈ ਜਾਂਦੇ ਸਨ। ਪਤਾ ਨਹੀਂ ਉਹਨਾਂ ਨੇ ਏਨਾ ਗਿਆਨ ਕਿਥੋਂ ਪ੍ਰਾਪਤ ਕੀਤਾ ਸੀ। ਜਦਕਿ ਉਹ ਇਕ ਦਿਨ ਵੀ ਸਕੂਲ ਨਹੀਂ ਗਏ ਸਨ। ਉਹ ਬਾਪੂ ਦੀ ਸਹਾਇਤਾ ਕਰਨ ਲਈ ਬਚਪਨ ਤੋਂ ਹੀ ਕਿਸਾਨਾਂ ਨਾਲ ਕੰਮ ਕਰਨ ਲਗ ਪਏ ਸਨ। ਘਰ ਵਿਚ ਦੋ ਦੋ ਮੱਝਾਂ ਖੜ੍ਹੀਆਂ ਰਹਿੰਦੀਆਂ। ਦੁੱਧ ਘਿਓ ਖੁੱਲ੍ਹਾ ਖਾਣ ਪੀਣ ਨਾਲ ਉਹਨਾਂ ਦਾ ਸਰੀਰ ਗਠਿਆ ਹੋਇਆ ਸੀ। ਬਾਈ ਜੀ ਤੇ ਉਹਨਾਂ ਦਾ ਮਿੱਤਰ ਪ੍ਰੀਤਮ ਬਾਲਮੀਕੀ, ਗਡਾਈ, ਵਢਾਈ ਵਿਚ ਕਿਸੇ ਵੀ ਕਿਸਾਨ ਨੂੰ ਅੱਗੇ ਨਹੀਂ ਸਨ ਨਿਕਲਣ ਦਿੰਦੇ। ਚਾਚੇ ਨੇ ਸਕੂਲ ਵਿਚ ਪੜ੍ਹਕੇ ਚੌਥੀ ਪਾਸ ਕੀਤੀ ਸੀ ਪਰ ਬਾਈ ਜੀ ਏਨਾ ਕੰਮ ਕਰਨ ਦੇ ਨਾਲ ਨਾਲ ਐਧਰੋਂ ਉਧਰੋਂ ਪੰਜਾਬੀ ਪੜ੍ਹਨੀ ਲਿਖਣੀ ਸਿਖਕੇ ਕਿੱਸੇ, ਕਹਾਣੀਆਂ ਗ੍ਰੰਥ ਪੜ੍ਹਨ ਲੱਗ ਪਏ ਸਨ।

ਤੀਸਰੀ ਚੌਥੀ ਜਮਾਤ ਵਿਚ ਪੜ੍ਹਦਿਆਂ ਪਤਾ ਨਹੀਂ ਮੈਨੂੰ ਕੀ ਸੁਝਿਆ ਕਿ ਮੈਂ ਦੁਕਾਨ ਤੋਂ ਚਾਰਟ-ਪੇਪਰ ਲਿਆਉਂਦਾ। ਉਸ 'ਤੇ ਗੁਰਬਾਣੀ ਜਾਂ ਕਿਸੇ ਵਿਦਵਾਨ ਦੀ ਲਿਖਤ ਸੁੰਦਰ ਅੱਖਰਾਂ ਵਿਚ ਲਿਖਦਾ ਜਾਂ ਕਿਧਰੋਂ ਕੋਈ ਤਸਵੀਰ ਨਕਲ ਕਰਕੇ ਛਾਪ ਦਿੰਦਾ। ਚਾਰਟ ਦੇ ਦੋਵੇਂ ਪਾਸੇ, ਝੁੰਡ ਵਿਚੋਂ ਕੱਢੇ ਕਾਨੇ ਗੂੰਦ ਨਾਲ ਚਮੇੜ ਕੇ ਚਾਰਟ ਦੇ ਉਪਰਲੇ ਪਾਸੇ ਧਾਗਾ ਬੰਨ੍ਹਕੇ ਉਹਨੂੰ ਕੰਧ 'ਤੇ ਮੇਖ ਗੱਡ ਕੇ ਲਟਕਾ ਦਿੰਦਾ। ਇਸ ਤਰ੍ਹਾਂ ਦੇ ਚਾਰਟ ਬਣਾ ਕੇ ਮੈਂ ਇਕ ਪਾਸੇ ਦੀ ਕੰਧ ਭਰ ਦਿੱਤੀ ਸੀ। ਸਾਡੀ ਦੁਕਾਨ ਵਿਚ ਸਾਡੇ ਪਿੰਡ ਦੇ ਖਿਜ਼ਰਾਬਾਦ ਸਕੂਲ ਵਿਚ ਪੜ੍ਹਾਉਂਦੇ ਮੁੱਖ ਅਧਿਆਪਕ ਚੌਂ ਫਲੇਲ ਸਿੰਘ ਆਏ ਤੇ ਮੇਰੇ ਬਣਾਏ ਹੋਏ ਚਾਰਟ ਵੇਖਕੇ ਬਹੁਤ ਹੀ ਖੁਸ਼ ਹੋਏ ਤੇ ਮੈਨੂੰ ਪੰਜ ਰੁਪਏ ਇਨਾਮ ਦੇ ਕੇ ਕਹਿਣ ਲੱਗੇ, ਅਜਿਹੇ ਚਾਰਟ ਬਣਾ ਕੇ ਦੂਸਰੀ ਕੰਧ ਵੀ ਭਰਦੇ। ਮੈਨੂੰ ਤੇਰੇ ਵਰਗੇ ਹੋਣਹਾਰ ਬੱਚਿਆਂ 'ਤੇ ਬਹੁਤ ਮਾਣ ਹੈ।

ਸਾਡੇ ਘਰ ਪਏ ਗ੍ਰੰਥਾਂ ਨੂੰ ਬਾਈ ਜੀ, ਮੈਨੂੰ ਵੀ ਪੜ੍ਹਨ ਲਈ ਕਹਿਣ ਲੱਗ ਪਏ ਸਨ। ਮੈਂ ਬੜੇ ਅਦਬ ਨਾਲ ਮਹਾਂਭਾਰਤ ਦੇ ਗ੍ਰੰਥ 'ਤੇ ਲਪੇਟਿਆ ਰੁਮਾਲ ਉਤਾਰਕੇ ਰੇਹਲ ਤੇ ਵਿਛਾਉਂਦਾ ਤੇ ਉੱਤੇ ਗ੍ਰੰਥ ਰੱਖਕੇ ਜਿਥੋਂ ਵੀ ਬਾਈ ਜੀ ਕਹਿੰਦੇ, ਪੜ੍ਹਕੇ ਸੁਣਾਉਣ ਲੱਗ ਪੈਂਦਾ। ਉਹ ਮੈਨੂੰ ਵਿਚੋਂ ਰੋਕ ਕੇ ਮੇਰੇ ਪੜ੍ਹੇ ਹੋਏ ਦੀ ਵਿਆਖਿਆ ਕਰਦੇ ਤੇ ਫੇਰ ਮੈਨੂੰ ਅੱਗੇ ਪੜ੍ਹਨ ਨੂੰ ਕਹਿ ਦਿੰਦੇ।



ਬਾਈ ਅਰਜਣ ਦੇ ਉੱਚੇ ਆਚਰਣ ਤੇ ਉਹਦੀ ਸੂਰਵੀਰਤਾ ਦਾ ਬਹੁਤ ਗੁਣਗਾਨ ਕਰਦੇ। ਉਹ ਦੱਸਦੇ ਕਿ ਅਰਜਣ ਦੇ ਗਿਆਰਾਂ ਨਾਂ ਉਸਦੇ ਗਿਆਰਾ ਗੁਣਾਂ ਕਰਕੇ ਪਏ। ਮੈਨੂੰ ਅੰਦਰੇ ਅੰਦਰ ਉਹਨਾਂ 'ਤੇ ਗੁੱਸਾ ਆਈ ਜਾਂਦਾ। ਮੇਰਾ ਬਾਲ ਮਨ ਰੋਕਿਆ ਨਾ ਰੁਕਦਾ। ਮੈਥੋਂ ਕਿਹਾ ਜਾਂਦਾ ਕਿ ਜੇ ਕਰਨ ਨਾਲ ਏਨੀਆਂ ਵਧੀਕੀਆਂ ਨਾ ਹੁੰਦੀਆਂ ਤਾਂ ਕਰਨ ਵੀ ਅਰਜਣ ਦੇ ਬਰਾਬਰ ਦਾ ਸੂਰਵੀਰ ਹੁੰਦਾ। ਕਰਨ ਸਮੇਂ ਸਮੇਂ ' ਤੇ ਅਰਜਣ ਦਾ ਮੁਕਾਬਲਾ ਕਰਦਾ ਵੀ ਰਿਹਾ। ਬਾਈ ਜੀ ਮੇਰੇ 'ਤੇ ਟੁੱਟ ਕੇ ਪੈ ਜਾਂਦੇ, ਮੈਨੂੰ ਝਾੜ ਪਾਉਂਦੇ ਕਿ ਦੁਸ਼ਟ ਕਰਨ ਦਾ ਅਰਜਣ ਨਾਲ ਕੀ ਮੁਕਾਬਲਾ। ਕਰਨ ਦੁਰਯੋਧਨ, ਦੁਸ਼ਾਸਨ ਤੇ ਮਾਮਾ ਸ਼ਕੁਨੀ ਦੀ ਚੰਡਾਲ ਚੌਂਕੜੀ ਤਾਂ ਪਾਡਵਾਂ ਨੂੰ ਮੌਤ ਦੇ ਘਾਟ ਉਤਾਰਨ ਤੇ ਤੁਲੀ ਹੋਈ ਸੀ। ਉਹ ਤਾਂ ਕ੍ਰਿਸ਼ਨ ਭਗਵਾਨ ਉਹਨਾਂ ਦੇ ਅੰਗ ਸੰਗ ਹੋਣ ਕਰਕੇ ਬਚਦੇ ਰਹੇ। ਮੈਂ ਚੁੱਪ ਕਰ ਜਾਂਦਾ। ਏਨੇ ਬੰਦਿਆਂ ਸਾਹਮਣੇ ਮੈਂ ਉਨ੍ਹਾਂ ਨੂੰ ਕੀ ਜਵਾਬ ਦਿੰਦਾ।

ਸੱਠਵਿਆਂ ਵਿਚ ਪ੍ਰਾਈਮਰੀ ਜਮਾਤਾਂ ਵਿਚ ਪੜ੍ਹਦਿਆਂ ਮੇਰੇ ਬਾਲ ਮਨ ਨੂੰ ਕੀ ਇਲਮ ਸੀ ਕਿ ਜ਼ਿੰਦਗੀ ਦੇ ਝਮੇਲਿਆਂ ਵਿਚ ਉਲਝਦਿਆਂ, ਵੱਖ ਵੱਖ ਵਿਚਾਰਧਾਰਵਾਂ ਵਿਚ ਨੂੰ ਲੰਘਦਿਆਂ, ਮੈਂ ਇਕੀਵੀਂ ਸਦੀ ਦੇ ਦੂਸਰੇ ਦਹਾਕੇ ਵਿਚ ਇਤਿਹਾਸ, ਮਿਥਿਹਾਸ ਦਾ ਅਧਿਐਨ ਕਰਕੇ, ਕਰਨ ਦੇ 'ਸੂਤ ਪੁੱਤਰ' ਹੋਣ ਦਾ ਭੇਦ ਖੋਲ੍ਹਦਿਆਂ... 'ਕੁੰਤੀ ਪੁੱਤਰ ਕਰਨ' ਕਹਾਣੀ ਲਿਖਾਂਗਾ।

ਆਜ਼ਾਦੀ ਘੁਲਾਟੀਆਂ ਦਾ ਪਿੰਡ ਹੋਣ ਕਰਕੇ, ਸਾਡੇ ਪਿੰਡ ਕੋਈ ਨਾ ਕੋਈ ਸਮਾਗਮ ਹੁੰਦਾ ਹੀ ਰਹਿੰਦਾ ਸੀ। ਦਸ ਨਵੰਬਰ, 1984 ਨੂੰ ਪ੍ਰਸਿੱਧ ਆਜ਼ਾਦੀ ਘੁਲਾਈਏ ਪੰਡਤ ਨਰਪਤ ਰਾਏ ਦੀ ਮੌਤ ਹੋਈ ਤਾਂ ਉਸ ਵੇਲੇ ਦੇ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਦਾ 'ਸੋਗ ਸੰਦੇਸ਼' ਸਾਰੇ ਅਖਬਾਰਾਂ ਵਿਚ ਛਪਿਆ ਸੀ। ਤੇ ਪਿੰਡ ਵਿਚ ਸੋਗ ਸਭਾ ਕੀਤੀ ਗਈ ਸੀ। ਅਸੀਂ ਪੰਜਵੀਂ ਜਮਾਤ ਵਿਚ ਪੜ੍ਹਦੇ ਸਾਂ। ਪਿੰਡ ਵਿਚ ਜਿਧਰ ਨੂੰ ਵੀ ਜਾਂਦੇ, ਕੰਧਾਂ ਤੇ ਚਿੱਟੀ ਪੱਟੀ 'ਤੇ ਕਾਲੇ ਅੱਖਰਾਂ ਵਿਚ ਲਿਖਿਆ ਹੋਇਆ ਪੜ੍ਹਦੇ ਅਚੰਭਿਤ ਹੋਈ ਜਾਂਦੇ, 'ਬੋਲ ਰੇ ਭਗਤ ਜੈ ਜਗਤ' 'ਓ ਧਨ ਧਰਤੀ ਰਖਨੇ ਵਾਲੇ ਤੇਰਾ ਕਿਆ ਘਟ ਜਾਏਗਾ। ਸਭ ਕੀ ਮਿਹਨਤ ਕਾ ਹਿੱਸਾ ਜਬ ਆਪਸ ਮੇਂ ਬੰਟ ਜਾਏਗਾ। -ਵਿਨੋਬਾ ਭਾਵੇ।'

ਅਸੀਂ ਦੇਖਣ ਗਏ, ਮਿਸਰਾਂ, ਸਰਪੰਚਾਂ ਦੇ ਤਬੇਲੇ ਵਿਚ ਟੈਂਟ ਲਾਇਆ ਹੋਇਆ ਸੀ। ਵਿਨੋਬਾ ਭਾਵੇ ਪਿੰਡ ਪਿੰਡ ਸ਼ਹਿਰ ਸ਼ਹਿਰ ਪੈਦਲ ਘੁੰਮ ਕੇ 'ਭੂਮੀ ਦਾਨ' ਮੰਗ ਰਹੇ ਸਨ। ਸਮਾਗਮ ਅੱਗੇ ਉਹਨਾਂ ਦੀਆਂ ਲਿਖੀਆਂ ਪੁਸਤਕਾਂ ਵੀ ਵੇਚੀਆਂ ਜਾ ਰਹੀਆਂ ਸਨ। ਉਹਨਾਂ ਪੁਸਤਕਾਂ ਵਿਚ ਇਕ ਪੁਸਤਕ 'ਗੀਤਾ ਪ੍ਰਵਚਨ' ਵੀ ਸੀ। ਮੈਂ ਮਹਾਂਭਾਰਤ ਵਿਚ ਕ੍ਰਿਸ਼ਨ ਰਾਹੀਂ ਅਰਜਣ ਨੂੰ ਦਿਤੇ ਗੀਤਾ ਦੇ ਗਿਆਨ ਬਾਰੇ ਪੜ੍ਹਿਆ ਸੀ, ਇਸ ਲਈ ਗੀਤਾ ਬਾਰੇ ਹੋਰ ਜਾਣਕਾਰੀ ਪ੍ਰਾਪਤ ਕਰਨ ਲਈ ਮੈਂ ਇਹ ਪੁਸਤਕ 'ਗੀਤਾ ਪ੍ਰਵਚਨ' ਪੜ੍ਹਨਾ ਚਾਹੁੰਦਾ ਸਾਂ। ਪਤਾ ਨਹੀਂ ਇਹ ਪੁਸਤਕ ਦੋ ਆਨੇ ਦੀ ਜਾਂ ਚਾਰ ਆਨੇ ਦੀ ਸੀ (ਹੁਣ ਇਹ ਪੁਸਤਕ ਮੇਰੀ ਲਾਇਬਰੇਰੀ ਵਿਚੋਂ ਗੁੰਮ ਹੋ ਗਈ) ਇਹ ਪੁਸਤਕ ਖਰੀਦਣ ਲਈ ਬਾਈ ਜੀ ਪੈਸੇ ਨਹੀਂ ਦੇ ਰਹੇ ਸਨ। ਮੈਂ ਰੋਣ ਲੱਗ ਪਿਆ ਸਾਂ। ਮੈਨੂੰ ਰੋਂਦੇ ਨੂੰ ਹੰਝੂ ਵਹਾਉਂਦੇ ਨੂੰ ਦੇਖਕੇ ਬਾਈ ਜੀ ਨੇ ਪੈਸੇ ਦੇ ਦਿੱਤੇ ਸਨ ਤੇ ਮੈਂ ਭੱਜਕੇ ਉਹ ਕਿਤਾਬ ਖਰੀਦ ਲਿਆਇਆ ਸਾਂ। ਇਸ ਕਿਤਾਬ ਨੇ ਮੇਰੇ ਬਾਲ ਮਨ ਨੂੰ ਹਿਲਾ ਕੇ ਰੱਖ ਦਿੱਤਾ ਸੀ। ਤੇ ਮੈਂ 'ਓਮ ਨਮੋ ਭਗਵਤੇ ਵਾਸੁਦੇਵਾਇ' ਦਾ ਜਾਪ ਕਰਨ ਲੱਗ ਪਿਆ ਸਾਂ।

ਮੈਂ ਤੇ ਮੇਰੇ ਮੁਹੱਲੇ ਦੇ ਮੁੰਡੇ ਪਿੰਡ ਦੇ ਸਰਕਾਰੀ ਪ੍ਰਾਈਮਰੀ ਸਕੂਲ ਤੋਂ ਪੰਜਵੀਂ ਜਮਾਤ ਪਾਸ ਕਰਕੇ, ਛੇਵੀਂ ਜਮਾਤ ਵਿਚ ਸਰਕਾਰੀ ਮਿਡਲ ਸਕੂਲ ਸਿਆਲਬਾ, ਵਿਚ ਦਾਖਲ ਹੋ ਗਏ ਸਾਂ। ਭਾਵੇਂ ਬਾਈ ਜੀ ਮੈਨੂੰ ਘਰਦੀਆਂ ਤੰਗੀਆਂ ਤੁਰਸੀਆਂ ਬਾਰੇ ਪਤਾ ਨਹੀਂ ਲੱਗਣ ਦਿੰਦੇ ਸਨ ਪਰ ਫੇਰ ਵੀ ਕਈ ਵਾਰੀ ਉਹ ਸਭ ਦੇ ਸਾਹਮਣੇ ਹੀ ਬੋਲਣ ਲੱਗ ਪੈਂਦੇ ਸਨ। ਉਹ ਹੱਥਲਾ ਕੰਮ ਵਿਚੋ ਛੱਡਕੇ ਦੋਵੇਂ ਹੱਥਾਂ ਦਾ ਘੁੱਗੂ ਜਿਹਾ ਬਣਾ ਕੇ ਵਿਚ ਫੂਕ ਮਾਰ ਕੇ ਜਿਵੇਂ ਹੱਥਾਂ ਨੂੰ ਨਿੱਘੇ ਕਰਦਿਆਂ ਆਖਦੇ, ਕੀ ਕਰੀਏ, ਲੋਕੀਂ ਬੂਟ, ਗੁਰਗਾਬੀਆਂ ਉਧਾਰ ਲਿਜਾ ਕੇ ਪੈਸੇ ਦਿੰਦੇ ਨੀ ਹੈਗੇ। ਜੇ ਮੰਗਣ ਜਾਓ, ਆਖਦੇ ਐ, "ਤੇਰੇ ਪੈਸੇ ਮਾਰਦੇ ਨੀ ਹੈਗੇ। ਅਸੀਂ ਕਿਆ ਪਿੰਡ ਛੱਡਕੇ ਭੱਜ ਚੱਲੇ ਆ। ਜਦ ਹੋਏ ਦੇ ਦਵਾਂਗੇ।" ਉਧਰ ਮਾਲ, ਕੁਰਮ ਤੇ ਚਮੜਾ ਜਿਥੋਂ

ਲਿਆਉਂਦੇ ਆ, ਉਹਨਾਂ ਦੇ ਪੈਸੇ ਮੁੜਦੇ ਨੀ ਹੈਗੇ। ਉਹ ਘਰ ਗੇੜੇ ਮਾਰੀ ਜਾਂਦੇ ਐ। ਅੱਗੇ ਨੂੰ ਮਾਲ ਮਿਲਦਾ ਨੀ ਹੈਗਾ। ਕੀ ਕਰੀਏ, ਵਿਹਲੇ ਬੈਠੇ ਆ।" ਮੈਂ ਦੇਖਦਾ ਰਹਿੰਦਾ, ਬਾਈ ਜੀ ਬਾਖੜ ਜਿਹੀ ਮੱਝ ਦਾ ਹਫਤੇ ਬਾਅਦ ਮੱਖਣ ਕਾੜ੍ਹ ਕੇ ਜਿਹੜਾ ਘੀ ਨਿਕਲਦਾ, ਮੈਨੂੰ ਖਿਜ਼ਰਾਬਾਦੀਏ ਗੁਰਦਿਆਲ ਦੇ ਘਰ ਦੇਣ ਲਈ ਭੇਜ ਦਿੰਦੇ। ਉਸਦੀ ਕੁਰਾਲੀ ਚਮੜੇ ਦੀ ਦੁਕਾਨ ਸੀ। ਜਿਥੋਂ ਬਾਈ ਜੀ ਮਾਲ ਲਿਆਉਂਦੇ ਹੁੰਦੇ ਸਨ।

ਘਰ ਵਿਚ ਅੰਨ ਦੀ ਤੋਟ ਹੋਣ ਕਰਕੇ, ਬੀਬੀ ਮੈਨੂੰ ਘੂਰਦੀ, "ਓਂਈ ਭਬਾਖੀ ਵਧਾਈ ਜਾਂਦਾ ਏਂ। ਦੋ ਰੋਟੀਆਂ ਤੈਨੂੰ ਥੋੜੀਆਂ ਚਾਰ ਰੋਟੀਆਂ ਤਾਂ ਤੇਰਾ ਬਾਈ ਖਾਂਦਾ ਏ... ਨਾਲੇ ਉਹ ਸਾਰਾ ਦਿਨ ਕੰਮ ਕਰਦਾ ਏ।" ਮੈਂ ਹੋਰ ਰੋਟੀ ਮੰਗਣ ਤੋਂ ਬੱਸ ਕਰ ਦਿੰਦਾ। ਅਨਪੜ੍ਹ ਬੀਬੀ ਸੰਝ ਨੂੰ ਹੱਥ ਜੋੜ ਕੇ ਬਹਿ ਜਾਂਦੀ, ਰੱਬ ਅੱਗੇ ਅਰਦਾਸ ਕਰਦੀ। "ਮੇਰੇ ਪਤੀ ਪਰਮੇਸ਼ਰ ਦੀ, ਬੱਚਿਆਂ ਦੀ ਸੁੱਖ ਰੱਖੀਂ। ਰਿਜ਼ਕ ਦਈਂ। ਕਿਸੇ ਅੱਗੇ ਹੱਥ ਨਾ ਆਡਵਾਈ। ਉਹਦੇ ਅੱਗੇ ਹੱਥ ਅਡਵਾਈਂ। ਜਿਹਦੀ ਅੱਖ ਵਿਚ ਲਿਹਾਜ ਹੋਵੇ।"

ਮੈਨੂੰ ਤੇ ਮੇਰੇ ਛੇ ਸੱਤ ਸਾਲ ਦੇ ਮੇਰੇ ਛੋਟੇ ਭਰਾ ਦਰਸ਼ਨ ਨੂੰ ਪਤਾ ਨਾ ਲਗਦਾ ਕਿ ਬਾਈ ਜੀ ਬੀਬੀ ਨੂੰ ਕਿਉਂ ਕੁੱਟਣ ਲੱਗ ਪੈਂਦੇ। ਉਹ ਬੀਬੀ ਦੇ ਹੂਰੇ ਮੁੱਕੇ ਮਾਰਦੇ। ਜਦ ਉਹ ਡਿੱਗ ਪੈਂਦੀ ਉਹਦੇ ਲੱਤਾ ਮਾਰਨ ਲੱਗ ਪੈਂਦੇ। ਬੀਬੀ ਥੱਲੇ ਬੈਠੀ ਆਖੀ ਜਾਂਦੀ, "ਲੈ ਹੋਰ ਕੁਟ ਲੈ ਰੱਬ ਦੇ ਬੰਦਿਆ।" ਬੀਬੀ ਦਾ ਰੋਣਾ ਸੁਣਕੇ ਬੇਬੇ ਅੱਛਰੋਂ ਤੇ ਹੋਰ ਬੁੱਢੀਆਂ ਆ ਜਾਂਦੀਆਂ। ਉਹ ਬਾਈ ਜੀ ਨੂੰ ਸਮਝਾਉਂਦੀਆਂ, "ਤੀਵੀਂ ਤੇ ਮਿੱਟੀ ਦਾ ਕਿਆ ਕੁਟਣੈ। ਇਹਨਾਂ ਨੇ ਕੋਈ ਉਜਰ ਕਰਨੈ।" ਤੇ ਉਹ ਬੀਬੀ ਨੂੰ ਉਠਾਕੇ ਸਮਝਾਉਂਦੀਆਂ, "ਚੱਲ ਕੋਈ ਨੀ ਤੇਰਾ ਪਤੀ ਪਰਮੇਸ਼ਰ ਐ। ਉਠਕੇ ਰੋਟੀ-ਟੁੱਕ ਦਾ ਆਹਰ ਕਰ। ਜਵਾਕ ਡੈਂਬਰੇ ਖੜ੍ਹੇ ਐ।"

ਉਹਨਾਂ ਦਾ ਬੂਟ, ਗੁਰਗਾਬੀਆਂ ਦਾ ਕੰਮ ਤਾਂ ਨਾ ਮਾਤਰ ਰਹਿ ਗਿਆ ਸੀ। ਉਹ ਹਾੜੀ ਸੌਣੀ ਦੀ ਗੁਡਾਈ ਵੇਲੇ, ਦੁਪਹਿਰ ਦੀ ਰੋਟੀ ਖਾਣ ਲਈ ਹੋਰ ਗੁਡਾਵਿਆਂ ਨਾਲ ਆਪਣਾ ਕੋਲੀ, ਗਿਲਾਸ ਪਰਨੇ ਵਿਚ ਵਲੇਟ ਕੇ ਮੋਢੇ ਤੇ ਪਰਨਾ ਸੁਟਕੇ ਲੈ ਜਾਂਦੇ ਸਨ। ਪਰ ਕਣਕ ਦੀ ਵਢਾਈ ਵੇਲੇ ਬਾਈ ਜੀ ਲਾਵੀ 'ਤੇ (ਇਕ ਭਰ ਬਦਲੇ) ਸਾਰਾ ਦਿਨ ਕਿਸਾਨਾਂ ਨਾਲ ਵਾਢੀ ਕਰਵਾਉਂਦੇ ਸਨ। ਤੇ ਬੀਬੀ ਹੋਰ ਗੁਆਂਢਣਾਂ ਨਾਲ ਸਿਲਾ ਚੁਗਕੇ ਲਿਆਉਂਦੀ ਹੁੰਦੀ ਸੀ। ਇਕ ਸਾਲ ਵਾਢੀ ਦੇ ਦਿਨਾਂ ਵਿਚ ਬਾਈ ਜੀ ਦੇ ਪੱਟ 'ਤੇ ਬਾਲਤੋੜ (ਫੋੜਾ) ਨਿਕਲ ਆਇਆ ਸੀ। ਉਹ ਫੋੜੇ 'ਤੇ ਸਵੇਰੇ ਪੱਟੀ ਕਰਕੇ ਵਢਾਈ ਕਰਨ ਲਈ ਚਲੇ ਜਾਂਦੇ ਸਨ। ਇਸ ਹਾਲ ਵਿਚ ਵੀ ਸਾਰਾ ਦਿਨ ਵਢਾਈ ਕਰਦੇ ਸਨ। ਸੰਝ ਨੂੰ ਨਿੰਮ ਵਾਲੇ ਗਰਮ ਪਾਣੀ ਦੀ ਟਕੋਰ ਕਰਕੇ ਦਵਾਈ ਲਾ ਕੇ ਪੱਟੀ ਕਰ ਲੈਂਦੇ। ਉਨ੍ਹਾਂ ਦਿਨਾਂ ਵਿਚ ਮਾਰੂ ਕਣਕ ਦੀ ਵਢਾਈ ਮਸਾਂ ਅੱਠ, ਦਸ ਦਿਨ ਚਲਦੀ ਹੁੰਦੀ ਸੀ। ਉਸ ਸਾਲ ਬਾਈ ਜੀ ਨੇ ਦੁਖਦੇ ਫੋੜੇ ਨਾਲ ਹੀ ਅੱਠ, ਦਸ ਦਿਨ ਵਢਾਈ ਕੀਤੀ ਸੀ।

ਮੈਂ ਛੇਵੀਂ ਤੋਂ ਸੱਤਵੀਂ, ਅੱਠਵੀਂ ਵਿਚ ਹੁੰਦਾ ਗਿਆ। ਘਰ ਦੀ ਆਰਥਿਕ ਹਾਲਤ ਬਦ ਤੋਂ ਬਦਤਰ ਹੁੰਦੀ ਗਈ। ਖੇਤ ਮਜੂਰਾਂ ਨੂੰ ਕੰਮ ਕਿਹੜਾ ਸਾਰਾ ਸਾਲ ਮਿਲਦਾ ਹੈ। ਬਾਈ ਜੀ ਆਪਣੀ ਦੁਕਾਨ ਵਿਚ ਬੈਠੇ ਨਿੱਕਾ ਮੋਟਾ ਕੰਮ ਕਰੀ ਜਾਂਦੇ। ਉਹਨਾਂ ਦਾ ਬਾਪੂ ਤੋਂ ਰਤਾ ਛੋਟਾ ਕੱਦ, ਰਤਾ ਗੋਰਾ ਰੰਗ, ਖਿਚੜੀ ਦਾੜ੍ਹੀ ਮੁੱਛਾਂ, ਫਿਕਰ ਵਿਚ ਸੁੱਕ ਕੇ ਤੀਲ੍ਹਾ ਤੇ ਮੱਥੇ 'ਤੇ ਪਈਆਂ ਹੋਈਆਂ ਤਿਊੜੀਆਂ। ਮੈਂ ਉਨ੍ਹਾਂ ਦੇ ਸਾਹਮਣੇ ਡਰਿਆ ਜਿਹਾ ਬੈਠਿਆ ਉਨ੍ਹਾਂ ਵੱਲ ਦੇਖਦਾ ਰਹਿੰਦਾ। ਜਦ ਕੋਈ ਕੰਮ ਕਾਰ ਕਰਵਾਉਣ ਵਾਲਾ ਆਉਂਦਾ ਤਾਂ ਉਨ੍ਹਾਂ ਦੇ ਮੱਥੇ ਦੀ ਤਿਊੜੀ ਖੁੱਲਦੀ, ਉਹ ਮਿਨ੍ਹਾ ਮਿਨ੍ਹਾ ਮੁਸਕ੍ਰਾਦਿਆਂ ਅਗਲੇ ਨਾਲ ਗੱਲਾਂ ਕਰਨ ਲੱਗ ਪੈਂਦੇ। ਮੈਨੂੰ ਖੁਸ਼ੀ ਹੁੰਦੀ, ਲੈ ਬਈ ਹੁਣ ਉਨ੍ਹਾਂ ਦੇ ਮੱਥੇ ਦੀ ਤਿਊੜੀ ਖੁਲ੍ਹ ਗਈ, ਹੁਣ ਉਹ ਇਸੇ ਤਰ੍ਹਾਂ ਹੀ ਹਸਦੇ ਰਹਿਣਗੇ। ਪਰ ਉਸਦੇ ਜਾਣ ਤੋਂ ਬਾਅਦ ਫਿਰ ਉਹ ਮੱਥੇ ਵਿਚ ਤਿਊੜੀਆਂ ਪਾ ਕੇ ਆਪਣਾ ਕੰਮ ਕਰਨ ਲੱਗ ਪੈਂਦੇ। ਮੇਰਾ ਬਾਲ ਮਨ ਸੋਚਦਾ ਕਿ ਕਿੰਨਾ ਚੰਗਾ ਹੁੰਦਾ ਕਿ ਉਹ ਬੰਦਾ ਥੋੜ੍ਹਾ ਚਿਰ ਹੋਰ ਬੈਠਾ ਰਹਿੰਦਾ, ਜਾਂ ਕੋਈ ਹੋਰ ਜਣਾ ਉਨ੍ਹਾਂ ਕੋਲੋਂ ਕੰਮ ਕਰਵਾਉਣ ਆ ਜਾਵੇ, ਉਨ੍ਹਾਂ ਦੇ ਮੱਥੇ ਦੀਆਂ ਤਿਊੜੀਆਂ ਤਾਂ ਖੁਲ੍ਹਣ... ਤੇ ਉਹ ਹਸਣ।

ਮਿਡਲ ਦੀਆਂ ਕਲਾਸਾਂ ਵਿਚ ਵੀ ਮੈਂ ਪੜ੍ਹਨ ਵਿਚ ਹੁਸ਼ਿਆਰ ਹੀ ਰਿਹਾ। ਮੇਰੀ ਜਮਾਤ ਦੇ ਮੁੰਡੇ ਜਗਿੰਦਰ ਵੱਲ ਇਸ਼ਾਰਾ ਕਰਕੇ ਆਖਦੇ ਕਿ ਇਹ ਟੱਪਦਾ ਏਨਾ। ਉਹ ਮੇਰੇ ਵੱਲ ਇਸ਼ਾਰਾ ਕਰਕੇ ਕਿ ਨੰਬਰ



ਜ਼ਿਆਦਾ ਇਹਦੇ ਆ ਜਾਣੇ ਐ। ਸੱਤਵੀਂ ਜਮਾਤ ਵਿਚ ਸਾਡਾ ਸੁੰਦਰ ਲਿਖਾਈ ਦਾ ਮੁਕਾਬਲਾ ਕਰਵਾਇਆ ਗਿਆ। ਰੰਗੀਲਾ ਮਾਸਟਰ, ਮੈਨੂੰ ਨਾਲ ਲੈ ਕੇ, ਮੇਰੀ ਸੁੰਦਰ ਲਿਖਾਈ ਦੀ ਕਾਪੀ ਕੱਲੇ ਕੱਲੇ ਅਧਿਆਪਕ ਨੂੰ ਦਿਖਾਉਂਦਾ ਰਿਹਾ। ਪਰ ਜਦ ਮੈਂ ਜਿਲਾ ਸਿੱਖਿਆ ਅਫਸਰ ਰੋਪੜ ਦੇ ਦਫਤਰ ਵਿਚ ਕਲਰਕ ਲੱਗਿਆ ਤਾਂ ਮੇਰੀ ਲਿਖਾਈ ਦੇਖਕੇ, ਸਾਡੇ ਮਿਡਲ ਸਕੂਲ ਦਾ ਮੁਖ ਅਧਿਆਪਕ ਮਿਹਰ ਸਿੰਘ ਬਹੁਤ ਦੁਖੀ ਹੋਇਆ, "ਇਹ ਤੈਂ ਆਪਣੀ ਲਿਖਾਈ ਕਿੱਦਾਂ ਦੀ ਬਣਾ ਲਈ?" ਮੈਂ ਆਪਣੀ ਲਿਖਤ ਕਲਰਕੀ ਦੀ ਆਸਾਮੀ ਅਨੁਸਾਰ ਚਲੰਤ ਜਹੀ ਬਣਾ ਲਈ ਸੀ।

ਜਦ ਸਾਡਾ ਅੱਠਵੀਂ ਜਮਾਤ ਦਾ ਨਤੀਜਾ ਆਇਆ ਤਾਂ ਸਾਰੇ ਅਧਿਆਪਕ ਦੇਖਕੇ ਦੰਗ ਰਹਿ ਗਏ ਸਨ। ਕਿਉਂਕਿ ਮੈਂ ਫਸਟ, ਜਗਿੰਦਰ ਸੈਕਿੰਡ, ਰਾਮ ਆਸਰਾ ਤੀਸਰੇ ਨੰਬਰ ਤੇ ਜਸਵੰਤ ਚੌਥੇ ਨੰਬਰ ਤੇ ਸੀ। ਬਾਕੀ ਸਾਰੀ ਜਮਾਤ ਦੇ ਅੰਕ ਸਾਡੇ ਚੌਹਾਂ ਤੋਂ ਘੱਟ ਆਏ ਸਨ। ਅਧਿਆਪਕ ਹੈਰਾਨ ਇਸ ਲਈ ਹੋ ਰਹੇ ਸਨ, ਕਿਉਂਕਿ ਅਸੀਂ ਚਾਰੇ ਇਕੋ ਪਿੰਡ ਮਾਜਰੀ ਦੇ ਸਨ ਤੇ ਚਾਰੇ ਚਮਾਰਾਂ ਦੇ ਮੁੰਡੇ ਸਨ ਤੇ ਉਹ ਵੀ ਇਕੋ ਮੁਹੱਲੇ ਦੇ।

ਅਸੀਂ ਅੱਠਵੀਂ ਜਮਾਤ ਵਿਚ ਪੜ੍ਹਦੇ ਸਾਂ। ਮਰਦਮਸ਼ੁਮਾਰੀ ਕੀਤੀ ਜਾ ਰਹੀ ਸੀ। ਹਿੰਦੀ ਦੇ ਅਧਿਆਪਕ ਮਾਸਟਰ ਮੋਹਨ ਲਾਲ ਨੇ ਪੁੱਛਿਆ ਕਿ 'ਤੁਸੀਂ ਮਾਤ ਭਾਸ਼ਾ ਕਿਹੜੀ ਲਿਖਵਾਈ ਹੈ?' ਉਹਨੂੰ ਪਤਾ ਲਗ ਗਿਆ ਸੀ ਕਿ ਮਾਜਰੀ ਪਿੰਡ ਵਿਚ ਮਾਸਟਰ ਲਛਮਣ ਦਾਸ, ਸਰਪੰਚ ਮਿਸਰੇ ਦੇ ਪਰਿਵਾਰ ਦੇ ਪ੍ਰਭਾਵ ਅਧੀਨ ਲੋਕਾਂ ਨੂੰ ਮਾਤ ਭਾਸ਼ਾ 'ਹਿੰਦੀ' ਲਿਖਵਾਉਣ ਲਈ ਜੋਰ ਪਾ ਰਿਹਾ ਹੈ। ਉਸਨੇ ਮੈਨੂੰ ਪੁੱਛਿਆ ਸੀ ਕਿ 'ਤੂੰ ਪਹਿਲੀ ਜਮਾਤ ਤੋਂ ਹਿੰਦੀ ਪੜ੍ਹਦਾ ਆਇਆ, ਪੰਜਾਬੀ ਤੀਸਰੀ ਜਮਾਤ ਤੋਂ ਪੜ੍ਹਨ ਲੱਗਿਆ। ਜਿਹੜੀ ਭਾਸ਼ਾ ਤੂੰ ਪਹਿਲੀ ਜਮਾਤ ਤੋਂ 'ਹਿੰਦੀ' ਪੜ੍ਹਦਾ ਆਇਆ ਉਹੀ ਤੇਰੀ ਮਾਤ ਭਾਸ਼ਾ ਹੈ।' ਪਰ ਮਾਸਟਰ ਮੋਹਨ ਲਾਲ ਸਾਨੂੰ ਪੁੱਛ ਰਿਹਾ ਸੀ, "ਕੀ ਤੁਸੀਂ ਘਰ ਵਿਚ ਪੰਜਾਬੀ ਨੀ ਬੋਲਦੇ, ਥੁਆਡੀ ਮਾਤ ਭਾਸ਼ਾ ਹਿੰਦੀ ਕਿਵੇਂ ਹੋਈ?" ਉਸ ਦਿਨ ਤੋਂ ਹੀ ਜਿਓ ਜਿਓ ਮੈਨੂੰ ਮਾਂ ਬੋਲੀ ਦੇ ਮਹੱਤਵ ਦਾ ਪਤਾ ਲੱਗਦਾ ਚਲੇ ਗਿਆ, ਮਾਸਟਰ ਲਛਮਣ ਜਿਹੜਾ ਸਾਡੀ ਦੁਕਾਨ ਵਿਚ ਆ ਕੇ ਕਹਿੰਦਾ ਹੁੰਦਾ ਸੀ, "ਲੰਬੜਦਾਰ ਦੇਖ ਲਈ ਤੇਰਾ ਮੁੰਡਾ ਵੱਡਾ ਹੋ ਕੇ ਕੁਝ ਬਣੇਗਾ।' ਦਾ ਕੱਦ ਮੇਰੇ ਮਨ ਵਿਚ ਘਟਦਾ ਚਲੇ ਗਿਆ। ਤੇ ਹਿੰਦੀ ਦੇ ਅਧਿਆਪਕ ਮੋਹਨ ਲਾਲ ਦਾ ਕੱਦ ਮੇਰੇ ਮਨ ਵਿਚ ਵਧਦਾ ਚਲੇ ਗਿਆ।

ਸਨ 1962 ਵਿਚ ਅੱਠਵੀਂ ਜਮਾਤ ਪਾਸ ਕਰਕੇ, ਮੈਂ ਤੇ ਜੁਗਿੰਦਰ ਸਿੰਘ ਨੇ ਖਾਲਸਾ ਹਾਇਰ ਸੈਕੰਡਰੀ ਸਕੂਲ ਕੁਰਾਲੀ ਵਿਚ ਦਾਖਲਾ ਲੈ ਲਿਆ ਸੀ। ਸਾਨੂੰ ਦੱਸਿਆ ਗਿਆ ਸੀ ਕਿ ਪ੍ਰਾਈਵੇਟ ਸਕੂਲਾਂ ਵਿਚ ਵੱਧ ਪੜ੍ਹਾਈ ਹੁੰਦੀ ਹੈ। ਤੇ ਸਾਡੇ ਨਾਲ ਹੀ ਅੱਠਵੀਂ ਪਾਸ ਕਰਕੇ ਗਏ ਰਾਮ ਆਸਰੇ ਤੇ ਜਸਵੰਤ ਨੇੜੇ ਦੇ ਸਰਕਾਰੀ ਹਾਈ ਸਕੂਲ ਖਿਜ਼ਰਾਬਾਦ ਵਿਚ ਪੜ੍ਹਨ ਲੱਗ ਪਏ ਸਨ। ਉਹ ਪੈਦਲ ਤੁਰਕੇ ਸਕੂਲ ਚਲੇ ਜਾਂਦੇ ਸਨ। ਕੁਰਾਲੀ ਸਾਡੇ ਨਾਲ ਮਾਣਕਪੁਰ ਸ਼ਰੀਫ ਦੇ ਸਾਧੂ ਸਿੰਘ, ਗੁਰਚਰਨ ਸਿੰਘ ਤੇ ਬੁੱਧ ਸਿੰਘ ਵੀ ਪੜ੍ਹਦੇ ਸਨ। ਸਾਡੇ ਪੁਰਾਣੇ ਸਾਈਕਲ ਖਰਾਬ ਹੋਈ ਜਾਣੇ। ਜੇ ਕਿਸੇ ਦੇ ਸਾਈਕਲ ਦਾ ਪੈਂਚਰ ਹੋ ਜਾਣਾ ਤਾਂ ਉਹਨੇ ਦੂਸਰੇ ਦੇ ਸਾਈਕਲ ਮਗਰ ਕੈਰੀਅਰ ਤੇ ਬਹਿ ਕੇ ਆਪਣੇ ਸਾਈਕਲ ਦਾ ਹੈਂਡਲ ਫੜਕੇ ਨਾਲ ਰੋੜ੍ਹੀ ਜਾਣਾ। ਤੇ ਜੇ ਕਿਸੇ ਦੇ ਸਾਇਕਲ ਦੀ ਚੈਨ ਟੁਟ ਜਾਣੀ ਜਾਂ ਕੁੱਤੇ ਫੇਲ੍ਹ ਹੋ ਜਾਣੇ ਤਾਂ ਉਹਨੇ ਆਪਣੇ ਸਾਇਕਲ ਨੂੰ ਰੱਸੀ ਪਾ ਕੇ ਦੂਸਰੇ ਦੇ ਸਾਇਕਲ ਦੇ ਪਿਛੇ ਬੰਨ੍ਹ ਦੇਣੀ, ਤੇ ਆਪਣੇ ਸਾਈਕਲ ਤੇ ਬਹਿਕੇ ਨਾਲ ਜਾਈ ਜਾਣਾ। ਉਦੋਂ ਨਾ ਤਾਂ ਕੁਰਾਲੀ ਨੂੰ ਕੋਈ ਬੱਸ ਜਾਂਦੀ ਸੀ ਤੇ ਨਾ ਹੀ ਰਾਹ ਵਿਚ ਕੋਈ ਸਾਇਕਲ ਰੀਪੇਅਰ ਦੀ ਦੁਕਾਨ ਸੀ। ਹਾਂ ਕੁਰਾਲੀ-ਸੀਸਵਾਂ ਸੜਕ ਨਵੀਂ ਨਵੀਂ ਬਣੀ ਸੀ। ਅਸੀਂ ਆਪਣੇ ਪੁਰਾਣੇ ਸਾਈਕਲਾਂ 'ਤੇ ਲਟਾ ਪੀਂਘ ਹੁੰਦੇ ਸਕੂਲ ਪਹੁੰਚ ਜਾਂਦੇ। ਜੇ ਲੇਟ ਹੋ ਜਾਂਦੇ, ਪਰੇਅਰ ਵੇਲੇ ਪ੍ਰਿਸੀਪਲ ਧਰਮ ਸਿੰਘ ਲੇਟ ਜਾਣ ਵਾਲੇ ਵਿਦਿਆਰਥੀਆਂ ਦੀ ਕਟਾਈ ਕਰਦਾ ਸੀ, ਪਰ ਸਾਨੂੰ ਦੂਰ ਤੋਂ ਜਾਣ ਕਰਕੇ ਛੱਡ ਦਿੰਦਾ ਸੀ। ਸਾਡੇ ਨਾਲ ਹਮਦਰਦੀ ਕਰਦਾ ਸੀ। ਇਕ ਵਾਰੀ ਮੇਰਾ ਸਾਇਕਲ ਖਰਾਬ ਹੋ ਗਿਆ, ਮੈਂ ਦੋ-ਤਿੰਨ ਦਿਨ ਦਸ-ਗਿਆਰਾਂ ਕਿਲੋਮੀਟਰ ਤੁਰ ਕੇ ਸਕੂਲ ਜਾਂਦਾ ਰਿਹਾ। ਪ੍ਰਿ. ਧਰਮ ਸਿੰਘ ਨੂੰ ਪਤਾ ਨਹੀਂ ਕਿਵੇਂ ਪਤਾ

ਲੱਗ ਗਿਆ, ਉਹ ਮੈਨੂੰ ਹਮਦਰਦੀ ਜਤਾਉਂਦਿਆਂ ਪੁੱਛਣ ਲੱਗੇ, "ਸਰੂਪ ਪੈਦਲ ਆਉਂਦਾ ਹੁੰਦਾ?" ਮੈਂ ਕਿਹਾ, "ਹਾਂ ਜੀ ਸੈਕਲ ਖਰਾਬ ਹੋ ਗਿਆ ਸੀ।"

ਨੌਂਵੀਂ ਜਮਾਤ ਵਿਚ ਮੇਰਾ ਖੱਦਰ ਦਾ ਪਜ਼ਾਮਾ ਗੋਡਿਆ ਉੱਤੋਂ ਪਾਟਿਆ ਹੋਇਆ ਸੀ। ਬੀਬੀ ਨੇ ਵੀ ਏਨਾ ਸੋਚਿਆ ਨਹੀਂ ਕਿ ਸਿਓਂ ਹੀ ਦਵੇ। ਮੈਂ ਆਪਣੇ ਬੈਂਚ 'ਤੇ ਪਾਟੇ ਹੋਏ ਪਜ਼ਾਮੇ ਵਿਚੋਂ ਬਾਹਰ ਨਿਕਲੇ ਗੋਡਿਆਂ ਨੂੰ ਲੁਕਾਉਂਦਾ ਰਹਿੰਦਾ ਸਾਂ। ਮੇਰੇ ਨਾਲ ਬਹਿੰਦਾ ਕਾਲੇਵਾਲ ਤੋਂ ਆਉਂਦਾ ਮੁੰਡਾ ਸਤਿੰਦਰ ਸਿੰਘ ਠੁੱਕਦਾਰ ਕਪੜੇ ਪਾ ਕੇ ਆਉਂਦਾ। ਬਾਜ਼ਾਰ ਵਿਚ ਨਵਾਂ ਚਲਦਾ ਗੀਤ ਗੁਣ-ਗੁਣਾਈ ਜਾਂਦਾ। ਹੋਮ ਵਰਕ ਉਹ ਮੇਰੀਆਂ ਕਾਪੀਆਂ ਵਿਚੋਂ ਦੇਖ ਕੇ ਕਰਦਾ ਸੀ।

ਸਕੂਲ ਵਿਚ ਬੈਠਿਆਂ ਵੀ ਬਾਈ ਜੀ ਦੀ ਸ਼ਕਲ ਉਹਨਾਂ ਦੀ ਮਰੀਅਲ ਦੇਹ, ਮੱਥੇ 'ਤੇ ਪਈਆਂ ਹੋਈਆਂ ਤਿਊੜੀਆਂ ਮੇਰੀਆਂ ਅੱਖਾਂ ਅੱਗੇ ਘੁੰਮੀ ਜਾਂਦੀਆਂ। ਮੇਰੇ 'ਤੇ ਵੀ ਜਿਵੇਂ ਘਰ ਦੀ ਅੱਤ ਭੈੜੀ ਆਰਥਿਕ ਦਸ਼ਾ ਦਾ ਅਸਰ ਪੈਣ ਲਗ ਪਿਆ ਸੀ। ਮੈਂ ਚੁਪ ਚੁਪੀਤਾ ਜਿਹਾ ਬਣ ਕੇ ਰਹਿ ਗਿਆ ਸਾਂ। ਨਾਟਕਾਂ ਵਿਚ ਭਾਗ ਲੈਣ ਵਾਲਾ ਅਟਕ-ਅਟਕ ਕੇ ਸੋਚ ਸੋਚ ਕੇ ਬੋਲਣ ਲੱਗ ਪਿਆ ਸਾਂ। ਜਬਾਨ ਜਿਵੇਂ ਥਿੜਕਣ ਲੱਗ ਪਈ ਸੀ। ਬੱਸ ਆਪਣੀ ਸੀਟ 'ਤੇ ਬੈਠਾ ਰਹਿੰਦਾ ਸਾਂ।

ਬਾਈ ਜੀ ਕੰਮ ਛੱਡਕੇ ਭਟਕਦੇ ਘੁੰਮ ਰਹੇ ਸਨ, ਪਤਾ ਨੀ ਕਿਥੇ ਕਿਥੇ? 1963 ਵਿਚ ਬਾਈ ਜੀ ਤੇ ਸਾਡਾ ਗੁਆਂਢੀ ਤਾਇਆ ਤਰਲੋਕ ਸਿੰਘ ਡੀ. ਐਸ. ਸੀ. (ਡਿਫੈਂਸ ਸਿਕਿਓਰਟੀ ਕੋਰ) ਵਿਚ ਅੰਬਾਲੇ ਤੋਂ ਭਰਤੀ ਹੋ ਗਏ ਸਨ। ਉਹੋ ਦੋਵੇਂ ਫ਼ੌਜ ਵਿਚੋਂ ਨਾ ਕਟਵਾ ਕੇ ਆਏ ਹੋਏ 'ਨਾਮ ਕਟੇ' ਸਨ।

ਬਾਈ ਜੀ ਦੱਸਦੇ ਹੁੰਦੇ ਸਨ ਕਿ ਉਹ ਅੰਗਰੇਜ਼ਾਂ ਦੇ 1935 ਦੇ ਐਕਟ ਅਨੁਸਾਰ ਨਵੀਂ ਖੜੀ ਕੀਤੀ, ਸਿੱਖ ਐਲ. ਆਈ. ' (ਸਿੱਖ ਲਾਈਟ ਇਨਫੈਂਟਰੀ) ਦੀ ਪਹਿਲੀ ਪਲਟਨ ਵਿਚ ਭਰਤੀ ਹੋਏ ਤੇ ਉਹਨਾਂ ਦਾ 767 ਨੰਬਰ ਸੀ। ਪਿੰਡ ਦੇ ਠਾਕੁਰ ਸਿੰਘ ਹਰੀ ਸਿੰਘ ਆਦਿ ਉਹਨਾਂ ਤੋਂ ਕਿਤੇ ਬਾਅਦ ਵਿਚ ਸਿੱਖ ਐਲ. ਆਈ. ਵਿਚ ਭਰਤੀ ਹੋ ਕੇ ਸੂਬੇਦਾਰ ਮੇਜ਼ਰ ਜਾਂ ਆਨਰੇਰੀ ਕੈਪਟਨ ਰੀਟਾਇਰ ਹੋ ਕੇ ਆ ਗਏ ਸਨ। ਪਰ ਉਹਨਾਂ ਨੂੰ ਬਾਪੂ ਨੇ ਚਾਚੇ ਦੀ ਅਧਰੰਗ ਦੇ ਅਟੈਕ ਦੀ ਬੀਮਾਰੀ ਦਾ ਇਲਾਜ਼ ਕਰਵਾਣ ਲਈ ਫ਼ੌਜ ਵਿਚੋਂ ਨਾਮ ਕਟਵਾ ਕੇ ਘਰ ਬੁਲਾ ਲਿਆ ਸੀ। ਉਹ ਦੱਸਦੇ ਕਿ ਉਸ ਵੇਲੇ ਉਹ 'ਦੂਸਰੀ ਸੰਸਾਰ ਜੰਗ' ਵਿਚ ਬ੍ਰਹਮਾ ਵਿਚ ਅੰਗਰੇਜ਼ ਫ਼ੌਜ ਵਲੋਂ ਜਪਾਨੀਆਂ ਵਿਰੁੱਧ ਲੜ ਰਹੇ ਸਨ। ਤੇ ਉਹ ਲੈਫਟੀਨੈਂਟ ਕਰਨਲ ਅੰਗਰੇਜ਼ ਅਫਸਰ, ਜੇ. ਡੀ. ਮੈਲਿੰਗ ਦੇ ਵਾਇਰਲੈਸ ਅਪਰੇਟਰ ਸਨ ਤੇ ਲਾਂਸ ਨਾਇਕ ਸਨ। ਜੇ. ਡੀ. ਮੈਲਿੰਗ ਨੇ ਕਿਹਾ ਸੀ , "ਭਾਈ ਕੋ ਯਹਾਂ ਲਾਓ, ਹਾਸਪੀਟਲ ਮੇਂ ਉਸਕਾ ਇਲਾਜ਼ ਕਰਵਾਏਂਗਾ।" ਜਦ ਬਾਈ ਜੀ 'ਨਾਂ ਕੱਟ ਕੇ ਭੇਜਣ ਲਈ' ਅੜੇ ਰਹੇ ਕਿਉਂਕਿ ਉਹ ਆਪਣੇ ਬਾਪੂ ਦਾ ਕਹਿਣਾ ਮੋੜ ਹੀ ਨਹੀਂ ਸਕਦੇ ਸਨ। ਤਾਂ ਅੰਗਰੇਜ਼ ਅਫਸਰ ਨੇ ਉਰਦੂ ਵਿਚ ਕਿਹਾ ਸੀ, "ਮੇਰਾ ਕਹਿਨਾ ਯਾਦ ਰੱਖਨਾ, ਆਪ ਪਛਟਾਓਗੇ... ਆਸਾ ਸਿੰਘ ਅ...।"

ਬਾਈ ਜੀ ਫ਼ੌਜ ਵਿਚੋਂ ਨਾਂ ਕਟਵਾ ਕੇ ਆਉਣ 'ਤੇ ਪਛਤਾਉਂਦੇ ਰਹੇ ਸਨ, ਦੁਖੀ ਹੁੰਦੇ ਰਹੇ ਸਨ। ਪਰ ਉਹਨਾਂ ਨੇ ਕਦੇ ਸਾਡੇ ਕੋਲ ਤੇ ਨਾ ਹੀ ਕਦੇ ਬਾਪੂ ਕੋਲ ਗਿਲਾ ਕੀਤਾ ਕਿ 'ਜੇ ਉਹ ਬਾਪੂ ਦੀ ਗੱਲ ਮੰਨਦੇ ਨਾਂ ਕਟਵਾ ਕੇ ਨਾ ਆਉਂਦਾ ਤਾਂ ਉਹਨੂੰ ਘਰੇਲੂ ਲੜਾਈਆਂ ਤੇ ਆਰਥਿਕ ਤੰਗੀ ਦੇ ਆਹ ਦਿਨ ਨਾ ਦੇਖਣੇ ਪੈਂਦੇ।" ਉਹਨਾਂ ਨੇ ਫ਼ੌਜ ਵਿਚ ਜਾ ਕੇ ਲੰਬੜਦਾਰੀ ਦੀ ਸਰਬਰਾਹੀ ਬਾਪੂ ਨੂੰ ਦੇ ਦਿੱਤੀ ਸੀ। ਤੇ ਬਾਪੂ ਲੰਬੜਦਾਰੀ ਦਾ ਫਰਜ ਨਿਭਾਉਂਦਾ ਰਿਹਾ ਤੇ ਫ਼ੌਜ ਵਿਚੋਂ ਆ ਕੇ ਉਹਨਾਂ ਨੇ ਲੰਬੜਦਾਰੀ ਫਿਰ ਆਪ ਸੰਭਾਲ ਲਈ ਸੀ। ਉਹ ਦੁਬਾਰਾ ਫ਼ੌਜ ਵਿਚ ਜਾ ਕੇ ਹਿੰਦੀ ਪੜ੍ਹਨੀ ਵੀ ਸਿੱਖ ਗਏ ਸਨ। ਜਦ ਉਹ ਛੁੱਟੀ ਆਉਂਦੇ, ਉਨ੍ਹਾਂ ਦੇ ਬੈਗ ਵਿਚ ਹਿੰਦੀ ਦੇ ਧਾਰਮਿਕ ਰਿਸਾਲੇ ਪਏ ਹੁੰਦੇ। ਉਹ ਫ਼ੌਜ ਵਿਚੋਂ ਆ ਕੇ ਲਗਭਗ ਤੀਹ ਸਾਲ ਪਿੰਡ ਦੇ ਇਕੱਠਾ ਵਿਚ ਆਪਣੇ ਅਨੁਭਵ ਦੀਆਂ ਤੇ ਮਹਾਂਭਾਰਤ ਦੀਆਂ ਕਹਾਣੀਆਂ ਸੁਣਾਉਂਦੇ ਰਹੇ।

ਮੈਂ ਬਾਈ ਜੀ ਦੇ 'ਉਹਦੇ ਬਾਪੂ ਦਾ ਕਹਿਣਾ ਮੰਨਣ ਤੇ ਬਾਪੂ ਅੱਗੇ ਕੋਈ ਉਜਰ ਨਾ ਕਰਨ ਦਾ ਵਰਨਣ



'ਆਪਣਾ ਕਮਰਾ' ਕਹਾਣੀ ਵਿਚ ਕੀਤਾ ਹੈ। ਕਹਾਣੀ ਪੜ੍ਹਕੇ ਰੋਪੜ ਤੋਂ ਪ੍ਰਬੁੱਧ ਪਾਠਕ, ਵਿਨੋਦ ਕੁਮਾਰ ਦਾ ਲੰਮਾ ਚੌੜਾ ਫੋਨ ਆਇਆ ਤੇ ਉਹਨੇ 'ਅਜਿਹੇ ਬਾਈ ਜੀ' ਨੂੰ ਆ ਕੇ ਮਿਲਣ ਦੀ ਇੱਛਾ ਜਾਹਰ ਕੀਤੀ। ਮੈਂ ਉਹਨੂੰ ਦੱਸਿਆ, "ਬਾਈ ਜੀ ਸਾਡੇ ਕੋਲੋਂ ਪਿਛਲੇ ਸਾਲ ਵਿਛੜ ਕੇ ਚਲੇ ਗਏ ਸਨ। ਮੈਂ ਤਾਂ ਉਹਨਾਂ ਨੂੰ ਕਦੇ ਕਦੇ ਸੁਪਨੇ ਵਿਚ ਮਿਲ ਲੈਂਦਾ ਹਾਂ... ਪਰ ਤੈਨੂੰ ਉਹਨਾਂ ਨੂੰ ਮਿਲਵਾ ਨਹੀਂ ਸਕਦਾ।"

ਮੈਂ ਖਾਲਸਾ ਸਕੂਲ ਵਿਚ ਨੌਂਵੀਂ, ਦੱਸਵੀਂ ਤੇ ਗਿਆਰਵੀਂ ਦੀ ਪੜ੍ਹਾਈ ਘਰ ਦੇ ਫਿਕਰਾ ਵਿਚ ਉਲਝਿਆ ਹੋਣ ਕਰਕੇ ਵਧੀਆ ਤਰੀਕੇ ਨਾਲ ਨਹੀਂ ਕਰ ਸਕਿਆ ਸਾਂ। ਫੇਰ ਵੀ ਮੈਂ ਏ. ਬੀ. ਸੀ. ਤਿੰਨੇ ਸੈਕਸ਼ਨਾਂ ਵਿਚੋਂ ਅੰਗਰੇਜ਼ੀ ਵਿਚ ਸੈਕਿੰਡ ਆ ਗਿਆ ਸਾਂ। ਸਾਡੇ ਇੰਚਾਰਜ ਤੇ ਸਾਨੂੰ ਅੰਗਰੇਜ਼ੀ ਪੜ੍ਹਾਉਣ ਵਾਲੇ ਪੰਡਤ ਰਾਮ ਕ੍ਰਿਸ਼ਨ ਸਾਗਰ ਨੇ ਮੈਨੂੰ ਵੀ ਵੱਧ ਅੰਕ ਲੈਣ ਵਾਲੇ ਹੋਰ ਵਿਦਿਆਰਥੀਆਂ ਨਾਲ ਸਨਮਾਨਿਤ ਕੀਤਾ ਸੀ।

ਗਿਆਰਵੀਂ ਜਮਾਤ ਨੂੰ ਵਿਦਾਇਗੀ ਪਾਰਟੀ ਦੇਣ ਵੇਲੇ ਪੰਡਤ ਰਾਮ ਕ੍ਰਿਸ਼ਨ ਸਾਗਰ ਨੇ ਸਾਨੂੰ ਕਿਹਾ ਸੀ ਕਿ 'ਅੱਜ ਤੋਂ ਬਾਅਦ ਮੈਂ ਤੁਹਾਨੂੰ ਐਜ਼ ਕੇ ਫਰੈਂਡ ਮਿਲਿਆ ਕਰਾਂਗਾ।' ਮੈਂ ਗਿਆਰਵੀਂ ਜਮਾਤ ਪਾਸ ਕਰਨ ਤੋਂ ਬਾਅਦ ਜਦ ਵੀ ਉਹਨਾਂ ਨੂੰ ਆਪਣੀਆਂ ਲਿਖੀਆਂ ਕਵਿਤਾਵਾਂ ਦਿਖਾਉਣ ਜਾਂਦਾ, ਉਹ ਮੈਨੂੰ ਬੜੇ ਨਿੱਘ ਨਾਲ ਮਿਲਦੇ ਤੇ ਆਪਣੀ ਸਲਾਹ ਦਿੰਦੇ। ਉਹਨਾਂ ਨੇ ਵੀ ਆਪਣੀਆਂ ਲਿਖੀਆਂ ਕਵਿਤਾਵਾਂ ਦਾ ਕਾਵਿ ਸੰਗ੍ਰਹਿ 'ਪਿਆਰ ਤੇ ਵਾਸ਼ਨਾ' ਛਪਵਾਇਆ ਸੀ। ਤੇ ਉਹ ਆਪਣੀ ਲਿਖੀ ਕਵਿਤਾ 'ਚੁੰਨੀ ਦਾ ਪੱਲਾ' ਉਚਚੇ ਤੌਰ ਤੇ ਸੁਣਾਉਂਦੇ ਹੁੰਦੇ ਸਨ।

ਮੈਂ ਵੀ ਗਿਆਰਵੀਂ ਜਮਾਤ ਵਲੋਂ ਬਾਰ੍ਹਵੀਂ ਜਮਾਤ ਨੂੰ ਦਿੱਤੀ ਜਾਣ ਵਾਲੀ ਵਿਦਾਇਗੀ ਪਾਰਟੀ ਵੇਲੇ ਭਾਸ਼ਣ ਕਰਦਿਆਂ ਪੰਡਤ ਰਾਮ ਕਿਸ਼ਨ ਸਾਗਰ ਦਾ ਜ਼ਿਕਰ ਇਕ ਆਦਰਸ਼ ਅਧਿਆਪਕ ਵਜੋਂ ਕਰਦਾ ਹੁੰਦਾ ਹਾਂ। ਉਹਨਾਂ ਨੂੰ ਖਾਲਸਾ ਸਕੂਲ ਵਿਚ ਸਾਰੇ ਜੀ. ਟੀ. (ਗਰੇਟ ਟੀਚਰ) ਕਹਿੰਦੇ ਸਨ। ਉਹ ਵਿਦਿਆਰਥੀਆਂ ਵਿਚ ਏਨੇ ਹਰਮਨ ਪਿਆਰੇ ਸਨ ਕਿ ਮੇਰੇ ਪਿੰਡ ਦਾ ਉਹਨਾਂ ਕੋਲ ਸਾਥੋਂ ਪਹਿਲਾਂ ਪੜ੍ਹਿਆ ਗੁਰਦਿਆਲ ਦੱਸਦਾ ਹੁੰਦਾ ਹੈ ਕਿ ਉਹਨਾਂ ਨੇ ਅੰਗਰੇਜ਼ੀ ਦੀ ਐਮ. ਏ. ਕਰਨ ਲਈ ਸਕੂਲ ਤੋਂ ਲੰਮੀ ਛੁੱਟੀ ਲੈ ਲਈ। ਪਰ ਗੁਰਦਿਆਲ ਹੋਰਾਂ ਦੀ ਜਮਾਤ ਦੇ ਮੁੰਡੇ ਕੁੜੀਆਂ ਉਹਨਾਂ ਨੂੰ ਘਰੋਂ ਜਾ ਕੇ ਚੁੱਕ ਕੇ ਲੈ ਆਏ ਸਨ। ਤੇ ਉਹ ਆਪਣੀ ਛੁੱਟੀ ਕੈਂਸਲ ਕਰਵਾ ਕੇ ਸਕੂਲ ਆਉਣ ਲੱਗ ਪਏ ਸਨ।

ਬਾਈ ਜੀ ਫ਼ੌਜੀ ਦੀ ਨੌਕਰੀ ਨੂੰ ਬਹੁਤ ਚੰਗੀ ਸਮਝਦੇ ਸਨ। ਜਦ ਮੈਂ ਤੇ ਬਾਈ ਜੀ, ਬੰਟੀ ਜੱਸੀ ਲਈ ਲੜਕਾ ਦੇਖਣ ਗਏ ਤਾਂ ਚਾਨਣ ਚੰਨੀ, ਫ਼ੌਜੀ ਹੋਣ ਕਰਕੇ ਬਾਈ ਜੀ ਨੇ ਝੱਟ ਹਾਂ ਕਰ ਦਿੱਤੀ ਸੀ।

ਬੇਟੀ ਜੱਸੀ ਹੁਣ ਉਹਦੇ ਪਤੀ ਚਾਨਣ ਚੰਨੀ ਨਾਲ ਹੀ ਰਾਜਸਥਾਨ ਵਿਚ ਅਜਮੇਰ ਸ਼ਰੀਫ ਨੇੜੇ ਨਸ਼ੀਰਾਬਾਦ ਕੈਂਟ ਵਿਚ ਰਹਿੰਦੀ ਹੈ। ਉਹ, ਉਹਦੇ ਨਾਲ ਦੇ ਕੁਆਟਰਾਂ ਵਿਚ ਰਹਿੰਦੀਆਂ ਦੱਖਣੀ ਭਾਰਤੀ ਇਸਤਰੀਆਂ ਤੋਂ ਸਿਖੇ ਇਡਲੀ, ਡੋਸਾ, ਉਪਮਾ ਆਦਿ ਖਾਣੇ ਸਾਨੂੰ ਵੀ ਬਣਾ ਕੇ ਖੁਆਉਂਦੀ ਰਹਿੰਦੀ ਹੈ। ਉਹ ਦੱਸਦੀ ਹੈ ਕਿ ਰਾਜਸਥਾਨ ਤੇ ਮਹਾਂਰਾਸ਼ਟਰ ਦੇ ਲੋਕ ਬਾਜਰੇ ਦੀ ਰੋਟੀ ਬਹੁਤ ਖੁਸ਼ ਹੋ ਕੇ ਖਾਂਦੇ ਹਨ। ਪਰ ਇਹ ਮੱਕੀ ਦੀ ਰੋਟੀ ਨਾਲੋਂ ਵੀ ਵੱਧ ਖੁਸ਼ਕ ਹੁੰਦੀ ਹੈ। ਇਸ ਵਾਰੀ ਮਿਲਣ ਆਈ ਉਹ ਬਾਜਰੇ ਦਾ ਆਟਾ ਲੈ ਕੇ ਆਈ ਸੀ ਤੇ ਉਹਨੇ ਸਾਨੂੰ ਬਾਜਰੇ ਦੀ ਰੋਟੀ ਪਕਾ ਕੇ ਖੁਆਈ ਸੀ। ਮੈਂ ਉਹਨੂੰ ਕਿਹਾ ਸੀ, "ਤੇਰੀ ਪਕਾ ਕੇ ਖੁਆਈ ਬਾਜਰੇ ਦੀ ਰੋਟੀ ਨਾਲੋਂ ਬਚਪਨ ਵਿਚ ਮੇਰੀ ਬੀਬੀ ਦੀ ਪਕਾ ਕੇ ਖੁਆਈ ਬਾਜਰੇ ਦੀ ਰੋਟੀ ਵੱਧ ਸੁਆਦ ਸੀ।" ਤੇ ਮੈਨੂੰ ਮੁਖ ਆਧਿਆਪਕ ਲਛਮਣ ਦਾਸ ਤੇ ਅਧਿਆਪਕ ਬਾਲ ਕ੍ਰਿਸ਼ਨ ਰਾਹੀਂ ਨਾਟਕ ਦੀ ਕਰਵਾਈ ਰੀਹਰਸਲ ਯਾਦ ਆ ਗਈ, 'ਇਨ ਬਾਜਰੇ ਕੀ ਰੋਟੀਓਂ ਔਰ ਸਾਗ ਮੇਂ ਕਿਤਨਾ ਆਨੰਦ ਹੈ... ਭੀਲਰਾਜ!'

(ਸਰੂਪ ਸਿਆਲਵੀ ਇਸ ਕਾਂਡ ਤੋਂ ਆਪਣੀ ਸਵੈ ਜੀਵਨੀ ਲਿਖਣੀ ਆਰੰਭ ਕਰ ਰਹੇ ਹਨ।)

## ਸਵੈ ਜੀਵਨੀ/ **ਲੇਖਕਾਂ ਅੰਦਰਲਾ ਸੱਚ**/- ਮੋਹਣ ਸਿੰਘ ਕੁੱਕੜਪਿੰਡੀਆ

ਇਹ ਪਤਾ ਨਹੀਂ ਕਿਸ ਸ਼ੈਤਾਨ ਦੇ ਦਿਮਾਗ਼ ਦੀ ਕਾਡ ਸੀ। ਇੰਗਲੈਂਡ ਵਿਚ ਬੈਠੇ ਪੰਜਾਬੀ ਦੇ ਲੇਖਕਾਂ, ਸਾਊਥਹਾਲ ਰਹਿੰਦੇ ਲੇਖਕਾਂ ਜਿਥੇ ਸ਼ੇਰ ਜੰਗ ਜਾਂਗਲੀ, ਰਣਜੀਤ ਧੀਰ, ਤਰਸੇਮ ਨੀਲਗਿਰੀ ਅਤੇ ਉਹਨਾਂ ਦੇ ਹੋਰ ਸਾਥੀਆਂ ਨੇ ਇੰਗਲੈਂਡ ਵਿਚ ਇਕ ਬਹੁਤ ਵੱਡੀ ਪੱਧਰ ਤੇ ਪੰਜਾਬੀ ਬੋਲੀ ਦੀ ਉਨਤੀ ਲਈ ਕਾਨਫਰੰਸ ਕਰਨ ਦਾ ਐਲਾਨ ਕਰ ਦਿੱਤਾ। ਜਿਹਦੇ ਵਿਚ ਵਧ ਤੋਂ ਵੱਧ ਪੰਜਾਬੀ ਦੇ ਲੇਖਕ ਅਤੇ ਵਿਦਵਾਨ ਪੰਜਾਬ ਤੋਂ ਮੰਗਵਾਏ ਜਾਣੇ ਸੀ। ਮੈਂ ਲੰਡਨ ਤੋਂ ਦੋ ਸੌ ਮੀਲ ਦੂਰ ਯਾਰਕ ਸ਼ਹਿਰ ਵਿਚ ਰਹਿੰਦਾ ਸੀ। ਸਾਊਥਹਾਲ ਤੋਂ ਰਣਜੀਤ ਧੀਰ ਹੋਰਾਂ ਦਾ ਟੈਲੀਫ਼ੂਨ ਆਇਆ ਕਿ ਇੰਗਲੈਂਡ ਦੇ ਹਰ ਸ਼ਹਿਰ ਵਿਚ ਸਾਹਿਤਕ ਬੈਠਕਾਂ ਹੋਣਗੀਆਂ ਅਤੇ ਪੰਜਾਬੀ ਸਾਹਿਤ ਉਪਰ ਪਰਚੇ ਪੜ੍ਹੇ ਜਾਣਗੇ। ਇਹਨਾਂ ਲੇਖਕਾਂ ਅਤੇ ਪੰਜਾਬੀ ਬੋਲੀ ਦੀ ਉਨਤੀ ਚਾਹੁਣ ਵਾਲਿਆਂ ਦੀ ਮੈਨੂੰ ਸਮਝ ਨਹੀਂ ਪੈਂਦੀ ਕਿ ਇਤਨੀ ਦੂਰ ਪੰਜਾਬ ਤੋਂ ਪੰਜਾਬੀ ਦੇ ਲੇਖਕਾਂ ਨੂੰ ਇੰਗਲੈਂਡ ਮੰਗਵਾ ਕੇ ਇਥੇ ਪੰਜਾਬੀ ਬੋਲੀ ਦੀ ਕਿਹੜੀ ਤਰੱਕੀ ਕੀਤੀ ਜਾ ਸਕਦੀ ਹੈ। ਇਹ ਉਪਰਾਲਾ ਪੰਜਾਬ ਵਿਚ ਰਹਿ ਕੇ ਉਥੇ ਦੇ ਹਰ ਸ਼ਹਿਰ ਵਿਚ ਅਤੇ ਕਸਬੇ ਵਿਚ ਰਹਿ ਕੇ ਹੀ ਪੰਜਾਬੀ ਸਾਹਿਤ ਦੀ ਗੱਲ ਕੀਤੀ ਜਾ ਸਕਦੀ ਹੈ, ਅਤੇ ਸਰਕਾਰੀ ਪੱਧਰ ਤੇ ਲੇਖਕਾਂ ਨੂੰ ਇਕੱਠੇ ਕਰਕੇ ਪੰਜਾਬ ਵਿਚ ਹੀ ਇਹ ਉਪਰਾਲਾ ਕਰਨਾਂ ਚਾਹੀਦਾ ਹੈ। ਇਥੇ ਇਤਨਾਂ ਖਰਚਾ ਕਰਕੇ ਮੰਗਵਾਏ ਪੰਜਾਬੀ ਦੇ ਲੇਖਕ ਕੀ ਕਰ ਸਕਦੇ ਹਨ। ਸਿਰਫ ਇਸ ਦੇਸ਼ ਦੀਆਂ ਸੈਰਾਂ ਕਰਨ ਵਿਚ ਹੀ ਰੁੱਝੇ ਰਹਿਣ ਗੇ। ਮੇਰੇ ਨੇੜੇ ਤੇੜੇ ਰਹਿੰਦੇ ਸ਼ੈਤਾਨ ਕਿਸਮ ਦੇ ਪੰਜਾਬੀ ਬੋਲੀ ਵਿਚ ਇਕ-ਦੋ ਲੇਖਕਾ ਸਮਝ ਗਏ। ਜਿਹਨਾਂ ਦੂਰ ਬੈਠ ਕੇ ਤਮਾਸ਼ਾਂ ਦੇਖਣਾ ਹੀ ਠੀਕ ਸਮਝਿਆ ।ਪਹਿਲੀ ਵਾਰੀ ਪੰਜਾਬ ਭਰ ਤੋਂ ਆਏ ਲੇਖਕ ਦੀ ਕਾਨਫਰੰਸ ਸਾਊਥਹਾਲ ਵਿਚ ਕੀਤੀ ਗਈ। ਜਿਥੇ ਸਾਹਿਤ ਉਪਰ ਪਰਚੇ ਪੜ੍ਹੇ ਗਏ ਬਹਿਸ ਹੋਈ ਅਤੇ ਇਹਦੇ ਵਿਚ ਪੰਜਾਬ ਤੋਂ ਆਏ ਸਰਕਾਰੀ ਅਫ਼ਸਰ ਚੰਡੀਗੜ੍ਹ ਤੋਂ 'ਤਿਵਾੜੀ' ਹੋਰੀ ਅਤੇ ਹੋਰ ਅਫ਼ਸਰ ਟਾਇਪ ਬੰਦੇ ਹਾਜ਼ਰ ਹੋਏ। 'ਤਿਵਾੜੀ' ਨੇ ਐਲਾਨ ਕੀਤਾ ਕਿ ਅਗਲੇ ਸਾਲ  ਪੰਜਾਬ ਦੇ ਚੰਡੀਗੜ੍ਹ ਸ਼ਹਿਰ ਵਿਚ ਬਹੁਤ ਭਾਰੀ ਕਾਨਫਰੰਸ ਰੱਖੀ ਜਾਵੇਗੀ। ਜਿਥੇ ਦੁਨੀਆਂ ਭਰ ਦੇ ਪੰਜਾਬੀ ਲੇਖਕਾਂ ਨੂੰ ਸੱਦਿਆ ਜਾਵੇਗਾ। ਫਿਰ ਪਤਾ ਨਹੀਂ ਕਿਹਨੇ 'ਤਿਵਾੜੀ' ਹੋਰਾਂ ਨੂੰ ਕਾਹਦੀ ਦੁਸ਼ਮਣੀ ਕਾਰਨ ਚੰਡੀਗੜ੍ਹ ਵਿਚ ਹੀ ਗੋਲੀ ਮਾਰ ਦਿੱਤੀ। ਸਾਊਥਹਾਲ ਵਾਲੀ ਕਾਨਫਰੰਸ ਵਿਚ ਪੂਰਾ ਹਾਲ ਭਰਿਆ ਹੋਇਆ ਸੀ ਉਸ ਰਾਤ ਖਾਣ ਪੀਣ ਦਾ ਵਧੀਆ ਬੰਦੋਬਸਤ ਸੀ ਭੈਣ ਜੀ ਦਲੀਪ ਕੌਰ ਟਿਵਾਣਾ ਹੋਰੀ ਤਾਂ ਆਪਣੀ ਭੈਣ 'ਕੰਵਲ' ਹੋਰਾਂ ਕੋਲ ਹਰਨੇਕ ਨਾਲ ਵਾਪਸ ਗਲਾਸਗੋ ਚਲੇ ਗਏ। ਉਥੇ ਪੰਜਾਬ ਤੋਂ ਆਏ ਲੇਖਕਾਂ ਦਾ ਬੇਹੱਦ ਮਾਣ ਕੀਤਾ ਗਿਆ।

ਬਜ਼ੁਰਗ ਲੇਖਕ ਸੰਤ ਸਿੰਘ ਸੇਖੋਂ ਹੋਰੀਂ ਅਤੇ ਪ੍ਰਿੰਸੀਪਲ ਸੁਜਾਨ ਸਿੰਘ ਹੋਰੀਂ ਨਸ਼ੇ ਵਿਚ ਗੁੱਟ ਹੋ ਕੇ ਹਾਲ ਦੇ ਪਿਛਲੇ ਪਾਸੇ ਗੁਸਲਖਾਨੇ ਦੇ ਬਾਹਰ ਟੇਡ੍ਹੇ ਜਿਹੇ ਹੋ ਕੇ ਡਿੱਗਣ ਵਾਲੇ ਹੋਏ ਪਏ ਸਨ। ਮੈਂ ਉਹਨਾਂ ਨੂੰ ਮੁੜਕੇ ਹਾਲ ਵਿਚ ਲਿਜਾਣਾ ਚਾਹਿਆ ਪਰ ਪ੍ਰਿੰਸੀਪਲ ਸੁਜਾਨ ਸਿੰਘ ਹੋਰੀਂ ਬੋਲੇ, "ਮੁੰਡਿਆ ਪਤਾ ਨਹੀਂ ਤੁਹਾਡੀ ਇਹ ਵਾਈਨ ਵੂਈਨ ਜੀ ਕਿਹੜੀ ਸ਼ਰਾਬ ਆ, ਪਤਾ ਨਹੀਂ ਕਿਉਂ ਇਤਨੀਂ ਚੜ੍ਹੀ ਜਾਂਦੀ ਐ।" ਮੈਂ ਇਹ ਬਜ਼ੁਰਗ ਲੇਖਕ ਪਹਿਲੀ ਵਾਰ ਦੇਖੇ ਸੀ।

ਮੈਂ ਸੰਤ ਸਿੰਘ ਸੇਖੋਂ ਹੋਰਾਂ ਨੂੰ ਫੜ ਕੇ ਉਠਾਉਣਾ ਚਾਹਿਆ ਪਰ ਉਹਨਾਂ ਨੇ ਮੇਰੇ ਵਲ ਇਸ ਤਰ੍ਹਾਂ ਘੂਰ ਕੇ ਦੇਖਿਆ ਜਿਵੇਂ ਸਾਹਨ ਉਹਨੂੰ ਕਾਬੂ ਕਰਨ ਲੱਗੇ ਨੂੰ ਸਾਹਮਣੇ ਖੜੇ ਬੰਦੇ ਵੱਲ ਦੇਖਦਾ ਹੈ। ਮੈਂ ਹਾਲ ਵਿਚ ਆ ਕੇ ਬਾਈ ਜਸਵੰਤ ਸਿੰਘ ਕੰਵਲ ਹੋਰਾਂ ਨੂੰ ਦੱਸਿਆ ਉਹ ਕਹਿਣ ਲੱਗੇ, "ਤੂੰ ਕਿਸੇ ਨੂੰ ਕੁਝ ਨਾ ਕਹੀਂ ਇਹ ਲੋਕ ਇੰਗਲੈਂਡ ਸੈਰ ਕਰਨ ਜਿਆਦਾ ਤੇ ਸਾਹਿਤਕ ਮਸਲੇ ਤੇ ਵਿਚਾਰ ਕਰਨ ਘੱਟ ਆਏ ਆ।"

ਸਾਡੇ ਦੋ ਹੋਰ ਬਜ਼ੁਰਗ ਲੇਖਕ ਮੀਟ ਦੀ ਤਰੀ ਪੀਂਦੇ ਦਾਹੜੀ ਲਬੇੜੀ ਨਸ਼ੇ ਵਿਚ ਟੱਲੀ ਹੋਏ ਡਿੱਗਣ ਲਈ ਕਾਹਲੇ ਸੀ। ਉਸ ਦਿਨ ਲਗਦਾ ਸੀ। ਜਿਵੇਂ ਸਾਡੇ ਪੰਜਾਬੀ ਦੇ ਲੇਖਕ ਇਥੋਂ ਦੇ ਵਿੰਡਜਰ ਕਾਸਲ ਨੇੜੇ ਵਗਦੇ ਦਰਿਆ ਦੀਆਂ ਕਿਸ਼ਤੀਆਂ ਵਿਚ ਝੂਟੇ ਲੈਣ ਆਏ ਹੋਏ ਹਨ। ਅਗਲੀ ਕਾਨਫਰੰਸ ਕੁਵੈਂਟਰੀ ਵਿਚ



ਬਰਮਿੰਘਮ ਸ਼ਹਿਰ ਵਿਚ ਰੱਖੀ ਹੋਈ ਸੀ। ਇਥੇ ਬੈਠ ਕੇ ਲਿਖਣ ਵਾਲੇ ਥੋਹੜੇ ਜਿਹੇ ਲਿਖਾਰੀ ਜਿਹੜੇ ਆਪਣੇ ਆਪ ਨੂੰ ਮਾਰਕਸਵਾਦੀ ਆਖਦੇ ਸੀ। ਉਹਨਾਂ ਨੇ ਇਸ ਪੰਜਾਬੀ ਸਾਹਿਤ ਦੀ ਤਰੱਕੀ ਲਈ ਹੁੰਦੇ ਸਮਾਗਮਾਂ ਦੇ ਖ਼ਿਲਾਫ਼ ਬੋਲਣਾ ਸ਼ੁਰੂ ਕਰ ਦਿੱਤਾ।

ਕੁਵੈਂਟਰੀ ਵਾਲੇ ਸਮਾਗਮ ਵਿਚ ਹਰਭਜਨ ਸਿੰਘ ਵਿਰਕ ਅਤੇ ਅਵਤਾਰ ਸਾਦਿਕ ਹੋਰੀਂ ਇਹਨਾਂ ਦੇ ਖ਼ਿਲਾਫ਼ ਪਰਚੇ ਵੰਡਣ ਲਗ ਪਏ। ਮੈਂ ਉਹਨਾਂ ਨੂੰ ਬਥੇਰਾ ਸਮਝਾਇਆ ਕਿ ਤੁਸੀਂ ਅੰਦਰ ਜਾ ਕੇ ਸਮਾਂ ਲੈ ਕੇ ਜੋ ਦਿਲ ਕਰਦਾ ਕਹੋ, ਇਹਨਾਂ ਸਾਹਿਤਕਾਰਾਂ ਅਤੇ ਇਹਨਾਂ ਦੇ ਪ੍ਰਬੰਧਕਾਂ ਦੇ ਪਰਦੇ ਲਾਹੋ ਪਰ ਇਸ ਤਰ੍ਹਾਂ ਇਕ ਦੂਸਰੇ ਦੇ ਖ਼ਿਲਾਫ਼ ਬੋਲਣਾਂ ਤੇ ਪਰਚੇ ਵੰਡਣਾ ਗਲਤ ਹੈ।

"ਮੋਹਣ ਤੈਨੂੰ ਨਹੀਂ ਕੁਛ ਵੀ ਪਤਾ ਮਾਰਕਸਿਸਟਾਂ ਦੀ ਸੋਚ ਮੁਤਾਬਿਕ ਲਿਖਣ ਵਾਲੇ ਸਾਰੇ ਹੀ ਸਾਹਿਤਕਾਰਾਂ ਨੇ ਇਹਨਾਂ ਦਾ ਬਾਈਕਾਟ ਕੀਤਾ ਹੋਇਆ ਐ। ਅਸੀਂ ਤਾਂ ਇਹਨਾਂ ਦੇ ਪੜਸ਼ੇ ਲਾਹਾਂਗੇ। ਅਵਤਾਰ ਸਿੰਘ ਸਾਦਿਕ ਦਾ ਮੈਂ ਇਕ ਕਹਾਣੀ ਸੰਗ੍ਰਹਿ ਪੜ੍ਹਿਆ ਸੀ। ਅਤੇ ਇਕ ਦੋ ਵਾਰੀ ਮਿਲਿਆ ਵੀ ਸੀ। ਇਹ ਮੇਰੀ ਮਾਸੀ ਦੇ ਸ਼ਹਿਰ ਲੈਸਟਰ ਰਹਿੰਦਾ ਸੀ। ਉਹਨੇ ਪਤਾ ਨਹੀਂ ਕਿੰਨੀਆਂ ਕੈਪਟਨ ਮਾਰਗਨ ਰੰਮ ਦੀ ਗਲਾਸੀਆਂ ਖਿਚੀਆਂ ਹੋਈਆਂ ਸੀ। ਉਹਨੇ ਮੇਰੇ ਵਲ ਲਾਲ ਅੱਖਾਂ ਕੱਢਦੇ ਨੇ ਇਵੇਂ ਦੇਖਿਆ ਜਿਵੇਂ ਸਪੇਨ ਵਿਚ ਸਿੰਗ ਵਾਲੇ ਸਾਹਨ ਨਾਲ ਲੜਨ ਵਾਲੇ ਡੰਡੇ ਉਪਰ ਪੀਲੇ ਰੰਗ ਦੀ ਚਾਦਰ ਬੰਨ੍ਹੀ ਉਹਨੂੰ ਕਾਬੂ ਕਰਨ ਵਾਲੇ ਵਲ ਦੇਖਦਾ ਹੈ।

ਮੈਨੂੰ ਲੱਗਾ ਕਾਮਰੇਡ ਅਵਤਾਰ ਸਿੰਘ ਸਾਦਿਕ ਜ਼ਰੂਰ ਕੋਈ ਕਾਮਰੇਡੀ ਵਾਲੀ ਲਾਲ ਬੰਦੂਕ ਲੈ ਕੇ ਆਇਆ ਹੈ। ਜਿਹੜਾ ਮੇਰੇ ਉਪਰ ਸਿਧਾ ਵਾਰ ਕਰ ਦੇਵੇਗਾ।

"ਤੂੰ ਨਹੀਂ ਜਾਣਦਾ ਇਹਨਾਂ ਨੂੰ ਮੋਹਣ ਸਿੰਘ, ਇਹਨਾਂ ਸਾਲਿਆਂ ਨੇ ਕੀ ਮਖੌਲ ਬਣਾਇਆ ਹੋਇਆ। ਪੰਜਾਬ ਵਿਚ ਵਿਚ ਰਹਿ ਕੇ ਇਹਨਾਂ ਤੋਂ ਪੰਜਾਬੀ ਬੋਲੀ ਦੀ ਉਨਤੀ ਨਹੀਂ ਹੁੰਦੀ। ਸਾਲੇ ਮੇਰੇ ਇਥੇ ਵੜਕਾਂ ਮਾਰਨ ਲਈ ਆ ਪਹੁੰਚੇ ਐ।"

"ਇਸ ਤਰ੍ਹਾਂ ਆਪਸ ਵਿਚ ਸਾਹਿਤਕਾਰਾਂ ਨੂੰ ਲੜਨਾਂ ਤਾਂ ਸੋਭਾ ਨਹੀਂ ਦਿੰਦਾ।"

"ਕੁੱਕੜਪਿੰਡੀਆ ਤੂੰ ਬਹੁਤ ਭੋਲਾ ਆ ਤੇ ਹੈ ਵੀ ਸੱਚਾ ਬੰਦਾ, ਅਸੀਂ ਜਾਣਦੇ ਆ ਇਹਨਾਂ ਨੂੰ , ਇਹ ਅੰਦਰੋਂ ਕੀ ਆ।"

ਕੁਵੈਂਟਰੀ ਵਾਲਾ ਹਰਭਜਨ ਸਿੰਘ ਵਿਰਕ ਬੋਲਿਆ। ਆਪਣੀ ਲਾਲ ਰੰਗ ਦੀ ਪੰਜਾਬ ਪੁਲੀਸ ਵਾਲਿਆਂ ਵਰਗੀ ਬੰਨ੍ਹੀ ਪੱਗੜੀ ਤੋਂ ਲਗਦਾ ਸੀ ਉਹ ਆਪਣੀ ਡਾਂਗ ਵੀ ਨਾਲ ਹੀ ਲੈ ਕੇ ਆਇਆ ਹੋਇਆ ਹੈ। ਤੇ ਬਾਅਦ ਵਿਚ ਜਦ ਇਥੋਂ ਪੰਜਾਬੀ ਬੋਲੀ ਦੀ ਤਰੱਕੀ ਲਈ ਕਾਨਫਰੰਸ ਖਤਮ ਹੋਈ ਇਹ ਸ਼ੰਕਰ ਵਾਲੀ ਪੈਂਦੀ ਛਿੰਝ ਦੇ ਆਖਰੀ ਦਿਨ ਵਾਂਗ ਮੇਲੇ ਦੇ ਆਖਰੀ ਦਿਨ ਪੁਲਿਸ ਵਾਲਾ ਰੋਹਬ ਜ਼ਰੂਰ ਪਾਵੇਗਾ। ਤੇ ਕਿਸੇ ਦੇ ਡਾਂਗ ਨਾਲ ਹੱਡ ਜ਼ਰੂਰ ਸੇਕੇਗਾ।"

"ਮਾਰਕਸਵਾਦੀ ਸੋਚ ਤੇ ਚੱਲਣਵਾਲਾ ਸਾਲਾ ਹੈ ਕਿਹੜਾ ਏਥੇ। ਸਾਰੇ ਭਾਰਤੀ ਸਰਮਾਏਦਾਰੀ ਦੇ ਨਿਜ਼ਾਮ ਦੀ ਪ੍ਰਨਾਲੀ ਦੇ ਏਜੰਟ ਆ। ਇਹਨਾਂ ਨੇ ਇਥੇ ਆ ਕੇ ਕੀ ਸਵਾਰਨਾਂ ਪੰਜਾਬੀ ਬੋਲੀ ਦਾ? ਨਿਆਣੇ ਇਹਨਾਂ ਦੇ ਸਾਰਿਆਂ ਨੇ ਉਥੇ ਇੰਗਲੈਂਡ ਦੇ ਪ੍ਰਾਈਵੇਟ ਸਕੂਲਾਂ 'ਚ ਲਾਇਓ ਆ।"

ਹਰਭਜਨ ਸਿੰਘ ਵਿਰਕ ਇੰਗਲੈਂਡ ਦੀ ਮਾਰਕਸੀ ਪਾਰਟੀ ਦੀ ਬਰਾਤ ਦਾ ਝੰਡਾ ਫੜੀ ਖੜੋਤਾ ਸੀ। ਮੈਨੂੰ ਪਤਾ ਸੀ ਉਹ ਕੁਵੈਂਟਰੀ ਦੇ ਕਿਸੇ ਸਕੂਲ ਵਿਚ ਟੀਚਰ ਲੱਗਾ ਹੋਇਆ ਸੀ। ਫਿਰ ਇਕ ਵਾਰੀ ਕਈਆਂ ਸਾਲਾਂ ਬਾਅਦ ਮੇਰੇ ਕੋਲ ਆਏ ਹਰਭਜਨ ਸਿੰਘ ਵਿਰਕ ਨੇ ਮੈਨੂੰ ਦੱਸਿਆ,

"ਯਾਰ ਅਸੀਂ ਐਵੇਂ ਹੀ ਦਰ-ਦਰ ਦੀਆਂ ਠੋਕਰਾਂ ਖਾਂਦੇ ਰਹੇ ਕੀ ਦਿੱਤਾ ਸਾਨੂੰ ਮਾਰਕਸੀਆਂ ਨੇ ਐਵੇਂ ਝੁੱਗਾ ਚੌੜ ਕਰਵਾਉਂਦੇ ਰਹੇ। ਅਸੀਂ ਤਾਂ ਇੰਗਲੈਂਡ ਵਿਚ ਹੀ ਹੁਣ ਆਏ ਆ। ਚਾਰ ਪੈਸੇ ਜੋੜ ਲੈਂਦੇ ਚੰਗੇ ਰਹਿੰਦੇ ਹੁਣੇ ਕੰਗਾਲੀ ਨਾ ਦੇਖਦੇ।"

ਇਹਨਾਂ ਵਿਚੋਂ ਹੀ ਇਕ ਮਾਸਟਰੀ ਦਾ ਕਿੱਤਾ ਕਰਦੇ ਆਏ ਮਾਸਟਰ ਨਿਰੰਜਣ ਸਿੰਘ ਨੂਰ ਨੇ ਗੋਰੇ ਹੈਡਮਾਸਟਰ ਨਾਲ ਆਹਡਾ ਲੈ ਕੇ ਉਹਦੇ ਉਪਰ ਰੇਸ-ਰਿਲੇਸ਼ਨ ਰਾਹੀਂ ਕੇਸ ਕਰ ਦਿੱਤਾ। ਸਬੂਤਾਂ ਦੀ ਕਮੀ

ਕਰਕੇ ਹਾਰ ਗਿਆ ਸੀ। ਫਿਰ ਉਲਟਾ ਉਹਦੇ ਉਪਰ ਇਕ ਲੱਖ ਪੌਂਡ ਅਦਾਲਤ ਨੇ ਪਾ ਦਿੱਤਾ। ਜਿਹੜਾ ਉਹਨੂੰ ਦੇਣਾ ਪਿਆ ਫੇਰ ਇਹਨਾਂ ਮਾਰਕਸੀਆਂ ਦੇ ਟੋਲਿਆਂ ਨੇ ਇੰਗਲੈਂਡ ਦੇ ਗੁਰਦਵਾਰਿਆਂ ਦੇ ਵੀ ਤਰਲੇ ਜਾ ਕੱਢੇ। ਕਿਸੇ ਤਰ੍ਹਾਂ ਨਿਰੰਜਨ ਸਿੰਘ ਨੂਰ ਨੂੰ ਦਿਵਾਲੀਆ ਹੋਣੋਂ ਬਚਾਇਆ ਜਾਵੇ। ਜਦ ਅੱਧੇ ਕੁ ਪੈਸੇ ਇਕੱਠੇ ਹੋ ਗਏ ਫੇਰ ਤਰਸੇਮ ਸਿੰਘ ਪੁਰੇਵਾਲ ਦੇ ਅਖ਼ਬਾਰ 'ਦੇਸ਼ ਪ੍ਰਦੇਸ਼' ਵਿਚ ਤਰਲਿਆਂ ਦੀਆਂ ਚਿੱਠੀਆਂ ਲਿਖਣ ਲੱਗੇ। ਹੁਣ ਹਾਥੀ ਨੰਘ ਗਿਆ। ਪੂਸ਼ ਹੀ ਬਾਕੀ ਆ। ਕਾਮਰੇਡ ਨਿਰੰਜਨ ਸਿੰਘ ਨੂਰ ਨੂੰ ਦਿਵਾਲੀਆ ਹੋਣੋਂ ਬਚਾਇਆ ਜਾਵੇ ਅਖ਼ਬਾਰ ਪੜ੍ਹਕੇ ਹਰ ਕੋਈ ਸੋਚਦਾ ਸੀ "ਇਹਨਾਂ ਕੰਜਰਾਂ ਨੂੰ ਕੋਈ ਪੁੱਛੇ ਤੁਸੀਂ ਇੰਗਲੈਂਡ ਵਿਚ ਪੈਸੇ ਕਮਾਉਣ ਆਏ ਸੀ ਜਾਂ ਗੋਰਿਆ ਉਪਰ ਮੁਕੱਦਮੇਂ ਕਰਨ ਇਹਨਾਂ ਲਿਖਾਰੀਆਂ ਦੀ ਢਾਣੀ ਵਿਚੋਂ ਪਹਿਲਾਂ ਤਾਂ ਵੱਖਰਾ ਰੌਲਾ ਪਾਉਂਦੇ ਰਹੇ ਫਿਰ ਜਿਵੇਂ ਅੱਖਾਂ ਖੁੱਲਦੀਆਂ ਗਈਆਂ ਠੰਡੇ ਹੁੰਦੇ ਗਏ।

ਇਕ ਵਾਰੀ ਹਰਭਜਨ ਸਿੰਘ ਵਿਰਕ ਨੇ ਮੈਨੂੰ ਦੱਸਿਆ ਸੀ, "ਯਾਰ ਸੱਚ ਜਾਣੀਂ ਇਹਨਾਂ ਕਾਮਰੇਡਾਂ ਦੀ ਐਸੀ ਦੀ ਤੈਸੀ ਨਿਰੰਜਨ ਸਿੰਘ ਨੂਰ ਦਾ ਉਹ ਬੁਰਾ ਹਾਲ ਹੋਇਆ ਪਿਆ। ਤੀਵੀਂ ਉਹਦੀ ਅੱਧੀ ਪਾਗਲ ਹੋਈ ਪਈ ਆ। ਪੈਸਾ ਧੇਲਾ ਇਹ ਲੋਕ ਇਹਨਾ ਜਿੰਦਾਬਾਦ-ਮੁਰਦਾਬਾਦ ਦੇ ਨਾਹਰਿਆਂ 'ਤੇ ਲਾਉਂਦੇ ਰਹੇ, ਹੁਣ ਅਖੀਰ ਉੜਕ ਵੇਲੇ ਅਕਲ ਆਈ ਆ ਵਈ ਪੈਸਾ ਕੀ ਚੀਜ ਹੁੰਦੀ ਆ, ਮੈਂ ਤਾਂ ਆਪ ਇਹਨਾਂ ਦੇ ਪਿਛੇ ਲੱਗ ਕੇ ਬੜੇ ਨੁਕਸਾਨ ਝੱਲੇ ਆ।"

ਅਸਲ ਵਿਚ ਪੰਜਾਬ ਵਿਚੋਂ ਮਾਸਟਰੀ ਦਾ ਕਿੱਤਾ ਕਰਦੇ ਇਹ ਕਾਮਰੇਡ ਇਨਕਲਾਬ ਭਾਰਤ ਵਿਚ ਲਿਆਉਣਾ ਚਾਹੁੰਦੇ ਸੀ। ਪਰ ਆਟਾ ਇਹ ਅੰਗ੍ਰੇਜ਼ਾਂ ਦੀ ਚੱਕੀ ਦਾ ਖਾਂਦੇ ਸੀ ਸਨਿਚਰਵਾਰ ਰਾਤ ਨੂੰ ਪੱਬਾਂ ਵਿਚ ਇਹ ਬੀਅਰ ਦੇ ਮੱਘ ਪੀਂਦੇ ਪਿਛੇ ਆਪਣੇ ਦੇਸ਼ ਵਿਚ ਸਮਾਜਵਾਦ ਦੀਆਂ ਗੱਲਾਂ ਕਰਦੇ ਆਪਣੀ ਆਪਣੀ ਭੜਾਸ ਕੱਢਦੇ ਸੀ। ਪਰ ਇਹ ਬੈਠੇ ਇੰਗਲੈਂਡ ਵਿਚ ਸੀ। ਇਹਨਾਂ ਕਾਮਰੇਡਾਂ ਤੋਂ ਮੈਨੂੰ 'ਵਲੈਤੀਏ' ਨਾਵਲ ਵਿਚਲੇ ਸਰਦਾਰਾ ਸਿੰਘ ਦਾ ਚੇਤਾ ਆਉਂਦਾ ਹੈ। ਜਿਹੜਾ ਆਪਣੇ ਜੁਆਨ ਪੁੱਤ ਨੂੰ ਵਾਰ-ਵਾਰ ਸਮਝਾਉਂਦਾ ਹੈ, "ਤੈਨੂੰ ਇਹਨਾਂ ਫੁਕਰੇ ਕਾਮਰੇਡਾਂ ਨੇ ਕੁਛ ਨਹੀਂ ਦੇਣਾ, ਇਹਨਾਂ ਸਾਲਿਆਂ ਤੋਂ ਇੰਡੀਆ ਜਾ ਕੇ ਇਕ ਡਾਂਗ ਪੁਲਿਸ ਦੀ ਨਹੀਂ ਖਾ ਹੋਣੀ, ਏਥੇ ਵਲੈਤੀ ਸ਼ਰਾਬ ਪੀ ਕੇ ਤੀਵੀਆਂ ਨਾਲ ਬੈੱਡਰੂਮਾਂ ਵਿਚ ਬੈਠ ਕੇ ਇਨਕਲਾਬ ਲਿਆਉਣ ਦੀਆਂ ਗੱਲਾਂ ਕਰਦੇ ਆ। ਤੇਰੇ ਵਰਗਿਆਂ ਨੂੰ ਬੇਵਕੂਫ ਬਣਾ ਕੇ ਐਸ਼ ਲੁੱਟਦੇ ਆ। ਇਹਨਾਂ ਮਾਰਕਸੀ ਕਹਿਲਾਉਣ ਵਾਲੇ ਲਿਖਾਰੀਆਂ ਲਈ ਉਹ ਹੀ ਲਿਖਾਰੀ ਹੈ। ਜਿਹਦੀ ਸੋਚ ਵਿਚ ਮਾਰਕਸਿਜ਼ਮ ਭਾਰੂ ਹੈ। ਨਹੀਂ ਤਾਂ ਸਭ ਅੱਧੇ ਪਾਗਲ ਹੋਏ ਹਨੇਰੇ ਵਿਚ ਭਟਕਦੇ ਫਿਰਦੇ ਉਲੂ ਦੇ ਪੱਠੇ ਹੀ ਹਨ। ਕੁਵੈਂਟਰੀ ਵਾਲੇ ਫੰਕਸ਼ਨ ਵਿਚ ਅੰਦਰ ਬੈਠੇ ਲੇਖਕ ਤੇ ਸਰੋਤੇ ਪੰਜਾਬੀ ਕਲਚਰ ਤੇ ਪੰਜਾਬੀ ਸਾਹਿਤ ਵਿਚ ਲਿਖਣ ਵਾਲੇ ਇਕੋ ਰੱਸੇ ਨਾਲ ਬੰਨ੍ਹਣ ਵਾਲੇ ਹਨ।

ਅੰਗ੍ਰੇਜ਼ ਹਕੂਮਤ ਦੇ ਖ਼ਿਲਾਫ਼ ਜ਼ੇਲ੍ਹਾਂ ਕੱਟਣ ਵਾਲੇ ਬਿਰਧ ਸਰਦਾਰ ਸੋਹਣ ਸਿੰਘ ਜੋਸ਼ ਹੋਰੀਂ ਵੀ ਇਹਨਾਂ ਲਈ ਆਮ ਲੋਕਾਂ ਵਾਂਗ ਹਨੇਰੇ ਵਿਚ ਲਾਠੀਆਂ ਖਾਂਦੇ ਕਮਲੇ ਹੀ ਹਨ। ਅਸਲ ਕਾਰਨ ਇਹਨਾਂ ਦਾ ਚੌਧਰ ਦਾ ਸੀ। ਇਹ ਮਾਰਕਸੀ ਕਹਿਲਾਉਣ ਵਾਲੇ ਸਾਰੇ ਭਾਈ ਚਾਹੁੰਦੇ ਸੀ। ਇਹਨਾਂ ਦੇ ਕਬਜੇ ਹੇਠ ਹਰ ਜਗਾ 'ਤੇ ਕਾਨਫਰੰਸ ਕਰਵਾਈ ਜਾਵੇ ਅਤੇ ਇਹਨਾਂ ਦੇ ਮਾਰਕਸੀ ਲੀਡਰ ਹਰਕ੍ਰਿਸ਼ਨ ਸਿੰਘ ਸੁਰਜੀਤ ਦੇ ਸੋਹਲੇ ਗਾਏ ਜਾਣ। ਇਹਨਾਂ ਦਿਨਾਂ ਵਿਚ ਇਹ ਭਾਈ ਜਸਵੰਤ ਸਿੰਘ ਕੰਵਲ ਹੋਰਾਂ ਦੇ ਪਿਛੇ ਪਏ ਹੋਏ ਸੀ ਕਿ ਉਹਨਾਂ ਨੇ 'ਨਕਸਲਬਾੜੀ ਲਹਿਰ' ਉਪਰ 'ਲਹੂ ਦੀ ਲੋਅ' ਨਾਵਲ ਕਿਉਂ ਲਿਖ ਦਿੱਤਾ। ਉਹਨਾਂ ਨੇ ਮਾਰਕਸੀਆਂ ਦੇ ਫੰਡ ਵਿਚੋਂ ਇਕ ਮਹਾਨ ਰਚਨਾ ਦੇ ਖ਼ਿਲਾਫ਼ 'ਲੋਅ ਦਾ ਲਹੂ' ਵੀ ਕੱਢ ਮਾਰਿਆ ਸੀ। ਇਕ ਵਾਰੀ ਸਟੇਜ ਉਪਰ ਬੋਲਦਿਆਂ ਰੈਡਿੰਗ ਵਾਲੇ ਸਾਹਿਤਕ ਸਮਾਗਮ ਵਿਚ ਅਵਤਾਰ ਸਿੰਘ ਉੱਪਲ ਨੇ ਬਹੁਤ ਹੀ ਪਤੇ ਦੀ ਗੱਲ ਕਹੀ ਸੀ, "ਇਹ ਨਕਸਲਾਈਟ ਲਹਿਰ ਕਿਉਂ ਉੱਠੀ?, ਕਿਉਂ ਇਹਨੂੰ ਦਬਾਉਣ ਲਈ ਪੰਜਾਬ ਵਿਚ ਕਈ ਸੋ ਪੜ੍ਹਿਆ ਲਿਖਿਆ ਨੌਜਵਾਨ ਮਾਰਿਆ ਗਿਆ? ਹਜ਼ਾਰਾਂ ਜ਼ੇਲ੍ਹਾਂ ਵਿਚ ਸਾੜੇ ਗਏ ਇਹ ਕੋਈ ਕਾਰਨ ਤਾਂ ਜ਼ਰੂਰ ਸੀ। ਜਿਸ ਬੇਰਹਿਮੀ ਨਾਲ ਇਹਨਾਂ ਪੰਜਾਬ ਦੇ ਨੌਜਵਾਨਾਂ ਦਾ ਘਾਣ ਕੀਤਾ ਗਿਆ। ਉਹਦਾ ਕੋਈ ਕਾਰਨ ਜ਼ਰੂਰ ਸੀ?



ਇਸ ਲਹਿਰ ਵਿਚ ਵਿਚਰੇ ਦਰਸ਼ਨ ਖਟਕੜ, ਹਰਭਜਨ ਹਲਵਾਰਵੀ ਵੀ ਕਈਆਂ ਸਾਲਾਂ ਬਾਅਦ ਮੈਨੂੰ ਮਿਲੇ ਸੀ। ਜਿਹਨਾਂ ਨੇ ਇਹ ਹੀ ਆਖਿਆ ਸੀ, "ਅਸੀਂ ਇਕ ਰਾਹ ਦਿਖਾ ਚੱਲੇ ਹਾਂ ਭਗਤ ਸਿੰਘ ਹੋਰਾਂ ਦਾ ਲਿਆ ਸੁਪਨਾ ਪੂਰਾ ਕਰਨ ਲਈ... ਦੇ ਆਰ ਇਜ ਏ ਵੇ...ਅ...।"

ਇਹਦਾ ਕੋਈ ਕਾਰਨ ਜ਼ਰੂਰ ਸੀ।

ਅਸਲ ਵਿਚ 'ਲਹੂ ਦੀ ਲੋਅ' ਰਾਹੀਂ ਜਸਵੰਤ ਸਿੰਘ ਕੰਵਲ ਨੇ ਇਹਨਾਂ ਸਾਰੀਆਂ ਹੀ ਅਖੌਤੀ ਕਮਿਊਨਿਸਟ ਪਾਰਟੀਆਂ ਨੂੰ ਨੰਗਿਆ ਕਰ ਦਿੱਤਾ ਸੀ, ਤੇ ਹੁਣ ਇਹਨਾਂ ਇੰਗਲੈਂਡ ਬੈਠੇ ਮਾਰਕਸੀਆਂ ਨੂੰ ਪਾਉਣ ਨੂੰ ਕੋਈ ਕੱਪੜਾ ਨਹੀਂ ਸੀ ਲੱਭ ਰਿਹਾ, ਜਿਹਦੇ ਨਾਲ ਨੰਗ ਢਕਿਆ ਜਾ ਸਕੇ। ਕਈਆਂ ਸਾਲਾਂ ਬਾਅਦ ਮੈਂ ਇਹਨਾਂ ਨੂੰ ਪਛਤਾਉਂਦਿਆਂ ਦੇਖਿਆ ਸੀ।

ਜਿਥੇ ਲੰਡਨ ਤੋਂ ਅੱਗੇ ਪੰਜਾਬੀ ਬੋਲੀ ਦੀ ਉਨਤੀ ਲਈ ਕਾਨਫਰੰਸਾਂ ਹੋਈਆਂ ਉਥੇ ਅੱਗੇ ਡਰਬੀ ਰਹਿੰਦੇ ਹਰਬਖ਼ਸ਼ ਮਕਸੂਦਪੁਰੀ ਹੋਰਾਂ ਵਰਗੇ ਸਿਆਣੇ ਅਤੇ ਹਰ ਇਕ ਦਾ ਸਤਿਕਾਰ ਕਰਨ ਵਾਲੇ ਪੰਜਾਬੀ ਵਿਚ ਲਿਖਣ ਵਾਲੇ ਲੇਖਕਾਂ ਨੂੰ ਜਾਨਣ ਦਾ ਮੌਕਾ ਮਿਲਿਆ। ਇਹਨਾਂ ਬਾਰੇ ਸ਼ਹਿਰਾਂ ਵਿਚ ਇਹਨਾਂ ਦਾ ਖਰਚਾ ਗੁਰਦਵਾਰਿਆਂ ਅਤੇ ਜਾਂ ਇੰਡੀਅਨ ਵਰਕਰ ਅਸੋਸੀਏਸ਼ਨਾਂ ਵਲੋਂ ਹੁੰਦਾ। ਜਦ ਮੇਰੇ ਸ਼ਹਿਰ ਦੀ ਵਾਰੀ ਆਈ ਮੇਰੇ ਨੇੜੇ ਲੀਡਜ਼ ਸ਼ਹਿਰ ਦੇ ਚੈਪਲਟਨ ਰੋਡ ਦੇ ਗੁਰਦਵਾਰੇ ਵਿਚ ਕਵੀ ਦਰਬਾਰ ਕਰਵਾਇਆ ਗਿਆ। ਸਾਰਾ ਖਰਚਾ ਗੁਰਦਵਾਰੇ ਵਲੋਂ ਹੋਇਆ। ਪੰਜਾਬ ਤੋਂ ਆਏ ਹੋਏ ਚਾਲੀ ਬੰਦੇ ਜਿਹਨਾਂ ਵਿਚ ਲੇਖਕ ਤੇ ਸਰਕਾਰੀ ਬੰਦੇ ਸਨ। ਸਾਰੇ ਹੀ ਇੰਗਲੈਂਡ ਦੀ ਸੈਰ ਕਰਨ ਦਾ ਸ਼ੌਕ ਜਿਆਦਾ ਰੱਖਦੇ ਸਨ ਤੇ ਪੰਜਾਬੀ ਬੋਲੀ?

ਇਹਨਾਂ ਦਾ ਸਾਰਾ ਖਰਚਾ ਮੈਂ ਆਪਣੇ ਪੱਲਿਓਂ ਪਾਇਆ। ਇਕ ਜਗਾ ਇਕ ਇੰਡੀਅਨ ਪੱਬ ਦੇ ਉਪਰਲੇ ਹਾਲ ਵਿਚ ਦੋਸਤਾਂ ਨੂੰ ਨਾਲ ਲੈ ਕੇ ਇਕ ਕਵੀ ਦਰਬਾਰ ਕਰਵਾਇਆ। ਮੇਰੇ ਸ਼ਹਿਰ ਦੇ ਕਿਸੇ ਗੁਰਦਵਾਰੇ ਦੀ ਕਮੇਟੀ ਨੇ ਮੱਦਤ ਨਾ ਕੀਤੀ ਅਤੇ ਨਾ ਹੀ ਇੰਡੀਅਨ ਵਰਕਰ ਅਸੋਸੀਏਸ਼ਨ ਵਾਲਿਆਂ ਨੇ ਹੁੰਘਾਰਾ ਭਰਿਆ। ਸਾਰਿਆਂ ਦੇ ਖਿਆਲ ਵਿਚ ਪੰਜਾਬੀ ਬੋਲੀ ਸਿਰਫ ਮੋਹਣ ਸਿੰਘ ਕੁੱਕੜਪਿੰਡੀਏ ਦੀ ਹੀ ਹੈ। ਇਕ ਰਾਤ ਮੇਰੇ ਤਿੰਨ ਬੈੱਡਰੂਮ ਦੇ ਘਰ ਵਿਚ ਕਿਨੇਂ ਸਾਰੇ ਪੰਜਾਬ ਤੋਂ ਆਏ ਲਿਖਾਰੀ ਠਹਿਰੇ। ਜਿਹਨਾਂ ਵਿਚ ਇਨਕਲਾਬ ਦੀ ਮਿਸ਼ਾਲ ਲੈ ਕੇ ਤੁਰਨ ਵਾਲੇ ਸੋਹਣ ਸਿੰਘ ਜੋਸ਼ ਜੀ ਵਰਗੇ ਬਜ਼ੁਰਗ ਤੋਂ ਲੈ ਕੇ ਜਲੰਧਰ ਰੇਡੀਓ ਦੇ ਸਟੇਸ਼ਨ ਡਇਰੈਕਟਰ ਸੋਹਣ ਸਿੰਘ ਮੀਸ਼ਾ ਵਰਗੇ ਭੱਦਰ ਪੁਰਸ਼ ਵੀ ਸ਼ਾਮਲ ਸੀ। ਮੈਨੂੰ ਇਕ ਗੱਲ ਦਾ ਫਾਇਦਾ ਜ਼ਰੂਰ ਹੋਇਆ। ਪੰਜਾਬੀ ਵਿਚ ਲਿਖਣ ਵਾਲਿਆਂ ਲਈ ਜਿਹੜਾ ਵਹਿਮ ਮੇਰੇ ਅੰਦਰ ਸੀ। ਉਹ ਸਦਾ ਲਈ ਦੂਰ ਹੋ ਗਿਆ। ਮੇਰੀ ਸੋਚ ਮੁਤਾਬਿਕ ਇਕ ਲੇਖਕ ਨੂੰ ਪਹਿਲਾਂ ਆਪ ਸੱਚਾ ਸੁੱਚਾ ਹੋਣਾਂ ਜ਼ਰੂਰੀ ਹੈ ਫਿਰ ਹੀ ਆਪਣੇ ਲੋਕਾਂ ਲਈ ਰਾਹ ਦੀ ਨੁਮਾਇੰਦਗੀ ਕਰ ਸਕਦਾ ਹੈ। ਇਹਦੇ ਬਾਰੇ ਮੈਂ ਉਸ ਸਮੇਂ 'ਪੰਜਾਬ' ਅਖ਼ਬਾਰ ਵਿਚ ਇਕ ਲੇਖ ਵੀ ਲਿਖਿਆ ਸੀ।

ਬਾਹਰਲੇ ਦੇਸ਼ਾਂ ਵਿਚ ਸਿੱਖ ਭਰਾਵਾਂ ਨੇ ਚੌਧਰ ਅਤੇ ਪੈਸੇ ਦੀ ਖਾਤਿਰ ਜਿਹੜੀ ਲੁੱਟ ਗੁਰਦਵਾਰਿਆਂ ਵਿਚ ਮਚਾਈ ਹੋਈ ਸੀ। ਮੈਂ ਉਹਦੇ ਖ਼ਿਲਾਫ਼ ਡਟ ਕੇ ਬੋਲਦਾ ਸੀ। ਜਿਹਦੇ ਕਾਰਨ ਮੇਰੇ ਸ਼ਹਿਰ ਦੇ ਗੁਰਦਵਾਰੇ ਵਾਲੇ ਲੀਡਰ ਮੇਰੇ ਖ਼ਿਲਾਫ਼ ਹੀ ਰਹਿੰਦੇ ਸੀ। ਉਸੇ ਰਾਤ ਕਿਸੇ ਨੇ ਮੇਰੇ ਘਰ ਟੈਲੀਫ਼ੋਨ ਕੀਤਾ ਸੀ। ਜਸਵੰਤ ਸਿੰਘ ਕੰਵਲ ਹੋਰੀਂ ਹੀ ਉਹਦਾ ਉਤਰ ਦਿੱਤਾ ਸੀ। ਮੈਂ ਘਰ ਨਹੀਂ ਸੀ।

ਮੇਰੇ ਸ਼ਹਿਰ ਦੇ ਗੁਰਦਵਾਰੇ ਵਾਲੇ ਬਹੁਤ ਵੱਡੀ ਪੱਧਰ ਤੇ ਇਕ ਕਵੀ ਦਰਬਾਰ ਕਰਵਾਉਣਾ ਚਾਹੁੰਦੇ ਸੀ। ਅਸਲ ਵਿਚ ਉਹਨਾਂ ਨੂੰ ਪਤਾ ਲੱਗ ਚੁੱਕਾ ਸੀ ਕਿ ਨਾਲ ਦੇ ਸ਼ਹਿਰ ਲੀਡਜ਼ ਦੇ ਗੁਰਦਵਾਰੇ ਵਿਚ ਜਿਹੜਾ ਕਵੀ ਦਰਬਾਰ ਤੇ ਸਾਹਿਤਕ ਇਕੱਠ ਹੋਇਆ ਸੀ। ਉਹਦੇ ਵਿਚ ਬੇਹੱਦ ਸੰਗਤ ਜੁੜੀ ਸੀ। ਅਤੇ ਚੜ੍ਹਾਵੇ ਦਾ ਪੈਸਾ ਬਹੁਤ ਇਕੱਠਾ ਹੋਇਆ ਸੀ। ਮੇਰੇ ਸ਼ਹਿਰ ਵਿਚ ਮੈਨੂੰ ਜਾਣਦੇ ਗੁਰਦਵਾਰੇ ਦੇ ਪ੍ਰਬੰਧਕ ਮਾਇਆ ਦੇ ਗੱਫ਼ੇ ਲਾਉਣ ਲਈ ਮੈਨੂੰ ਵਰਤਣਾ ਚਾਹੁੰਦੇ ਸੀ, ਟੈਲੀਫ਼ੋਨ ਜਿਸ ਪ੍ਰਬੰਧਕ ਨੇ ਕੀਤਾ ਸੀ। ਉਹਨੂੰ ਜਸਵੰਤ ਸਿੰਘ ਕੰਵਲ ਹੋਰੀ ਕਾਫੀ ਝਾੜ ਪਾਈ ਸੀ। ਜਿਹੜਾ ਉਹਨਾਂ ਨੇ ਮੈਨੂੰ ਬਾਅਦ ਵਿਚ ਦੱਸਿਆ ਸੀ, "ਇਹ ਮੁੰਡਾ ਕੋਲੋਂ ਕਈ ਸੌ ਪੌਂਡ ਦਾ ਖਰਚਾ ਕਰਕੇ ਇਹ ਸਮਾਗਮ ਕਰਵਾ ਰਿਹਾ, ਇਹਨੇਂ ਇਹਦੇ ਵਿਚੋਂ

ਕੁਝ ਨਹੀਂ ਕੱਢਣਾ, ਤੁਸੀਂ ਗੁਰੂ ਦੇ ਨਾਮ ਲੇਵਾ ਹੋ ਕੇ ਕਮੇਟੀਆਂ ਬਣਾ ਕੇ ਸਿਰਫ ਆਪਣੇ ਫਾਇਦੇ ਲਈ ਹੀ ਇਕੱਠ ਕਰਦੇ ਹੋ... ਪੰਜਾਬੀ ਬੋਲੀ ਇਸ ਮੁੰਡੇ ਦੀ ਹੀ ਨਹੀਂ ਸਾਰੇ ਪੰਜਾਬੀਆਂ ਦੀ ਹੈ, ਅੱਗਿਉਂ ਉਹਨਾਂ ਕਿਹਾ ਸੀ, ਅਸੀਂ ਆਪਣੇ ਸ਼ਹਿਰ ਵਿਚ ਪੰਜਾਬੀ ਬੋਲੀ ਲਈ ਸਮਾਗਮ ਇਕ ਬਹੁਤ ਵੱਡੇ ਪੱਧਰ 'ਤੇ ਕਰਨਾ ਚਾਹੁੰਦੇ ਹਾਂ।"

"ਤੁਹਾਨੂੰ ਪਤਾ ਲਗ ਗਿਆ ਹੋਣਾਂ ਤੁਹਾਡੇ ਨਾਲ ਦੇ ਸ਼ਹਿਰ ਲੀਡਜ਼ ਵਿਚ ਇਕ ਦਿਨ ਵਿਚ ਚੜ੍ਹਾਵੇ ਦੀ ਹਜ਼ਾਰਾਂ ਦੀ ਆਮਦਨ ਹੋਈ ਹੈ। ਸਾਡੇ ਵਿਚੋਂ ਕੋਈ ਵੀ ਲਿਖਾਰੀ ਤੁਹਾਡੇ ਗੁਰਦਵਾਰੇ ਦੇ ਸਮਾਗਮ ਵਿਚ ਹਿੱਸਾ ਨਹੀਂ ਲਵੇਗਾ। ਮੋਹਣ ਸਿੰਘ ਕੁੱਕੜਪਿੰਡੀਏ ਦੀ ਮਰਜ਼ੀ ਵਗੈਰ।"

ਗੁਰਦਵਾਰੇ ਦੇ ਪ੍ਰਬੰਧਕ ਝਾੜ ਪੁਆ ਕੇ ਚੁੱਪ ਕਰ ਗਏ। ਉਸੇ ਰਾਤ ਮੇਰੇ ਘਰ ਰਾਤ ਨੂੰ ਇਕ ਵਜੇ ਕਿਸੇ ਦਾ ਅਜੀਬ ਜਿਹਾ ਟੈਲੀਫ਼ੋਨ ਆਇਆ ਭਾਵੇਂ ਮੈਂ ਸੋਹਣ ਸਿੰਘ ਮੀਸ਼ਾ ਨੂੰ ਜ਼ਾਤੀ ਤੌਰ ਤੇ ਨਹੀਂ ਸੀ ਜਾਣਦਾ ਪਰ ਪਿਛੋਂ ਉਹਦੇ ਬੜੇ ਘਟੀਆ ਕਾਰਨਾਮੇਂ ਜ਼ਰੂਰ ਸੁਣੇ ਸੀ।

ਪਤਾ ਨਹੀਂ ਕਿਹੜੇ ਸ਼ਹਿਰ ਤੋਂ ਕਿਸੇ ਪੰਜਾਬੀ ਭਰਾ ਦਾ ਟੈਲੀਫ਼ੂਨ ਆਇਆ ਉਹਨੇ ਮੈਨੂੰ ਪੁੱਛਿਆ, 'ਮੈਂ ਮੋਹਣ ਸਿੰਘ ਕੁੱਕੜਪਿੰਡੀਆ ਨਾ ਗੱਲ ਕਰ ਸਕਦਾਂ?... ਮੈਂ ਮੋਹਣ ਸਿੰਘ ਕੁੱਕੜਪਿੰਡੀਆ ਬੋਲ ਰਿਹਾ। ਮੈਂ ਉਤਰ ਦਿੱਤਾ ... 'ਤੁਹਾਡੇ ਕੋਲ ਜਲੰਧਰ ਤੋਂ ਆਇਆ ਸੋਹਣ ਸਿੰਘ ਮੀਸ਼ਾ ਠਹਿਰਿਆ ਹੋਇਆ?... ਉਹਨੇ ਮੈਨੂੰ ਪੁੱਛਿਆ... ਮੈਂ ਕਿਹਾ... 'ਹਾਂ ਜੀ ਠਹਿਰਿਆ ਹੋਇਆ।'... 'ਉਹਨੂੰ ਸਾਡਾ ਇਕ ਸੁਨੇਹਾ ਦੇ ਦਿਓ।' 'ਦੱਸੋ?' ਮੈਂ ਕਿਹਾ... ਮੈਂ ਸਮਝਿਆ ਮੀਸ਼ੇ ਨੂੰ ਕੋਈ ਜਾਣਦਾ ਦੋਸਤ ਬੋਲ ਰਿਹਾ ਹੋਵੇਗਾ ਜਾਂ ਕੋਈ ਉਹਨੂੰ ਮਿਲਣਾ ਚਾਹੁੰਦਾ ਹੋਵੇਗਾ।'

'ਇਸ ਮਾਂ ਚੋ ਨੂੰ ਦੱਸ ਦਿਓ ਇਹਦੀ ਭੈ... ਅਸੀਂ ਚੰਗੀ ਤਰ੍ਹਾਂ..... ਗੇ।"

"ਮੈਂ ਤੁਹਾਡਾ ਸੁਨੇਹਾ ਜ਼ਰੂਰ ਦੇ ਦਿਆਂਗਾ... ਸਵੇਰੇ ਹੀ, ਵੈਸੇ ਤੁਹਾਡਾ ਸ਼ੁੱਭ ਨਾਮ?'

'ਸਾਡਾ ਨਾਂ ਤਾਂ ਉਹ ਇਹ ਸੁਨੇਹਾ ਸੁਣਦੇ ਸਾਰ ਹੀ ਜਾਣ ਜਾਊਗਾ, ਅਸੀਂ ਕੌਣ ਹਾਂ?"

'ਚੰਗਾ ਭਰਾ ਜੀ ਮੈਂ ਤੁਹਾਡਾ ਸੁਨੇਹਾ ਜ਼ਰੂਰ ਉਪੜਦਾ ਕਰ ਦਿਆਂਗਾ।"

ਦੂਸਰੇ ਦਿਨ ਮੈਂ ਇਹ ਟੈਲੀਫ਼ੋਨ ਉਪਰ ਮਿਲਿਆ ਸੁਨੇਹਾ ਬਾਈ ਜਸਵੰਤ ਸਿੰਘ ਕੰਵਲ ਹੋਰਾਂ ਨੂੰ ਦੱਸਿਆ। ਉਹ ਕਹਿਣ ਲੱਗੇ 'ਏਸ ਕੰਜ਼ਰ ਨੂੰ ਤਾਂ ਕੋਈ ਉਥੇ ਘਰ ਨਹੀਂ ਵੜਨ ਦਿੰਦਾ ਇਹ ਬੜਾ ਬਦਨਾਮ ਆ ਕਰੈਕਟਰ ਤੋਂ ਜਲੰਧਰ ਰੇਡੀਓ ਤੋਂ ਕਿਸੇ ਦਾ ਇੰਟਰਵਿਊ ਬਰੋਡਕਾਸਟ ਕਰਨ ਲਈ ਆਦਮੀ ਹੋਵੇ ਤਾਂ ਵਧੀਆ ਸ਼ਰਾਬ ਦੀ ਬੋਤਲ ਮੰਗਦਾ... ਤੇ ਜੇ ਜ਼ਨਾਨੀ ਹੋਵੇ ਤਾਂ ਇਕ ਵਾਰੀ...।" ਉਹਨਾਂ ਤੋਂ ਇਹ ਸੁਣ ਕੇ ਮੈਨੂੰ ਪੰਜਾਬੀ ਦੇ ਲੇਖਕ ਅਖਵਾਉਣ ਵਾਲੇ ਲੋਕਾਂ ਦੇ ਬਾਰੇ ਪਹਿਲੀ ਵਾਰੀ ਪਤਾ ਲੱਗਿਆ ਸੀ। ਜਿਹੜਾ ਖੁਦ ਹੀ ਇਸ ਤਰ੍ਹਾਂ ਦਾ ਹੋਵੇਗਾ। ਉਹ ਪੰਜਾਬੀ ਬੋਲੀ ਰਾਹੀਂ ਆਪਣੇ ਲੋਕਾਂ ਨੂੰ ਕੀ ਸੇਧ ਦੇਵੇਗਾ। ਪੜ੍ਹਨ ਵਾਲਾ ਕਿਸੇ ਵੀ ਲਿਖਾਰੀ ਨੂੰ ਇਕ ਰਾਹ ਦਿਖਾਣ ਵਾਲਾ ਪਹਿਰੇਦਾਰ ਸਮਝਦਾ ਹੈ। ਜੇਕਰ ਪਹਿਰੇਦਾਰ ਹੀ ਪਹਿਰਾ ਦਿੰਦਾ ਲੋਕਾਂ ਦੇ ਘਰੀਂ ਸਨ੍ਹ ਲਾਉਣ ਲੱਗ ਪੈਣਗੇ। ਉਹ ਸਿੱਖਿਆ ਕੀ ਦੇਣਗੇ? ਇਹਨਾਂ ਘਟਨਾਵਾਂ ਨਾਲ ਇਸ ਸਮਾਗਮ ਵਿਚ ਜਿਹੜਾ ਇਮੇਜ਼ ਮੇਰਾ ਪੰਜਾਬੀ ਦੇ ਲਿਖਾਰੀਆਂ ਲਈ ਬਣਿਆ ਹੋਇਆ ਸੀ ਉਹ ਟੁੱਟ ਗਿਆ। ਉਹਨਾਂ ਨੇ ਇਕ ਬੇੜੀ ਦੇ ਮਲਾਹ ਬਣ ਕੇ ਲੋਕਾਂ ਨੂੰ ਪਾਰ ਲੰਘਾਉਣਾ ਸੀ। ਉਹ ਹੀ ਰਾਹ ਵਿਚ ਬੇੜੀ ਨੂੰ ਡੋਬਣ 'ਤੇ ਹੋ ਗਏ ਪੰਜਾਬੀ ਬੋਲੀ ਦੀ ਕੀ ਤਰੱਕੀ ਕਰਨਗੇ?

ਕੁਝ ਦੇਰ ਬਾਅਦ ਮੈਨੂੰ ਕਿਸੇ ਨੇ ਦੱਸਿਆ, ਇਹ ਪੰਜਾਬੀ ਬੋਲੀ ਦੀ ਤਰੱਕੀ ਲਈ ਸਮਾਗਮ ਕਰਵਾਉਣ ਪਿਛੇ ਬਹੁਤ ਸ਼ੈਤਾਨ ਬੰਦਿਆਂ ਦਾ ਹੱਥ ਹੈ। ਇਹ ਸਟੰਟ ਕਰਕੇ ਇਹਨਾਂ ਨੇ ਲਿਖਾਰੀ ਬਣਾ ਕੇ ਜਾਹਲੀ ਬੰਦੇ ਵੀ ਲੰਘਾਏ ਹਨ ਤੇ ਫਿਰ ਉਹਨਾਂ ਤੋਂ ਪੈਸਾ ਵੀ ਲਿਆ ਹੋਵੇਗਾ। ਵੀਰ ਮੇਰਿਆ ਤੂੰ ਇਕ ਸੱਚਾ-ਸੁੱਚਾ ਬੰਦਾ ਇਹਨਾਂ ਵਿਚ ਕਿਉਂ ਫਸ ਗਿਆ। ਉਹਦੀ ਇਹ ਗੱਲ ਸੁਣ ਕੇ ਮੈਂ ਹੈਰਾਨ ਰਹਿ ਗਿਆ ਪਰ ਫੇਰ ਇਸ ਗੱਲ ਦਾ ਕੁਝ ਸਾਲਾਂ ਬਾਅਦ ਯਕੀਨ ਵੀ ਹੋ ਗਿਆ ਸਾਡੇ ਲੋਕ ਕਬੂਤਰਬਾਜ਼ੀ ਲਈ ਕਿਸੇ ਵੀ ਤਰ੍ਹਾਂ ਦਾ ਪੁੱਠਾ ਤਰੀਕਾ ਨਹੀਂ ਛੱਡਣਗੇ। ਜਿਥੇ ਇਹਨਾਂ ਦੀਆਂ ਇਹ ਹਰਕਤਾਂ ਦਾ ਪਤਾ ਲੱਗਾ, ਉਥੇ ਡਾ. ਹਰਭਜਨ ਸਿੰਘ ਅਤੇ ਹੋਰ ਸਿਆਣੇ ਲੇਖਕਾਂ ਨੂੰ ਮਿਲ ਕੇ ਬਹੁਤ ਕੁਝ ਸਿੱਖਣ ਵਾਲਾ ਵੀ ਮਿਲਿਆ।



## ਕਹਾਣੀ / **ਤੀਸਰਾ ਸ਼ਬਦ** / ਲਾਲਾ ਸਿੰਘ

ਆਪਣੇ ਨਾਂ ਨਾਲ ਤੀਸਰਾ ਸ਼ਬਦ ਜੋੜਨ ਦਾ ਫੈਸਲਾ ਆਖਿਰ ਕਰ ਹੀ ਲਿਆ ਮੋਹਣ ਲਾਲ ਨੇ। ਮਜ਼ਬੂਰਨ।

ਹੁਣ ਤੱਕ ਬਚਿਆ ਰਿਹਾ ਸੀ ਉਹ। ਅਵੱਲ ਬਚਾਈ ਰਖਿਆ ਸੀ ਉਸਨੇ ਆਪਣੇ ਆਪ ਨੂੰ। ਢੇਰ ਸਾਰੇ ਯਤਨ ਕਰਨੇ ਪਏ ਸਨ ਉਸਨੂੰ ਇਉਂ ਕਰਨ ਲਈ। ਉਸ ਨੂੰ ਪਤਾ ਵੀ ਸੀ ਕਿ ਸ਼ਬਦ ਕਿਨਾਂ ਗੁਣਕਾਰੀ ਸੀ। ਕਿੰਨਾਂ ਕੁਝ ਪ੍ਰਾਪਤ ਕਰ ਸਕਦਾ ਸੀ ਉਸ ਲਈ। ਨੌਕਰੀ ਤਰੱਕੀ ਤੋਂ ਲੈ ਕੇ ਉੱਚੀ ਆਹੁਦੇਦਾਰੀ, ਵੱਡੀ ਅਫ਼ਸਰੀ ਤੱਕ ਵੀ। ਇਵੇਂ ਹੀ ਵਾਪਰਦਾ ਰਿਹਾ ਸੀ ਉਸ ਆਸ ਪਾਸ। ਉਸ ਤੋਂ ਪਿਛੋਂ ਤੁਰੇ ਕਿੰਨਾਂ ਸਾਰਾ ਅੱਗੇ ਲੰਘ ਗਏ ਸਨ। ਰਾਜਧਾਨੀ ਤੱਕ ਜਾ ਪੁੱਜੇ ਸਨ। ਕੋਠੀਆਂ-ਬੰਗਲੇ ਉਸਾਰ ਲਏ ਸਨ ਵੱਡੇ ਸ਼ਹਿਰੀਂ, ਤੀਸਰੇ ਸ਼ਬਦ ਦੀ ਬਦੌਲਤ। ਪਰ, ਉਸਦਾ ਇਉਂ ਕਰਨ ਨੂੰ ਮੰਨ ਹੀ ਨਾ ਮੰਨਿਆ। ਉਮਰ ਭਰ ਨਹੀਂ ਸੀ ਮੰਨਿਆ,

ਹੁਣ, ਉਸਦੇ ਮਨ ਉਸਦੇ ਦਿਲ-ਦਿਮਾਗ਼ ਨੇ ਕੋਈ ਉਜਰ ਕੀਤੀ ਵੀ ਤਾਂ ਵੀ ਉਸ ਨੇ ਸਮਝਾ-ਬੁਝਾ ਲਿਆ ਸੀ ਇਸ ਨੂੰ।

ਕਿੰਨਾ ਕੁਝ ਗੁਆ ਆਇਆ ਸੀ ਉਹ ਬੀਤੇ ਕਈ ਸਾਰੇ ਵਰ੍ਹਿਆਂ ਦੀਆਂ ਪੰਗਡੰਡੀਆਂ 'ਤੇ ਤੁਰਦਾ। ਇਹ ਪਗਡੰਡੀਆਂ, ਵਿਚ-ਵਾਰ ਪੱਕੇ-ਰਾਹਾਂ, ਛਾਂ ਦਾਰ ਸੜਕਾਂ ਅੰਦਰ ਤਬਦੀਲ ਹੋ ਕੇ ਉਸ ਅੱਗੇ ਵਿਛੀਆਂ ਵੀ। ਇਸ ਦਾ ਵੀ ਉਸ ਉੱਤੇ ਕੋਈ ਅਸਰ ਨਹੀਂ ਸੀ ਹੋਇਆ।

ਆਪਣੇ ਸਿਰ ਤੇ ਆਪਣੀ ਛੱਤ ਹੋਣ ਦੀ ਸੱਧਰ ਵੀ ਕਿਧਰੇ ਮਸਾਂ ਪੂਰੀ ਹੋਈ ਸੀ, ਅਖ਼ੀਰਲੀ ਉਮਰੇ।

ਹੁਣ, ਆਪਣੇ ਸਿਰ 'ਤੇ ਆਪਣੀ ਛੱਤ ਹੇਠਾਂ ਬੈਠੇ ਦੀ ਉਸਦੀ ਦ੍ਰਿੜਤਾ ਇਕ ਤਰ੍ਹਾਂ ਨਾਲ ਝੋਲਾ ਮਾਰ ਗਈ।

ਉਸ ਨੇ ਆਪਣੇ ਨਾਂ ਨਾਲ ਤੀਸਰਾ ਸ਼ਬਦ ਜੋੜਨ ਦਾ ਫੈਸਲਾ ਕਰ ਹੀ ਲਿਆ।

ਰੰਗ-ਬੁਰਸ਼ ਉਸਦੇ ਪਾਸ ਸਨ। ਪਲੱਸਤਰ ਕੀਤੇ ਪੀਲ-ਪਾਵੇ ਉਸਦੇ ਸਾਹਮਣੇ ਸਨ। ਉਸਨੇ ਬੱਸ ਇਕ ਡੱਬੀ ਬਣਾਉਣੀ ਸੀ ਚੌਰਸ ਜਾਂ ਆਇਤਕਾਰ। ਹੇਠਾਂ ਗਰਾਂਉਂਡ ਭਰਨੀ ਸੀ ਚਿੱਟੀ ਜਾਂ ਬੋਨ-ਵਾਈਟ। ਇਸ ਅੰਦਰ ਨਾਂ ਲਿਖਣਾ ਸੀ ਆਪਣਾ ਕਾਲੇ ਰੰਗ ਨਾਲ। ਉਸ ਨੂੰ ਇਹੀ ਰੰਗ-ਤਰਤੀਬ ਚੰਗੀ ਲੱਗੀ।

ਇਹੀ ਰੰਗ ਤਰਤੀਬ ਉਸਦੀ ਮਾਂ ਵੀ ਚੁਣਿਆ ਕਰਦੀ ਸੀ। ... ਭਰਵੀਂ ਬਰਸਾਤ ਮੁੱਕਣ ਤੇ ਉਹਨਾਂ ਦਾ ਕੱਚਾ ਘਰ-ਵਗਲ਼ਾ ਹਰ ਵਰ੍ਹੇ ਨਵੇਂ ਸਿਰਿਉਂ ਲਿੱਪ-ਪੋਚ ਹੁੰਦਾ। ਲਾਗਲੇ ਛੱਪੜ 'ਚ ਗੋਈ ਚੀਕਣੀ ਮਿੱਟੀ ਉਹ ਸਿਰ 'ਤੇ ਢੋਅ ਲਿਆਉਂਦਾ ਤਸਲੇ-ਪਰਾਤ 'ਚ ਭਰ ਕੇ। ਕੱਚੇ ਭਿੱਤਾਂ ਤੋਂ ਉੱਖੜੇ ਖੱਪੜ ਲਾਹ-ਖ਼ੁਰਚ ਕੇ ਚਾੜ੍ਹੀ ਮੋਟੀ ਲੇਟੀ ਨਾਲ ਵੀ ਉਸਦੀ ਮਾਂ ਦਾ ਚਿੱਤ ਨਹੀਂ ਸੀ ਭਰਦਾ। ਥੋੜ੍ਹਾ ਕੁ ਆਹੁਰ ਜਾਣ 'ਤੇ ਇਸ ਉੱਪਰ ਪਹਿਲਾਂ ਉਹ ਗੋਹੇ-ਮਿੱਟੀ ਦਾ ਪਤਲਾ-ਪਤਲਾ ਪੋਚਾ ਮਾਰਦੀ, ਫਿਰ ਈਸ਼ਰ ਘੋੜੀ ਵਾਲੇ ਤੋਂ ਕਣਕ ਵੱਟੇ ਅਗਾਊਂ ਖ਼ਰੀਦ ਰੱਖੇ ਸੇਰ-ਦੋ-ਸੇਰ ਚਿੱਟੇ ਪੀਲੇ ਗੋਲੂ ਦਾ ਸੰਘਣਾ ਘੋਲ ਚੁੱਕੇ ਚੌਂਕੇ ਸਮੇਤ ਸਾਰੇ ਓਟੇ ਤੇ ਫੇਰਦੀ। ਇਸ ਦੇ ਅੰਦਰ-ਬਾਹਰ। ਰਹਿੰਦਾ-ਬਚਦਾ ਘੋਲ਼ ਦਾਣਿਆ ਵਾਲੀ ਭੜੋਲੀ ਤੇ ਵੀ ਪੋਚ ਹੁੰਦਾ।

ਪਿਛਲੇ ਅੰਦਰ ਪਈ ਭੜੋਲੀ ਤਾਂ ਲੁਕੀ ਛਿਪੀ ਰਹਿੰਦੀ ਸੀ, ਉਹਨੇ-ਹਨੇਰੇ 'ਚ ਪਰ ਵਿਹੜੇ ਵਿਚਲਾ ਓਟਾ ਚਿੱਟੀ-ਪੀਲੀ ਭਾਅ ਮਾਰਦਾ ਪੂਰੀ ਤਰਾਂ ਲਿਸ਼ਕਣ ਲੱਗ ਪੈਂਦਾ। ਇਸ ਦੇ ਕੋਣੇ ਕਿਨਾਰੇ ਸ਼ਾਹ-ਕਾਲਾ ਹਾਸ਼ੀਆ ਵੱਜਣ ਤੇ ਹੋਰ ਵੀ ਉੱਘੜ ਆਉਂਦੇ। ਵਲ਼-ਵਲੇਵੇਂ ਖਾਂਦੀ ਹਾਸ਼ੀਆ ਵੇਲ਼ ਪੱਤੀ, ਉਸਦੇ ਬਾਲ ਮੰਨ ਉੱਤੇ ਵੀ ਜਿਵੇਂ ਉਸੇ ਤਰ੍ਹਾਂ ਛੱਪ ਜਾਂਦੀ। ਉਹ ਇਸ ਦੀ ਨਕਲ-ਛਾਪ ਕਦੀ ਆਪਣੀ ਕਾਪੀ ਦੇ ਚੌਰਸ ਜਿਹੇ ਸਫ਼ੇ 'ਤੇ ਉਤਾਰ ਲੈਂਦਾ ਸੀ, ਕਦੀ ਆਇਤਕਾਰ ਵਰਗੀ ਸਲੇਟ 'ਤੇ।

ਨਵੇਂ ਘਰ ਦੇ ਬਾਹਰਲੇ ਪੀਲ-ਪਾਵੇ 'ਤੇ ਅਪਣਾ ਨਾਂ ਸਰਨਾਵਾਂ ਲਿਖਣ ਲਈ, ਹੁਣ ਵੀ ਉਸਨੇ ਇਕ

ਡੱਬੀ ਬਣਾਉਣੀ ਸੀ ਚੌਰਸ ਜਾਂ ਫਿਰ ਆਇਤਕਾਰ।

ਉਹ ਝੱਟ ਦੇਣੀ ਉੱਠਿਆ। ਝੱਟ ਦੇਣੀ ਅੰਦਰ ਵਲ਼ ਨੂੰ ਹੋ ਤੁਰਿਆ। ਝੱਟ ਦੇਣੀ ਉਸਦੇ ਪੈਰ ਮੁੜ ਬਾਹਰ ਵਲ਼ ਨੂੰ ਨਿਕਲ ਆਏ। ਪਰ, ਚਾਨਚੱਕ ਫਿਰ ਰੁਕ ਗਏ,

ਧੁੱਪ ਸੇਕਣ ਲਈ ਡਿੱਠੀ ਕੁਰਸੀ ਉਸਨੇ ਕੰਧ ਦੇ ਹੋਰ ਨੇੜੇ ਵਲ਼ ਨੂੰ ਸਰਕਾ ਲਈ।

ਇਕ ਵਾਰ ਫਿਰ ਉਹ ਆਪਣੇ ਪਿੰਡ ਵਾਲੇ ਕੱਚੇ ਘਰ ’ਚ ਸੀ, ... ਉਸ ਦਿਨ ਉਹ ਵਿਹੜੇ ’ਚ ਬੈਠਾ ਸੀ, ਬੋਰੀ ਵਿਛਾਈ, ਆਸ ਪਾਸ ਕਿਤਾਬਾਂ ਕਾਪੀਆਂ। ਸਾਹਮਣੇ ਨੜੇ-ਕਾਨਿਆਂ ਦੀ ਛੱਤ ਵਾਲੇ ਕਾਣ-ਸੂਤੇ ਛੱਤੜੇ ਹੇਠ ਉਸਦਾ ਪਿਓ ਹੁੱਕੀ ਪੀ ਰਿਹਾ ਸੀ, ਗਠੜੀ ਜਿਹੀ ਬਣਿਆ। ਉਸ ਲਾਗੇ, ਪਾਟੀ-ਪੁਰਾਣੀ ਦਰੀ ਤੇ ਤਰਤੀਬ ਸਿਰ ਪਏ ਉਸਦੇ ਸੰਦ-ਉਜ਼ਾਰ ਉਸਨੇ ਅਜੇ ‘ਗਜ ਤੋਂ’ ਨਹੀਂ ਸੀ ਉਠਾਲੇ ਕਈ ਸਾਰੇ ਜੁੱਤੀਆਂ-ਜੋੜੇ ਵੀ ਉਸਦੇ ਆਸ ਪਾਸ ਪਏ ਸਨ। ਗੰਢੇ ਸੁਆਰੇ ਇਕ ਪਾਸੇ, ਟੁੱਟੇ-ਉੱਖੜੇ ਇਕ ਪਾਸੇ। ਨਾਲ ਦੇ ਘਰੋਂ ਉਸਦਾ ਤਾਇਆ ਲੱਗਦਾ ਸ਼ਿੱਬੂ ਸਿੱਧਾ ਉਸਦੇ ਪਿਓ ਲਾਗੇ ਆ ਬੈਠਾ, ਫੱਟੀ ’ਤੇ। ਬੈਠਦਿਆਂ ਸਾਰ ਉਸਨੇ ਅੰਦਰਲਾ ਗੁਬਾਰ ਇਕੋ-ਸਾਹ ਢੇਰੀ ਕਰ ਦਿੱਤਾ ਕਰਤਾਰਿਆ, ਆਹ ਨਮੀਓ ਮੁਸੀਬਤ ਕਿੱਥੋਂ ਜੰਮ ਪੀ! ਸੁਣਿਆ, ਬਾਬਿਆ ਦੇ ਵਾੜੇ ਤੋਂ ਲੈ ਕੇ ਛੱਪੜ ਤੱਕ ਦੀ ਸਾਰੀ ਥਾਂ, ਉਨ੍ਹਾਂ ਦੇ ਕਿਸੇ ਵੱਡੇਰੇ ਕੇਹਰੂ ਦੇ ਨਾਂ ਬੋਲਦੀ ਆ। ਉਦ੍ਹੇ ਕਿਸੇ ਪੇਏ-ਦਾਦੇ ਨੇ ਦਾਨ ਦਿੱਤੀ ਸੀ ਕੰਮੀਂ-ਕਮੀਣਾਂ ਨੂੰ, ਕੋਠੇ -ਢਾਰੇ ਬਣਾਉਣ ਲਈ ਕਿਸੇ ਟੈਮ...।”

“ਆਹੋ ਜ਼ਾਰ... ਏਹ ਗੱਲ ਤਾਂ ਮੈਂ.... ਮੈਨੂੰ ਵੀ ਦੱਸੀ ਆ... ਇੰਦਰ ਬਾਬੇ ਨੇ ਕਈ ਵੇਰਾਂ... ਮੈਂ ਈ ਸੱਚੀ ਗੱਲ ਆ... ਅੱਗੇ ਨੀ ਕੀਤੀ ਏਹ... ਕਿਸੇ ਨਾ ਬੀ ਨਹੀਂ ਕੀਤੀ।... ਮੈਂ ਸੋਚਿਆ, ਮਿੱਟੀ ਪਾਓ ਏਹਤੇ... ਏਦ੍ਹੇ ’ਚੋਂ ਕੀ ਕੱਢਣਾ-ਪਉਣਾ! ...ਆਪਾਂ ਸਾਰੇ ਰੈਹੀ ਜਾਨੇਂ ਆਂ... ਕੰਧਾਂ ਕੋਠੇ ਬਣੇ ਵੇ ਆ... ਕੈਹ ਕੋਈ ਸਕਦਾ ਨਈਂ... ਉੱਠੋ ਇਥੋਂ ਥਾਂ ਸਾਡੀ ਆ,” ਦਮਾਂ ਮਾਰੇ ਸਾਹਾਂ ਨੂੰ ਸੂਤ-ਸਿਰ ਰੱਖਦੇ ਉਸਦੇ ਪਿਓ ਤੋਂ ਏਨੀਂ ਕੁ ਗੱਲ ਮਸਾਂ ਆਖ ਹੋਈ ਸੀ।

ਇਸ ਨਾਲ ਵੀ ਸ਼ਿੱਬੂ ਦੀ ਤਲਖ਼ੀ ਨਹੀਂ ਸੀ ਘਟੀ। ਅਵੱਲ ਹੋਰ ਵਧ ਗਈ ਸੀ ਕਰਤਾਰੇ ਦੀ ਸੁਣ ਕੇ। ਉਸਦੇ ਗੁਸੈਲੇ ਬੋਲ ਹੋਰ ਵੀ ਉੱਚੇ ਹੋ ਗਏ ਸਨ। “ਕੈਹ ਵੀ ਦੇਣ ਤਾਂ ਮੂੰਹ ਫੜ ਲੈਣਾਂ ਕਿਸੇ ਦਾ! ਕੈਹ ਈ ਦਿੱਤਾ ਪੁੱਟਆਰਖ਼ਾਨੇ ਆਲਿਆਂ,” ਜ਼ਰਾ ਰੁਕ ਕੇ ਉਸਨੇ ਜ਼ਰਾ ਕੁ ਰੋਕੀ ਵਾਰਤਾ ਪੂਰੀ ਕਹਿ ਸੁਣਾਈ, “ਗੱਲ ਏਹ ਆ ਭਰਾਵਾ, ਪਈ ਪਾਸ਼ੇ ਸਾਡੇ ਦਾ ਤਾਂ ਤੈਨੂੰ ਪਤਾਅ ਈ ਆ। ਨਪੈਥਰ ਆ ਸਿਰੇ ਦਾ। ਉਦ੍ਹੀ ਘਰ ਆਲੀ ਸਾਨੂੰ ਉਈਂ ਦੇਖ ਕੇ ਰਾਜ਼ੀ ਨਈਂ ਦੋਨਾਂ ਜੀਆਂ ਨੂੰ। ਹਰ ਟੈਮ ਖਾਊਂ ਵੱਡੂੰ ਖਾਊਂ ਵੱਡੂੰ ਕਰੀ ਰੱਖਦੀ ਆ। ਵਿੱਚੇ ਸਾਨੂੰ ਵਿੱਚੇ ਈ ਪਾਸ਼ੇ ਨੂੰ। ਛੋਟਾ ਬੰਸਾ ਆ ਨਾ ਮੇਰਾ, ਸ਼ਪਾਈ! ਉਨ੍ਹੇ ਸਲਾਹ ਦਿੱਤੀ ਪਈ-‘ਮੇਰਾ ਹੈਥੇ ਆਲਾ ਜਿੰਨਾਂ ਕੁ ਥਾਂ ਹੈਗਾ, ਵੇਚ ਕੇ ਐਥੇ ਆ ਜੋ ਮੇਲੇ ਕੋਲ੍ਹ ਸ਼ੈਹਰ। ਐਥੇ ਲੈ ਲੈਨੇਂ ਆ ਕੋਈ ਛੋਟਾ ਮੋਟਾ ਘਰ ਬਣਿਆ-ਬਣਾਇਆ। ਜਾਂ ਕੋਈ ਪਲਾਟ ਖਰੀਦ ਲੈਨੇ ਆ ਨੇੜੇ-ਤੇੜੇ। ਕਲੋਨੀਆ ਕੱਟ ਹੋਣ ਡੈਈਆਂ ਆ ਐਥੇ...।” ਐਨਾ ਕੁਝ ਆਖ-ਸੱਦ ਕੇ ਵੀ ਉਹ ਅਜੇ ਪੂਰਾ ਸਹਿਜ ਨਹੀਂ ਸੀ ਹੋਇਆ, “ਸੱਚ ਦਸਾਂ ਕਰਤਾਰਿਆ, ਮੈਨੂੰ ਉਦ੍ਹੀ ਸਕੀਮ ਵਾਹਲੀਓ ਖ਼ਰੀ ਲੱਗੀ। ਮੈਂ ਪਿੰਡ ਆਲੇ ਪੁਟਆਰੀ ਤੋਂ ਕਾ.ਗਤ ਜਾ ਮੰਗੇ। ਉਨ੍ਹੇ ਵਿਚੋਂ ਹਾਅ ਘੁੰਨਤਰ ਕੱਢ ਮਾਰੀ। ਅਖੇ-ਰੈਹੀ ਤਾਂ ਜਾਓ ਭਾਮੇਂ ਜਿੰਨਾ ਚਿਰ ਮਰਜ਼ੀ ਆ, ਪਰ ਵੇਚ ਨੀਂ ਸਕਦਾ ਤੁਹਾਡੇ ’ਚੋ ਕੋਈ ਵੀ ਜਣਾ...।” ਛੱਤੜੇ ਹੇਠ ਬੈਠੇ ਉਸਦੇ ਪਿਓ ਦੀ ਹੁੱਕੀ ਗੁੜ-ਗੁੜ ਕਰਨੋਂ ਉਸੇ ਵੇਲੇ ਬੰਦ ਹੋ ਗਈ ਸੀ। ਨਿਮੋਂਝਾਣ ਹੋਇਆ ਤਾਇਆ ਸਿੱਬੂ ਸੋਟੀ ਆਸਰੇ ਉੱਠਿਆ, ਡੋਲਦੀ ਚਾਲੇ ਬਾਹਰ ਵਲ੍ਹ ਨੂੰ ਨਿਕਲ ਤੁਰਿਆ ਸੀ। ਪਰ ਕੱਚੀ ਕੰਧ ਨਾਲ ਢੋਅ ਲਾਈ ਬੈਠੇ ਮੋਹਣੇ ਦੀ ਹੋਂਦ-ਹੋਣੀਂ ਜਿਵੇਂ ਹਵਾ ਵਿਚ ਲਟਕਦੀ ਹੋ ਗਈ।

ਅਪਣਾ ਪਿੰਡ ਘਰ, ਥਾਂ ਗਰਾਂ ਉਸਨੂੰ ਓਪਰੇ-ਪਰਾਏ ਲੱਗਣ ਲੱਗ ਪਏ ਸਨ।

ਉਪਰਾਮ ਤਾਂ ਪਹਿਲੋਂ ਵੀ ਹੁੰਦਾ ਰਿਹਾ ਸੀ ਉਹ। ਹੇਠੀ ਤਾਂ ਪਹਿਲੋਂ ਵੀ ਕਈ ਵਾਰ ਹੁੰਦੀ ਦੇਖੀ ਸੀ ਉਸਨੇ ਵਿਹੜੇ ਦੀ। ਪਿੰਡ ਦੀ ਕਿਸੇ ਵੀ ਸਭਾ ਸੋਸੈਟੀ,ਕੱਠ-ਵੱਠ ’ਚ ਫ਼ਾਲਤੂ ਗਿਣ ਹੁੰਦੇ, ਨੁੱਕਰੇ ਲੱਗੇ ਉਸਦੇ ਤਾਏ-ਚਾਚੇ ਪਹਿਲੋਂ ਵੀ ਚੁੱਭਦੇ ਰਹੇ ਸਨ ਉਸਨੂੰ, ਪਰ ਅਗਲੇ ਹੀ ਦਿਨ ਖੇਤਾਂ ਘਰਾਂ, ਕੰਮਾਂ ਕਾਰਾਂ ’ਚ ਬਣੀ ਦਿੱਸਦੀ ਨੇੜਤਾ ਉਸਨੂੰ ਹੋਇਆ-ਬੀਤਿਆ ਸਭ ਕੁਝ ਭੁਲਦਾ ਕਰ ਦਿੰਦੀ।



ਉਸਦੀ ਮਾਂ ਬਿਸ਼ਨੀ ਬਾਬਿਆਂ ਦੀ ਅੱਲ ’ਚੋਂ ਆਪਣੇ ਸਾਂਝੀ ਇੰਦਰ ਬਾਬੇ ਦੇ ਘਰ ਵਾੜੇ ਦਾ ਗੋਹਾ ਕੂੜਾ ਕਰਨ ’ਚ ਰੁੱਝੀ ਹੁੰਦੀ, ਪਿਓ ਕਰਤਾਰਾ ਡੰਗਰਾਂ-ਪਸ਼ੂਆਂ ਦੇ ਪੱਠੇ ਦੱਥੇ ’ਚ ਸਾਂਭ ਸੰਭਾਲ ’ਚ? ਉਹਨਾਂ ਦਾ ਛਾਹ ਵੇਲਾ, ਲੌਢਾ ਵੇਲਾ, ਉਥੇ, ਪਰ, ਭਾਂਡੇ ਵੱਖਰੇ ਹੁੰਦੇ ਸਨ ਉਹਨਾਂ ਦੇ ਕਿਸੇ ਵੀ ਆਲੇ-ਮੋਘੇ ’ਚ ਧਰੇ-ਟਿਕਾਏ।

ਛੁੱਟੀ ਵਾਲੇ ਦਿਨ ਉਸਦਾ ਵੀ ਲੱਸੀ ਪਾਣੀ ਇੰਦਰ ਬਾਬੇ ਦੇ ਘਰ। ਉਸ ਵਾਰ ਵੀ ਇਓਂ ਹੀ ਹੋਇਆ। ਨਿੱਕੀ ਮੋਟੀ ਚੱਕ-ਥੱਲ ਮੁਕਾ ਕੇ, ਉਹ ਅਜੇ ਬੈਠਣ ਹੀ ਲੱਗਾ ਸੀ ਇਕੱਲਵੰਜੇ ਹੋ ਕੇ। ਉਸਦੀਆਂ ਕਿਤਾਬਾਂ ਕਾਪੀਆਂ ਵੀ ਅਜੇ ਉਸਦੇ ਮੋਢੇ ਲਟਕਦੇ ਤਣੀਆਂ ਵਾਲੇ ਝੋਲੇ ’ਚੋ ਬਾਹਰ ਨਹੀਂ ਸੀ ਆਈਆ। ਕਿ, ਦੁੜਕੀ ਪਏ ਇੰਦਰ ਬਾਬੇ ਦੇ ਦੋਨੋਂ ਛੋਹਰ ਉਸਨੂੰ ਜ਼ੋਰ-ਜਬਰੀ ਬਾਹਰ ਵਲ੍ਹ ਨੂੰ ਧੂਹ ਲੈ ਗਏ। ਦਿਨ ਛਿੱਪਦੇ ਤੱਕ ਉਹ ਕੋਡ-ਕਬੱਡੀ, ਛੂਹ-ਛੁਹਾਈ, ਲੁਕਣ-ਮੀਚੀ ਜੋ ਵੀ ਮੰਨ ਚਿੱਤ ਆਈ ਖੇਡਦੇ ਰਹੇ।

ਉਸ ਦਿਨ ਉਹ ਖ਼ੁਸ਼ ਪ੍ਰਸੰਨ ਰਿਹਾ ਸੀ ਸਾਰਾ ਦਿਨ। ਘਰ-ਵਿਹੜੇ ਨਾਲ ਜੁੜਿਆ ਕਮੀਂ ਕਮੀਣ ਸ਼ਬਦ ਉਸਨੂੰ ਰਤੀ ਭਰ ਵੀ ਯਾਦ ਚਿੱਤ ਨਹੀਂ ਸੀ ਰਿਹਾ। ਪਰ, ਸ਼ਾਮੀਂ ਘਰ ਪਰਤੇ ਨੂੰ ਸ਼ਿੱਬੂ ਤਾਏ ਦੇ ਬੋਲ ਉਸ ਨੂੰ ਜਿਵੇਂ ਫਿਰ ਤੋਂ ਸੁਣਾਈ ਦੇਣ ਲੱਗ ਪਏ, “... ਬਾਬਿਆਂ ਦੇ ਵਾੜੇ ਤੋਂ ਲੈ ਕੇ ਛੱਪੜ ਤੱਕ ਦੀ ਸਾਰੀ ਥਾਂ ਇੰਦਰ ਬਾਬੇ ਦੇ ਕਿਸੇ ਵਡੇਰੇ ਕੇਹਰੂ ਦੇ ਨਾਂ ਬੋਲਦੀ ਆ। ਉਦੇ ਕਿਸੇ ਪਿਓ-ਦਾਦੇ ਨੇ ਦਾਨ ਦਿੱਤੀ ਸੀ ਕਮੀਂ ਕਮੀਣਾਂ ਨੂੰ ਕੋਠੇ-ਢਾਰੇ ਖੜੇ ਕਰਨ ਲਈ...।”

ਉਸ ਰਾਤ ਮੁੜ ਉਹ ਪਹਿਲੋਂ ਜਿਹਾ ਬੇਚੈਨ ਸੀ।

ਕਈ ਦਿਨ ਫਿਰ ਘੋਰ-ਸੰਘਣੀ ਉਦਾਸੀ ਉਸਦੇ ਮਨ ਮਸਤੱਕ ਸਮੇਤ ਉਸਦੇ ਸਾਰੇ ਵਜੂਦ ਤੇ ਛਾਈ ਰਹੀ। ਪਿੰਡ ਦੇ ਹਮ-ਉਮਰ, ਹਮ-ਜਮਾਤੀਆਂ ਦੇ ਦਰਾਂ ਘਰਾਂ ਮੂਹਰਿਉਂ ਲੰਘਦੇ ਦਾ ਉਸਦਾ ਅੰਦਰ ਇਕ ਤਰ੍ਹਾਂ ਨਾਲ ਜਿਵੇਂ ਟੁੱਟਦਾ ਭੁਰਦਾ ਰਿਹਾ। ਤਾਂ ਵੀ ਨਾ ਤਾਂ ਉਸ ਨੇ ਆਪਣੀ ਸਕੂਲੀ ਪੜਾਈ ਨੂੰ ਕਿਸੇ ਤਰ੍ਹਾਂ ਦੀ ਆਂਚ ਆਉਣ ਦਿੱਤੀ ਸੀ ਨਾ ਇੰਦਰ ਬਾਬੇ ਦੇ ਘਰ ਖੇਤੀ ਜਾਣੋਂ ਆਉਣੋਂ ਰੁਕਿਆ ਸੀ।

...ਦਸਵੀਂ ਜਮਾਤ ਦੇ ਸਾਲਾਨਾ ਪਰਚੇ ਖ਼ਤਮ ਹੋ ਗਏ ਸਨ। ਨਤੀਜੇ ਦੀ ਉਡੀਕ ਲਈ ਡੇੜ ਦੋ ਮਹੀਨੇ ਦਾ ਵਕ.ਫ਼ਾ ਸੀ। ਉਸਦੀ ਮਾਂ ਸਵੇਰੇ ਲੋਅ ਲੱਗਦਿਆਂ ਸਾਰ ਸਿੱਟੇ ਚੁੱਗਣ ਨਿਕਲੀ, ਕਿਧਰੇ ਭਖੇ-ਤਪੇ ਛਾਹ ਵੇਲੇ ਮੁੜਦੀ। ਉਹ ਬੇ-ਚੈਨ ਹੋਇਆ ਰਹਿੰਦਾ, ਘਰ। ਆਖਿਰ ਉਸ ਨੇ ਵੀ ਇਕ ਦਿਨ ਝੋਲੀ ਲੰਮਕਦੀ ਕਰ ਲਈ ਆਪਣੇ ਮੋਢੇ ਨਾਲ। ਉਸ ਦੇ ਚੁਗੇ ਸਿੱਟੇ ਮਾਂ ਦੇ ਚੁਗੇ ਸਿੱਟਿਆ ’ਚ ਜਮਾਂ ਹੋ ਕੇ ਵੱਡੀ ਢੇਰੀ ਬਨਣ ਲੱਗ ਪਏ।

“ਹਾਅ ਕੰਮ ਤਾਂ ਬਿਸ਼ਨੀ ’ਕੱਲੀ ਵੀ ਕਰੀ-ਕੁਰੀ ਜਾਣਾਂ, ਤੂੰ ਐਧਰ ਆ ਮੇਰੇ ਨਾਲ। ਆਹ ਫੜ ਦਾਤੀ, ਲਾਵੀ ਬਣ ਜਾ ਲਾਵੀ। ਭਾਪੇ ਆਪਣੇ ਵਰਗਾ। ਉਹ ਕੋੜ੍ਹੀ ਦਾ ਤਾਂ ਬੱਸ ਦਿਨਾਂ ’ਚ ਈ ਜੁੜ ਗਿਆ। ਪਤਆ ਨਹੀਂ ਕੀ ਹੋਇਆ ਉਨੂੰ। ਪਰੂੰ ਖਰਾ-ਭਲਾ ਸੀ। ਉਨ੍ਹੇ ’ਕੱਲੇ ਨੇ ਈ ਸਾਂਭ ਲਈ ਸੀ ਸਾਰੀ ਰੌਂਅ। ਤੀਲ੍ਹੇ ਵੀ ਹਾਲੀਂ ਵਿਰਲੇ ਈ ਸੀ। ਮੀਂਹ ਨਈ ਸੀ ਪਿਆ ਖ਼ਰੀ ਤਰ੍ਹਾਂ। ਇਸ ਵਾਰ ਤਾਂ ਉੱਪਰ ਆਲਾ ਵੀ ਮੇਰ੍ਹਬਾਨ ਈ ਰਿਹਾ ਜੱਟਾਂ ਤੇ...।” ਇੰਦਰ ਬਾਬਾ ਬਿਨਾਂ ਰੁਕੇ ਉਸਨੂੰ ਕਿੰਨਾਂ ਕੁਝ ਆਖ ਦੱਸ ਗਿਆ ਸੀ।

ਉਹ ਜੇ ਜੱਕ ’ਚ ਫਸਿਆ ਥੋੜਾ ਕੁ ਚਿਰ ਖੜਾ ਰਿਹਾ ਸੀ। ਚੁੱਪ ਦਾ ਚੁੱਪ।

ਉਸਦੀ ਅੱਧੀ ਕੁ ਹਾਂ ਜਾਚ ਕੇ, ਇੰਦਰ ਨੇ ਫਿਰ ਤੋਂ ਹੱਲਾ-ਸ਼ੇਰੀ ਦਿੱਤੀ ਸੀ ਉਸਨੂੰ, “ਕੰਮ ਕੋਈ ਵੀ ਔਖਾ ਨਹੀਂ ਹੁੰਦਾ ਮੋਹਣਿਆਂ, ਬੱਸ ਹਿੰਮਤ ਫੜਨ ਦੀ ਲੋੜ ਹੁੰਦੀ ਰਤਾ-ਮਾਸਾ।”

ਇਕ ਵਾਰ ਉਸਦੇ ਪਿਓ ਦੀ ਲਾਚਾਰਗੀ ਨੇ ਉਸਨੂੰ ਦੁਬਿਧਾ ’ਚੋਂ ਬਾਹਰ ਕੱਢ ਲਿਆ। ਉਸਨੇ ਉਸੇ ਦਿਨ ਤੋਂ ਹੀ ਦਾਤੀ ਸਾਂਭ ਲਈ ਸੀ, ਵਾਢੀ ਕਰਨ ਲਈ।

ਦੋ ਕੁ ਦਿਨ ਉਸ ਨੂੰ ਤੱਪਦੀ ਰੇਤ ਤੇ ਪੈਰਾਂ ਭਾਰ ਤੁਰਨਾ, ਬੇ-ਹੱਦ ਔਖਾ ਲੱਗਾ। ਔਖਾ ਤੇ ਅਕਾਊ ਵੀ। ਥੋੜੇ ਕੁ ਛਾਲੇ ਵੀ ਉੱਭਰ ਆਏ ਸਨ ਉਸਦੇ ਹੱਥਾਂ ’ਤੇ ਦਾਤੀ ਸੱਥਰ ਸਾਂਭਦੇ ਕੱਟਦੇ ਦੇ। ਤਾਂ ਵੀ ਉਸ ਨੇ ਹਿੰਮਤ ਨਹੀਂ ਸੀ ਹਾਰੀ। ਡਟਿਆ ਰਿਹਾ ਸੀ ਤਕੜਾ ਹੋ ਕੇ। ਤਰਕਾਲੀਂ ਘਰ ਪੁੱਜ ਕੇ ਗਰਮ ਪਾਣੀ ਨਾਲ ਧੋਤੇ ਹੱਥ-ਮੂੰਹ ਤੋਂ ਮਿਲਦੀ ਰਾਹਤ ਉਸਨੂੰ ਅਗਲੇ ਦਿਨ ਦੀ ਮੁਸ਼ਕੱਤ ਲਈ ਫਿਰ ਤੋਂ ਰਮਾਂ ਕਰਦੀ ਰਹੀ। ਦੁਪਿਹਰ ਵੇਲੇ ਤੱਕ ਉਹ ਪੂਰਾ ਦੰਮ ਰੱਖਦਾ। ਦੂਜੇ ਵੇਲੇ ਜੇ ਕਿਧਰੇ ਉਸ ਦੀ ਪਰਾਤ ਪੱਛੜ ਵੀ ਜਾਂਦੀ,

ਇੰਦਰ ਉਸਨੂੰ ਆਪਣੇ ਨਾਲ ਮੇਚਦਾ ਕਰ ਲੈਂਦਾ।

ਪੂਰੇ ਪੰਦਰਾਂ ਦਿਨਾਂ 'ਚ ਰੌਅ ਪੱਟੀ ਦੇ ਨਵਾ ਛੇ ਖੇਤ ਵੱਢ ਸੰਭਾਲ ਲਈ ਸਨ। ਉਹਨਾਂ ਦੋਨਾਂ ਨੇ।

ਆਖ਼ਰੀ ਦਿਨ ਦੀ ਭਰੀ ਚੁੱਕਾਉਂਦੇ ਇੰਦਰ ਬਾਬੇ ਨੇ ਬੇ-ਹੱਦ ਮਾਣ ਨਾਲ ਕਿਹਾ ਸੀ ਉਸਨੂੰ - "ਲੈ ਲਊ ਮੋਹਣਿਆਂ, ਸਾਵਾਂ ਤੁੱਲਿਆਂ ਤੂੰ ਮੇਰੇ ਨਾਲ ਐਨੇ ਦਿਨ। ਹੁਣ... ਤੂੰ ਉਮਰ ਭਰ ਮਾਰ ਨਈਂ ਖਾਂਦਾ ਕਿਧਰੇ ਵੀ।"

ਇੰਦਰ ਬਾਬੇ ਤੋਂ ਮਿਲੀ ਥਾਪੀ ਉਸ ਨੂੰ ਹੋਰ ਵੀ ਨਵਾਂ ਨਰੋਆ ਕਰ ਗਈ ਸੀ। ਆਪਣੇ ਅੰਗਾਂ ਪੈਰਾਂ ਦੀ ਸਮਰੱਥਾ ਆਪਣੀ ਯੋਗਤਾ ਆਪਣੀ ਕਾਬਲੀਅਤ ਦੀ ਹੇਠੀ ਨਹੀਂ ਸੀ ਹੋਣ ਦਿੱਤੀ ਉਸਨੇ, ਵਾਹ ਲੱਗਦੀ ਨੂੰ ਕਦੀ ਵੀ।

ਪਰ ਹੁਣ, ਆਪਣੀ ਮਾਲਕੀ ਵਾਲੇ ਪੰਜ ਕੁ ਮਰਲੇ ਦੇ ਪੱਕੇ ਵਿਹੜੇ 'ਚ ਬੈਠੇ ਦੀ ਉਸਦੀ ਸਮਰੱਥਾ-ਯੋਗਤਾ ਨੇ ਵੀ ਜਿਵੇਂ ਹਥਿਆਰ ਸੁੱਟ ਦਿੱਤੇ ਹੋਣ।

...ਬੈਠਕ ਅੰਦਰੋਂ ਲਿਆਂਦੀ ਲਿੱਖਣ ਸਮੱਗਰੀ, ਰੰਗ-ਬੁਰਸ਼ ਸਾਂਭ ਕੇ ਉਹ ਮੁੜ ਬਾਹਰਲੇ ਗੇਟ ਤੱਕ ਆ ਪੁੱਜਾ। ਦਿਨ ਅਜੇ ਖੜਾ ਸੀ। ਟਾਂਵੇ-ਟਾਵੇਂ ਅਗੜ-ਦੁਗੜ ਬਣੇ ਘਰਾਂ ਨੂੰ ਮੁੜਦੇ ਕਈ ਜਾਣ-ਪਛਾਣ ਵਾਲੇ ਉਸਨੂੰ ਸਾਬ-ਸਲਾਮ ਵੀ ਕਰਦੇ ਗਏ। ਉਸਨੇ ਗੇਟ ਦੇ ਪੀਲ ਪਾਵੇ ਨਾਲ ਲੱਗੀ ਨੇਮ ਪਲੇਟ ਉਤਾਰ ਦਿੱਤੀ। ਇਥੇ ਚਿਪਕੀ ਰਹੀ ਨੇ ਇਸ ਨੇ, ਉਸ ਦੇ ਸਾਦ-ਮੁਰਾਦੇ ਨਾਂ ਦਾ ਬਿਲਕੁਲ ਸਾਥ ਨਹੀਂ ਸੀ ਦਿੱਤਾ। ਉਸ ਤੱਕ ਪੁੱਜਣ ਵਾਲੀ ਚਿੱਠੀ ਕਦੀ ਮੋਹਣ ਲਾਲ ਸ਼ਾਸਤਰੀ ਘਰੋਂ ਘੁੰਮ ਕੇ ਮੁੜਦੀ, ਕਦੀ ਮੋਹਣ ਲਾਲ ਹਲਵਾਈ ਦੀ ਹੱਟੀਓਂ, ਕਦੀ ਕਮੇਟੀ ਘਰ ਵਾਲੇ ਮੋਹਣ ਲਾਲ ਦੀ ਬੈਠਕੋਂ।

ਬਹੁਤੀ ਵਾਰ ਉਸਦੀ ਜ਼ਰੂਰੀ ਸ਼ਮੂਲੀਅਤ ਵਾਲੀਆ ਮਿਤੀਆਂ ਹੀ ਲੰਘ ਚੁੱਕੀਆਂ ਹੁੰਦੀਆਂ।

ਇਸ ਵਾਰ ਇਹੋ ਕੁਝ ਵਾਪਰਿਆ ਸੀ ਉਸ ਨਾਲ। ਜ਼ਿਲਾ ਪੱਧਰੀ ਸੈਮੀਨਾਰ ਸੀ, ਉਸਦੀ ਤਿੱਖੀ ਪਕੜ ਵਾਲੇ ਵਿਸ਼ੇ 'ਬੁੱਧ ਬਨਾਮ ਵੇਦਾਂਤ' ਤੇ' ਮੁੱਖ ਬੁਲਾਰਾ ਭਾਵੇਂ ਨਹੀਂ ਸੀ ਉਹ, ਤਾਂ ਵੀ ਉਸਦੀ ਹਾਜ਼ਰੀ ਉਸਦੇ ਕਿੰਤੂ-ਪ੍ਰੰਤੂ ਅਹਿਮ ਨੁਕਤੇ ਉਭਾਰ ਸਕਦੇ ਸਨ। ਬਹਿਸ ਵਿਚਾਰ ਪ੍ਰਚੰਡ ਕਰ ਸਕਦੇ ਸਨ-ਰੱਬ, ਰੂਹ, ਰੂਹਾਨੀਅਤ, ਪਾਪ-ਪੁੰਨ, ਗਿਆਨ-ਧਿਆਨ, ਮੁਕਤੀ-ਭਗਤੀ, ਯੱਗ-ਬਲੀ ਵਰਗੀਆਂ ਪ੍ਰਚੱਲਤ ਮਨੌਤਾਂ 'ਤੇ।

ਪਰ ਨਹੀਂ ਸੀ ਜਾ ਸਕਿਆ ਉਹ। ਸੱਦਾ-ਪੱਤਰ ਪੱਛੜ ਕੇ ਪੁੱਜਾ ਸੀ ਕਿੰਨੇ ਸਾਰੇ ਦਿਨ।

ਇਕ ਵਾਰ ਪਹਿਲੋਂ ਵੀ ਖੁੰਝਾ ਸੀ ਉਹ, ਇਕ ਅਹਿਮ ਸੰਮੇਲਣ 'ਚ ਭਾਗ ਲੈਣੋਂ। ਉਸ ਵਾਰ ਮੁੱਦਾ ਵੀ ਉਸਨੇ ਆਪ ਦਿੱਤਾ ਸੀ ਸਮੇਲਣ ਪ੍ਰਬੰਧਕਾਂ ਨੂੰ। ਪੜ੍ਹਨਾ ਵੀ ਉਸਨੇ ਆਪ ਹੀ ਸੀ, ਕੁੰਜੀਵਤ ਭਾਸ਼ਣ ਵਜੋਂ। ਉਦੋਂ ਉਹ ਥੋੜਾ ਕੁ ਚਿਰ ਪਹਿਲਾਂ ਆ ਟਿਕਿਆ ਸੀ ਇਥੇ। ਆਪਣੇ ਤਿਆਰੀ ਅਧੀਨ ਮਕਾਨ 'ਚ ਪਰ, ਉਸਦੇ ਸੱਦੇ-ਪੱਤਰ ਨੇ, ਉਸਦੇ ਨੌਕਰੀ ਵਾਲੇ ਸ਼ਹਿਰੋਂ ਪਰਤੇ ਨੇ ਵੀ ਇਥੇ ਤਿੰਨਾਂ ਘਰਾਂ 'ਚ ਦਸਤੱਕ ਦਿੱਤੀ ਸੀ, ਉਸ ਤੱਕ ਅੱਪੜਦਾ ਹੋਣ ਤੋਂ ਪਹਿਲਾਂ।

ਤਦ ਤੱਕ ਨਿਸਚਿੱਤ ਮਿਤੀ ਲੰਘ ਚੁੱਕੀ ਸੀ।

ਹੁਣ ਉਸਦੇ ਸਾਹਮਣੇ ਦੋ ਹੀ ਵਿਕਲਪ ਸਨ-ਜਾਂ ਤਾਂ ਆਪਣੇ ਦੋ-ਸ਼ਬਦੀ ਨਾਂ ਨਾਲ ਤੀਸਰਾ ਸ਼ਬਦ ਜੋੜੇ ਜਾਂ ਆਪਣੇ ਘਰ ਦੀ ਹੋਂਦ ਨੂੰ ਲਾਗੇ ਦੇ ਕਿਸੇ ਉੱਘੇ ਪ੍ਰਸਿੱਧ ਸਥਾਨ ਦੀ ਨੇੜਤਾ ਨਾਲ ਗੰਢੇ।

ਉਸ ਨੇ ਆਸ-ਪਾਸ ਨਿਗਾਹ ਮਾਰੀ। ਨਵੀਂ ਉਸਰਦੀ ਕਾਲੋਨੀ 'ਚ ਅਜੇ ਨਾ ਕੋਈ ਮੰਦਰ ਉਸਰਿਆ ਸੀ ਨਾ ਗੁਰਦਵਾਰਾ। ਹਾਂ ਇਕ ਮਾਡਲ ਸਕੂਲ ਜ਼ਰੂਰ ਪ੍ਰਗਟ ਹੋਇਆ ਸੀ, ਇਕ ਛੋਟੇ ਜਿਹੇ ਇਹਾਤੇ 'ਚ।

ਉਸ ਨੇ ਸਤਾਈ-ਇੰਚ ਪੀਲ ਪਾਵੇ ਦਾ ਠੀਕ ਠੀਕ ਜਾਇਜ਼ਾ ਲਿਆ। ਕਾਫ਼ੀ ਖੁੱਲ੍ਹੀ ਥਾਂ ਸੀ, ਦੋਨੋਂ ਵਿਕਲਪ ਇਕੱਲੇ-ਇਕੱਲੇ ਵੀ ਲਿਖੇ ਜਾ ਸਕਦੇ ਸਨ, ਇਕੱਠੇ ਵੀ। ਫੁੱਟਾ ਪੈਨਸਲ ਲੈ ਕੇ ਉਸਨੇ ਇਕ ਚੰਗੀ ਖੁੱਲ੍ਹੀ ਆਇਤਕਾਰ ਵਾਹੀ। ਕੁੱਲ ਅੱਖਰਾਂ ਦੀ ਗਿਣਤੀ-ਮਿਣਤੀ ਕਰਕੇ ਥਾਂ ਦੀ ਵੰਡ ਵੀ ਕਰ ਲਈ। ਲਿਖਤ ਦੀ ਕੱਚੀ ਰੂਪ-ਰੇਖਾ ਉਕੱਰਦਾ ਜਦ ਉਹ 'ਨੇੜੇ' ਸ਼ਬਦ ਤੇ ਪੁੱਜਾ, ਤਾਂ ਉਸਦਾ ਹੱਥ ਫਿਰ ਕੰਬ ਗਿਆ।

ਉਸਦੀ ਰੂਹ ਜਾਨ ਨੂੰ ਉਸਦੇ ਅੰਦਰ ਨੂੰ ਇਕ ਜ਼ੋਰਦਾਰ ਝੁਣਝੁਣੀ ਆ ਗਈ ਸੀ, ਉਸਦੀ ਆਤਮ-



ਬਲਵਾਨਤਾ ਜਿਵੇਂ ਕੰਬੀ ਗਈ ਹੋਵੇ।

ਉਸਦਾ ਚੌਥੀ ਵਾਰ ਬਦਲ ਹੋਇਆ ਸਿਰਨਾਵਾਂ ਮੁੜ ਉਸੇ ਰੰਗ-ਢੰਗ 'ਚ ਲਿਖਣਾ ਪੈ ਰਿਹਾ ਸੀ ਉਸਨੂੰ ਨੇੜੇ ਅਰਜਨ ਮਾਡਲ ਸਕੂਲ।

ਉਸ ਨੂੰ ਲੱਗਾ ਇਹ ਸ਼ਬਦ ਵੀ ਉਸਦੇ ਵਜੂਦ ਨੂੰ, ਉਸਦੀ ਪਛਾਣ ਨੂੰ ਲੰਗੜਾ ਹੀ ਨਹੀਂ ਇਕ ਤਰ੍ਹਾਂ ਨਾਲ ਸਿਫ਼ਰ ਕਰਨ ਤੇ ਤੁਲਿਆ ਰਿਹਾ ਹੈ। ਵਿਹੜੇ ਨਾਲ ਜੁੜੇ ਤੀਸਰੇ ਸ਼ਬਦ ਦੀ ਮਾਰ ਤੋਂ ਤਾਂ ਉਹ ਹੁਣ ਤੱਕ ਬਚਿਆ ਰਿਹਾ ਸੀ। ਅਵੱਲ ਬਚਾਈ ਰੱਖਿਆ ਸੀ ਆਪਣੇ ਆਪ ਨੂੰ ਪੂਰੀ ਸਿਦਕ-ਦਿੱਲੀ ਨਾਲ।

ਖੜੇ ਖੜੋਤੇ ਦੇ ਉਸਦੇ ਕੰਨਾਂ 'ਚ ਇੰਦਰ ਬਾਬੇ ਦੇ ਬੋਲ ਜਿਵੇਂ ਫਿਰ ਤੋਂ ਗੂੰਜੇ ਹੋਣ-'ਲੈਅ ਬਈ ਮੋਹਣਿਆਂ, ਸਾਵਾਂ ਤੁਲਿਆ ਤੂੰ ਮੇਰੇ ਨਾਲ ਐਨੇ ਦਿਨ। ਬੱਸ... ਹੁਣ ਉਮਰ ਭਰ ਮਾਰ ਨਹੀਂ ਖਾਂਦਾ ਕਿਧਰੇ ਵੀ...।'

ਇੰਦਰ ਬਾਬੇ ਨਾਲ ਤੱਪਦੀ ਰੋਂਅ 'ਚ ਬਿਤਾਏ ਬਾ-ਮੁਸ਼ਕੱਤ ਪੰਦਰਾਂ ਕੁ ਦਿਨ ਉਸਦੇ ਤਨ-ਬਦਨ ਨੂੰ, ਉਸਦੀ ਰੂਹ-ਜਾਨ ਨੂੰ ਜਾਗ ਦਾ ਕਰ ਗਏ ਸਨ। ਪੁਰਖਿਆ ਕਾਰਨ ਉਸਦੇ ਅੰਦਰ ਵਲ੍ਹ ਨੂੰ ਪੱਸਰ ਆਈ ਹੀਣਤਾ ਉਸ ਨੂੰ ਆਪ ਸਹੇੜੀ ਰੋਗ ਵਰਗੀ ਲੱਗਣ ਲੱਗ ਪਈ ਸੀ। ਇਸ ਤੋਂ ਬਚਦਾ ਹੋਣ ਲਈ ਉਸਦੀ ਕਿਸ਼ੋਰ ਉਮਰੀ ਭਾਵੁਕਤਾ ਅਜੀਬ ਤਰਾਂ ਦੇ ਔਖੇ ਓਜੜੇ ਰਾਹੇ ਤੁਰਦੀ ਰਹੀ। ਤੀਸਰੇ ਸ਼ਬਦ ਦੇ ਅਰਥ-ਸੰਚਾਰ ਤੋਂ ਉਸ ਨੇ ਉਮਰ ਭਰ ਭੈੜ ਵਿਛੋੜਾ ਕੀਤੀ ਰੱਖਿਆ।

ਇਸ ਸਾਰੇ ਕੁਝ ਦਾ ਪਤਾ ਸੀ ਉਸਦੇ ਘਰ ਦੇ ਜੀਆਂ ਨੂੰ। ਇਕ ਵਾਰ ਨਹੀਂ ਕਈ ਵਾਰ ਦੱਸ ਚੁੱਕਾ ਸੀ, ਪਹਿਲਾਂ ਪਤਨੀ ਨੂੰ ਫਿਰ ਪੁੱਤਰ ਧੀ ਨੂੰ। ਉਹਨਾਂ ਨਾ ਕਦੀ ਉਸਦੀ ਰਮਜ਼ ਸਮਝੀ, ਨਾ ਉਸਦਾ ਸਾਥ ਦਿੱਤਾ। ਉਲਟਾ ਲੜਦੇ-ਝਗੜਦੇ ਹਰ ਤਰ੍ਹਾਂ ਦਾ ਨਿਰਾਦਰ ਕਰਦੇ ਰਹੇ ਸਨ ਉਸਦਾ।

ਲੰਘੇ ਜੀਵਨ ਦੀ ਤਿਲਕਵੀਂ ਜਿਹੀ ਲਿਸ਼ਕੋਰ ਉਸਦੀ ਸਿਮਰਤੀ 'ਚ ਆ ਲਿਸ਼ਕੀ। ... ਤਿੰਨ ਤਰ੍ਹਾਂ ਦੀ ਨੌਕਰੀ ਕਰਨੀ ਪਈ ਸੀ ਉਸਨੂੰ। ਸਰਕਾਰੀ, ਅਰਧ ਸਰਕਾਰੀ ਤੇ ਨਿਰੋਲ ਨਿੱਜੀ ਮਾਲਕਾਂ ਦੀ। ਉਸਦੀਆਂ ਕੰਮ ਕਾਜੀ ਉਲਝਣਾਂ ਉਸ ਲਈ ਬੀ. ਏ. ਐਮ. ਏ. ਕਰਨ ਦੇ ਰਾਹ 'ਚ ਰੁਕਾਵਟਾਂ ਤਾਂ ਬਣੀਆਂ ਪਰ ਉਹ ਰੁਕਿਆ ਨਾ। ਨੌਵੀਂ ਦੱਸਵੀਂ 'ਚ ਤੀਰਥ ਰਾਮ ਮਾਸਟਰ ਤੋਂ ਸਿੱਖੀ ਪੈਨਸਲ-ਬੁਰਸ ਕਲਾ ਵੀ ਥੋੜੀ ਬਹੁਤ ਸਾਂਭੀ ਰੱਖੀ ਸੀ ਉਸਨੇ। ਇੰਦਰ ਬਾਬੇ ਦੇ ਬੋਲ ਵੀ ਇਕ ਤਰ੍ਹਾਂ ਦੀ ਊਰਜਾ ਭਰਦੇ ਰਹੇ ਸਨ ਉਸ ਅੰਦਰ ਬੀਤੇ ਚਾਲੀ ਪੰਜਤਾਲੀ ਵਰ੍ਹੇ।

ਉਸਦੀ ਵੱਡੇ ਡੈਮ ਦੀ ਨੌਕਰੀ ਸਮੇਂ ਉਸਦਾ ਪਤਾ 'ਬੈਰਕ ਨੰਬਰ ਅੱਠ ਕਮਰਾ ਨੰਬਰ ਚਾਲੀ, ਨੇੜੇ ਡਬਲ ਐਫ ਬਲਾਕ' ਰਿਹਾ। ਫਿਰ ਸਨਅਤੀ ਸ਼ਹਿਰ ਦੀ ਠਹਿਰ ਸਮੇਂ ਇਹ ਕੋਠੀ ਬਨਾਰਸੀ ਦਾਸ, ਨੇੜੇ ਕੇ. ਐਮ. ਵੀ.' ਬਣ ਗਿਆ। ਤੇ... ਤੇ ਸਰਕਾਰੀ ਕਲਰਕੀ ਕਰਦਿਆਂ ਵੀ ਇਸ ਨਾਲੋਂ 'ਨੇੜੇ' ਸ਼ਬਦ ਦੀ ਵਸਾਖ਼ੀ ਨਹੀਂ ਸੀ ਲੱਥੀ। ਇਸ ਸਮੇਂ ਇਹ 'ਨੇੜੇ ਬੀ. ਡੀ. ਓ. ਦਫ਼ਤਰ ਲਿਖ ਹੁੰਦਾ ਰਿਹਾ।

ਉਦੋਂ ਤਾਂ ਚਾਰਾ ਕੋਈ ਨਹੀਂ ਸੀ ਹੋਰ। ਬੇਗਾਨੇ ਘਰ ਸਨ, ਮਾਲਕੀ ਹੋਰਾਂ ਦੀ ਸੀ। ਉਹ ਜਾਂ ਤਾਂ ਕਰਾਏ ਦੇ ਮਕਾਨ ਸਨ, ਜਾਂ ਅਲਾਟ ਹੋਏ ਕਮਰੇ। ਪਰ ਹੁਣ...ਹੁਣ ਤਾਂ ਉਸਦਾ ਆਪਣਾ ਘਰ ਸੀ, ਆਪਣੀ ਮਾਲਕੀ ਵਾਲੇ ਪੰਜ ਕੁ ਮਰਲੇ ਦਾ ਪੱਕਾ ਘਰ। ਲੋੜ ਅਨੁਸਾਰ ਉਸਾਰੇ ਦੋ ਕਮਰੇ, ਬੈਠਕ, ਰਸੋਈ, ਲੈਟਰੀਨ-ਬਾਥ। ਪੂਰੀ ਉਮਰ ਲਾ ਕੇ ਉਸਦੀ ਇਹ ਸੱਧਰ ਮਸਾਂ ਪੂਰੀ ਹੋਈ ਸੀ। ਕਿਧਰੇ।

ਫਿਰ... ਫਿਰ ਇਸ ਨਾਲ ਵੀ ਆ ਜੁੜਿਆ 'ਨੇੜੇ' ਸ਼ਬਦ ਉਸ ਅੰਦਰ ਤਿੱਖ਼ੀ ਲੰਮੀਂ ਸੂਲ ਵਾਂਗ ਖੁੱਭ ਗਿਆ।

ਫੁੱਟਾ-ਪੈਨਸਲ, ਰੰਗ-ਬੁਰਸ਼ ਥਾਏਂ ਛੱਡ ਕੇ, ਉਹ ਮੁੜ ਕੁਰਸੀ ਤੇ ਆ ਬੈਠਾ, ਵਿਹੜੇ 'ਚ ਡਿੱਠੀ ਪਲਾਸਟਕੀ ਕੁਰਸੀ 'ਤੇ।

ਬੈਠੇ ਬੈਠੇ ਨੂੰ ਉਸਨੂੰ ਜਿਵੇਂ ਕਿਸੇ ਨੇ ਆਵਾਜ਼ ਮਾਰੀ ਹੋਵੇ। ਉਸ ਨੇ ਆਸ-ਪਾਸ ਦੇਖਿਆ। ਕੋਈ ਵੀ ਨਹੀਂ ਸੀ ਨਾ ਬਾਹਰ ਨਾ ਅੰਦਰ। ਇਹ ਉਸਦੀ ਬੈਠਕ ਅੰਦਰਲਾ ਸਪੀਕਿੰਗ ਕਲਾਕ ਸੀ। ਪੰਜ ਵਜੇ ਹੋਣ ਦੀ ਸੂਚਨਾ ਬੋਲੀ ਸੀ ਇਸਨੇ। ਉਹ ਮੁੜ ਆਪਣੇ ਆਪ ਨਾਲ ਜੁੜ ਗਿਆ। ... ਪੰਜ ਵਜੇ ਤੱਕ ਤਾਂ ਮੁੜਨਾ ਚਾਹੀਦਾ ਸੀ, ਘਰ ਦੇ ਜੀਆਂ ਨੂੰ। ਪਿੰਡ ਗਏ ਸਨ ਉਹ ਸਵੇਰੇ ਸਵੱਖਤੇ। ਇਕ ਖ਼ਾਸ ਸਮਾਗਮ ਸੀ ਪਿੰਡ ਦੇ

ਵੱਖਰੇ ਗੁਰਦਵਾਰੇ। 'ਹਰਿ' ਸ਼ਬਦ ਜੋੜਿਆ ਜਾਣਾ ਸੀ ਨਿਸ਼ਾਨ ਸਾਹਿਬ ਦੀ ਟੀਸੀ ਤੇ, ਖੰਡੇ ਦੀ ਥਾਂ। ਕਈ ਦਿਨ ਉਸਦੀ ਧੀ-ਪੁੱਤਰ ਨਾਲ, ਘਰ ਵਾਲੀ ਨਾਲ ਤਲਖ਼ ਕਲਾਮੀਂ ਹੁੰਦੀ ਰਹੀ। ਨਾ ਘਰ ਦੇ ਜੀਆਂ ਨੇ ਆਪਣਾ ਹੱਠ ਛੱਡਿਆ, ਨਾ ਘਰ ਦੇ ਮੁਖੀ ਨੇ। ਉਸਦਾ ਤਰਕ ਸੀ- "ਇਉਂ ਕਰਨ ਤੇ ਮੁੱਢਲਾ ਭਾਈਚਾਰਾ ਰਹਿੰਦਾ ਵੀ ਤਿੜਕ ਜਾਊ। ਮਨਾਂ 'ਚ ਉੱਕਰ ਹੋਈ ਵੰਡ ਤਨਾਂ ਤੇ ਆ ਲਿਪਟੂ।" ਦੂਜਾ ਬੰਨਾ ਮੁੜ ਪਹਿਲਾਂ ਵਾਲੀ ਅੜੀ ਤੇ ਕਾਇਮ ਸੀ-"ਤੁਹਾਡੀ ਹੈਸ ਮੁੱਚ-ਮੁੱਚ ਨੇ ਈ ਸਿਰ ਨਈਂ ਚੁੱਕਣ ਦਿੱਤਾ ਸਾਡੇ ਲੋਕਾਂ ਨੂੰ! ਨਹੀਂ ਹੁਣ ਨੂੰ ਹੇਠਲੀ ਉਪਰ ਹੋਈ ਹੁੰਦੀ।"

ਹੇਠਲੀ ਉੱਪਰ ਲੜਾਈਆਂ-ਝਗੜਿਆਂ, ਜਗਾਂ-ਯੁੱਧਾਂ ਨੇ ਨਈਂ ਚਿੰਤਨ-ਚੇਤਨਾ ਨੇ ਕੀਤੀ ਐ। ਵਰਗ ਜਾਗ੍ਰਿਤੀ, ਵਰਗ ਸੰਘਰਸਾਂ ਰਾਹੀਂ ਹੁੰਦੀ ਆਈ ਆ। ਇਹ ਜੰਗ ਯੁੱਧ ਤਾਂ ਮਨੁੱਖੀ ਇਤਿਹਾਸ ਨੂੰ ਹੁਣ ਤੱਕ ਕਲੰਕਤ ਹੀ ਕਰਦੇ ਰਹੇ। ਹੋਰ ਤਾਂ ਹੋਰ ਇਹ ਵਸੀਲਾ ਰਹਿਤ ਹੱਥਾਂ ਦੀ ਕਿਰਤ ਸ਼ਕਤੀ, ਕਿਰਤ ਸਮਰੱਥਾ ਨੂੰ ਵੀ ਕੋਂਹਦੇ-ਨਪੀੜਦੇ ਰਹੇ ਆ, ਧਰਮਾਂ, ਜਾਤਾਂ, ਗੋਤਾਂ, ਰੰਗਾਂ, ਨਸਲਾਂ ਦੇ ਠੀਹੇਂ ਬਣਾ ਕੇ।

ਉਸਦੀ ਗੌਰੀ-ਭਾਰੀ ਦਲੀਲ ਤਿੰਨਾਂ 'ਚੋਂ ਕਿਸੇ ਨੇ ਵੀ ਨਹੀਂ ਸੀ ਸੁਣੀ।

ਉਸਦੀ ਪਤਨੀ, ਉਸਦੇ ਪੜਾਕੂ ਧੀ-ਪੁੱਤਰ ਉੱਤੇ ਜਿਵੇਂ ਕੋਈ ਜਾਦੂ ਕਰ ਰੱਖਿਆ ਸੀ ਕਿਸੇ ਕਰਮਕਾਂਡੀ ਮੰਤਰ ਨੇ।

ਸਵੇਰੇ ਝਗੜ-ਬੋਲ ਕੇ ਗਏ ਉਹ ਅਜੇ ਤੱਕ ਵਾਪਿਸ ਨਹੀਂ ਸੀ ਪਰਤੇ।

ਸਿਆਲੂ ਦਿਨਾਂ ਦੀ ਠੰਡ ਵਿਹੜੇ 'ਚ ਪਸਰਣ ਲੱਗ ਪਈ। ਉਸ ਨੇ ਗੇਟ ਲਾਗੇ ਰਖਿਆ ਨਿੱਕ ਸੁੱਕ ਚੁੱਕਿਆ। ਕੁਰਸੀ ਸਮੇਤ ਅੰਦਰ ਚਲਾ ਗਿਆ। ਬੈਠਕ 'ਚ ਪਈ ਲੋਈ ਦੀ ਬੁੱਕਲ ਮਾਰ ਕੇ ਉਹ ਦਰਵਾਜ਼ਾ ਬੰਦ ਕਰਨ ਹੀ ਲੱਗਾ ਸੀ ਕਿ ਬਾਹਰਲਾ ਗੇਟ ਖੜਕਿਆ। ਉੱਧੇੜ ਉੱਖੇੜ ਤਿੰਨੋਂ ਜੀਆ ਵਿਹੜੇ ਅੰਦਰ ਲੰਘ ਆਏ ਸਨ। ਲੰਗੜਾ ਕੇ ਤੁਰਦਾ ਪੁੱਤਰ ਮਸਾਂ ਕਮਰੇ ਅੰਦਰ ਦਾਖਿਲ ਹੋਇਆ। ਇਕ ਡਾਂਗ ਉਸਦੀ ਲੱਤ 'ਤੇ ਵੱਜੀ ਸੀ, ਦੋ ਤਿੰਨ ਮੌਰਾਂ ਤੇ। ਲੜਾਈ-ਝਗੜਾ ਹੋਇਆ ਸੀ ਪਿੰਡ, ਖ਼ੂਨ-ਖ਼ਰਾਬੇ ਵਰਗਾ।

ਉਸਦਾ ਡਰ ਸੱਚ ਸਾਬਤ ਹੋਇਆ।

ਇਉਂ ਹੋਣਾ ਹੀ ਹੋਣਾ ਸੀ। ਇਸ ਦਾ ਪੱਕ ਪਤਾ ਸੀ ਉਸਨੂੰ।

ਇਸ ਦੀ ਸਿੱਧ-ਪੱਧਰੀ ਵਿਆਖਿਆ ਕਰਨ ਲਈ, ਉਸਨੇ ਕਹਿਣਾ ਸੀ-'ਇਕ ਪਾਸੇ 'ਖੰਡਾ' ਧਿਰ, ਦੂਜੇ ਪਾਸੇ 'ਹਰਿ' ਸਮਰਥੱਕ। ਦੋਨਾਂ ਨੂੰ ਵਰਗਾਂ-ਜਾਤਾਂ ਦੀ ਜ਼ਹਿਰੀਲੀ ਪੁੱਠ। ਦੋਨਾਂ ਦੀ ਬੁੱਧ ਵਿਵੇਕ ਇਕ ਦਮ ਖੁੰਡੀ ਹੋਈ ਪਈ ਆ। ਅਵੱਲ ਗਿਰਵੀ ਕੀਤੀ ਪਈ ਆ ਕਿਸੇ ਤੀਸਰੀ ਧਿਰ ਨੇ। ਇਸ ਧਿਰ ਨੇ ਨਾ ਇਕ ਨੂੰ ਸੁਰਤ ਆਉਣ ਦੇਣੀ ਨਾ ਦੂਜੇ ਨੂੰ। ...ਹੁਣ ਤੱਕ ਇਹੀ ਕੁਝ ਹੁੰਦਾ ਰਿਹਾ। ਸਾਡਾ ਸਾਰਾ ਇਤਿਹਾਸ ਪੂਰੀ ਤਰ੍ਹਾਂ ਲਿੱਬੜਦਾ ਕੀਤਾ ਪਿਆ ਇਸ ਨੇ। ਇਸ ਦੇ ਧਰਮ ਤੰਤਰ ਨੇ। ਦੰਗੇ ਫ਼ਸਾਦ, ਲੜਾਈਆਂ-ਝਗੜੇ ਖ਼ੂਨੀ ਜੰਗਾਂ ਇਕ ਤਰਾਂ ਦਾ ਸੁਗਲ ਮੇਲਾ ਐ ਇਸ ਦੀ ਸੁਆਰਥੀ ਬਿਰਤੀ ਲਈ, ਮੁਨਾਫ਼ਾਖੋਰ ਫਿਤਰਤ ਲਈ।'

ਪਰ ਉਹ ਕਹਿ ਨਾ ਸਕਿਆ, ਡੌਰ-ਭੌਰ ਦਿਸਦੇ ਤਿੰਨੋਂ ਜੀਅ ਉਸ ਅੰਦਰਲੇ ਉਬਾਲ ਨੂੰ, ਉਸ ਦੇ ਅੰਦਰ ਹੀ ਕਿਧਰੇ ਨੱਪਦਾ ਕਰ ਗਏ।

ਉਜੇ, ਹਰ ਸਭਾ ਸੋਸਾਇਟੀ ਹਰ ਸੈਮੀਨਾਰ ਸੰਮੇਲਨ 'ਚ ਉਸ ਦੀ ਵਿਆਖਿਆ ਹੋਰ ਵੀ ਉੱਗੜਵੀਂ ਹੁੰਦੀ ਸੀ। ਉਸਦਾ ਸਾਰਾ ਤਾਣ ਇਸ ਤੀਜੀ ਧਿਰ ਨੂੰ ਨੰਗਿਆ ਕਰਨ ਤੇ, ਇਸ ਦੀ ਅਸਲ ਖ਼ਾਸੇ ਦੀ ਛਾਣ ਬੀਣ ਕਰਨ ਤੇ ਲੱਗਦਾ ਸੀ।

ਇਹ ਸਾਰੇ ਤੱਥ ਉਸ ਦੇ ਧੀ-ਪੁੱਤਰ ਦੀ ਸੂਝ ਸਮਝ ਦਾ ਹਿੱਸਾ ਵੀ ਬਣਦੇ ਰਹੇ ਸਨ, ਅਕਸਰ। ਪਰ ਉਸਦੀ ਘਰ ਵਾਲੀ ਉਸਦੀ ਕੀਤੀ ਕੱਤਰੀ ਨੂੰ ਇਕ ਸਾਰ ਪੋਚਾ ਫੇਰ ਦਿਆ ਕਰਦੀ।

ਇਸ ਵਾਰ ਵੀ ਉਸਦੀ ਚੁੰਗਲ 'ਚ ਫਸੇ ਉਹ ਦੋਨੋਂ ਪਿੰਡ ਚਲੇ ਗਏ ਸਨ, ਛੁੱਟੀ ਵਾਲੇ ਦਿਨ। ਰੋਹ ਰੰਜ, ਨਫਰਤੀ ਭਾਵ ਹੋਰ ਵੀ ਉੱਭਰ ਆਏ ਦਿਸਦੇ ਸਨ ਉਹਨਾਂ ਸਭ ਦੇ ਚਿਹਰਿਆਂ ਤੇ ਸੰਘਣੀ ਤਰ੍ਹਾਂ ਪੱਸਰੇ।

ਡਰੀ ਸਹਿਮੀ ਉਸਦੀ ਪਤਨੀ ਸਿੱਧੀ ਪਿਛਲੇ ਅੰਦਰ ਵਿਛੇ ਬੈੱਡ 'ਤੇ ਜਾ ਡਿੱਗੀ। ਤੇ ਉਹ ...ਉਹ ਧੀ-ਪੁੱਤਰ ਨੂੰ ਪਿਆਰਦਾ ਪੁੱਚਕਾਰਦਾ ਵੱਡੇ ਕਮਰੇ 'ਚ ਲੈ ਆਇਆ। ਉਹਨਾਂ ਦੋਨਾਂ ਨੂੰ ਵਗਲ 'ਚ ਲੈਂਦੇ ਨੇ



ਉਸਨੇ ਇਸ ਵਾਰ ਜਿਵੇਂ ਹਲਕੀ ਜਿਹੀ ਝਿੜਕ ਵੀ ਮਾਰੀ-"ਸਭ ਕੁਝ ਜਾਣ-ਦਿਆਂ ਬੁੱਝਦਿਆਂ ਵੀ ਆਪਾਂ ਸਾਧਾਂ ਦੀ ਸਿਆਸਤ ਨੂੰ ਇਲਾਹੀ ਹੁਕਮ ਮੰਨ ਲਿਆ। ਇਕ ਪਾਸੇ ਤਾਂ ਆਪਾਂ ਆਪਣੇ ਉੱਪਰ ਥੋਪੇ ਗਏ ਜਾਤ-ਪ੍ਰਬੰਧ ਤੋਂ ਬਾਗੀ ਹੋਣ ਲਈ ਤਰਲੋਮੱਛੀ ਹੋਏ ਬੈਠੇ ਆ, ਦੂਜੇ ਪਾਸੇ ਉਹਨਾਂ ਵਰਗਾ ਹੀ ਜਾਤ-ਅਭਿਮਾਨ ਸਿਰ ਤੇ ਚੁੱਕੀ ਫਿਰਦੇ ਆ। ... ਬੱਸ ਐਸੇ ਗੱਲੋਂ ਮਾਰ ਖਾਨੇ ਆਂ ਅਸੀਂ ਲੋਕੀਂ।

ਲਗਦੇ ਹੱਥ ਹੀ ਉਸਨੇ ਹੱਡੀ ਹੰਢਾਏ ਅਭਿਆਸ ਦੀ ਵੀ ਥੋੜੀ ਕੁ ਜਿੰਨੀ ਵਿਥਿਆ ਕਹਿ ਸੁਣਾਈ। ਨਾਲ ਦੀ ਨਾਲ ਆਪਣਾ ਹੱਠ-ਧਰਮ, ਨਾਲ ਦੀ ਨਾਲ ਸੱਤੇ-ਗੀਬੇ ਦੀ ਕਥਾ-ਕਹਾਣੀ। ਇੰਦਰ ਬਾਬੇ ਦੇ ਮੁੰਡਿਆਂ ਦਾ ਹਾਲ ਹਵਾਲ।

ਉਸ ਨੇ ਥੋੜਾ ਕੁ ਸਹਿਜ ਹੁੰਦੇ ਨੇ ਦੱਸਿਆ ਸੀ ਆਪਣੇ ਧੀ-ਪੁੱਤਰ ਨੂੰ ਕਿ 'ਸੀਗੇ ਤਾਂ ਉਹ ਮੇਰੇ ਯਾਦ-ਬੇਲੀ। ਹੱਸਣ ਖੇਲਣ ਵੀ ਖੁੱਲਾ ਸੀ ਉਹਨਾਂ ਨਾਲ। ਪਰ ਦੋਨਾਂ 'ਚੋਂ ਕੋਈ ਵੀ ਤਣ-ਪੱਤਣ ਨਹੀਂ ਸੀ ਲੱਗਾ। ਸੱਤੇ ਨੇ ਅਠਵੀਂ 'ਚ ਗੋਡੇ ਟੇਕ ਦਿੱਤੇ, ਛੋਟੇ ਗੀਬੇ ਦੀਆਂ ਦਸਵੀਂ 'ਚੋਂ ਦੋ ਵਾਰ ਗੋਟਣੀਆ ਲੱਗੀਆ। ਹਾਰ ਕੇ ਜੰਘੀ ਫੜ ਲਈ ਦੋਨਾਂ ਨੇ। ਪਿਓ ਨਾਲ ਆਡਾ ਲਾ ਕੇ ਖੇਤ ਬੰਨਾ ਵੀ ਵੰਡ ਲਿਆ। ਭਲੀ-ਚੰਗੀ ਤੁਰਦੀ ਤੋਰ ਲੀਹੋਂ ਉੱਤਰ ਗਈ। ਉਂ ਟੈ-ਟੱਸ ਰਤਾ ਮਾਸਾ ਵੀ ਮੱਠੀ ਨਾ ਪਈ।'

ਕਦੇ ਕਦਾਈਂ ਪਿੰਡ ਗਏ ਨੂੰ ਉਹ ਮੈਨੂੰ ਮਿਲਿਆ ਗਿਲਿਆ ਵੀ ਕਰਨ। ਬਾਤ-ਚੀਤ ਵੀ ਕਰਿਆ ਕਰਨ। ਪਰ, ਐਮੇਂ ਕਿਮੇਂ ਦੀ ਉਪਰੀ ਜਿਹੀ ਰੜਕਵੀਂ ਜਿਹੀ, ਕਦੀ ਕਿਹਾ ਕਰਨ-'ਜ਼ਾਰ ਤੂੰ ਤਾਂ ਨਿੱਖਰ ਈ ਬੜਾ ਗਿਆ ਸ਼ਹਿਰ ਜਾ ਕੇ ਕੀ ਖਾਨਾਂ ਹੁੰਨਾ!' ਕਦੀ ਆਖਿਆ ਕਰਨ 'ਤੇਰੀ ਤਾਂ ਮੋਹਨਿਆਂ ਗੋਗੜ ਈ 'ਗਾਆਂ ਨੂੰ ਤੁਰੀ ਆਉਂਦੀ ਆ, ਤੈਨੂੰ ਹੁਣ ਲਾਵੀ ਦਿਹਾੜੀ ਕੌਣ ਲਜਾਊ। ਮੈਨੂੰ, ਆਪਣੇ ਵਾੜੇ ਲਾਗਿਉਂ ਦੀ ਲੰਘਦਾ ਦੇਖ ਕੇ, ਇਕ ਵਾਰ ਤਾਂ ਗੀਬੇ ਮੂੰਹੋਂ ਸਪਾਟ ਈ ਨਿਕਲ ਗਿਆ-'ਦੇਖ ਸਾਲੀ ਚਮਾੜਲੀ ਕਿੱਦਾਂ ਮੇਲ੍ਹਦੀ ਫਿਰਦੀ ਆ ਬਣ-ਸੰਵਰ ਕੇ। ਸਾਡੇ ਭਾਅ ਦਾ ਤਾਂ ਏਹ ਹਜੇ ਵੀ ਉਹੀ ਆ ਕਮੀਂ ਕਮੀਣ। ਕਰਤਾਰੇ ਮੋਚੀ ਦਾ ਮੁੰਡਾ ਮੋਹਣੂ-ਕੋਹਣੂ।'

ਉਸਦੀ ਬਾਤ ਵਾਰਤਾ ਸੁਣਦੇ, ਉਸਦੇ ਪੁੱਤਰ-ਧੀ ਦੇ ਚਿਹਰੇ ਇਕ ਦਮ ਕੱਸੇ ਗਏ ਸਨ। ਪਰ, ਉਹਨਾਂ ਦੇ ਕੁਝ ਵੀ ਕਹਿਣ ਤੋਂ ਪਹਿਲਾਂ ਉਸਨੇ ਝੱਟ ਪੈਂਤੜਾ ਸਾਂਭ ਲਿਆ ਸੀ-"ਮੈਂ ਓਸਲੇ ਤਾਂ ਉਸਨੂੰ ਕੋਈ ਜਵਾਵ ਨਾ ਦਿੱਤਾ। ਜੇ ਦਿੰਦਾ ਵੀ ਤਾਂ ਭੌਂ ਮਾਲਕੀ ਫਿੱਤਰਤ ਤੋਂ ਸਹਿਨ ਨਹੀਂ ਸੀ ਹੋਣਾ। ਪਰ, ਅਗਲੇ ਹੀ ਦਿਨ, ਉਸਨੂੰ ਗੱਡਾ ਹਿੱਕੀ ਆਉਂਦੇ ਨੂੰ ਵੱਡੇ ਚੁਰਾਹੇ 'ਚ ਰੋਕ ਕੇ ਮੈਂ ਉਸਦੀ ਹੋਂਦ ਹੋਣੀ ਦਾ ਸ਼ੀਸ਼ਾ ਐਨ ਉਸਦੇ ਸਾਹਮਣੇ ਕਰ ਦਿੱਤਾ-"ਸੁਣਾ ਬਈ ਗੀਬਾ ਸਿਆਂ, ਬੜਾ ਰੋਲ-ਮਧੋਲ ਹੋਇਆ! ਕੀ ਗੱਲ ਢਾਅ ਲਿਆ ਸੀ ਸੰਧੂ ਸਰਦਾਰ ਨੂੰ ਕਿਸੇ ਲਹਿਣੇਦਾਰ ਨੇ ਹਲ ਵਾਹੁੰਦੇ ਨੂੰ, ਜਾਂ ਉਈਂ ਬੱਸ ਹੋਈ ਪਈ ਆ ਨਸੇ ਪੱਤੇ ਕਰਦੇ ਦੀ!"

ਉਸਨੇ ਅੱਗੇ ਦਸਿਆ ਸੀ ਆਪਣੇ ਧੀ-ਪੁੱਤਰ ਨੂੰ -"ਇਸ ਤੋਂ ਵੱਧ ਮੈਂ ਉਸਨੂੰ ਕੁਝ ਨਹੀਂ ਸੀ ਕਿਹਾ। ਜੇ ਕਹਿੰਦਾ ਤਾਂ ਮੇਰਾ ਆਪਣਾ ਅਹਿਦ ਟੁੱਟਦਾ ਸੀ। ਮੇਰੇ ਅੰਦਰ ਦੂਰ ਕਿਧਰੇ ਨੱਪ ਘੁੱਟ ਹੋਈ ਕਮੀਂ ਕਮੀਣ ਹਊਂ ਮੁੜ ਤੋਂ ਜ਼ਰਬ ਖਾਂਦੀ ਸੀ। ਤੇ... ਤੇ ਸਿੱਟਾ ਉਹੀ ਨਿਕਲਦਾ ਜਿਹੜਾ ਅੱਜ ਕੱਢ ਕੇ ਆਏ ਓ ਤੁਸੀਂ।

ਇਸ ਵਾਰ ਉਸਨੂੰ ਲੱਗਾ ਸੀ ਕਿ ਲੱਗੀਆਂ ਸੱਟਾਂ ਉੱਤੇ ਗਰਮ ਪਾਣੀ ਦੇ ਫੈਹੇ ਸਹਿੰਦੇ ਸਹਾਰਦੇ ਉਸਦੇ ਪੁੱਤਰ ਨੇ ਵੀ ਉਸਦੀ ਬਾਤ ਵਾਰਤਾ ਧਿਆਨ ਨਾਲ ਸੁਣੀ ਸੀ। ਤੇ ਲਾਗੇ ਬੈਠੀ ਉਸਦੀ ਧੀ ਨੇ ਵੀ।

ਫਿਰ, ਦੂਜੇ ਚੌਥੇ ਉਹ ਦੋਨੋਂ ਕਲਾਸ ਸਲੇਬਸਾਂ ਤੋਂ ਬਾਹਰ ਵਾਪਰਦਾ 'ਸੱਚ' ਜਾਨਣ ਲਈ ਉਸ ਦੇ ਹੋਰ ਨੇੜੇ ਨੇੜੇ ਬੈਠਣ ਲੱਗ ਪਏ। ਉਹ ਖ਼ੁਸ਼-ਪ੍ਰਸੰਨ ਸੀ ਹੁਣ। ਉਸ ਦੇ ਵੱਡੀਆਂ ਜਮਾਤਾਂ ਪੜ੍ਹਦੇ ਬੱਚੇ ਉਸਨੂੰ ਜਾਨਣ ਲੱਗ ਪਏ ਸਨ। ਉਸਦੀ ਪੈੜ-ਚਾਲ ਪਛਾਨਣ ਲੱਗ ਪਏ ਸਨ। ਹੁਣ ਉਹਨਾਂ ਕਦੀ ਉਸਦੇ 'ਫੇਰੇ ਤੋਰੇ' ਤੇ ਬੇ-ਲੋੜੀ ਟੋਕ-ਟਕਾਈ ਨਹੀਂ ਸੀ ਕੀਤੀ। ਫਾਲਤੂ ਦਾ ਕਿੰਤੂ-ਪ੍ਰੰਤੂ ਨਹੀਂ ਸੀ ਕੀਤਾ। ਨਹੀਂ ਪਹਿਲੋਂ ਘਰ ਦੀ ਤੰਗੀ-ਤੁਰਸੀ ਤੋਂ ਅੱਕੀ ਉਸਦੀ ਪਤਨੀ ਰੀਸੇ ਉਹ ਵੀ ਉਸ ਨੂੰ ਨਿਖੱਟੂ-ਨਿਕੰਮਾਂ ਵਰਗੇ ਪ੍ਰਵਚਨਾਂ ਨਾਲ ਨਿਵਾਜ਼ ਦਿਆ ਕਰਦੇ ਸਨ। ਤੀਜੇ ਸ਼ਬਦ ਨੂੰ ਛੱਡ ਤਿਆਗ ਕੇ ਹੋਏ ਝੱਲੇ ਢੇਰ ਸਾਰੇ ਮਾਇਕ ਨੁਕਸਾਨ ਦਾ ਮੁੱਖ ਦੋਸ਼ੀ ਉਸ ਨੂੰ ਹੀ ਗਰਦਾਨਦਿਆਂ ਇਥੋਂ ਤੱਕ ਕਹਿ ਦਿਆ ਕਰਦੇ ਸਨ-"ਤੁਹਾਨੂੰ ਪਤੀ-ਪਿਤਾ ਨਹੀਂ ਸੀ ਬਨਣਾ ਚਾਹੀਦਾ। ਸਗੋਂ ਸੰਨਿਆਸੀ ਬਨਣਾ ਚਾਹੀਦਾ ਸੀ, ਦੁਨੀਆਂਦਾਰੀ ਤੋਂ ਦੂਰ ਰਹਿਣ

ਵਾਲਾ ਇਕ ਤਰ੍ਹਾਂ ਦਾ ਜੰਗਲੀ ਜੀਵ।

ਉਸਦੀ ਪਤਨੀ ਦੇ ਤਿੱਖੇ ਤੇਵਰ ਤਾਂ ਆਏ ਦਿਨ ਉਹਦੇ ਵਲ ਨੂੰ ਅਗਨ ਬਾਣ ਛੱਡਦੇ ਹੀ ਰਹਿੰਦੇ। ਖਿਝੀ ਖਪੀ ਉਹ ਕਈ ਵਾਰ ਅਪ ਸ਼ਬਦ ਵੀ ਬੋਲ ਜਾਂਦੀ। ਜ਼ਰਾ ਕੁ ਜਿੰਨੀ ਤੰਗੀ ਤੁਰਸ਼ੀ ਨੂੰ ਕਿੰਨਾਂ ਸਾਰਾ ਵਧਾ ਚੜ੍ਹਾ ਕੇ ਉਹ ਉਸ ਉੱਤੇ ਜਿਵੇਂ ਵਰ੍ਹ ਹੀ ਪੈਂਦੀ-"ਏਸ ਝੁੱਡੂ ਜੈਏ ਨੇ ਘਰ 'ਚ ਵੀ ਭੁੱਖ ਨੰਗ ਵਰਤਾਈ ਰੱਖੀ ਆ, ਤੇ ਆਪੂੰ ਵੀ ਸਾਰੀ ਉਮਰ ਆਹੀ ਲੀਰਾਂ ਲੰਮਕਾਈ ਰੱਖੀਆ ਆਪਣੇ ਦੁਆਲੇ।" ਉਸਦੇ ਕੁੜਤੇ-ਪਜਾਮੇਂ ਦੀ ਪਸੰਦ ਨੂੰ 'ਲੀਰਾਂ' ਦੀ ਸੰਗਿਆ ਦਿਆ ਕਰਦੀ ਸੀ।

ਕਰਾਏ ਦੇ ਮਕਾਨਾਂ ਦੀ ਔਖ-ਔਖਿਆਈ ਕੱਟਦੀ ਉਹ ਹੋਰ ਵੀ ਚਿੜਦੀ ਰਹੀ ਸੀ। ਉਸਦਾ ਗਿਲਾ ਹੁੰਦਾ-"ਏਦੇ, ਨਾਲ ਦੇ ਕਿਤੇ ਦੇ ਕਿਤੇ ਪੁੱਜਿਓ ਆ। ਕੋਈ ਜ਼ਿਲਾ ਅਫ਼ਸਰ ਬਣਿਆ ਪਿਆ, ਕਿਸੇ ਨੇ ਚੰਦੀਗੜ੍ਹ ਤੱਕ ਮਾਰ ਮਾਰੀ ਪਈ ਆ। ਤੇ ਏਹ... ਏਹ ਸਾਧੜਾ ਜਿਹਾ ਐਥੇ ਈ ਧੱਕੇ ਖਾਈ ਜਾਂਦਾ, ਪਿੰਡਾਂ ਥਾਵਾਂ ਦੇ ਸਕੂਲੀ ਦਫ਼ਤਰਾਂ 'ਚ...।"

ਪਤਨੀ ਦੇ ਬੋਲ-ਕਬੋਲ ਉਸ ਨੂੰ ਤੰਗ-ਪ੍ਰੇਸ਼ਾਨ ਤਾਂ ਕਰਦੇ, ਪਰ ਉਹ ਖਿਝਦਾ ਖੱਪਦਾ ਨਾ।

ਇੰਦਰ ਬਾਬੇ ਦਾ ਜੁੱਟ ਬਣ ਕੇ ਬਰਦਾਸ਼ਤ ਕੀਤੀ ਪੰਦਰਾਂ ਕੁ ਦਿਨਾਂ ਦੀ ਔਖ ਮੁਸ਼ਕਲ ਨੇ, ਉਸ ਅੰਦਰ ਆਤਮ ਵਿਸ਼ਵਾਸ਼ ਵਰਗਾ ਟਿਕਵੀਂ ਤਰਾਂ ਦਾ ਠਹਿਰਾਅ ਵੀ ਭਰਦਾ ਕਰ ਦਿੱਤਾ ਸੀ।

ਉਸ ਦੇ ਨਰਮ ਨਾਜ਼ੁਕ ਹੱਥਾਂ ਪੈਰਾਂ 'ਚ ਖੁੱਭੇ ਕਿਸਾਰ ਖੁੰਗੇ ਉਸਨੂੰ ਚਾਰ ਛੇ ਦਿਨਾਂ 'ਚ ਭੁਲ ਭੁਲਾ ਗਏ ਸਨ।

ਉਸਦੀ ਸਿੱਟੇ ਚੁਗਦੀ ਮਾਂ, ਜੁੱਤੀਆਂ ਗੰਢਦੇ ਪਿਓ ਦੇ ਘਰ ਉਸ ਵਾਰ ਵੀ ਵੀਹ-ਤੀਹ ਸੇਰ ਕਣਕ ਦੀ ਥਾਂ, ਪੰਜ-ਛੇ ਮਣ ਦਾਣੇ ਹੀ ਪੁੱਜਦੇ ਹੋਏ ਸਨ।

ਪਰ, ਉਸਦੀ ਚੜ੍ਹਦੀ ਪੁੰਗਰਦੀ ਉਮਰ, ਇੰਦਰਕਿਆਂ ਦੇ ਕਿਸੇ ਵੱਡੇ ਵਡੇਰੇ ਤੋਂ ਉਸਦੇ ਕਿਸੇ ਬਾਬੇ ਪੜਦਾਦੇ ਨੂੰ ਦਾਨ-ਪੁੰਨ 'ਚ ਮਿਲੇ ਘਰ ਕੋਠੇ 'ਚ ਰਹਿਣ ਤੋਂ ਇਨਕਾਰੀ ਹੁੰਦੀ ਗਈ।

ਵਿਹੜੇ ਨਾਲ ਜੁੜੇ ਕਮੀਂ ਕਮੀਣ ਸ਼ਬਦ ਨੂੰ ਅਲਵਿਦਾ ਕਹਿ ਕੇ ਉਹ ਉਮਰ ਭਰ ਨਾ ਆਪਣੇ ਸਾਹਮਣੇ ਆਪ ਹੀਣਾ ਹੋਇਆ ਸੀ, ਨਾ ਕਿਸੇ ਵੀ ਖੱਬੀਖਾਨ ਸਾਹਮਣੇ ਝੁਕਿਆ-ਲਿਫਿਆ ਸੀ।

ਪਰ, ਹੁਣ... ਹੁਣ ਅਠਵੰਜਾ ਸੱਠ ਸਾਲ ਦੀ ਉਮਰ 'ਚ ਸੇਵਾ ਮੁਕਤ ਹੋ ਕੇ, ਆਪਣੇ ਘਰ ਆਪਣੇ ਮਕਾਨ 'ਚ ਪੁੱਜੇ ਦਾ ਉਸਦਾ ਕਿੰਨਾਂ ਸਾਰਾ ਵਜੂਦ ਜਿਵੇਂ ਭਰ ਕਿਰ ਗਿਆ। ਉਸਦਾ ਘਰ, ਉਸਦਾ ਨਵਾਂ ਉਸਰਿਆ ਮਕਾਨ, ਮੁੜ 'ਨੇੜੇ' ਸ਼ਬਦ ਦੀ ਗੁਲਾਮੀ ਸਹੇੜਦਾ ਉਸ ਤੋਂ ਬਰਦਾਸ਼ਤ ਨਹੀਂ ਸੀ ਹੋਇਆ।

ਉਹ ਨਹੀਂ ਸੀ ਚਾਹੁੰਦਾ, ਇਹ ਸ਼ਬਦ ਉਸਦੇ ਧੀ-ਪੁੱਤਰ ਨੂੰ ਵੀ ਉਸ ਵਾਂਗ ਦਾਗ਼ਦਾਰ ਕਰੀ ਰੱਖੇ। ਉਹਨਾਂ ਦੇ ਥੌਹ ਪਤੇ ਨੂੰ ਵੀ ਲੰਗੜਾ ਬਣਾਈ ਰੱਖੇ। ਉਹਨਾਂ ਤਾਂ ਅਜੇ ਸ਼ੁਰੂਆਤ ਹੀ ਕੀਤੀ ਸੀ। ਉਹਨਾਂ ਦਾ ਤਾਂ ਸਾਰਾ ਭਵਿੱਖ ਖੜ੍ਹਾ ਸੀ ਉਹਨਾਂ ਸਾਹਮਣੇ। ਉਹਨਾਂ ਦੇ ਨੰਬਰ-ਨਤੀਜੇ, ਅਰਜੀਆਂ-ਇੰਟਰਵਿਊਆਂ ਸਭ ਏਸੇ ਪਤੇ ਤੇ ਆਉਣੀਆਂ-ਪੁੱਜਣੀਆਂ ਸਨ।

ਇਹ ਸਾਰੇ, ਉਸਦੇ ਚਿੱਠੀ-ਪੱਤਰ ਵਾਂਗ ਹੋਰਨੀਂ ਘਰੀਂ ਘੁੰਮ ਕੇ ਪੁੱਜਣ! ਉਸ ਤੋਂ ਇਹ ਨਿਮੋਸ਼ੀ ਬਿਲਕੁਲ ਸਹਿਣ ਨਹੀਂ ਸੀ ਹੋਣੀ। ਉਹ ਅਲੋਕਾਰ ਤਰ੍ਹਾਂ ਦੀ ਸ਼ਸ਼ੋਪੰਜ 'ਚ ਜਕੜਿਆ ਗਿਆ। ਇਕ ਪਾਸੇ ਉਸਦਾ ਛਡਿਆ ਤਿਆਗਿਆ ਜਾਤੀ ਸੂਚਕ ਵਿਸ਼ੇਸ਼ਣ, ਦੂਜੇ ਪਾਸੇ ਉਮਰ ਭਰ ਉਸਦੀ ਪੀੜ-ਚੀਸ ਦਾ ਕਾਰਨ ਬਣਦਾ ਰਿਹਾ ਸੰਯੋਜਕ।

ਦੋਨਾਂ 'ਚੋ ਕੋਈ ਇਕ ਤਾਂ ਲਿਖਣਾ ਹੀ ਪੈਣਾ ਸੀ ਬਾਹਰਲੇ ਗੇਟ 'ਤੇ। ਘਰ ਦੀ ਪਹਿਚਾਣ ਲਈ। ਇਸ ਦੀ ਹੋਂਦ ਨੂੰ ਉਜਾਗਰ ਕਰਨ ਲਈ। ਆਪਣੇ ਨਾਂ ਨੂੰ ਹੋਰਨਾਂ ਸਰਨਾਮੀਆਂ ਤੋਂ ਵੱਖਰਾ ਦਰਸਾਉਣ ਲਈ।

ਕਿੰਨੇ ਹੀ ਦਿਨ ਉਹ ਇਹਨਾਂ ਦੋ ਪੁੜਾਂ ਵਰਗੇ ਸ਼ਬਦਾਂ 'ਚ ਫਸਿਆ ਰਗੜ ਹੁੰਦਾ ਰਿਹਾ।

ਆਖਿਰ ਉਸਦੇ ਘਰ ਪਰਿਵਾਰ ਦੀ, ਉਸਦੇ ਧੀ-ਪੁੱਤਰ ਦੀ ਵਫ਼ਾ ਉਸਦੀ ਚੋਣ ਤੇ ਭਾਰੂ ਹੋ ਗਈ।

ਬਾਹਰਲੇ ਗੇਟ ਦੇ ਪੀਲ ਪਾਵੇ ਤੇ ਵਾਹੀ ਆਇਤਕਾਰ 'ਚ ਉੱਕਰੇ 'ਨੇੜੇ' ਸ਼ਬਦ ਨੂੰ ਮੇਟ-ਮੇਸ ਕੇ ਉਸ ਨੇ ਆਪਣੇ ਨਾਂ ਮੋਹਣ ਲਾਲ ਨਾਲ ਜੁੜਵਾਂ ਤੀਸਰਾ ਸ਼ਬਦ 'ਬੰਗੜ' ਲਿਖਣ ਲਈ ਮੁੜ ਤੋਂ ਮਿਣਤੀ-ਗਿਣਤੀ ਕਰ ਲਈ। ਭਾਵੇਂ ਕੰਬਦੇ ਹੱਥਾਂ ਨਾਲ ਹੀ!!



## ਕਹਾਣੀ/ ਖੰਡਰ/ ਬਲਬੀਰ ਕੌਰ ਸੰਘੇੜਾ

ਜਦੋਂ ਮੈਂ ਬਾਹਰ ਤੱਕਦੀ ਤਾਂ ਮੇਰੇ ਘਰ ਤੋਂ ਸੌ ਕੁ ਗਜ਼ ਦੀ ਵਿੱਥ 'ਤੇ ਖੜੇ, ਖੰਡਰ ਬਣੇ ਘਰ ਉੱਤੇ ਜਾ ਕੇ ਮੇਰੀ ਨਜ਼ਰ ਅਟਕ ਜਾਂਦੀ। ਮੈਂ, ਉਸ ਘਰ ਵਿਚ ਕਿਸੇ ਵੇਲੇ ਵੱਸਦੀ 'ਮਾਰਥਾ' ਬਾਰੇ ਸੋਚਣ ਲੱਗਦੀ। 'ਮਾਰਥਾ' ਇੱਕਲੀ ਰਹਿੰਦੀ ਸੀ। ਕੁੱਤੇ-ਬਿੱਲੀਆਂ ਉਸਨੇ ਘਰ ਵਿਚ ਰੱਖੇ ਹੋਏ ਸਨ। ਮੈਂ ਜਦੋਂ ਦੀ ਇਸ ਨਵੇਂ ਬਣੇ ਘਰ ਵਿਚ ਆਈ ਹਾਂ, ਉਸ ਵੇਲੇ ਤੋਂ ਪਹਿਲਾਂ ਹੀ ਉਹ ਰਿਟਾਇਰਡ ਹੋ ਚੁੱਕੀ ਸੀ। ਸਵੇਰੇ ਸ਼ਾਮ ਉਹ ਆਪਣੇ ਕੁੱਤਿਆਂ ਨੂੰ ਤੋਰਨ ਲੈ ਕੇ ਜਾਂਦੀ। ਨਿੱਕੇ-ਨਿੱਕੇ ਕੁੱਤੇ ਉਸਦੀਆਂ ਲੱਤਾਂ ਨੂੰ ਚਿੰਬੜੇ ਰਹਿੰਦੇ। ਕਦੀ ਉਹ ਉਨ੍ਹਾਂ ਨੂੰ ਗੋਦੀ ਚੁੱਕੀ ਫਿਰਦੀ। ਉਹ ਗਰਮੀਆਂ ਦੇ ਦਿਨਾਂ ਵਿਚ ਆਪਣੇ ਗਾਰਡਨ ਵਿਚ ਕੰਮ ਕਰਦੀ। ਕਈ ਵਰ੍ਹੇ ਮੈਂ ਉਸਨੂੰ ਏਸੇ ਤਰ੍ਹਾਂ ਜ਼ਿੰਦਗੀ ਜਿਉਂਦੇ ਤੱਕਿਆ। ਬਹੁਤ ਘੱਟ ਲੋਕ ਸਨ ਜਿਹੜੇ ਉਸਨੂੰ ਮਿਲਣ ਆਉਂਦੇ। ਮੈਨੂੰ ਆਂਢ-ਗੁਆਂਢ ਤੋਂ ਹੀ ਪਤਾ ਚੱਲਿਆ ਕਿ ਉਸਨੇ ਕਦੀ ਵਿਆਹ ਨਹੀਂ ਸੀ ਕਰਾਇਆ। ਉਸਦਾ ਇਕ ਮਿੱਤਰ 'ਹੈਰੀ' ਉਸਦੇ ਨਾਲ਼ ਰਹਿੰਦਾ ਸੀ ਜੋ ਕੁਝ ਦੇਰ ਪਹਿਲਾਂ ਕੈਂਸਰ ਦੀ ਬਿਮਾਰੀ ਨਾਲ਼ ਮਰ ਗਿਆ ਸੀ। ਤੇ ਹੁਣ ਕੁੱਤੇ ਬਿੱਲੀਆਂ ਹੀ ਉਸਦੇ ਸੰਗੀ-ਸਾਥੀ ਸਨ। ਪਰ ਉਹ ਆਪਣੀ ਇਸ ਜ਼ਿੰਦਗੀ ਜਿਉਣ ਦੇ ਢੰਗ ਨਾਲ਼ ਸੰਤੁਸ਼ਟ ਜਾਪਦੀ ਸੀ। ਹਰ ਸ਼ੁਕਰਵਾਰ ਉਹ ਬਿੰਗੋ ਖੇਡਣ ਜਾਂਦੀ। ਹਰ ਮੰਗਲਵਾਰ ਉਹ ਸੀਨੀਅਰ ਸਿਟੀਜ਼ਨ ਭਾਵ ਬੁਢੇਪਾ ਸੈਂਟਰ ਵਕਤ ਬਿਤਾਉਣ ਜਾਂਦੀ। ਆਪਣੇ ਹਾਣੀਆਂ ਨਾਲ਼ ਗੇਮਾਂ ਖੇਡਦੀ, ਗੱਪਾਂ ਮਾਰਦੀ ਤੇ ਉੱਥੇ ਹੀ ਲੰਚ ਕਰਦੀ।

ਮੈਂ ਜਦੋਂ ਉਸਦੀ ਜ਼ਿੰਦਗੀ ਬਾਰੇ ਸੋਚਦੀ ਤਾਂ ਮੈਨੂੰ ਮਹਿਸੂਸ ਹੁੰਦਾ ਜਿਵੇਂ ਉਸਨੇ ਆਪਣੀ ਜ਼ਿੰਦਗੀ ਆਪਣੀਆਂ ਸ਼ਰਤਾਂ 'ਤੇ ਜੀਵੀ ਹੋਵੇ। ਉਸ ਵਲ ਦੇਖਦਿਆਂ ਹੋਇਆਂ ਮੈਨੂੰ ਆਪਣੇ ਪਿੰਡ ਰਹਿੰਦੀ ਘੱਗੀ ਬੁੱਢੀ 'ਈਸਰੋ' ਚੇਤੇ ਆ ਜਾਂਦੀ। ਥੋੜਾ ਜਿਹਾ ਕੁੱਬ ਨਿਕਲਿਆ ਹੋਇਆ, ਰਤਾ ਕੁ ਵਿੰਗੀ ਹੋ ਕੇ ਤੁਰਦੀ। ਆਂਢ-ਗੁਆਂਢ ਤੋਂ ਕਦੀ ਦਹੀਂ, ਕਦੀ ਲੱਸੀ ਲੈ ਆਉਂਦੀ। ਮੇਰੀ ਮਾਂ ਦੱਸਿਆ ਕਰਦੀ, "ਕਹਿੰਦੇ ਐ ਇਸ ਨੇ ਕਦੀ ਵਿਆਹ ਨ੍ਹੀ ਕਰਾਇਆ।" ਪਿੰਡ ਦੇ ਲੋਕ ਉਸਦਾ ਬੜਾ ਮਾਣ-ਤਾਣ ਵੀ ਕਰਦੇ ਸਨ।

ਦੇਖਣ ਨੂੰ ਉਸਦੇ ਨੈਣ-ਨਕਸ਼ ਵਾਹਵਾ ਫੱਬਵੇਂ ਸਨ। ਰੰਗ ਗੋਰਾ ਨਿਛੋਹ, ਅੱਖਾਂ ਬਿੱਲੀਆਂ ਸਨ। ਜਦੋਂ ਉਹ ਅੱਖਾਂ ਮਟਕਾਉਂਦੀ ਤਾਂ ਇਸ ਉਮਰ ਵਿਚ ਵੀ ਕਹਿਰ ਢਾਅ ਦਿੰਦੀ ਜਾਪਦੀ। ਉਸਦੇ ਗੱਲ ਕਰਨ ਦੇ ਅੰਦਾਜ਼ ਵਿਚ ਕਹਿਰਾਂ ਦੀ ਅਦਾਇਗੀ ਸੀ। ਵਿਆਹ ਉਸਨੇ ਕਰਾਇਆ ਨਹੀਂ ਜਾਂ ਕਿਸੇ ਨੇ ਕੀਤਾ ਨਹੀਂ। ਕਈ ਤਾਂ ਕਹਿੰਦੇ ਸਨ ਕਿ ਵਿਆਹ ਤਾਂ ਉਸਦਾ ਹੋਇਆ ਸੀ ਪਰ ਉਸਦਾ ਆਦਮੀ ਮੁਕਲਾਵਾ ਲਿਆਉਣ ਤੋਂ ਪਹਿਲਾਂ ਹੀ ਸੱਪ ਲੜ ਕੇ ਮਰ ਗਿਆ ਸੀ। ਹੋਰ ਕਹਿੰਦੇ ਕਿ ਘਰ ਦਿਆਂ ਨੇ ਈਸਰੋ ਨੂੰ ਉਸਦੇ ਦਿਓਰ ਦੇ ਘਰ ਬਿਠਾਲਣਾ ਚਾਹਿਆ ਸੀ। ਪਰ ਈਸਰੋ ਮੰਨੀ ਹੀ ਨਾ। ਉਸਨੇ ਪੂਰੀ ਜ਼ਿੰਦਗੀ ਆਪਣੇ ਮਾਂ-ਬਾਪ ਅਤੇ ਭੈਣਾਂ-ਭਰਾਵਾਂ ਦੇ ਲੇਖੇ ਲਾ ਦਿੱਤੀ। ਘਰ ਦਾ ਗੁਜ਼ਾਰਾ ਵੀ ਚੰਗਾ ਸੀ। ਈਸਰੋ ਸਾਰੀਆਂ ਭੈਣਾਂ ਅਤੇ ਭਰਾਵਾਂ ਤੋਂ ਉਮਰ ਵਿਚ ਵੱਡੀ ਸੀ। ਇਸ ਵਾਸਤੇ ਸਭ ਉਸਦੇ ਕਹਿਣੇ ਵਿਚ ਸਨ। ਇਹ ਉਨਾਂ ਚਿਰ ਹੀ ਰਿਹਾ ਜਿੰਨਾ ਚਿਰ ਈਸਰੋ ਦੇ ਬਾਪੂ ਜੀ ਅਤੇ ਮਾਈ ਜਿਉਂਦੇ ਰਹੇ। ਉਸਤੋਂ ਬਾਅਦ ਘਰ ਖੇਰੂੰ-ਖੇਰੂੰ ਹੋਣ ਲੱਗ ਪਿਆ। ਦੋਨੋਂ ਭਰਾ ਆਪਣੇ-ਆਪਣੇ ਘਰੀਂ ਵੱਖ ਹੋ ਕੇ ਵੱਸਣ ਲੱਗ ਪਏ। ਭੈਣਾਂ ਵਿਆਹੀਆਂ ਗਈਆਂ। ਉਹ ਆਪਣੇ-ਆਪਣੇ ਘਰੀਂ ਵੱਸਣ-ਰਸਣ ਲੱਗੀਆਂ। ਈਸਰੋ ਢੱਲਦੀ ਉਮਰੇ ਇੱਕਲੀ ਰਹਿ ਗਈ ਸੀ। ਉਹ ਵਿਹੜੇ ਵਿਚ ਬਣੇ ਆਪਣੇ ਨਿੱਕੇ ਜਿਹੇ ਚੁੱਲ੍ਹੇ 'ਤੇ ਦੋ ਰੋਟੀਆਂ ਸੇਕ ਲੈਂਦੀ। ਮਨ ਦੀ ਉਹ ਬਹੁਤ ਹਾਠੀ ਸੀ। ਹੱਠ ਦੇ ਜ਼ੋਰ ਤੇ ਉਸਨੇ ਜ਼ਿੰਦਗੀ ਜੀਵੀ ਸੀ। ਭਰਾ ਭਾਵੇਂ ਅੱਡ ਰਹਿੰਦੇ ਸਨ ਪਰ ਈਸਰੋ ਦਾ ਮਾਣ-ਤਾਣ ਪੂਰਾ ਕਰਦੇ ਸਨ। ਪਿੰਡ ਵਾਲੇ ਵੀ ਸਭ ਉਸਦਾ ਆਦਰ ਮਾਣ ਕਰਦੇ। ਜਦੋਂ ਈਸਰੋ ਨੇ ਆਪਣਾ ਜਿਸਮ ਜਵਾਬ ਦਿੰਦਾ ਦੇਖਿਆ ਤਾਂ ਉਸਨੇ ਰੋਟੀ ਪਕਾਉਣ ਲਈ ਇਕ ਕੁੜੀ ਰੱਖ ਲਈ। ਦੁੱਧ-ਦਹੀਂ ਉਸਨੂੰ ਭਰਾਵਾਂ ਦੇ ਘਰੋਂ ਮਿਲ ਜਾਂਦਾ ਸੀ। ਦੋਨੋਂ ਭਰਜਾਈਆਂ ਕੰਗਣੀ ਵਾਲੇ ਗਲਾਸ ਦੁੱਧ ਦੇ ਭਰ ਕੇ ਈਸਰੋ ਨੂੰ ਦੇ ਜਾਂਦੀਆਂ। ਪਰ ਢੱਲਦੀ ਉਮਰ ਵਿਚ ਉਸਦੇ ਅੰਦਰ ਇਕ ਖਲਾਅ ਸੀ ਜੋ ਸਭ ਨੂੰ ਨਜ਼ਰ ਆਉਣ

ਲੱਗ ਪਿਆ ਸੀ। ਭੈਣਾਂ ਭਰਾਵਾਂ ਦੇ ਬੱਚੇ ਪਾਲ਼ ਕੇ ਵੀ ਉਹ ਇੱਕਲੀ ਰਹਿ ਗਈ ਸੀ। ਉਹ ਜਿੱਥੇ ਬੈਠੀ ਹੁੰਦੀ ਤਾਂ ਬੈਠੀ ਰਹਿੰਦੀ। ਨਾ ਉਸਦਾ ਬੋਲਣ ਨੂੰ ਜੀਅ ਕਰਦਾ ਤੇ ਨਾ ਕਿੱਧਰੇ ਜਾਣ-ਆਉਣ ਨੂੰ।

ਬਚਪਨ ਵਿਚ ਉਸਨੂੰ ਦੇਖਦਿਆਂ ਹੋਇਆਂ, ਉਸਦੀ ਇਸ ਨੀਰਸ ਜ਼ਿੰਦਗੀ ਨੇ ਮੇਰੇ ਮਨ ਨੂੰ ਕਈ ਵੇਰ ਕੁਰੇਦਿਆ ਸੀ।

ਪਰ ਇੱਥੇ 'ਮਾਰਥਾ' ਸੰਤੁਸ਼ਟ ਸੀ। ਇਸਦੀ ਜ਼ਿੰਦਗੀ ਜੀਣ ਦੀ ਆਪਣੀ ਚੋਣ ਸੀ। ਜੀਵਨ ਜੀਣ ਦਾ ਇਕ ਢਾਂਚਾ ਸੀ। ਸਾਰੀ ਉਮਰ ਮਾਰਥਾ ਨੇ ਕੰਮ ਕੀਤਾ ਸੀ, ਜਿਸਦੀ ਉਸਨੂੰ ਪੈਨਸ਼ਨ ਮਿਲਦੀ ਸੀ। ਨਿੱਕੇ ਜਿਹੇ ਜਿਸਮ ਵਾਲੀ ਔਰਤ, ਕੱਕੇ ਕੁੰਡਲਾਂ ਵਾਲੇ ਵਾਲ, ਗੋਰਾ ਚਿੱਟਾ ਰੰਗ, ਫੀਨਾ ਜਿਹਾ ਨੱਕ ਜਿਸ ਵਿਚ ਉਹ ਬਹੁਤ ਖ਼ੂਬਸੂਰਤ ਲਗਦੀ ਸੀ। ਉਸਦੇ ਹਮੇਸ਼ਾਂ ਫੁੱਲਾਂ ਦੇ ਪਰਿੰਟ ਵਾਲੀ ਡਰੈੱਸ ਪਾਈ ਹੁੰਦੀ ਜੋ ਉਸ ਉੱਤੇ ਬਹੁਤ ਫੱਬਦੀ। ਬਾਹਰ ਕੰਮ ਕਰਦੀ ਉਹ ਖਿੜੀ-ਖਿੜੀ ਦਿਖਾਈ ਦਿੰਦੀ।

ਜਦੋਂ ਉਹ ਉਮਰ ਦੇ ਉਸ ਪੜਾਅ 'ਤੇ ਪਹੁੰਚ ਗਈ ਜਦੋਂ ਉਹ ਗਾਰਡਨ ਦਾ ਕੰਮ ਨਾ ਕਰ ਸਕਦੀ ਅਤੇ ਨਾ ਹੀ ਕੁੱਤਿਆਂ ਨੂੰ ਤੋਰਨ ਲੈ ਕੇ ਜਾ ਸਕਦੀ ਤਾਂ ਉਸਨੇ ਘਰ ਬੰਦ ਕਰ ਦਿੱਤਾ। ਘਰ ਦਾ ਸਮਾਨ ਵੇਚ ਦਿੱਤਾ। ਘਰ ਨੂੰ ਫੱਟੇ ਲਗ ਗਏ। ਘਰ ਸੀ ਵੀ ਪੁਰਾਣਾ। ਤੇ ਆਪ ਉਹ ਸੀਨੀਅਰ ਸਿਟੀਜ਼ਨ ਵਾਲਿਆਂ ਦੇ ਰੈਜ਼ੀਡੈਂਸ ਵਿਚ ਚਲੀ ਗਈ। ਉਸਦੀਆਂ ਦੋ ਬਿੱਲੀਆਂ ਮਰ ਗਈਆਂ ਅਤੇ ਦੋਨੋਂ ਕੁੱਤੇ ਉਸਨੇ ਮਿੱਤਰਾਂ-ਦੋਸਤਾਂ ਜਾਂ ਕਿਸੇ ਰਿਸ਼ਤੇਦਾਰਾਂ ਨੂੰ ਦੇ ਦਿੱਤੇ। ਉਸਨੇ ਜ਼ਿੰਦਗੀ ਪੂਰੇ ਹਿਸਾਬ-ਕਿਤਾਬ ਨਾਲ਼ ਜੀਵੀ ਸੀ। ਉਸਨੇ ਖੰਡਰ ਹੋਏ ਘਰ ਵਿਚ ਆਪਣੀ ਆਤਮਾ ਨੂੰ ਖੰਡਤ ਨਹੀਂ ਸੀ ਹੋਣ ਦਿੱਤਾ।

ਮੈਂ ਸੋਚਦੀ ਕਿ ਈਸਰੋ ਕੋਲ ਇਹ ਸਹੂਲਤਾਂ ਹੀ ਨਹੀਂ ਸਨ। ਉਹ ਆਪਣੇ ਕੁੱਬ ਨਾਲ਼ ਵਿੰਗੀ ਜਿਹੀ ਤੁਰਦੀ ਤਾਂ ਕਈ ਵੇਰ ਥੜ੍ਹਿਆਂ ਉੱਪਰ ਬੈਠ-ਬੈਠ ਆਪਣਾ ਸਮਾਂ ਕੱਢਦੀ। ਬਾਣੀਆਂ ਦਾ ਲੁਭਾਇਆ ਉਸਨੂੰ ਫੜ ਕੇ ਘਰ ਛੱਡ ਜਾਂਦਾ।

'ਮਾਰਥਾ' ਦੇ ਘਰੋਂ ਜਾਣ ਬਾਅਦ ਘਰ ਜ਼ਰੂਰ ਖੰਡਰ ਬਣ ਗਿਆ। ਨਾ ਕੋਈ ਉੱਥੇ ਆਉਂਦਾ ਅਤੇ ਨਾ ਹੀ ਕੋਈ ਰਹਿੰਦਾ। ਘਰਾਂ ਦੀ ਨਵੀਂ ਬਣੀ ਐਸਟੇਟ ਵਿਚ ਮਾਰਥਾ ਦਾ ਪੁਰਾਣਾ ਘਰ ਸੀ। ਉਹ ਵੀ ਹੁਣ ਉਜਾੜ ਬੀਆਬਾਨ ਬਣਿਆ ਖੜਾ, ਕਿਸੇ ਦੀ ਉਡੀਕ ਕਰਦਾ ਰਹਿੰਦਾ। 'ਮਾਰਥਾ' ਵੀ ਕਦੇ ਮੁੜ ਕੇ ਨਹੀਂ ਪਰਤੀ। ਪਿੱਛੇ ਛੱਡੇ ਇਸ ਖੰਡਰ ਨੂੰ ਦੇਖਣ ਵੀ ਨਹੀਂ। ਪਿੱਛੇ ਛੱਡੀਆਂ ਯਾਦਾਂ ਨੂੰ ਫਰੋਲਣ ਵੀ ਨਹੀਂ। ਇਸ ਘਰ ਨੂੰ ਰਹਿਣ ਦਿੱਤਾ, ਖੜਾ, ਭਾਂ-ਭਾਂ ਕਰਦਾ। ਸ਼ੀਸ਼ਿਆਂ ਦੀਆਂ ਬਾਰੀਆਂ ਟੁਟੂੰ-ਟੁਟੂੰ ਕਰ ਰਹੀਆਂ ਸਨ ਤੇ ਉਨ੍ਹਾਂ ਉੱਤੇ ਕਿਸੇ ਨੇ ਲੱਕੜੀ ਦੇ ਫੱਟੇ ਲਾ ਦਿੱਤੇ। ਬਗੀਚਾ ਵੀ ਮਾਰਥਾ ਦੇ ਹੱਥਾਂ ਦੀ ਛੂਹ ਨੂੰ ਤਰਸਦਾ ਹੋਇਆ ਸੜ-ਸੁੱਕ ਗਿਆ। ਆਲ਼ਾ-ਦੁਆਲ਼ਾ ਰੋਹੀ ਦੀ ਰੁੱਤ ਵਾਂਗ ਹੋਇਆ ਪਿਆ ਹੈ। ਉਦਾਸ। ਜਾਪਦੈ ਕੋਈ ਇਸ ਘਰ ਦਾ ਬਾਲੀਵਾਰਸ ਰਿਹਾ ਹੀ ਨਹੀਂ। ਲੋਕੀਂ ਕਹਿੰਦੇ ਹਨ ਕਿ ਸ਼ਾਇਦ ਨਵੇਂ ਘਰ ਬਣਾਉਣ ਵਾਲਿਆਂ ਨੇ ਇਹ ਘਰ ਅਤੇ ਇਸਦੀ ਜ਼ਮੀਨ ਖਰੀਦ ਲਈ ਹੈ। ਇਸ ਇਕ ਘਰ ਦੀ ਜ਼ਮੀਨ ਵਿਚ ਦੋ ਤਿੰਨ ਘਰ ਹੋਰ ਬਣ ਜਾਣਗੇ। ਦੋ-ਤਿੰਨ ਹੋਰ ਟੱਬਰਾਂ ਦਾ ਵਾਸਾ ਹੋ ਜਾਵੇਗਾ।

ਸਮੀਰ ਕਹਿੰਦੈ, "ਹੋਰ ਕੀਤਾ ਵੀ ਕੀ ਜਾ ਸਕਦੈ? ਘਰ ਬੁੱਢਾ ਹੋ ਗਿਐ। ਡਿੰਗੂ-ਡਿਗੂੰ ਕਰ ਰਿਹੈ। ਅਨਸੇਫ਼ ਐ। ਕੌਣ ਰਹਿ ਸਕਦੈ ਇੱਥੇ? ਬੰਦ ਕਰਨ ਤੋਂ ਬਿਨਾਂ ਹੋਰ ਕੋਈ ਚਾਰਾ ਵੀ ਨਹੀਂ। ਕੋਈ ਨਵਾਂ ਬਿਲਡਰ ਆਵੇਗਾ, ਇੱਥੇ ਨਵੇਂ ਘਰ ਬਣਾਵੇਗਾ।" ਫੇਰ ਉਹ ਦੋਨੋਂ ਮੋਢੇ ਚੁੱਕ ਕੇ ਆਖ ਦਿੰਦਾ ਹੈ, "ਕੀ ਕਰਦੀ ਮਾਰਥਾ? ਉਸਨੇ ਆਪਣੀ ਸੁੱਖ-ਸਹੂਲਤ ਵੀ ਦੇਖਣੀ ਸੀ। ਵੈਸੇ ਵੀ, ਕੌਣ ਖੰਡਰਾਂ ਨੂੰ ਸਾਂਭੇ?"

ਮੈਂ ਕਹਿੰਦੀ, "ਜੇ ਘਰ ਬੁੱਢਾ ਹੋ ਗਿਐ, ਤਾਂ ਕੋਈ ਇਸ ਤਰ੍ਹਾਂ ਛੱਡ ਤੁਰ ਜਾਂਦੈ? 'ਮਾਰਥਾ' ਨੇ ਨਹੀਂ ਰਹਿਣਾ ਸੀ ਤਾਂ ਵੇਚ ਦਿੰਦੀ। ਘੱਟੋ-ਘੱਟ ਕੋਈ ਸੰਭਾਲਦਾ ਇਸਨੂੰ? ਆਖ਼ਰ ਜ਼ਿੰਦਗੀ ਦੇ ਕਿੰਨੇ ਵਰ੍ਹੇ ਉਸਨੇ ਕੱਟੇ ਨੇ ਇਸ ਘਰ ਵਿਚ। ਕਿੰਨੀਆਂ ਯਾਦਾਂ ਦੇ ਕਾਫ਼ਲੇ ਘੁੰਮਦੇ ਫਿਰਦੇ ਹੋਣਗੇ ਅੰਦਰ-ਬਾਹਰ।"

"ਭਲਾ ਕੀ ਕਰਨੈ, ਐਂ ਤਾਂ ਇਸ ਉੱਤੇ ਐਂਵੈਂ ਵਾਧੂ ਪੈਸਾ ਲੱਗੀ ਜਾਊ। ਯਾਦਾਂ ਦਾ ਕੀ ਐ? ਉਹ ਤਾਂ ਮਨੁੱਖ ਦੇ ਅੰਦਰ ਹੁੰਦੀਆਂ ਨੇ। ਕਿੱਧਰੇ ਵੀ ਜਾ ਕੇ ਪਟਾਰੀ ਖੋਲ੍ਹ ਲਵੋ।" ਸਮੀਰ ਆਪਣਾ ਤਰਕ ਝਾੜਦਾ ਹੋਇਆ ਆਖਦਾ।



"ਪੁਰਾਣੀਆਂ ਚੀਜ਼ਾਂ ਨੂੰ ਇਸ ਤਰ੍ਹਾਂ ਛੱਡ ਦੇਈਦਾ ਹੈ?" ਮੈਂ ਸੋਚਦੀ ਰਹਿੰਦੀ। ਮੈਂ ਜਦੋਂ ਵੀ ਬਾਹਰ ਤੱਕਦੀ ਤਾਂ ਮੈਨੂੰ ਇਹ ਖੰਡਰ ਹੋਇਆ ਘਰ ਅਸ਼ਾਂਤ ਕਰ ਦਿੰਦਾ। ਜਾਪਦਾ ਜਿਵੇਂ ਇਕ ਘਰ ਮੇਰੇ ਅੰਦਰ ਵੀ ਵੱਸਿਆ ਹੋਇਆ ਹੋਵੇ ਜਿਸਦੀ ਹਾਲਤ ਬਿਲਕੁਲ ਇਸੇ ਤਰ੍ਹਾਂ ਦੀ ਹੋ ਰਹੀ ਹੋਵੇ।

ਇਹ ਸੋਚਦਿਆਂ ਜਿਵੇਂ ਮੇਰੇ ਅੰਦਰਲੀ ਟੀਸ ਹਉਕਾ ਭਰਦੀ। ਲਗਦੈ, ਜਿਵੇਂ ਕਿਸੇ ਦਿਨ ਮੈਨੂੰ ਵੀ ਸਭ ਇਸੇ ਘਰ ਵਾਂਗ ਛੱਡ ਤੁਰ ਜਾਣਗੇ? ਜਿਵੇਂ ਈਸਰੋ ਨੂੰ ਉਸਦੇ ਭਰਾ-ਭੈਣਾਂ ਤੇ ਫੇਰ ਭੈਣਾਂ-ਭਰਾਵਾਂ ਦੇ ਬੱਚੇ ਜੋ ਈਸਰੋ ਨੇ ਲਾਡਾਂ-ਚਾਵਾਂ ਨਾਲ਼ ਪਾਲ਼ੇ ਸਨ, ਉਹ ਛੱਡ ਕੇ ਤੁਰ ਗਏ। ਮੈਂ ਐਂਵੇ ਸੋਚਦੀ ਰਹਿੰਦੀ। ਈਸਰੋ ਤੋਂ ਮੇਰੀ ਸੋਚ ਮੇਰੇ ਆਪਣੇ ਪਿੰਡ ਵਾਲੇ ਘਰ ਪਹੁੰਚ ਜਾਂਦੀ। ਨਿੱਕਾ ਜਿਹਾ ਘਰ ਸੀ ਸਾਡਾ, ਜਿਸਨੂੰ ਮੇਰੀ ਮਾਂ ਸਜਾਉਂਦੀ-ਸੰਵਾਰਦੀ ਰਹਿੰਦੀ। ਪਿੱਤਲ ਦੇ ਭਾਂਡੇ ਮਾਂਝ ਕੇ ਦਲਾਨ ਦੇ ਇਕ ਕੋਨੇ ਵਿਚ ਟਿਕਾ ਦਿੰਦੀ। ਰਸੋਈ ਵਿਚ ਜਦੋਂ ਉਹ ਚਾਟੀ ਵਿਚ ਮਧਾਣੀ ਪਾ ਕੇ ਦੁੱਧ ਰਿੜਕਦੀ ਤਾਂ ਜਿਵੇਂ ਘਰ ਦੇ ਹਰ ਕੋਨੇ ਵਿਚ ਸੰਗੀਤਮਈ ਧੁਨ ਫੈਲ ਜਾਂਦੀ। ਮੈਂ ਉਸਦੇ ਗੋਡੇ ਮੁੱਢ ਬੈਠ ਕੇ ਅਧੋੜਕਾ ਪੀਂਦੀ। ਜਦੋਂ ਉਹ ਮੱਕੀ ਦੀਆਂ ਰੋਟੀਆਂ ਪਕਾਉਂਦੀ ਤਾਂ ਰੋਟੀ ਉਸਦੇ ਹੱਥਾਂ ਵਿੱਚੋਂ ਡੂਲ-ਡੂਲ ਕੇ ਤਵੀ ਤਕ ਪਹੁੰਚਦੀ। ਮੈਂ ਛੱਲੀਆਂ ਦੇ ਮੁਰਮੁਰੇ ਭੁੰਨਾ ਕੇ ਆਪ ਖਾਂਦੀ ਅਤੇ ਆਪਣੀਆਂ ਸਹੇਲੀਆਂ ਨੂੰ ਖੁਆਉਂਦੀ। ਉਸ ਵੇਲੇ ਇਸ ਤਰ੍ਹਾਂ ਜਾਪਦਾ ਸੀ ਜਿਵੇਂ ਉਸ ਘਰ ਵਿਚ ਜਾਨ ਹੋਵੇ, ਇਕ ਰੂਹ ਧੜਕਦੀ ਹੋਵੇ।

ਫੇਰ ਜਦੋਂ ਅਸੀਂ ਭੈਣਾਂ-ਭਰਾ ਕੈਨੇਡਾ ਆ ਗਏ ਤਾਂ ਬੀਜੀ ਤੇ ਬਾਪੂ ਜੀ ਵੀ ਈਸਰੋ ਭੂਆ ਵਾਂਗ ਇਕੱਲੇ ਰਹਿ ਗਏ ਸਨ। ਸਾਡਾ ਘਰ ਵੀ ਜਿਵੇਂ ਅਧਮੋਇਆ ਹੋ ਗਿਆ ਸੀ। ਜਦੋਂ ਅਸੀਂ ਭੈਣਾਂ-ਭਰਾਵਾਂ ਨੇ ਬੀਜੀ ਤੇ ਬਾਪੂ ਜੀ ਨੂੰ ਵੀ ਇੱਧਰ ਮੰਗਵਾ ਲਿਆ ਤਾਂ ਸਾਡਾ ਘਰ ਵੀ ਬੰਦ ਕਰ ਦਿੱਤਾ ਗਿਆ ਸੀ। ਜਦੋਂ ਅਸੀਂ ਕਦੀ ਵਾਪਸ ਪਰਤਦੇ ਤਾਂ ਜਾਪਦਾ ਜਿਵੇਂ ਉੱਥੇ ਭੂਤਾਂ ਦਾ ਵਾਸ ਹੋਵੇ। ਘਰ ਵੀ ਡਿਗੂੰ-ਡਿਗੂੰ ਕਰ ਰਿਹਾ ਹੁੰਦਾ। ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਮਾਰਥਾ ਦਾ ਘਰ ਬਣ ਗਿਆ ਸੀ।

ਉਸ ਘਰ ਵੱਲ ਦੇਖਦੀ ਨੇ ਮੈਂ ਸਿਰ ਛੰਡਿਆ, ਆਲ਼ੇ-ਦੁਆਲ਼ੇ ਦੇਖਿਆ, ਕੋਸੀ ਜਿਹੀ ਧੁੱਪ ਖਿੜੀ ਹੋਈ ਸੀ। ਠੰਢ ਪੂਰੀ ਤਰ੍ਹਾਂ ਗਈ ਨਹੀਂ ਸੀ। ਦੁਪਹਿਰ ਨੂੰ ਨਿੱਘੀ ਧੁੱਪ ਮੇਰੇ ਘਰ ਦੇ ਸ਼ੀਸ਼ਿਆਂ ਵਿਚੀਂ ਅੰਦਰ ਝਾਤੀਆਂ ਮਾਰ ਰਹੀ ਸੀ। ਮੈਂ ਖਿੜਕੀ ਵਿਚੀਂ ਬਾਹਰ ਤੱਕਿਆ, ਘਾਹ ਦੀ ਹਰਿਆਵਲ ਚਮਕਣ ਲਗ ਪਈ ਸੀ। ਟਾਵੇਂ-ਟਾਵੇਂ ਦਰਖ਼ਤਾਂ ਦੀਆਂ ਟਾਹਣੀਆਂ ਵੀ ਹਰਿਆਵਲ ਫੜ ਰਹੀਆਂ ਸਨ। ਮੈਂ ਨਿੱਘੀ ਧੁੱਪ ਵਿਚ ਰਲ਼ਨਾ ਚਾਹੁੰਦੀ ਸਾਂ। ਉਸਨੂੰ ਆਪਣੇ ਅੰਦਰ ਸਮੋਣਾ ਚਾਹੁੰਦੀ ਸਾਂ। ਮੈਂ ਅੱਖਾਂ ਬੰਦ ਕਰ ਲਈਆਂ। ਇਸ ਤਰ੍ਹਾਂ ਕਰਦਿਆਂ ਹੋਇਆਂ ਮੈਨੂੰ ਚੰਗਾ-ਚੰਗਾ ਜਿਹਾ ਮਹਿਸੂਸ ਹੋਇਆ। ਕੁਦਰਤ ਦੀਆਂ ਕਈ ਲਹਿਰਾਂ ਮੇਰੇ ਅੰਦਰ ਝਰਨਾਹਟ ਛੇੜ ਅਲੋਪ ਹੋ ਰਹੀਆਂ ਸਨ।

ਉਸੇ ਪਲ ਮੇਰੀ ਬਿਰਤੀ ਗਾਰਡਨ ਵਿਚ ਹੋਏ ਖੜਾਕ ਨੇ ਤੋੜ ਦਿੱਤੀ। ਸਮੀਰ ਆਪਣੇ ਰੰਬੇ ਦਾਤਰੀਆਂ ਸ਼ੈੱਡ ਵਿੱਚੋਂ ਕੱਢ ਰਿਹਾ ਸੀ। ਉਸਨੂੰ ਦੇਖਦਿਆਂ ਹੋਇਆਂ ਮੈਂ ਵੀ ਗਾਰਡਨ ਨੂੰ ਸੁਆਰਨ ਬਾਰੇ ਸੋਚਣ ਲੱਗੀ। ਮੇਰੇ ਜਿਹਨ ਵਿਚ ਫੁੱਲਾਂ ਦੇ ਕਈ ਰੰਗ ਟਿਮਟਮਾਉਣ ਲੱਗੇ। ਇਨ੍ਹਾਂ ਸੋਚਾਂ ਦੀ ਤੰਦੋਤਾਣੀ ਵਿਚ ਮੈਂ ਭਿੰਨ-ਭਿੰਨ ਫੁੱਲ ਬੂਟੇ ਉਗਾਉਣ ਬਾਰੇ ਖਿਆਲ ਕਰਨ ਲੱਗੀ। ਸਮੀਰ ਨੇ ਆਪਣੀਆਂ ਕਿਆਰੀਆ ਤਿਆਰ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਸਾਲ ਦੇ ਇਨ੍ਹਾਂ ਦਿਨਾਂ ਵਿਚ ਅਕਸਰ ਸਾਡੀ ਅਣਬਣ ਹੋ ਜਾਂਦੀ। ਸਮੀਰ ਪੌਦੇ ਬਹੁਤਾਤ ਵਿਚ ਲਾਉਂਦੇ ਪਰ ਮੈਂ ਦੇਖਦੀ ਕਿ ਕਿੰਨੀ ਜਗ੍ਹਾ ਖਾਲੀ ਹੈ ਅਤੇ ਕਿੰਨੇ ਪੌਦੇ ਲਗਣੇ ਚਾਹੀਦੇ ਹਨ। ਮੇਰੇ ਮਨ ਵਿਚ ਪੌਦਿਆਂ ਦੇ ਸਾਹ ਲੈਣ ਦੀ ਚਿੰਤਾ ਬਣੀ ਰਹਿੰਦੀ। ਸਮੀਰ ਕਹਿੰਦੇ, "ਯਾਰਾ! ਇਹ ਵੀ ਕੀ ਗੱਲ ਹੋਈ ਕਿ ਪੌਦਿਆਂ ਨੂੰ ਸਾਹ ਨ੍ਹੀ ਆਉਂਦਾ। ਜਦੋਂ ਵੀ ਕੋਈ ਗੱਲ ਤੋਰੋ ਤਾਂ ਇਹ ਸਾਹ ਦਾ ਅੜਿੱਕਾ ਪਹਿਲਾਂ ਪੈ ਜਾਂਦੈ।"

ਮੈਂ ਸਮਝਾਉਂਦੀ ਹੋਈ ਆਖਦੀ, "ਜਿਵੇਂ ਸਾਨੂੰ ਸਾਹ ਲੈਣ ਦੀ ਲੋੜ ਪੈਂਦੀ ਐ, ਬਸ ਉਸੇ ਤਰ੍ਹਾਂ ਇਨ੍ਹਾਂ ਨੂੰ ਵੀ ਪੈਂਦੀ ਐ।" ਇਹ ਆਖਦਿਆਂ ਹੋਇਆਂ ਮੇਰੀ ਸੁਰਤ ਉਸ ਬੰਦ ਕੀਤੇ ਘਰ ਦੇ ਬਗੀਚੇ ਵਲ ਚਲੀ ਗਈ। 'ਮਾਰਥਾ' ਦੀਆਂ ਕਿਆਰੀਆਂ ਬਾਰੇ ਮੈਂ ਸੋਚਣ ਲਗੀ। ਕਿੰਨੀ ਤਰਤੀਬ ਵਿਚ ਉਹ ਆਪਣੇ ਗਾਰਡਨ ਨੂੰ ਸਜਾਉਂਦੀ ਹੁੰਦੀ ਸੀ।

ਸਮੀਰ ਸਿਰ ਮਾਰਦਾ ਬਾਹਰ ਨਿੱਕਲਦਾ ਹੋਇਆ ਆਖ ਗਿਆ, "ਇਹ ਸਾਹ-ਸਪੇਸ ਦੀਆਂ ਗੱਲਾਂ ਮੇਰੀ ਸਮਝ ਤੋਂ ਬਾਹਰ ਨੇ। ਪਤਾ ਨ੍ਹੀ ਇਹਦੀ ਦੁਨੀਆਂ ਕਿੱਧਰ ਤੁਰੀ ਫਿਰਦੀ ਐ?"

ਮੈਂ ਸੋਚਿਆ, ਸ਼ਾਇਦ ਇਹ ਮੇਰੀ ਸੋਚ ਦਾ ਹੀ ਦਾਇਰਾ ਹੋਵੇ। ਸਮੀਰ ਹਰ ਗੱਲ ਨੂੰ ਓਪਰੀ ਜਿਹੀ, ਭਾਵ ਸੁਪਰਫੀਸ਼ੀਅਲ ਹੀ ਲੈਂਦਾ ਹੈ। ਡੂੰਘਾ ਸੋਚਦਾ ਹੀ ਨਹੀਂ। ਐਂਵੇ ਫ਼ਰਜ਼ੀ ਜਿਹਾ ਧਿਆਨ ਦਿੱਤਾ ਅਤੇ ਗੱਲ ਖ਼ਤਮ। ਹੈ ਵੀ ਠੀਕ, ਜਿੰਨੀ ਬਰੀਕੀ ਨਾਲ਼ ਮੈਂ ਸੋਚਦੀ ਸਾਂ, ਸਮੀਰ ਦੇ ਹਿੱਸੇ ਇਹ ਸੋਚ ਆਈ ਹੀ ਨਹੀਂ ਸੀ। ਗੱਲ ਵੀ ਕਰੋ, ਤਾਂ ਉਹ ਪਹਿਲਾਂ ਠਾਹ ਸੋਟਾ ਮਾਰੂ ਅਤੇ ਫੇਰ ਸੋਚੂ। ਨਿਰਾ ਮਕੈਨੀਕਲ। ਰਿਸ਼ਤਾ ਨਿਭਾਓ, ਉਹ ਵੀ ਮਸ਼ੀਨ ਵਾਂਗ। ਜਿਸ ਵਿਚ ਭਾਵਨਾਵਾਂ ਦਾ ਭੰਵਰਜਾਲ਼ ਉਲਝ ਕੇ ਰਹਿ ਜਾਂਦਾ। ਪਰ ਸਮੀਰ 'ਤੇ ਇਸਦਾ ਕੋਈ ਅਸਰ ਨਾ ਹੁੰਦਾ। ਕੁਝ ਵਰ੍ਹੇ ਪਹਿਲਾਂ ਸਮੀਰ ਤੇਜ਼ ਤਰਾਰ ਕਟਾਰ ਵਰਗਾ ਸੀ ਤੇ ਹੁਣ ਜਿਵੇਂ ਠਹਿਰੇ ਹੋਏ ਪਾਣੀ ਵਰਗਾ। ਮੈਂ ਕਈ ਵੇਰਾਂ ਸੋਚਦੀ ਹਾਂ ਕਿ ਸ਼ਾਇਦ ਪਹਿਲਾਂ ਵਾਲਾ ਸਮੀਰ ਹੀ ਚੰਗਾ ਸੀ। ਆਲ਼ੇ-ਦੁਆਲ਼ੇ ਨੂੰ ਬੋਲਦਾ ਸੀ, ਖਿੱਝ ਆਉਂਦੀ ਤਾਂ ਚੀਜ਼ਾ ਭੰਨਦਾ ਤੋੜਦਾ ਸੀ। ਮੈਂ ਵੀ ਉਨ੍ਹਾਂ ਵਸਤਾਂ ਵਿਚ ਹੀ ਸਾਂ। ਗੁੰਨਦਾ-ਮਧੋਲਦਾ। ਸ਼ਾਂਤ ਹੋ ਜਾਂਦਾ। ਪਰ ਹੁਣ ਨੀਵੀਂ ਪਾਈ ਆਪਣੇ ਕੰਮ ਵਿਚ ਮਗਨ ਹੋ ਜਾਂਦਾ ਹੈ। ਜਿਵੇਂ ਮੈਥੋਂ ਕੁਝ ਛੁਪਾ ਰਿਹਾ ਹੋਵੇ। ਮੈਂ ਉਸ ਖੰਡਰ ਨੂੰ ਕੁਰੇਦਦੀ ਹੋਈ ਥੱਕ ਗਈ ਹਾਂ। ਤੇ ਹੁਣ, ਮੈਂ ਉਸਨੂੰ ਰਹਿਣ ਦਿੱਤਾ ਹੈ, ਉਸੇ ਤਰ੍ਹਾਂ ਜਿਸ ਤਰ੍ਹਾਂ ਉਹ ਰਹਿਣਾ ਚਾਹੁੰਦਾ ਹੈ, ਕਿਆਰੀਆਂ ਵਿਚ ਉਲਝਿਆ ਹੋਇਆ। ਉਸ ਘਰ ਵਾਂਗ ਅਡੋਲ ਜਾਂ ਮਾਰਥਾ ਦੇ ਫ਼ੈਸਲੇ ਵਾਂਗ।

ਜਦੋਂ ਇਹ ਮੌਸਮ ਆਉਂਦਾ, ਸਾਡੀ ਜਿਵੇਂ ਕਿੜ-ਕਿੜ ਸ਼ੁਰੂ ਹੋ ਜਾਂਦੀ। ਮੈਂ ਸੋਚਦੀ, ਚਲੋ ਕਿਸੇ ਬਹਾਨੇ ਸਮੀਰ ਵਿਚ ਹਲ-ਚਲ ਪੈਦਾ ਹੋਈ। ਵਰਨਾ ਚੁੱਪ ਦੀ ਦੁਨੀਆਂ ਵਿਚ ਜਿਵੇਂ ਸਾਹ ਘੁੱਟ ਹੁੰਦਾ। ਅਸੀਂ ਦੋਨੋਂ ਐਂਵੇ ਡਾਵਾਂ-ਡੋਲ ਜਿਹੇ ਤੁਰੇ ਫਿਰਦੇ। ਟੈਲੀਫੋਨ ਖੜਕਣ ਦੀ ਆਸ ਵਿਚ, ਅਸੀਂ ਕਈ ਵੇਰਾਂ ਟੈਲੀਫੋਨ ਵੱਲ ਝਾਤੀ ਮਾਰਦੇ। ਟੈਲੀਫੋਨ ਵੀ ਇਸ ਤਰ੍ਹਾਂ ਜਾਪਦਾ ਜਿਵੇਂ ਗੂੜ੍ਹੀ ਨੀਂਦ ਸੌਂ ਗਿਆ ਹੋਵੇ। ਇਨ੍ਹਾਂ ਦਿਨਾਂ ਵਿਚ ਮੈਨੂੰ ਸਮੀਰ ਦੀ ਮਾਂ ਚੇਤੇ ਆ ਜਾਂਦੀ। ਉਸਨੂੰ ਇਸ ਮੁਲਕ ਵਿਚ ਕਿਆਰੀਆਂ ਦੀ ਬਹੁਤੀ ਸਾਰ ਨਹੀਂ ਸੀ। ਨਾ ਮਿੱਟੀ ਨਵੀਂ ਪਾਉਂਦੀ ਅਤੇ ਨਾ ਹੀ ਖਾਦ। ਉਹ ਪੁਰਾਣੀ ਮਿੱਟੀ ਨੂੰ ਫਰੋਲਦੀ ਅਤੇ ਹਰ ਕਿਸਮ ਦੇ ਬੀਅ ਲੈ ਕੇ ਛੱਟਾ ਜਿਹਾ ਦੇ ਦਿੰਦੀ। ਮਜਾਲ ਐ ਕੋਈ ਉਸਦੀਆਂ ਕਿਆਰੀਆਂ ਦੇ ਕੋਲ ਦੀ ਵੀ ਲੰਘ ਜਾਵੇ। ਜੇ ਕੋਈ ਕਿਆਰੀਆਂ ਵਿਚੋਂ ਘਾਹ ਦੀ ਤਿਣ ਵੀ ਕੱਢਦਾ ਤਾਂ ਉਹ ਝੱਟ ਟੁੱਟ ਕੇ ਗਲ਼ ਪੈ ਜਾਂਦੀ। ਰੌਲੀ ਪਾਉਂਦੀ ਹੋਈ ਆਖਦੀ, "ਵੇ ਥੋਡਾ ਥੇਹ ਹੋ ਜਾਵੇ। ਵੇ ਮੇਰੀਆਂ ਕਿਆਰੀਆਂ ਨੂੰ ਸੱਖਣੀਆਂ ਕਰ ਦਿਤੈ।"

ਮੈਨੂੰ ਇੰਜ ਮਹਿਸੂਸ ਹੁੰਦਾ ਜਿਵੇਂ ਉਸਦਾ ਅੰਦਰਲਾ ਖੰਡਰ ਵੀ ਥੇਹ ਦਾ ਰੂਪ ਧਾਰਨ ਕਰ ਗਿਆ ਹੋਵੇ। ਉਸ ਥੇਹ ਉੱਤੇ ਬੈਠੀ ਐਂਵੇ ਕਾਂਵਾਂ-ਰੌਲ਼ੀ ਪਾ ਕੇ ਆਪਣੀ ਹੋਂਦ ਜਤਾਉਂਦੀ ਰਹਿੰਦੀ ਹੋਵੇ। ਆਪਣੇ ਅੰਦਰਲੇ ਸੱਖਣੇਪਣ ਨੂੰ ਲੁਕਾਉਂਦੀ ਰਹਿੰਦੀ ਹੋਵੇ।

ਉਸੇ ਤਰ੍ਹਾਂ ਦੀ ਟਿਕ-ਟਿਕ ਸਾਡੇ ਵਿਚਾਲੇ ਵੀ ਹੁੰਦੀ ਰਹਿੰਦੀ। ਮੈਂ ਕੀ ਸੋਚਦੀ, ਮਹਿਸੂਸ ਕਰਦੀ, ਮੇਰੇ ਅੰਦਰ ਕੀ ਤੂਫ਼ਾਨ ਉੱਠਦੇ, ਜਿਵੇਂ ਸਮੀਰ ਨੇ ਕਦੀ ਮਹਿਸੂਸ ਹੀ ਨਹੀਂ ਕੀਤੇ। ਉਸਦੀ ਆਪਣੀ ਦੁਨੀਆਂ ਸੀ। ਉਸ ਦੁਨੀਆਂ ਦੇ ਘੇਰੇ ਵਿਚ ਮੈਂ ਜਿਵੇਂ ਦਾਖ਼ਿਲ ਹੀ ਨਾ ਹੋ ਸਕਦੀ। ਮੈਂ ਤਾਂ ਕੀ, ਟੱਬਰ ਦਾ ਕੋਈ ਵੀ ਜੀਅ ਦਾਖ਼ਲ ਨਹੀਂ ਸੀ ਹੋ ਸਕਦਾ। ਤੇ ਅਸੀਂ ਦੋਨੋਂ, ਦੋ ਸੰਸਾਰਾਂ ਵਿਚ ਵਸਦੇ ਸਾਂ। ਪੂਰੀ ਦੁਨੀਆਂ ਟੁਕੜਿਆਂ ਵਿਚ ਵੰਡੀ ਹੋਈ ਇਕ ਪਾਸੇ ਅਤੇ ਅਮਰੀਕਾ ਇੱਕਲਾ ਇਕ ਪਾਸੇ। ਬਿਲਕੁਲ ਉਸੇ ਤਰ੍ਹਾਂ। ਇਕ ਦੂਜੇ ਦੀ ਦੁਨੀਆਂ ਵਿਚ ਪੱਬ ਧਰਨ ਲੱਗੇ ਵੀ ਸੋਚਦੇ। ਮੇਰੀ ਦੁਨੀਆਂ ਵਿਚ ਸਮੀਰ ਦੜੈਂ-ਦੜੈਂ ਕਰਦਾ ਵੜਦਾ ਤੇ ਨਿੱਕਲ ਜਾਂਦਾ। ਕਈ ਵੇਰਾਂ ਮੈਂ ਵੀ ਦਗੜ-ਦਗੜ ਕਰਦੀ ਨੇ ਸਮੀਰ ਦੀ ਦੁਨੀਆਂ ਨੂੰ ਭੰਨਿਆ-ਤੋੜਿਆ। ਬੱਚਿਆਂ ਦੀਆਂ ਮੁਸੀਬਤਾਂ ਸੁਲਝਾਉਣ ਵੇਲੇ ਸਾਨੂੰ ਮਜ਼ਬੂਰਨ ਇਕੱਠੇ ਬੈਠ ਕੇ ਸੋਚਣਾ ਪੈਂਦਾ। ਉਸ ਵੇਲੇ ਅਸੀਂ ਦੋਨੋਂ ਆਪਣਾ ਇਕੱਠ ਬੱਚਿਆਂ ਨੂੰ ਦਿਖਾਉਂਦੇ। ਬੱਚੇ ਮੂੰਹ ਮੋਹਰੇ ਹੱਥ ਧਰ ਕੇ ਹੱਸਦੇ। ਅੱਖਾਂ ਹੀ ਅੱਖਾਂ ਵਿਚ ਮੁਸਕਰਾਉਂਦੇ। ਉਨ੍ਹਾਂ ਨੂੰ ਕਿਹੜਾ ਪਤਾ ਨ੍ਹੀ ਸੀ? ਮੈਨੂੰ ਜਿਵੇਂ ਸ਼ਰਮ ਮਹਿਸੂਸ ਹੁੰਦੀ। ਪਰ ਮੈਂ ਚੁੱਪ ਰਹਿੰਦੀ।



ਤੇ ਹੁਣ ਉਹ ਵੀ ਪਲ਼ ਕੇ ਘਰੋਂ ਚਲੇ ਗਏ। ਉਨ੍ਹਾਂ ਨੇ ਆਪਣੀ-ਆਪਣੀ ਦੁਨੀਆਂ ਵਸਾ ਲਈ। ਜਦੋਂ ਜੀਅ ਕਰਦੈ, ਫੇਰੀ ਪਾ ਜਾਣਗੇ। ਤੇ ਉਮਰ ਦੇ ਇਸ ਪੜਾਅ 'ਤੇ ਪਹੁੰਚ ਕੇ ਸਾਡੀ ਮਜ਼ਬੂਰੀ ਬਣ ਗਈ ਕਿ ਅਸੀਂ ਇਕ ਦੂਜੇ ਨਾਲ਼ ਨੱਥੀ ਹੋਏ ਰਹੀਏ। ਹੋਰ ਕਰੀਏ ਵੀ ਕੀ? ਮੁੱਢ ਤੋਂ ਲੈ ਕੇ ਅਸੀਂ ਆਪਣਾ ਰਿਸ਼ਤਾ ਤਾਂ ਗੰਢਿਆ-ਸਾਂਭਿਆ ਹੀ ਨਾ। ਪਹਿਲਾਂ ਸਾਂਝੇ ਟੱਬਰ ਵਿਚ ਰੁੱਝੇ ਰਹੇ, ਫੇਰ ਬੱਚਿਆਂ ਨੂੰ ਪਾਲ਼ਦੇ ਰਹੇ। ਅੱਗੇ ਤੁਰੇ ਤਾਂ ਬੱਚਿਆਂ ਦੇ ਬੱਚੇ ਪਾਲਣ ਬੈਠ ਗਏ। ਉਮਰ ਇਨ੍ਹਾਂ ਕੰਮਾਂ ਵਿਚ ਹੀ ਨਿੱਕਲ ਗਈ। ਇਕ ਦੂਜੇ ਨਾਲ਼ ਧਿੰਗੋ-ਜ਼ੋਰੀ ਨੂੜ ਹੋਏ ਤੁਰਦੇ ਰਹੇ। ਹੁਣ ਸੋਚਦੀ ਹਾਂ ਕਿ, ਐਸ ਉਮਰ ਵਿਚ ਅੱਡ ਹੋ ਜਾਈਏ ਵੀ ਤਾਂ ਕੀ ਛੱਤਾਂ ਉੱਤੇ ਕਾਂ ਉਡਾਵਾਂਗੇ? ਫੇਰ ਰਿਸ਼ਤੇਦਾਰੀਆਂ ਵੀ ਨੇ। ਟੱਬਰ ਨੂੰ ਬੰਨਦਿਆਂ ਹੋਇਆਂ ਸਾਡੇ ਅੰਦਰ ਟੁੱਟ ਗਏ। ਪਹਿਲੇ ਦਿਨਾਂ ਵਿਚ ਬੱਚੇ ਵਿਚਾਲੇ ਆ ਖੜੋਂਦੇ ਸਨ। ਸਮਝੌਤਾ ਕਰਾਉਂਦੇ ਸਨ। ਕੁੜੀਆਂ ਦੀ ਲੱਜ ਸ਼ਰਮ ਵੀ ਸੀ। ਤੇ ਹੁਣ ਸਾਡੀ ਉਮਰ ਵੀ ਸਾਡੇ ਦਰਮਿਆਨ ਆ ਕੇ ਨੱਚਦੀ ਹੈ।

ਅਸੀਂ ਹੁਣ ਆਪਣੀ-ਆਪਣੀ ਦੁਨੀਆ ਵਿਚ ਟੁੱਟੀਆਂ ਹੋਈਆਂ ਤੰਦਾਂ ਨੂੰ ਬੰਨਦੇ ਰਹਿੰਦੇ ਹਾਂ। ਇਸ ਨਾਲ਼ ਸੌਖਿਆਂ ਸਾਹ ਲਿਆ ਜਾ ਸਕਦਾ ਹੈ। ਏਸੇ ਲਈ, ਉਸਦੀਆਂ ਕਿਆਰੀਆਂ ਅੱਡ ਹਨ ਅਤੇ ਮੇਰੀਆਂ ਅੱਡ। ਸਾਮ੍ਹਣੇ ਘਰ ਨੂੰ ਦੇਖ ਕੇ ਮੈਂ ਆਪਣੇ ਘਰ ਨੂੰ ਸਜਾਉਣ ਦੀ ਕੋਸ਼ਿਸ਼ ਕਰਦੀ ਰਹਿੰਦੀ ਹਾਂ ਤਾਂ ਕਿ ਇਹ ਜਿਉਂਦਾ ਵਸਦਾ ਰਹਵੇ।

ਕਿਸੇ ਵੇਲੇ ਘਰ ਵਿਚ ਸਮੀਰ ਦੇ ਭੈਣਾਂ-ਭਰਾ, ਮਾਂ-ਪਿਓ ਸਭ ਸਾਂਝਾ ਟੱਬਰ ਵਸਦਾ ਸੀ। ਮੈਂ ਘਰ ਦੇ ਕਿਸੇ ਕੋਨੇ ਵਿਚ ਆਪਣੇ ਆਪ ਨੂੰ ਖੜੀ ਮਹਿਸੂਸ ਕਰਦੀ। ਟੱਬਰ ਦੇ ਜੀਅ ਹੱਸਦੇ, ਹਿੜ-ਹਿੜ ਕਰਦੇ। ਕਦੀ ਟੀਰੀ ਜਿਹੀ ਅੱਖ ਨਾਲ਼ ਮੇਰੇ ਵੱਲ ਝਾਕ ਲੈਂਦੇ, ਜਿਵੇਂ ਮੈਂ ਫੜ ਕੇ ਲਿਆਂਦੀ ਕੋਈ ਸ਼ੈਅ ਹੋਵਾਂ। ਉਨ੍ਹਾਂ ਸਭ ਦੀ ਦੁਨੀਆਂ ਹੋਰ ਹੁੰਦੀ ਅਤੇ ਮੇਰੀ ਹੋਰ। ਮੈਂ ਵਕਤ ਦੇ ਕੋਨੇ ਫੜਦੀ ਹੋਈ ਅਤੀਤ ਦੇ ਪ੍ਰਛਾਂਵਿਆ ਵਿਚ ਭਟਕਦੀ ਰਹਿੰਦੀ। ਇਕ ਵੱਡਾ ਸਾਰਾ "ਜੇ" ਮੇਰੀ ਹਿੱਕ ਵਿਚ ਜੰਮ ਜਾਂਦਾ। ਉਸ "ਜੇ" ਨੇ ਮੈਨੂੰ ਸਾਰੀ ਉਮਰ ਭਟਕਾਈ ਰੱਖਿਆ। ਇਕ ਧੁੰਦਲਾ ਜਿਹਾ ਚਿਹਰਾ ਜਿਹੜਾ ਮੇਰੀਆਂ ਅੱਖਾਂ ਦੇ ਕੋਇਆਂ ਵਿਚ ਹੀ ਕਿੱਧਰੇ ਅਟਕ ਗਿਆ ਸੀ, ਉਹ ਸਾਬਤ ਸਬੂਤਾ ਸਾਮ੍ਹਣੇ ਆਣ ਖਲੋਂਦਾ।

ਇਹ ਉਸ ਵੇਲੇ ਦੀ ਗੱਲ ਐ, ਜਦੋਂ ਮੇਰੀਆਂ ਸੋਚਾਂ ਆਪਣੇ ਦਿਲ ਦੇ ਕੋਨਿਆਂ ਨੂੰ ਟਟੋਲ ਰਹੀਆਂ ਸਨ। ਇਕ ਧੁੰਦਲਾ ਜਿਹਾ ਚਿਹਰਾ ਮੇਰੇ ਨਾਲ਼ ਬੱਸ ਵਿਚ ਕਾਲਜ ਤਕ ਸਫ਼ਰ ਕਰਦਾ। ਮੈਂ ਹਰ ਰੋਜ਼ ਬਸ ਫਗਵਾੜੇ ਤਕ ਲੈਂਦੀ ਅਤੇ ਫਗਵਾੜੇ ਤੋਂ ਹੀ ਬੱਸ ਦੀ ਭੀੜ ਵਿਚ ਮੇਰੀ ਨਜ਼ਰ ਬੱਸ ਦੇ ਕੋਨੇ ਫਰੋਲਦੀ। ਸਾਡੀ ਬੱਸ ਵਿਚ ਸਫ਼ਰ ਕਰਨ ਦੀ ਸਾਂਝ ਬੱਝ ਗਈ। ਨਜ਼ਰ ਨੇ ਸਵਾਲ ਪੁੱਛੇ ਅਤੇ ਆਪ ਹੀ ਜਵਾਬ ਦੇ ਦਿੱਤੇ। ਕੋਈ ਐਂ ਵੀ ਭਲਾ ਮਨ ਦੇ ਕੋਨਿਆਂ ਵਿਚ ਘਰ ਬਣਾ ਲੈਂਦੈ? ਪਰ ਮੇਰੇ ਮਨ ਅੰਦਰ ਕੁਝ ਉੱਸਰ ਰਿਹਾ ਸੀ। ਮੈਨੂੰ ਉਸ ਵੇਲੇ ਪਤਾ ਲੱਗਾ ਜਦੋਂ ਇਹ ਗੱਲ ਮੇਰੇ ਘਰ ਪਹੁੰਚ ਗਈ। ਘਰ ਵਾਲਿਆਂ ਮੇਰੀ ਸਜ਼ਾ ਸੁਣਾਈ ਕਿ ਕੁੜੀ ਨੂੰ ਛੇਤੀਂ ਵਿਆਹ ਕੇ ਵਿਦਾ ਕਰੋ। ਵਗੈਰ ਕਸੂਰ ਤੋਂ ਸਜ਼ਾ? ਮੈਂ ਸਮਝ ਨਾ ਸਕੀ। ਖਿਆਲਾਂ ਵਿਚ ਉੱਸਰਿਆ ਸੁਪਨਾ ਇਉਂ ਟੁੱਟਾ. ਬਸ ਚਕਨਾਚੂਰ ਹੋ ਗਿਆ। ਪਰ ਉਸਦੀ ਸ਼ਕਲ ਮਨ ਦੇ ਸੰਦੂਕ ਵਿਚ, ਕਿਸੇ ਅੰਦਰਲੇ ਖਾਨੇ ਵਿਚ ਬੰਦ ਹੋ ਗਈ।

ਸਮੀਰ ਦੇ ਬੋਲਾਂ ਨੇ ਮੇਰੀ ਸੋਚਾਂ ਦੀ ਲੜੀ ਤੋੜਦਿਆਂ ਹੋਇਆਂ, ਰੱਬੇ ਦਾਤਰੀ ਦੀ ਲੜਾਈ ਦਾ ਖੜਕਾ ਸ਼ੁਰੂ ਕਰ ਦਿੱਤਾ। ਮੈਂ ਵੀ ਸਮੀਰ ਦੇ ਮਗਰ ਗਾਰਡਨ ਵਿਚ ਨਿੱਕਲ ਆਈ। ਪਿੱਛਲੇ ਸਾਲ ਦੇ ਬੂਟਿਆਂ ਦਾ ਨਿਰੀਖਣ-ਪਰਖਣ ਕਰਨ ਲੱਗੀ। ਕੰਮ ਕਰਦਿਆਂ ਹੋਇਆਂ ਸੋਚ ਉਸੇ ਪਲ ਵਲ ਫੇਰ ਪਰਤੀ। ਮਨ ਵਿਚ ਖਿਆਲ ਆਇਆ, ਕੀ ਗੁਨਾਹ ਕੀਤਾ ਸੀ ਮੈਂ? ਅਜ ਦੇ ਬੱਚਿਆਂ ਵੱਲ ਦੇਖੋ ਤਾਂ ਝੱਟ ਆਖ ਦੇਣਗੇ ਕਿ ਸਾਨੂੰ ਕੀ ਚਾਹੀਦਾ ਹੈ। ਮੇਰਾ ਪੋਤਾ ਇਕ ਦਿਨ ਕਹਿਣ ਲੱਗਾ, "ਗਰੈਂਡ ਮਾ! ਜਿੰਨਾ ਚਿਰ ਅਸੀਂ ਇਕ ਦੂਜੇ ਨੂੰ ਜਾਣਦੇ ਨਹੀਂ, ਪਹਿਚਾਣਦੇ ਨਹੀਂ, ਗੱਲ-ਬਾਤ ਨਹੀਂ ਕਰਦੇ, ਉਨਾਂ ਚਿਰ ਵਿਆਹ ਕਿਸ ਤਰ੍ਹਾਂ ਕਰਾਵਾਂਗੇ। ਦੋ ਅਜ਼ਨਬੀ ਬੰਦੇ ਕਿਵੇਂ ਇਕੱਠੇ ਹੋ ਸਕਾਂਗੇ? ਕਿਵੇਂ ਇਕ ਦੂਜੇ ਨੂੰ ਟੱਚ ਕਰ ਸਕਾਂਗੇ? ਕਿਵੇਂ ਰਾਤ ਗੁਜ਼ਾਰ ਸਕਾਂਗੇ? ਜਿਸ ਤਰ੍ਹਾਂ ਤੁਹਾਡੇ ਵਿਆਹ ਹੁੰਦੇ ਸਨ ਇਹ ਤਾਂ ਇਕ ਕਿਸਮ ਦਾ ਲੀਗਲਾਈਜ਼ਡ ਰੇਪ ਹੈ। ਹੈ ਨਾ?" ਮੇਰਾ ਸੋਲ੍ਹਾਂ ਵਰ੍ਹਿਆਂ ਦਾ ਪੋਤਾ ਜਿਸ ਤਰਕ ਨਾਲ਼ ਗੱਲ ਕਰ ਰਿਹਾ ਸੀ, ਮੈਂ ਹੈਰਾਨ ਸਾਂ।

ਮੈਂ ਉਸ ਦੀਆਂ ਗੱਲਾਂ ਸੁਣ ਕੇ ਥਾਂ ਹੀ ਖੜੀ ਸੁੰਨ ਹੋ ਗਈ। ਉਸਨੂੰ ਮੈਂ ਵਿਆਹ ਦੀ ਸੰਪਰਦਾਈ ਬਾਰੇ ਬਥੇਰਾ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸਦੀ ਸੋਚ ਬਹੁਤ ਅੱਗੇ ਜਾ ਚੁੱਕੀ ਸੀ। ਤਿੰਨਾ ਪੀੜ੍ਹੀਆਂ ਦਾ ਪਾੜਾ ਪੈ ਚੁੱਕਾ ਸੀ। ਮੈਂ ਪਹਿਲੀ ਵੇਰ ਸਮਝੀ ਸਾਂ ਕਿ ਨਵੀਂ ਪਨੀਰੀ ਆਪਣੀ ਜ਼ਿੰਦਗੀ ਨੂੰ ਸਹੀ ਅਰਥਾਂ ਵਿਚ ਜਿਉਣਾ ਚਾਹੁੰਦੀ ਹੈ। ਕੋਈ ਲੁਕ-ਲਿਪਾ ਨਹੀਂ। ਸਾਡੇ ਵਾਂਗ ਨਹੀਂ ਕਿ ਦਿਲ ਦੇ ਸੰਦੂਕਾਂ ਨੂੰ ਬੰਦ ਕਰਕੇ ਕੁੰਜੀ ਦੱਬ ਦਿਉ। ਮਨ ਮਾਰ ਲਵੋ। ਕਿਸੇ ਵੱਲ ਦੇਖੋ ਵੀ ਨਾ। ਆਪਣੇ ਇਕ ਮਰਦ ਨਾਲ਼ ਬੱਝੇ ਰਹਵੋ। ਉਹ ਭਾਵੇਂ ਤੁਹਾਡਾ ਜਾਂ ਤੁਹਾਡੀਆਂ ਸੋਚਾਂ ਦਾ ਨਿੱਤ ਦਿਨ ਬਲਾਤਕਾਰ ਕਰਦਾ ਰਹਵੇ। ਈਸਰੋ ਫੇਰ ਚੇਤੇ ਦੀ ਸਲੇਟ ਉੱਤੇ ਉੱਭਰੀ। ਮੈਂ ਸੋਚਿਆ, ਈਸਰੋ ਵਾਂਗ ਜ਼ਿੰਦਗੀ ਨੂੰ ਐਂਵੇ ਲੋਕਾਚਾਰੀ ਦੇ ਮੂੰਹ ਨੂੰ ਗੁਆ ਦੇਣਾ ਵੀ, ਕਿੱਥੋਂ ਦੀ ਅਕਲਮੰਦੀ ਹੈ?

ਮਨ ਵਿਚ ਖਿਆਲ ਆਇਆ ਕਿ ਨਵੀਂ ਪੀੜ੍ਹੀ ਤਾਂ ਬਹੁਤ ਪਰੈਕਟੀਕਲ ਭਾਵ ਅਮਲ ਦੇ ਤੌਰ ਤੇ ਸੋਚਦੀ ਹੈ। ਉਹ ਪੂਰੀ ਜ਼ਿੰਦਗੀ ਦਾ ਹਿਸਾਬ ਕਿਤਾਬ ਪਹਿਲਾਂ ਹੀ ਲਾ ਲੈਂਦੈ ਹਨ। ਉਹ ਜਾਣਦੇ ਹਨ ਕਿ ਉਨ੍ਹਾਂ ਦੀ ਜ਼ਿੰਦਗੀ ਦੀ ਰੂਪ-ਰੇਖਾ ਕਿਸ ਤਰ੍ਹਾਂ ਦੀ ਹੋਵੇਗੀ। ਉਨ੍ਹਾਂ ਦਾ ਸਕੂਲੀ ਢਾਂਚਾ ਹੀ ਇਸ ਤਰ੍ਹਾਂ ਦਾ ਹੈ। ਉਸ ਜ਼ਿੰਦਗੀ ਨੂੰ ਹਾਸਲ ਕਰਨ ਵਾਸਤੇ ਵੀ ਉਹ ਮਿਹਨਤ ਕਰਦੇ ਹਨ। ਪਲ-ਪਲ ਨੂੰ ਕਲਕੂਲੇਟ ਕਰਦੇ ਹਨ, ਪੂਰਾ ਹਿਸਾਬ-ਕਿਤਾਬ ਲਾਉਂਦੇ ਹਨ। ਉਹ ਸੋਚਦੇ ਹਨ ਕਿ ਉਨ੍ਹਾਂ ਨੂੰ ਕਿਸ ਤਰ੍ਹਾਂ ਦੀ ਜ਼ਿੰਦਗੀ ਚਾਹੀਦੀ ਹੈ ਅਤੇ ਉਸਨੂੰ ਹਾਸਲ ਕਰਨ ਵਾਸਤੇ ਉਨ੍ਹਾਂ ਨੂੰ ਕਿਹੜੇ-ਕਿਹੜੇ ਕਦਮ ਚੁੱਕਣ ਦੀ ਲੋੜ ਹੈ। ਉਪਰੋਂ ਮੈਂ ਭਾਵੇਂ ਸਹਿਮਤੀ ਨਾ ਦਿਖਾਵਾਂ ਪਰ ਮੈਨੂੰ ਬੱਚਿਆਂ ਦੀ ਇਹ ਸੋਚ ਚੰਗੀ ਵੀ ਲੱਗਦੀ ਹੈ। ਕਦੀ ਮੈਂ ਸੋਚਦੀ ਹਾਂ ਕਿ ਸਾਡੇ ਬੱਚੇ ਦੋਹਰੀ ਸੋਚ ਵਿੱਚ ਕੰਨਫਿਊਜ਼ਡ ਵੀ ਹੋ ਜਾਂਦੇ ਹਨ। ਕੀ ਕਰਨ? ਸਿਸਟਮ ਉਨ੍ਹਾਂ ਨੂੰ ਹੋਰ ਕੁਝ ਸਮਝਾਉਂਦਾ ਹੈ ਅਤੇ ਘਰ ਮਾਂ-ਬਾਪ ਹੋਰ ਕੁਝ। ਘਰਾਂ ਵਿਚ ਉਹ ਮਾਂ-ਬਾਪ ਦੀ ਬੋਲੀ ਬੋਲ ਕੇ ਉਨ੍ਹਾਂ ਨੂੰ ਖ਼ੁਸ਼ ਕਰ ਦਿੰਦੇ ਹਨ। ਪਰ ਸਹੀ ਅਰਥਾਂ ਵਿਚ ਉਹ ਆਪਣੀ ਜ਼ਿਦਗੀ ਬਾਹਰਲੀ ਦੁਨੀਆਂ ਵਿਚ ਹੀ ਜਿਉਂਦੇ ਹਨ।

ਮੈਨੂੰ ਲਗੈ ਜਿਵੇਂ ਮੇਰੇ ਪੋਤੇ ਦੇ ਸਪਸ਼ਟ ਸ਼ਬਦਾਂ ਨੇ ਮੈਨੂੰ ਨੀਂਦ ਤੋਂ ਜਗਾ ਦਿੱਤਾ ਹੋਵੇ। ਮੈਨੂੰ ਜਾਪਦੈ, ਸ਼ਾਇਦ 'ਮਾਰਥਾ' ਨੇ ਵੀ ਆਪਣਾ ਜੀਵਨ ਇਸੇ ਤਰ੍ਹਾਂ ਕਲਕੂਲੇਟ ਕੀਤਾ ਹੋਇਆ ਸੀ। ਇਸੇ ਲਈ ਉਸ ਨੇ ਖੰਡਰ ਬਣੇ ਘਰ ਨਾਲ਼ ਭਾਵਨਾਵਾਂ ਨਹੀਂ ਸਨ ਬੰਨੀਆਂ।

ਮੈਂ ਫੇਰ ਦੂਜੇ ਬੰਨੇ ਸੋਚਿਆ, ਵਿਆਹ ਦੀ ਸੰਸਥਾ ਵੀ ਸਮਾਜ ਨੂੰ ਬੰਨੀ ਰੱਖਣ ਵਾਸਤੇ ਹੈ। ਜੇ ਕਰ ਸਭ ਨੂੰ ਖੁੱਲ੍ਹੇ ਛੱਡ ਦਿਓ ਤਾਂ ਇਹ ਸਮਾਜ ਪਸ਼ੂਆਂ ਦੀ ਤਰ੍ਹਾਂ ਨਹੀਂ ਹੋ ਜਾਵੇਗਾ? ਰਿਸ਼ਤਿਆਂ ਦੀਆਂ ਲਕੀਰਾਂ ਦਾ ਸਤਿਕਾਰ ਕਿੱਥੇ ਰਹਿ ਜਾਵੇਗਾ? ਮੇਰਾ ਅੰਦਰਲਾ ਮਨ ਆਖਦਾ ਕਿ ਹਰ ਇਨਸਾਨ ਆਪਣੇ ਅੰਦਰ ਇਕ ਹੋਰ ਦੁਨੀਆਂ ਲਈ ਫਿਰਦਾ ਹੈ। ਬਾਹਰਲੀ ਵਿਖਾਈ ਦਿੰਦੀ ਦੁਨੀਆਂ ਵਿਚ ਰਤਾ ਭਰ ਵੀ ਸੱਚ ਨਹੀਂ ਹੈ। ਹਰ ਇਨਸਾਨ ਦੇ ਅੰਦਰ ਇਕ ਜਾਨਵਰ ਬੈਠਾ ਹੈ ਜੋ ਬਹੁਤ ਹੀ ਕਮੀਨਗੀ ਤਕ ਉੱਤਰ ਸਕਦਾ ਹੈ। ਜੇ ਕਰ ਬੰਧੇਜ ਨਾ ਹੋਣ ਤਾਂ ਦੁਨੀਆਂ ਗਰਕ ਹੀ ਜਾਵੇ। ਹਿਸਾਬ-ਕਿਤਾਬ ਜਾਂ ਗਿਣਤੀਆਂ-ਮਿਣਤੀਆਂ ਲਾ ਕੇ ਜ਼ਿੰਦਗੀ ਨਹੀਂ ਨਿਕਲਦੀ।

ਮੇਰੀ ਨਜ਼ਰ ਗਾਰਡਨ ਵਲ ਪਰਤੀ। ਮੈਂ ਬੂਟਿਆਂ ਦੀਆਂ ਸੁੱਕੀਆਂ ਟਾਹਣੀਆਂ ਨੂੰ ਤੋੜ-ਭੰਨ ਰਹੀ ਸਾਂ ਅਤੇ ਆਪਣੇ ਆਪ ਨਾਲ਼ ਗੱਲਾਂ ਕਰੀ ਜਾ ਰਹੀ ਸਾਂ। ਮੇਰੇ ਮੂੰਹੋਂ ਸੁਭਾਵਕ ਹੀ ਨਿੱਕਲ ਗਿਆ, "ਮੇਰਾ ਗਾਰਡਨ ਵੀ ਸਾਮ੍ਹਣੇ ਘਰ ਵਾਂਗ ਨਾ ਹੋ ਜਾਵੇ।" ਤੇ ਮੈਂ ਪਤਾ ਨ੍ਹੀ ਹੋਰ ਉੱਚੀ ਦੇਣੀ ਕੀ ਬੋਲੀ ਹੋਵਾਂਗੀ ਜਦੋਂ ਸਮੀਰ ਨੇ ਆਖਿਆ, "ਯਾਰਾ! ਜਰਾ ਹੌਲੀ। ਇਹ ਬੂਟੇ ਐ, ਨਰਮ, ਕਰੂੰਬਲਾਂ ਲੈਰੀਆਂ ਨੇ, ਕਿਉਂ ਵੱਢ-ਛਾਂਗ ਰਹੀ ਐ।"

"ਇਹੋ ਗੱਲ ਤਾਂ ਮੈਂ ਤੁਹਾਨੂੰ ਕਹਿੰਦੀ ਹਾਂ ਕਿ ਇਹ ਅਹਿਸਾਸ ਨੇ। ਇਨ੍ਹਾਂ ਨੂੰ ਐਂਵੇਂ ਤੋੜੋ-ਮਰੋੜੋ ਨਾ।"

ਸਮੀਰ ਮੇਰੀ ਗੱਲ ਸੁਣਦਿਆਂ ਹੋਇਆਂ, ਸਿਰ ਮਾਰ ਕੇ, ਆਪਣੀਆਂ ਕਿਆਰੀਆਂ ਵਿਚ ਫੇਰ ਰੁੱਝ ਗਿਆ। ਮੈਨੂੰ ਐਨਾ ਹੀ ਸੁਣਿਆ, "ਗੱਲ ਕੀ ਕਰੋ, ਸਾਲ਼ੀ ਕਿੱਧਰ ਦੀ ਕਿੱਧਰ ਲੈ ਜਾਂਦੀ ਐ।"

ਇਸੇ ਤਿੜ-ਤਿੜ ਕਾਰਨ ਪਿੱਛਲੇ ਦੋ ਕੁ ਸਾਲਾਂ ਤੋਂ ਅਸੀਂ ਜਿੱਥੇ ਕਿਆਰੀਆਂ ਵੰਡੀਆਂ ਇਸਦੇ ਨਾਲ਼ ਹੋਰ ਵੀ ਕਈ ਕੁੱਝ ਵੰਡ ਲਿਆ ਸੀ। ਇਕ ਘਰ ਵਿਚ ਦੋ ਜੀਅ ਤੁਰੇ ਫਿਰਦੇ ਸਾਂ ਡਾਵਾਂ-



ਡੋਲ, ਵਰਨਾ ਅਸੀਂ ਇਕ-ਦੂਜੇ ਨਾਲ਼ ਖਹਿੰਦੇ-ਖਿੱਚਦੇ ਰਹਿੰਦੇ। ਅਸੀਂ ਜ਼ਿੰਮੇਵਾਰੀਆਂ ਵੰਡ ਲਈਆਂ ਘਰ ਦੇ ਅੰਦਰ ਵੀ ਅਤੇ ਘਰ ਦੇ ਬਾਹਰ ਵੀ। ਗਾਰਡਨ ਦੇ ਕੰਮਾਂ ਵਿਚ ਸਮੀਰ ਨੇ ਸਬਜੀ-ਭਾਜੀ ਦਾ ਕੰਮ ਸਾਂਭ ਲਿਆ ਅਤੇ ਮੈਂ ਫੁੱਲ-ਬੂਟੇ ਲਾਉਣ ਦਾ।

ਇਹ ਗੱਲ ਸੋਚਦਿਆਂ ਮੈਨੂੰ ਚੇਤੇ ਆਇਆ ਕਿ ਕਿਸੇ ਵਕਤ ਮੇਰੀ ਮਾਂ ਅਤੇ ਬਾਪ ਨੇ ਨਿਆਣੇ ਵੰਡ ਲਏ ਸਨ। ਬੀਜੀ ਦਾ ਪੁੱਤਾਂ ਵਿਚ ਵੱਧ ਮੋਹ ਸੀ ਤੇ ਪਿਤਾ ਜੀ ਦਾ ਧੀਆਂ ਵਿਚ। ਮੈਂ ਜਦੋਂ ਵੀ ਕੋਈ ਚੀਜ਼ ਲੈਣੀ ਹੋਵੇ ਤਾਂ ਪਿਤਾ ਜੀ ਦੇ ਗੋਡੇ ਮੁੱਢ ਬੈਠ ਜਾਂਦੀ। ਉਹ ਆਪੇ ਸਮਝ ਜਾਂਦੇ ਕਿ ਮੈਨੂੰ ਕੀ ਚਾਹੀਦਾ ਹੈ।

ਇਸ ਵੰਡ-ਵੰਡਾਈਏ ਵਿਚ ਅਸੀਂ ਭੈਣਾਂ-ਭਰਾ ਉਮਰ ਭਰ ਲੜਦੇ ਹੀ ਰਹੇ। ਮੈਂ ਹਮੇਸ਼ਾਂ ਜ਼ਿੰਦਗੀ ਵਿਚ ਇਹੋ ਸੋਚਦੀ ਕਿ ਮੈਂ ਨਿਆਣਿਆਂ ਨਾਲ਼ ਇਹ ਧ੍ਰੋਅ ਨਹੀਂ ਕਰਾਂਗੀ। ਕੋਸ਼ਿਸ਼ ਵੀ ਬਥੇਰੀ ਕੀਤੀ ਕਿ ਮੈਂ ਸਾਰੇ ਨਿਆਣਿਆਂ ਨੂੰ ਬਰਾਬਰ ਰੱਖਾਂ। ਪਰ ਕਿੱਥੇ? ਫੇਰ ਵੀ ਕਿਸੇ ਨਾ ਕਿਸੇ ਦਾ ਮੂੰਹ ਵਿੰਗ-ਤੜਿੰਗਾ ਹੀ ਰਹਿੰਦਾ।

ਵੈਸੇ ਵੀ, ਮੈਂ ਸੋਚਦੀ ਕਿ ਇਸ ਮੁਲਕ ਵਿਚ ਰਹਿੰਦਿਆਂ ਹੋਇਆਂ, ਧੀਆਂ ਪੁੱਤ ਅਸੀਂ ਵੰਡ ਵੀ ਨਹੀਂ ਸਕਦੇ। ਰਹੀ ਗੱਲ ਕਿਆਰੀਆਂ ਜਾਂ ਫੁੱਲ-ਬੂਟਿਆਂ ਦੀ, ਉਹ ਜ਼ਰੂਰ ਵੰਡ ਸਕਦੇ ਹਾਂ। ਧੀਆਂ ਪੁੱਤਰ ਪਲ਼ਦੇ ਹਨ ਅਤੇ ਆਪਣੀ ਸਪੇਸ ਭਾਲ਼ਦੇ ਹੋਏ ਅਗਾਂਹ ਤੁਰ ਪੈਂਦੇ ਹਨ। ਸਾਡੇ ਅੰਦਰ ਖਾਲੀ ਭਾਂ-ਭਾਂ ਕਰਦੇ, ਆਪਣੇ ਆਪ ਲਈ ਰੁਝੇਵੇਂ ਭਾਲ਼ਦੇ ਹਨ। ਗੋਰੇ ਲੋਕ ਏਸ ਉਮਰ ਵਿਚ ਇਕ ਦੂਜੇ ਦੀ ਬਾਂਹ ਵਿਚ ਬਾਂਹ ਪਾਈ ਬਾਹਰ ਜਾਣਗੇ। ਕਹਿਣਗੇ, ਇਹੋ ਤਾਂ ਸਾਡੀ ਹਨੀਮੂਨ ਵਰੇਸ ਐ। ਪਰ ਸਾਡੇ ਲੋਕ ਐਂਵੇਂ ਝੂਰੀ ਜਾਣਗੇ। ਨਾ ਜੀਣਗੇ ਅਤੇ ਨਾ ਹੀ ਜੀਣ ਦੇਣਗੇ। ਏਸ ਉਮਰ ਵਿਚ ਜੇ ਕਰ ਕੋਈ ਤੀਂਵੀਂ ਗੂੜ੍ਹੇ ਰੰਗ ਦਾ ਕੱਪੜਾ ਪਾ ਲਵੇ ਤਾਂ ਅੱਖਾਂ ਟੱਡੀ ਦੇਖਣਗੇ। ਪਿੱਛਲੇ ਦਿਨੀਂ ਮੇਰੀ ਸਹੇਲੀ ਨੇ ਤਰਬੂਜੀਆ ਸੂਟ ਪਹਿਨ ਲਿਆ। ਗੁਰਦੁਆਰੇ ਬੈਠੀਆਂ ਬੁੜੀਆਂ ਨੇ ਰੌਲ਼ਾ ਸਿਰ ਤੇ ਚੁੱਕ ਲਿਆ। ਆਖਣ ਲੱਗੀਆਂ, "ਧੌਲ਼ਾ ਝਾਟਾ, ਤੇ ਐਹ ਰੰਗ? ਸ਼ਰਮ ਨ੍ਹੀ ਆਉਂਦੀ ਇਹ ਰੰਗ ਪਾਉਂਦੀ ਨੂੰ?" ਮੇਰਾ ਜੀਅ ਕਰੇ ਆਖ ਦਿਆਂ, "ਦੇਖੋ ਵਲੈਤ ਦੀ ਮਹਾਂਰਾਣੀ ਕਿੰਨੀ ਉਮਰ ਦੀ ਹੋਗੀ। ਉਹ ਤਾਂ ਫਿੱਕੇ ਕੱਪੜੇ ਪਾਉਂਦੀ ਨ੍ਹੀ।" ਪਰ ਮੈਂ ਚੁੱਪ ਰਹੀ। ਸੋਚਿਆ, ਇਨ੍ਹਾਂ ਨੇ ਆਖਣਾ ਐ, 'ਇਹ ਕਿਹੜੀ ਮਹਾਂਰਾਣੀ ਐ।'

ਕੁਝ ਵਰ੍ਹੇ ਪਹਿਲਾਂ, ਜਦੋਂ ਮੈਂ ਵਲੰਟੀਅਰ ਤੌਰ ਤੇ ਕੰਮ ਕਰਦੀ ਸਾਂ, ਉੱਥੇ ਮੈਂ 'ਐਡਵਰਡ' ਨੂੰ ਮਿਲੀ ਸਾਂ। ਸੱਤਰ ਵਰ੍ਹਿਆਂ ਦੀ ਉਮਰ ਵਿਚ ਵੀ ਉਹ ਜਿੰਦਾ ਦਿਲ ਇਨਸਾਨ ਸੀ। ਉਹ ਕਿਸੇ ਧੀ ਪੁੱਤ ਦੀ ਉਡੀਕ ਵਿਚ ਨਹੀਂ ਸੀ ਝੂਰਦਾ। ਕਹਿੰਦਾ ਸੀ, "ਮਾਈ ਡੀਅਰ ਯੰਗ ਲੇਡੀ! ਮੇਰੀ ਆਪਣੀ ਜ਼ਿੰਦਗੀ ਹੈ। ਮੈਂ ਹਰ ਜ਼ਿੰਮੇਵਾਰੀ ਨਿਭਾਈ ਹੈ। ਪਤਨੀ ਨਾਲ਼, ਬੱਚਿਆਂ ਨਾਲ਼ ਵਫ਼ਾ ਕੀਤੀ ਹੈ। ਤੇ ਹੁਣ ਮੇਰੀ ਪਤਨੀ ਨੂੰ ਗੁਜ਼ਰਿਆਂ ਕੁਝ ਵਰ੍ਹੇ ਹੋ ਗਏ ਹਨ। ਉਸ ਤੋਂ ਬਾਅਦ ਮੈਂ ਵਿਆਹ ਤਾਂ ਨਹੀਂ ਕਰਾਇਆ। ਵਿਆਹ ਦੀ ਕੀ ਲੋੜ ਐ? ਤੁਹਾਨੂੰ ਸਾਥ ਦੀ ਲੋੜ ਜ਼ਰੂਰ ਪੈਂਦੀ ਹੈ। ਉਹ ਭਾਵੇਂ ਸਰੀਰਕ ਹੋਵੇ ਜਾਂ ਮਾਨਸਿਕ। ਔਰਤ ਮੇਰੀ ਕਮਜ਼ੋਰੀ ਨਹੀਂ ਹੈ। ਮੈਂ ਇਸਨੂੰ ਤ੍ਰਿਪਤੀ ਆਖਦਾ ਹਾਂ। ਮੈਂ ਉਸਦੀ ਖ਼ੂਬਸੂਰਤੀ, ਉਸਦੇ ਸਾਥ ਬਿਨਾਂ ਅਧੂਰਾ-ਅਧੂਰਾ ਮਹਿਸੂਸ ਕਰਦਾ ਹਾਂ।"

ਮੈਂ ਪੁੱਛਿਆ, "ਤੇਰੇ ਬੱਚੇ? ਉਹ ਨਹੀਂ ਕੁਛ ਕਹਿੰਦੇ?"

"ਕਿਉਂ ਕਹਿਣ ਭਲਾ? ਇਹ ਉਨ੍ਹਾਂ ਦੀ ਲਾਈਫ਼ ਨਹੀਂ ਹੈ। ਮੇਰੀ ਜ਼ਿੰਦਗੀ ਵਿਚ ਹੋਰ ਕਿਸੇ ਦਾ ਕੀ ਦਖ਼ਲ? ਇਹ ਮੇਰੀ ਲਾਈਫ਼ ਹੈ। ਮੇਰਾ ਹੱਕ ਬਣਦੈ ਕਿ ਮੈਂ ਜਿਵੇਂ ਚਾਹਾਂ ਇਸਨੂੰ ਜੀਵਾਂ।"

ਉਸਨੂੰ ਸੁਣਦਿਆਂ ਹੋਇਆਂ ਮੈਂ ਇਖ਼ਲਾਕੀ ਤੌਰ 'ਤੇ ਸੋਚਣ ਲੱਗ ਪਈ ਸਾਂ। 'ਕੀ ਇਸ ਤਰ੍ਹਾਂ ਸੋਚਣਾ ਸਾਡੇ ਹੀ ਹਿੱਸੇ ਆਇਆ ਹੈ? ਕੀ ਸਾਡੀਆਂ ਭਾਵਨਾਵਾਂ ਇਨ੍ਹਾਂ ਤੋਂ ਅੱਡ ਹਨ? ਅਸੀਂ ਕਿਉਂ ਨਹੀਂ ਖੁੱਲ੍ਹ ਕੇ ਜੀ ਸਕਦੇ? ਕਿਉਂ ਅਸੀਂ ਬੱਚਿਆਂ ਜਾਂ ਦੁਨੀਆਂ ਬਾਰੇ ਵੱਧ ਚਿੰਤਾ ਕਰਦੇ ਹਾਂ?' ਇਨ੍ਹਾਂ ਸਵਾਲਾਂ ਦੀ ਰੀਲ੍ਹ ਮੇਰੇ ਸਿਰ ਵਿਚ ਘੁੰਮ ਰਹੀ ਸੀ। ਉਸ ਵੇਲੇ ਮੇਰਾ ਜੀ ਕੀਤਾ ਸੀ ਕਿ ਮੈਂ ਐਡਵਰਡ ਦੀ ਹਿੱਕ 'ਤੇ ਸਿਰ ਧਰ ਕੇ ਸੌਂ ਜਾਵਾਂ। ਐਡਵਰਡ ਦੀਆਂ ਅੱਖਾਂ 'ਚ ਤੱਕਦਿਆਂ ਹੋਇਆਂ ਮੈਨੂੰ ਮਹਿਸੂਸ ਹੋਇਆ ਸੀ ਕਿ ਐਡਵਰਡ ਨੇ ਮੇਰੇ ਅੰਦਰ ਨੂੰ ਜਿਵੇਂ ਪਛਾਣ ਲਿਆ ਹੋਵੇ।

ਧੀਆਂ ਪੁੱਤਾਂ ਦਾ ਖਿਆਲ ਮਨ ਵਿਚ ਆਉਂਦਿਆਂ ਹੀ, ਸੋਚ ਉਨ੍ਹਾਂ ਦੇ ਬਚਪਨ ਵਲ ਪਰਤ ਗਈ। ਸਕੂਲ ਦੇ ਪਹਿਲੇ ਦਿਨਾਂ ਤੋਂ ਹੀ ਬੱਚੇ ਘਰ ਆ ਕੇ ਦੱਸਿਆ ਕਰਦੇ ਸਨ ਕਿ ਟੀਚਰ ਨੇ ਕੀ ਪੜ੍ਹਾਇਆ ਹੈ। ਮੇਰਾ 'ਰੂਪ' ਆਖਦਾ, "ਮੌਮ! ਮੇਰੀ ਟੀਚਰ ਕਹਿੰਦੀ ਐ, ਯੂ ਆਰ ਯੂਅਰ ਓਨ ਪਰਸਨ।"

ਮੈਂ ਸੋਚਿਆ, ਇਸਦਾ ਭਾਵ, ਬੱਚਿਆਂ ਦੀ ਹੋਂਦ ਆਪਣੀ ਹੈ। ਤੇ ਉਹ ਸਿਰਫ਼ ਇਕਾਈ ਵਿਚ ਸਾਬਤ-ਸਬੂਤੇ ਹਨ।

ਉਸ ਵੇਲੇ ਮੈਨੂੰ ਦੁੱਖ ਹੋਇਆ ਸੀ। ਕਿਉਂ? ਪਤਾ ਨਹੀਂ। ਕੀ ਮੈਂ ਖੁਦ ਨਹੀਂ ਸਾਂ ਚਾਹੁੰਦੀ ਇਸ ਇਕਾਈ ਦੀ ਜ਼ਿੰਦਗੀ? ਰੂਪ ਦੇ ਇਨ੍ਹਾਂ ਸ਼ਬਦਾਂ ਨਾਲ਼ ਮੇਰੇ ਅੰਦਰ ਵੀ ਕੁਝ ਟੁੱਟਾ ਸੀ। ਮਹਿਸੂਸ ਹੋਇਆ ਸੀ ਜਿਵੇਂ ਕਿਸੇ ਨੇ ਮੇਰੇ ਨਾਲ਼ੋਂ ਮੇਰੇ ਪੁੱਤਰ ਦਾ ਨਾੜੂ ਦੁਆਰਾ ਕੱਟਿਆ ਹੋਵੇ। ਮੇਰੀਆਂ ਭਾਵਨਾਵਾਂ ਨੂੰ ਕਿਸੇ ਨੇ ਕੁਹਾੜੀ ਨਾਲ਼ ਟੱਕ ਲਾਇਆ ਹੋਵੇ।

ਉਸ ਵੇਲੇ ਮੈਂ ਸੋਚਿਆ ਕਰਦੀ ਸਾਂ ਕਿ ਕਿੰਨਾ ਵੱਡਾ ਪਾਪ ਕਰ ਰਹੇ ਹਨ ਇੱਥੋਂ ਦੇ ਅਧਿਆਪਕ ਵੀ। ਮਾਸੂਮ ਫੁੱਲਾਂ ਨੂੰ ਆਪਣੀਆਂ ਜੜ੍ਹਾਂ ਤੋਂ ਝੱਟ ਵੱਖ ਕਰਨ ਦੇ ਸਬਕ ਪੜ੍ਹਾਉਣ ਲਗ ਪੈਂਦੇ ਹਨ। ਨਾ ਰੁੱਖ ਸਬੂਤੇ ਰਹਿੰਦੇ ਹਨ ਅਤੇ ਨਾ ਹੀ ਫੁੱਲ।

ਮੇਰੀ ਸਹੇਲੀ ਆਇਸ਼ਾ ਕਹਿੰਦੀ ਐ ਕਿ, "ਇਹ ਬੱਚਿਆਂ ਨੂੰ ਨਵੀਂ ਪਿਉਂਦ ਦਿੰਦੇ ਹਨ ਤਾਂ ਕਿ ਬੱਚੇ ਸਾਡੀਆਂ ਜੜ੍ਹਾਂ ਤੋਂ ਉੱਖੜ ਕੇ ਇਨ੍ਹਾਂ ਦੀਆਂ ਜੜ੍ਹਾਂ ਛੇਤੀਂ ਫੜ ਲੈਣ। ਬਿਲਕੁਲ ਉਸੇ ਤਰ੍ਹਾਂ ਜਿਵੇਂ ਤੂੰ ਨਵੇਂ ਬੂਟਿਆਂ ਨੂੰ ਲਿਆ ਕੇ, ਨਵੀਂ ਮਿੱਟੀ ਵਿਚ ਲਾਉਂਦੀ ਏਂ। ਸਿੰਜਦੀ ਏਂ। ਜਦੋਂ ਜੜ੍ਹਾਂ ਲੱਗ ਜਾਣ ਤਾਂ ਉਹ ਆਪਣੇ ਆਪ ਵਿਚ ਮਹਿਕਣ ਲੱਗ ਪੈਂਦੇ ਹਨ।"

ਉਸਦੀ ਇਸ ਗੱਲ 'ਤੇ ਮੈਨੂੰ ਇੰਜ ਮਹਿਸੂਸ ਹੁੰਦਾ ਜਿਵੇਂ ਮੈਂ ਵੀ ਕੋਈ ਪਾਪ ਕਰ ਰਹੀ ਹੋਵਾਂ। ਮਮਤਾ ਦੀ ਪਰੂਨਿੰਗ ਜਿਵੇਂ ਮੈਨੂੰ ਆਉਂਦੀ ਹੀ ਨਾ ਹੋਵੇ। ਪਰ ਬੂਟਿਆਂ ਨੂੰ ਤਾਂ ਮੇਰੀ ਹਰ ਪਲ ਲੋੜ ਪੈਂਦੀ ਹੈ। ਮੈਂ ਫੇਰ ਸੋਚਿਆ ਕਿ ਸ਼ਾਇਦ ਅਸੀਂ ਸਭਿਆਚਾਰਕ ਵਰਤਾਰੇ ਨੂੰ ਪੂਰੀ ਤਰ੍ਹਾਂ ਨਾਲ਼ ਸਮਝ ਹੀ ਨਹੀਂ ਸਕੇ। ਮੈਨੂੰ ਇਹ ਵੀ ਜਾਪਦਾ ਜਿਵੇਂ ਸਾਰੀ ਦੁਨੀਆਂ ਹੀ ਇਸ ਵਰਤਾਰੇ ਵਿੱਚੀਂ ਗੁਜ਼ਰ ਰਹੀ ਹੋਵੇ। ਗਲੋਬਲ ਮੰਡੀ ਵਿਚ ਅਸੀਂ ਇਕ ਦੂਜੇ ਨੂੰ ਵੱਢ-ਛਾਂਗ ਹੀ ਤਾਂ ਰਹੇ ਹਾਂ। ਹਰ ਦੇਸ਼, ਹਰ ਕੌਮ ਦੀ ਇਹੋ ਕੋਸ਼ਿਸ਼ ਹੈ ਕਿ ਉਹ ਦੂਜੇ ਨੂੰ ਕੱਟ-ਵੱਢ ਕੇ ਆਪਣੇ ਮੇਚ ਦਾ ਜਾਂ ਆਪਣੇ ਅਧੀਨ ਕਰ ਲਵੇ।

ਮੈਂ ਖਿੜੀ-ਖਿੜੀ ਧੁੱਪ ਵਿਚ ਇਹੋ ਊਟ-ਪਟਾਂਗ ਸੋਚੀ ਜਾ ਰਹੀ ਸਾਂ। ਮੇਰਾ ਧਿਆਨ ਫੇਰ ਪੌਦਿਆਂ ਵਲ ਗਿਆ। ਪਿੱਛਲੇ ਸਾਲ ਦੇ ਪੌਦਿਆਂ ਦੀਆਂ ਜੜ੍ਹਾ ਪੱਕੀਆਂ ਲਗ ਚੁੱਕੀਆਂ ਸਨ। ਨਵੀਆਂ ਕਰੂੰਬਲਾਂ ਨਿੱਕਲ ਆਈਆਂ ਸਨ। ਮੈਂ ਐਂਵੇ ਆਲ਼ਾ-ਦੁਆਲ਼ਾ ਦੇਖਦੀ ਤੁਰੀ ਫਿਰਦੀ ਸਾਂ, ਜਾਇਜ਼ਾ ਲੈਂਦੀ ਹੋਈ। ਸੁੱਕੇ ਪੁਰਾਣੇ ਪੱਤੇ ਲਾਹ ਰਹੀ ਸਾਂ। ਟਾਹਣੀਆਂ ਨੂੰ ਤੋੜ ਰਹੀ ਸਾਂ।

ਅਕਸਰ ਮੈਂ ਐਵਰ ਗਰੀਨ ਭਾਵ ਸਦਾ ਹਰੇ ਰਹਿਣ ਵਾਲੇ ਪੌਦੇ ਵੱਧ ਲਾਉਂਦੀ ਸਾਂ। ਇਸ ਨਾਲ਼ ਬਗੀਚਾ ਸਾਰਾ ਸਾਲ ਹਰਿਆ-ਭਰਿਆ ਲਗਦਾ ਰਹਿੰਦਾ ਸੀ। ਬਹੁਤੇ ਨਵੇਂ ਪੌਦੇ ਲਾਉਣ ਦੀ ਸਿਰ-ਦਰਦੀ ਵੀ ਨਹੀਂ ਸੀ ਝੱਲਣੀ ਪੈਂਦੀ। ਹਰ ਸਾਲ ਲਾਉਣ ਵਾਲੇ ਫੁੱਲ, ਇੰਪੇਸ਼ੈਂਟ, ਗੇਂਦਾ, ਜਰੇਨੀਅਮ ਆਦਿ, ਥੋੜ੍ਹੇ ਜਿਹੇ ਲਿਆ ਕੇ ਲਾ ਲੈਂਦੀ ਸਾਂ ਜਿਸ ਨਾਲ਼ ਮੇਰਾ ਬਗੀਚਾ ਰੰਗ-ਬਿਰੰਗੇ ਫੁੱਲਾਂ ਨਾਲ਼ ਮਹਿਕਣ-ਟਹਿਕਣ ਲਗ ਪੈਂਦਾ ਸੀ। ਹਮੇਸ਼ਾਂ ਮੈਂ ਨਵੇਂ ਰੰਗ ਚੁਣਦੀ। ਤੇ ਸਮੀਰ ਆਪਣੀ ਗੋਭੀ, ਗਾਜਰਾਂ, ਗੰਢੇ, ਮਿਰਚਾਂ, ਧਨੀਆਂ ਵਿਚ ਰੁੱਝੇ ਰਹਿੰਦੇ। ਸਾਡੀ ਜ਼ਿੰਦਗੀ ਵੀ ਚਲਦੀ ਰਹਿੰਦੀ ਅਤੇ ਰੁਝੇਵਾਂ ਵੀ ਬਣਿਆ ਰਹਿੰਦਾ। ਮੇਰੇ ਘਰ ਵਿਚ ਇਨ੍ਹਾਂ ਪੌਦਿਆਂ ਦੀਆਂ ਜੜ੍ਹਾਂ ਵੀ ਪੱਕੀਆਂ ਲੱਗ ਜਾਂਦੀਆਂ। ਜਿਹੜੇ ਬੂਟੇ ਸੁੱਕ ਸੜ ਜਾਂਦੇ, ਮੈਂ ਉਨ੍ਹਾਂ ਨੂੰ ਪੁੱਟ ਕੇ ਵਗਾਹ ਮਾਰਦੀ। ਇਸ ਤਰ੍ਹਾਂ ਕਰਦਿਆਂ ਸੋਚ ਉੱਭਰਦੀ, 'ਮਰੇ ਹੋਏ ਅਹਿਸਾਸਾਂ ਨੂੰ ਵੀ ਕਿਤੇ ਹਰੇ ਕੀਤਾ ਜਾ ਸਕਦੈ? ਕੀ ਉਨ੍ਹਾਂ ਨੂੰ ਪੁੱਟ ਕੇ ਹੋਰਥੇ ਲਾਇਆ ਵੀ ਜਾ ਸਕਦੈ?'

ਸੋਚਦਿਆਂ-ਸੋਚਦਿਆਂ ਜਿਵੇਂ ਮੇਰੇ ਦਿਮਾਗ ਵਿਚ ਟੱਲੀ ਖੜਕੀ, "ਬੱਚਿਆਂ ਦੀਆਂ ਜੜ੍ਹਾਂ ਨੂੰ ਮੈਂ ਕਿਉਂ ਨਹੀਂ ਪੱਕਿਆਂ ਕਰ ਸਕੀ?" ਸਮੀਰ ਆਖਦੈ, "ਹਰ ਇਨਸਾਨ ਚੱਕਰਵਿਊ ਵਿਚ ਘਿਰਿਆ, ਤੁਰਿਆ ਫਿਰਦੈ। ਅਸੀਂ ਵੀ ਰੋਟੀ-ਰੋਜ਼ੀ ਵਾਸਤੇ ਦੇਸੋਂ-ਪਰਦੇਸ ਆਏ ਹਾਂ। ਘਰ ਘਾਟ ਛੱਡੇ, ਟੱਬਰ, ਰਿਸ਼ਤੇ-ਨਾਤੇ ਛੱਡੇ। ਤੇ ਦੁਨੀਆਂ ਅਜ ਵੀ ਇਸੇ ਦੀ ਭਾਲ਼ ਵਿਚ ਭਟਕ ਰਹੀ ਹੈ। ਇਸਦਾ ਇਹ ਮਤਲਬ



ਕਦੋਂ ਹੋ ਗਿਆ ਕਿ ਟੱਬਰ ਟੁੱਟ ਗਏ? ਤੁਸੀਂ ਅੱਡ-ਅੱਡ ਰਹਿ ਕੇ ਵੀ ਇੱਕਠੇ ਰਹਿੰਦੇ ਹੋ। ਕਈ ਵੇਰਾਂ ਇਹ ਵੀ ਹੁੰਦਾ ਹੈ, ਜਦੋਂ ਇਕੱਠੇ ਰਹਿ ਕੇ ਵੀ ਇਕੱਲੇ-ਇਕੱਲੇ ਰਹਿੰਦੇ ਹੋ। ਗੱਲ ਸੋਚਣ ਦੀ ਹੈ। ਆਲ਼ੇ-ਦੁਆਲ਼ੇ ਦੇਖੋ, ਲੋਕੀਂ ਵੱਡਿਆਂ ਘਰਾਂ ਵਿਚ ਕਿਵੇਂ ਇਕੱਲੇ ਭਟਕਦੇ ਤੁਰੇ ਫ਼ਿਰਦੇ ਐ। ਵੱਡੇ ਘਰ ਵੀ ਭੂਤ ਬਾੜੇ ਬਣੇ ਹੋਏ ਐ। ਕੀ ਫ਼ਾਇਦਾ ਉਨ੍ਹਾਂ ਘਰਾਂ ਦਾ ਜਿੱਥੇ ਹਵਾ ਵੀ ਭਾਂਅ-ਭਾਂਅ ਕਰਦੀ ਤੁਰੀ ਫਿਰਦੀ ਹੋਵੇ?"

ਗੱਲ ਸਮੀਰ ਦੀ ਠੀਕ ਹੈ। ਹਰ ਘਰ ਵਿਚ 'ਕੱਲੇ-'ਕੱਲੇ, ਡਾਂਵਾਂ ਡੋਲ ਇਨਸਾਨ ਤੁਰੇ ਫਿਰਦੇ ਐ। ਹਰ ਬੰਦਾ ਆਪਣੀ ਦੁਨੀਆਂ ਵਿਚ ਇੱਕਲਾ ਭਟਕ ਰਿਹੈ। ਕੋਈ ਕਿਸੇ ਦੇ ਹਿੱਸੇ ਦੀ ਦੁਨੀਆਂ ਨੂੰ ਕਿਵੇਂ ਸਾਂਝੀ ਕਰ ਲਵੇ?

ਮੇਰਾ ਧਿਆਨ ਫੇਰ ਬੱਚਿਆਂ ਵਲ ਚਲੇ ਗਿਆ, ਮੈਨੂੰ ਮਹਿਸੂਸ ਹੋਇਆ ਜਿਵੇਂ ਉਹ ਵੀ ਐਵਰ ਗਰੀਨ ਫੁੱਲਾਂ ਵਾਂਗ ਹੀ ਹੋਣ। ਬਸ ਲੋੜ ਵੇਲੇ ਮਹਿਕਦੇ ਰਹਿੰਦੇ ਹਨ, ਖਿੜੇ ਰਹਿੰਦੇ ਹਨ ਪਰ ਜਦੋਂ ਮਚਿਊਰ ਹੋਏ ਤਾਂ ਉਨ੍ਹਾਂ ਨੂੰ ਕਿਸੇ ਸਾਂਭ-ਸੰਭਾਲ ਦੀ ਲੋੜ ਹੀ ਨਹੀਂ ਪੈਂਦੀ। ਐਂਵੇ ਉਨ੍ਹਾਂ ਨੂੰ ਦੇਖੀ ਜਾਵੋ ਅਤੇ ਖੁਸ਼ ਹੋਈ ਜਾਵੋ। ਸਮੀਰ ਕਹਿੰਦੈ, "ਇਹੋ ਖੁਸ਼ੀ ਤਾਂ ਅਸਲ ਖੁਸ਼ੀ ਹੈ।"

ਸਮੀਰ ਮੇਰੀਆਂ ਇਨ੍ਹਾਂ ਸੋਚਾਂ ਤੋਂ ਨਿਰਲੇਪ ਰਹਿੰਦਾ ਹੈ। ਕਈ ਵੇਰਾਂ ਕਹਿੰਦਾ ਹੈ, "ਦੁਨੀਆਂ ਦੀ ਮੰਡੀ ਵਿਚ ਹੁਣ ਕਿਸੇ ਚੀਜ਼ ਦੀ ਕੀਮਤ ਨਹੀਂ ਰਹੀ। ਇਸਦੇ ਨਾਲ਼ ਰਿਸ਼ਤੇ ਵੀ ਖੇਰੂੰ-ਖੇਰੂੰ ਹੋ ਗਏ ਹਨ। ਹੁਣ ਲੋੜ ਹੈ ਇਨਸਾਨ ਪਹਿਲਾਂ ਹੀ ਆਪਣੇ ਦਿਮਾਗ ਨੂੰ ਤਿਆਰ ਕਰ ਲਵੇ ਕਿ ਮੈਂ ਆਪਣਾ ਕੰਮ ਕਰਨਾ ਹੈ ਅਤੇ ਬਾਅਦ ਵਿਚ ਮਸ਼ੀਨ ਦੇ ਸਵਿੱਚ ਔਨ-ਔਫ ਕਰਨ ਵਾਂਗ ਬੰਦ ਹੋ ਜਾਣਾ ਹੈ। ਜਿਵੇਂ ਕੰਪਿਊਟਰ 'ਚ ਡੈਟਾ ਫੀਡ ਕਰ ਦੇਈਦਾ ਹੈ, ਇਸੇ ਤਰ੍ਹਾਂ ਬੰਦੇ ਦੇ ਦਿਮਾਗ ਨੂੰ ਵੀ ਡੈਟਾ ਫੀਡ ਕਰ ਦੇਣਾ ਚਾਹੀਦਾ ਹੈ।"

ਮੈਂ ਜਰ੍ਹਾ ਕਰਦੀ ਆਖਦੀ, "ਮੈਂ ਮਸ਼ੀਨ ਨਹੀਂ ਹਾਂ। ਮੈਂ ਲਹੂ ਮਾਸ ਦਾ ਪੁਤਲਾ ਹਾਂ, ਜਿਸਨੇ ਬੱਚਿਆਂ ਨੂੰ ਜਨਮ ਦਿੱਤਾ, ਉਨ੍ਹਾਂ ਦੇ ਜਿਸਮ ਦੀ ਹੋਂਦ ਬਣਾਈ। ਉਨ੍ਹਾਂ ਦੇ ਅਸਤਿਤਵ ਨੂੰ ਤਰਾਸ਼ਿਆ। ਮੈਂ ਕਿਵੇਂ ਭੁੱਲ ਜਾਵਾਂ? ਕਿਵੇਂ ਭੁੱਲ ਜਾਵਾਂ ਉਹ ਅਹਿਸਾਸ ਜਿਨ੍ਹਾਂ ਦੀ ਅਰਥੀ ਮੇਰੇ ਮੋਢਿਆਂ ਉੱਤੇ ਟੰਗੀ ਰਹਿੰਦੀ ਹੈ। ਮੈਂ ਖੁਦ ਇਕ ਇਨਸਾਨ ਹਾਂ। ਮੇਰੀ ਆਪਣੀ ਹੋਂਦ ਹੈ, ਮੇਰੇ ਅੰਦਰ ਮਮਤਾ ਦਾ ਬੁਣਿਆ ਜਾਲ਼ ਹੈ।"

"ਅਜ ਦੇ ਸਮੇਂ ਵੀ, ਜੇ ਇਸ ਤਰ੍ਹਾਂ ਸੋਚਣਾ ਹੈ ਤਾਂ ਬੈਠੇ ਸੋਚੀ ਜਾਵੋ। ਦੁਨੀਆਂ ਐਨੀ ਤੇਜ਼ੀ ਨਾਲ਼ ਦੌੜ ਰਹੀ ਹੈ, ਉਸੇ ਤੇਜ਼ੀ ਨਾਲ਼ ਦੌੜਨਾ ਪਵੇਗਾ। ਕਿਹੜਾ ਰਿਸ਼ਤਾ ਕਿੱਥੇ ਰਹਿ ਗਿਆ, ਇਸ ਦੀ ਚਿੰਤਾ ਕਰਨੀ ਛੱਡ ਦਿਓ। ਹੁਣ ਰਿਸ਼ਤੇ ਨਾਂ ਦੇ ਹਨ। ਹਰ ਕੋਈ ਆਪਣੀ ਥਾਂ ਭਾਲ਼ਦਾ ਹੈ ਅਤੇ ਬਣਾਉਂਦਾ ਹੈ। ਇਹ ਗ਼ਲਤ ਕਿੱਦਾਂ ਹੋ ਗਿਐ?" ਆਖ ਸਮੀਰ ਸਿਰ ਛੰਡਕ ਦਿੰਦਾ।

ਮੈਨੂੰ ਸਮੀਰ ਦੀਆਂ ਗੱਲਾਂ ਸਮਝ ਨਾ ਆਉਂਦੀਆਂ। ਮੈਂ ਸੋਚਦੀ ਕਿ, ਕੀ ਕਦੀ ਕਿਸੇ ਤਰ੍ਹਾਂ ਦੀ ਲੋੜ ਇਸਦੇ ਜਿਸਮ, ਮਨ, ਆਤਮਾ ਨੇ ਨਹੀਂ ਹੰਢਾਈ? ਜ਼ਰੂਰ ਹੰਢਾਈ ਹੋਵੇਗੀ। ਬੱਚਿਆਂ ਦੇ ਮੋਹ ਵਿਚ ਤੜਪ ਵੀ ਮੈਂ ਇਸਦੀ ਅੱਖ ਵਿਚ ਤੱਕੀ ਹੈ। ਮੈਂ ਸਾਲਾਂ ਵੱਧੀ ਇਸਦੀ ਹਿੱਕ ਵਿਚ ਦਫ਼ਨ ਹੋਈ ਚੋਰੀ ਦੇਖੀ ਹੈ। ਵਕਤ-ਬੇਵਕਤ ਘਰ ਦੀ ਦਹਿਲੀਜ਼ ਟੱਪਦਾ ਵੀ ਮੈਂ ਜਾਣਿਆ ਹੈ। ਮੇਰੇ ਹੀ ਘਰ ਦੇ ਅੰਦਰ ਵਾਪਰਦਾ ਤੂਫ਼ਾਨ ਵੀ ਮੈਂ ਡਿੱਠਾ ਹੈ, ਹੰਢਾਇਆ ਹੈ। ਕੀ ਉਸਨੂੰ ਹੰਢਾਉਂਦਿਆਂ ਇਸਦੀ ਰੂਹ ਸੁੱਤੀ ਪਈ ਹੁੰਦੀ ਸੀ?

ਸਭ ਕੁਝ ਜਾਣਦਿਆਂ ਹੋਇਆਂ ਵੀ ਮੈਂ ਆਪਣੇ ਉਸੇ ਦਾਇਰੇ ਵਿਚ ਰਹਿਣਾ ਲੋਚਦੀ ਰਹਿੰਦੀ। ਬੱਚਿਆਂ ਦੇ ਮਗਰ ਭੱਜਦੀ, ਰਿਸ਼ਤੇ-ਨਾਤੇ ਸਾਂਭਦੀ। ਮੈਨੂੰ ਆਪਣੇ ਆਲ਼ੇ-ਦੁਆਲ਼ੇ ਖਿਲਰਿਆ ਹੋਇਆ ਤਾਣਾ-ਬਾਣਾ ਚੰਗਾ ਲਗਦਾ। ਇਸ ਨਾਲ਼ ਮੇਰੇ ਅੰਦਰਲੀ ਪੀੜ ਦੱਬੀ ਰਹਿੰਦੀ। ਮੈਂ ਰਿਸ਼ਤੇਦਾਰਾਂ ਨਾਲ਼ ਗੰਢ-ਤੁਪ ਕਰਦੀ ਰਹਿੰਦੀ। ਸ਼ਾਇਦ ਇਸੇ ਕਾਰਨ ਸਾਰੇ ਰਿਸ਼ਤੇਦਾਰ ਸਾਡੇ ਕੋਲ ਵਹੀਰਾਂ ਘੱਤ ਕੇ ਤੁਰੇ ਰਹਿੰਦੇ।

ਜਦੋਂ ਗਰਮੀਆਂ ਦੇ ਦਿਨ ਆਉਂਣੇ ਸ਼ੁਰੂ ਹੁੰਦੇ ਤਾਂ ਮੈਨੂੰ ਹੋਰ ਫ਼ਿਕਰ ਲਗ ਜਾਂਦਾ। ਉਹ ਸੀ, ਹਰ ਗਰਮੀਆਂ ਦੀ ਰੁੱਤ ਨੂੰ ਮਹਿਮਾਨਾਂ ਦਾ ਆਉਣਾ-ਜਾਣਾ। ਭਾਵੇਂ ਇਹ ਸਭ ਮੇਰੀਆਂ ਹੀ ਕੀਤੀਆਂ ਦਾ ਫਲ਼ ਸੀ, ਫੇਰ ਵੀ ਇਸ ਨਾਲ਼ ਥੋੜੀ ਜਿਹੀ ਸਿਰ ਦਰਦੀ ਤਾਂ ਹੁੰਦੀ। ਜਿਹੜਾ ਵੀ ਉੱਠਦਾ, ਉਹੋ ਆਖ ਦਿੰਦਾ, ਅਸੀਂ ਜੀ ਛੁੱਟੀਆਂ ਕੱਟਣ ਤੁਹਾਡੇ ਕੋਲ ਕੈਨੇਡਾ ਆ ਰਹੇ ਹਾਂ। ਸੋਚਿਆ ਨਾਲ਼ੇ ਨਿਆਗਰਾ ਫਾਲ ਦੇਖ

ਆਵਾਂਗੇ ਅਤੇ ਨਾਲ਼ੇ ਤੁਹਾਨੂੰ ਮਿਲ-ਗਿਲ ਆਵਾਂਗੇ। ਮੈਂ ਹੱਸ ਕੇ ਆਖ ਦਿੰਦੀ, "ਜ਼ਰੂਰ ਜੀ, ਤੁਹਾਡਾ ਆਪਣਾ ਘਰ ਐ। ਬਹੁਤ ਖ਼ੁਸ਼ੀ ਹੋਈ।" ਪਰ ਮੇਰਾ ਅੰਦਰ ਚੀਕਾਂ ਮਾਰਨ ਨੂੰ ਤਾਂਘੜਦਾ।

ਸਮੀਰ ਕੋਲ ਦੀ ਲੰਘਣ ਲੱਗਦਾ ਖੰਘੂਰਾ ਜਿਹਾ ਮਾਰਦਾ ਹੋਇਆ ਆਖਦਾ, "ਫੌਜਾਂ ਕਦੋਂ ਪਧਾਰ ਰਹੀਆਂ ਨੇ।"

ਮੈਂ ਅੱਖਾਂ ਦੀ ਨੀਂਵੀ ਜਿਹੀ ਪਾ ਲੈਂਦੀ। ਅੰਦਰ ਵੀ ਜਿਵੇਂ ਘਾਊਂ-ਮਾਊਂ ਹੋਣ ਲੱਗ ਪੈਂਦਾ। ਸਾਡੇ ਆਪਣੇ ਰਿਸ਼ਤੇ 'ਤੇ ਵੀ ਅਸਰ ਹੁੰਦਾ। ਅਸੀਂ ਦੋਨੋਂ ਘਰ ਦੇ ਦੋ ਅੱਡ-ਅੱਡ ਕੋਨਿਆਂ ਵਿਚ ਸਹਿਮੇ ਜਿਹੇ ਤੁਰੇ ਫਿਰਦੇ।

ਪਹਿਲੇ ਦਿਨਾਂ ਵਿਚ ਪਰਾਹੁਣਚਾਰੀ ਦੀ ਕੋਫ਼ਤ ਨਹੀਂ ਸੀ ਹੁੰਦੀ। ਬਲਕਿ ਬੜਾ ਚਾਅ ਹੁੰਦਾ ਸੀ। ਅਗਲੇ ਆਉਂਦੇ, ਬੱਚੇ ਲਿਆਉਂਦੇ ਜਿਸ ਨਾਲ਼ ਸਾਡੇ ਬੱਚਿਆਂ ਨੂੰ ਵੀ ਕੋਈ ਮਿਲਣ ਗਿਲਣ ਵਾਲਾ ਮਿਲ ਪੈਂਦਾ ਅਤੇ ਉਨ੍ਹਾਂ ਦੀਆਂ ਦੋਸਤੀਆਂ ਵੀ ਬਣ ਜਾਂਦੀਆਂ। ਪਰ ਹੁਣ ਵਕਤ ਜਿਵੇਂ ਐਨੀ ਤੇਜ਼ੀ ਨਾਲ਼ ਦੌੜ ਰਿਹਾ ਸੀ, ਉਸਦੇ ਕਾਰਨ ਇਹ ਵੀ ਮਹਿਸੂਸ ਹੋਣ ਲਗ ਪਿਆ, ਜਿਵੇਂ ਜ਼ਿੰਦਗੀ ਵਿਚ ਸਾਹ ਲੈਣਾ ਵੀ ਔਖਾ ਹੋ ਰਿਹਾ ਹੋਵੇ। ਦੁਨੀਆਂ ਭੱਜੀ ਜਾ ਰਹੀ ਮਹਿਸੂਸ ਹੁੰਦੀ। ਕਿਸੇ ਕੋਲ਼, ਕਿਸੇ ਵਾਸਤੇ ਵਕਤ ਹੀ ਨਹੀਂ ਸੀ ਰਿਹਾ। ਨਾ ਹੱਸਣ ਦਾ ਸਮਾਂ, ਨਾ ਰੋਣ ਦਾ ਸਮਾਂ, ਨਾ ਕੋਲ ਬੈਠ ਕੇ ਦੁੱਖ-ਸੁੱਖ ਫੋਲਣ ਦਾ ਸਮਾਂ। ਰੋਟੀ ਵੀ ਖਾਓ ਤਾਂ ਭੱਜਦੇ -ਭੱਜਦੇ।

ਮੈਂ ਉੱਥੇ ਖੜੀ-ਖੜੀ ਪਿੱਛਲ ਝਾਤ ਬੀਤੇ ਵਰ੍ਹਿਆਂ ਬਾਰੇ ਸੋਚੀ ਜਾ ਰਹੀ ਸਾਂ। ਸਮੀਰ ਅਤੇ ਮੈਂ ਦੋਨੋਂ ਕੰਮ ਕਰਦੇ ਸਾਂ। ਬੱਚੇ ਪਾਲ਼ਦੇ ਸਾਂ। ਟੱਬਰ ਵਿਚ ਬੈਠਦੇ ਸਾਂ। ਬੱਚਿਆਂ ਨਾਲ਼ ਵਕਤ ਵੀ ਬਿਤਾਉਂਦੇ ਸਾਂ। ਬਜ਼ੁਰਗਾਂ ਦੀ ਦੇਖ-ਭਾਲ, ਉਨ੍ਹਾਂ ਨਾਲ਼ ਸਮਾਂ ਵੀ ਕੱਟਦੇ ਸਾਂ। ਪਰ ਸਾਨੂੰ ਕਦੀ ਕੋਈ ਔਖ ਨਹੀਂ ਸੀ ਮਹਿਸੂਸ ਹੋਈ। ਪਰ ਅਜ ਦੀ ਪੀੜ੍ਹੀ ਇਸ ਤਰ੍ਹਾਂ ਤੁਰ ਰਹੀ ਹੈ ਜਿਵੇਂ ਪੂਛ ਨੂੰ ਅੱਗ ਲੱਗੀ ਹੋਵੇ। ਹਾਲੀਂ ਹੁਣੇ ਹੀ ਮੇਰਾ ਵੱਡਾ ਪੋਤਾ ਕੰਮ ਤੋਂ ਬਰੇਕ ਕਰਨ ਆਇਆ। ਕਹਿਣ ਲੱਗਾ, "ਗਰੈਂਡਮਾਂ ! ਛੇਤੀਂ ਸੈਂਡਵਿੱਚ ਬਣਾ ਦੇ, ਮੈਂ ਕਾਰ ਵਿਚ ਹੀ ਖਾ ਲਵਾਂਗਾ।"

ਮੈਂ ਕਿਹਾ, "ਪੁੱਤਰਾ, ਤੂੰ ਘੜੀ ਬੈਠ, ਕੋਈ ਗੱਲ ਕਰ, ਸੈਂਡਵਿਚ ਖਾ, ੩ ਤੇ ਫੇਰ ਚਲਿਆ ਜਾਵੀਂ। ਐਤਰਾਂ ਖਾਧਿਆਂ ਖਾਣਾ ਹਜ਼ਮ ਨ੍ਹੀ ਹੁੰਦਾ।"

ਪਰ ਨਹੀਂ, ਉਹ ਜਿਵੇਂ ਬਾਂਦਰ ਟਪੂਸੀ ਮਾਰਦਾ, ਭੱਜ ਗਿਆ।

ਮੈਂ ਸੋਚਣ ਲੱਗੀ ਕਿ ਕਦੋਂ ਇਨ੍ਹਾਂ ਲੋਕਾਂ ਕੋਲ ਸਾਡੇ ਵਾਸਤੇ ਵਕਤ ਹੋਵੇਗਾ? ਇਨ੍ਹਾਂ ਦਾ ਆਪਣਾ ਜੀਣਾ ਮੁਹਾਲ ਹੋਇਐ ਪਿਐ। ਬੱਚੇ ਸਕੂਲ ਪੜ੍ਹਦੇ ਐ, ਪਾਰਟ ਟਾਈਮ ਕੰਮ ਕਰਦੇ ਐ ਤੇ ਫੇਰ ਸਕੂਲ ਦਾ ਹੋਮ ਵਰਕ ਵੀ ਕਰਨਾ ਹੋਇਆ। ਸਿਰਾਂ ਉੱਤੇ ਐਨੇ ਬੋਝ ਲੱਦੀ ਫਿਰਦੇ ਐ। ਇਸੇ ਲਈ ਮੇਰੀ ਧੀ ਆਖਦੀ ਐ ਕਿ, "ਮਾਂ ਹੁਣ ਗਲੋਬਲਾਈਜ਼ੇਸ਼ਨ ਦਾ ਸਮਾਂ ਐ। ਸਾਨੂੰ ਦੁਨੀਆਂ ਦੀ ਮੰਡੀ ਨਾਲ਼ ਮੁਕਾਬਲਾ ਕਰਨਾ ਪੈ ਰਿਹਾ ਹੈ। ਕੀ ਕਰੀਏ? ਨਾ ਕੁਝ ਸੋਚ ਸਕਦੇ ਹਾਂ ਅਤੇ ਨਾ ਹੀ ਸਮਝ ਸਕਦੇ ਹਾਂ।"

"ਕਿਉਂ ਕੁੜੀਏ ਅਸੀਂ ਕੰਮ ਨ੍ਹੀ ਸੀ ਕਰਦੇ? ਬੱਚੇ ਨ੍ਹੀ ਸੀ ਪਾਲ਼ਦੇ? ਖਸਮਾਂ ਨੂੰ ਰੋਟੀ-ਪਾਣੀ ਨ੍ਹੀ ਸੀ ਦਿੰਦੇ? ਤੁਸੀਂ ਹੁਣ ਬਣਿਆ ਬਣਾਇਆ ਬਾਹਰੋਂ ਲੈ ਆਉਂਦੀਆਂ ਹੋ, ਪੀਜ਼ੇ-ਬਰਗਰ ਤੁਹਾਡਾ ਖਾਜਾ ਬਣ ਗਿਐ। ਤੇ ਫੇਰ ਤੁਰ ਪੈਂਦੀਆਂ ਹੋ ਫਿਟਨੈੱਸ ਦੀ ਐਕਸਰਸਾਈਜ਼ ਕਰਨ। ਆਹ ਵੀ ਕੀ ਗੱਲ ਹੋਈ? ਜੇ ਤੁਸੀਂ ਘਰ ਕੰਮ ਵੀ ਕਰੋਂ ਤਾਂ ਤੁਹਾਡੀ ਸਿਹਤ ਵੀ ਠੀਕ ਰਹਵੇ। ਤਾਜ਼ਾ ਖਾਣਾ ਆਪ ਬਣਾ ਕੇ ਖਾਓ, ਜਿਹੜਾ ਤੁਹਾਡੀ ਸਿਹਤ ਵਾਸਤੇ ਠੀਕ ਹੈ। ਤਾਜ਼ੀ ਬਣੀ ਦਾਲ ਰੋਟੀ ਦੀ ਕੋਈ ਰੀਸ ਨ੍ਹੀ। ਤੇ ਫੇਰ ਪੈਸੇ ਵੀ ਬਚਦੇ ਐ।"

ਮੈਂ ਇਹ ਗੱਲਾਂ ਆਪਣੀ ਧੀ ਨੂੰ ਆਖ ਰਹੀ ਸਾਂ। ਕੋਲ ਖੜੀ ਮੇਰੀ ਛੋਟੀ ਨੂੰਹ ਦੇ ਮੱਥੇ ਦੀ ਤਿਊੜੀ ਹੋਰ ਡੂੰਘੀ ਹੋ ਗਈ ਸੀ। ਸ਼ਾਇਦ ਸੋਚਣ ਲੱਗੀ ਹੋਵੇ ਕਿ ਮੈਂ ਉਸਨੂੰ ਹੀ ਸਭ ਸੁਣਾ ਕੇ ਆਖਿਆ ਹੈ। ਮੈਂ ਤਾਂ ਇਹ ਗੱਲ ਆਮ ਜਿਹੀ ਕੀਤੀ ਸੀ। ਪਰ ਇੱਥੇ, ਕੀ ਮੇਰੀ ਨੂੰਹ-ਧੀ ਅਤੇ ਕੀ ਗੁਆਂਢੀਆਂ ਦੀਆਂ ਨੂੰਹਾਂ-ਧੀਆਂ, ਸਭ ਦਾ ਜਿਵੇਂ ਬੇੜਾ ਗਰਕ ਐ। ਮੇਰੀ ਗੁਆਂਢਣ ਗੁਰਬਖ਼ਸ਼ ਕੌਰ ਦੀਆਂ ਤਿੰਨ ਨੂੰਹਾਂ ਹਨ। ਦੋ ਧੀਆਂ ਵੀ ਹਨ। ਜਦੋਂ ਕੰਮੋਂ ਪਰਤਦੀਆਂ ਹਨ ਤਾਂ ਆਖਣਗੀਆਂ, 'ਸਾਰਾ ਦਿਨ ਕੰਮ ਕਰਦੀਆਂ ਥੱਕ ਟੁੱਟ ਗਈਆਂ।'



ਫੇਰ ਉੱਠ ਕੇ ਤੁਰ ਪੈਣਗੀਆਂ ਆਪਣੇ-ਆਪਣੇ ਖਸਮਾਂ ਨੂੰ ਨਾਲ਼ ਲੈ ਕੇ, ਖਾਣੇ ਖਾਣ। ਸੱਸ ਸਹੁਰਾ ਘਰ ਦਿਨ ਨੂੰ ਨਿਆਣੇ ਸਾਂਭਦੇ, ਆਪਣਾ ਘਰ-ਬਾਰ ਵੀ ਸਾਫ਼ ਕਰਦੇ, ਉਨ੍ਹਾਂ ਲਈ ਦਾਲ ਰੋਟੀ ਵੀ ਬਣਾ ਛੱਡਦੇ ਪਰ ਉਨ੍ਹਾਂ ਮਾਂ ਦੀਆਂ ਜਾਈਆਂ ਨੂੰ ਜਿਵੇਂ ਭਲ ਨ੍ਹੀ ਪਚਦੀ। ਗੁਰਬਖ਼ਸ਼ ਵੀ ਆਪਣੇ ਕਰਮਾਂ ਨੂੰ ਰੋਂਦੀ ਐ। ਅਖੇ, "ਬੀਜੀ ! ਇਹ ਕੁੜੀਆਂ ਐਵੇਂ ਥੱਕੀਆਂ-ਟੁੱਟੀਆਂ ਰਹਿੰਦੀਆਂ। ਕੰਮਾਂ ਉੱਤੇ ਕੀ ਚਲੇ ਜਾਂਦੀਆਂ, ਆ ਕੇ ਜਿਵੇਂ ਮਰੇ ਕੁੱਤੇ ਵਾਂਗ ਲਿਟ ਜਾਣਗੀਆਂ। ਆਖਣਗੀਆਂ, ਮੌਮ ਕੰਮ ਬਹੁਤ ਸੀ। ਬਹੁਤ ਥੱਕ ਗਈਆਂ। ਜੇ ਮੇਰੀਆਂ ਧੀਆਂ ਕੰਮ ਨੂੰ ਹੱਥ ਨ੍ਹੀ ਲਾਉਂਦੀਆਂ ਤਾਂ ਨੂੰਹਾਂ ਕਿੱਥੋਂ ਲਾਉਣ? 'ਕੱਲੀ-'ਕੱਲੀ ਦੇ ਘਰ ਜਾ ਕੇ ਦੇਖ ਲਵੋ, ਘਰ ਸ਼ੀਸ਼ੇ ਵਾਂਗ ਚਮਕਦੇ ਹੋਣਗੇ ਪਰ ਮਜ਼ਾਲ ਐ ਕਿ ਰਸੋਈ ਵਿਚ ਕੁਝ ਖਾਣ ਨੂੰ ਬਣਦਾ ਹੋਵੇ। ਅਖੇ ਘਰ ਵਿਚ ਸਮੈੱਲ ਆਉਂਦੀ ਐ। ਬਾਹਰ ਖਾ ਆਉਣਗੀਆਂ ਜਾਂ ਬਾਹਰੋਂ ਘਰ ਲੈ ਆਉਣਗੀਆਂ। ਪਰ ਕੀ ਗੱਲ ਐ ਜੇ ਕਦੀ ਹੱਥ ਹਿਲਾ ਲੈਣ। ਮੁੰਡਿਆਂ ਨੂੰ ਵੀ ਮਾਂ ਕੰਮ ਕਰਦੀ ਨ੍ਹੀ ਦਿਖਾਈ ਦਿੰਦੀ। ਸਾਰੇ ਵਾਰੋ ਵਾਰੀ ਆਪਣੇ ਨਿਆਣੇ ਮੇਰੇ ਕੋਲ ਛੱਡ ਜਾਂਦੇ ਐ। ਸਾਰਾ ਦਿਨ ਨਿਆਣਿਆਂ ਨਾਲ਼ ਮਗ਼ਜ਼ ਖ਼ਪਾਈ ਕਰਦਿਆਂ ਮੇਰਾ ਸਿਰ ਖਪ ਜਾਂਦੈ। ਪਰ ਉਨ੍ਹਾਂ ਨੂੰ ਮਾਂ ਦਾ ਕੰਮ ਨ੍ਹੀ ਦੀਂਹਦਾ। ਤੀਂਵੀਆਂ ਦੀ ਥਕਾਵਟ ਬਥੇਰੀ ਦੀਂਹਦੀ ਐ। ਵੀਕ ਐਂਡ 'ਤੇ ਲੈ ਜਾਣਗੇ ਘਰ ਵਾਲੀਆਂ ਨੂੰ ਡਿਨਰ ਕਰਾਉਣ। ਮੈਂ ਪੂਰਾ ਸਾਲ ਕੰਮ ਕਰਦੀ ਰਹਾਂ ਤਾਂ ਮਦਰਜ਼ ਡੇ ਵਾਲੇ ਦਿਨ ਵੀ ਵੀਹ ਡਾਲਰ ਦਾ ਗਿਫ਼ਟ ਲਿਆਉਂਦਿਆਂ ਹੋਇਆਂ, ਉਨ੍ਹਾਂ ਨੂੰ ਟੈਮ ਕੱਢਣਾ ਪੈਂਦੈ। ਇਹ ਨ੍ਹੀ ਮਾਂ ਨਾਲ਼ ਦੋ-ਚਾਰ ਘੰਟੇ ਬੈਠ ਕੇ ਕੱਟ ਜਾਣ। ਕੋਈ ਦੁੱਖ-ਸੁੱਖ ਫੋਲ ਜਾਣ। ਆਪਣੀ ਗੱਲ ਕਰਨ, ਕੋਈ ਮੇਰੀ ਪੁੱਛਣ।" ਗੁਰਬਖਸ਼ ਰੋਣਹਾਕੀ ਹੋਈ ਪਈ ਸੀ।

ਫੇਰ ਆਖਣ ਲੱਗੀ, "ਮੁੰਡੇ ਵੀ ਘਰਾਂ ਵਾਲੀਆਂ ਦੀ ਬੋਲੀ ਬੋਲਦੇ ਹੋਏ ਆਖਣਗੇ, "ਮਾਂ ! ਕੀ ਕਰੀਏ, ਐਥੇ ਜ਼ਿੰਦਗੀ ਐਦਾਂ ਹੀ ਨਿੱਕਲਦੀ ਐ। ਐਨਾ ਕੰਮ ਕਰਦੇ ਹਾਂ, ਫੇਰ ਵੀ ਪੈਸਾ ਨ੍ਹੀ ਜੁੜਦਾ।"

ਫੇਰ ਗੁਰਬਖ਼ਸ਼ ਕਹਿਣ ਲੱਗੀ, "ਬੀਜੀ ਮੈਂ ਉਨ੍ਹਾਂ ਦੇ ਘਰਾਂ ਵਲ ਦੇਖਦੀ ਹਾਂ, ਬੱਚਿਆਂ ਦੀਆਂ ਖੇਲਾਂ ਵਲ ਦੇਖਦੀ ਹਾਂ, ਤੇ ਸੋਚਦੀ ਹਾਂ ਕਿ ਪੈਸਾ ਜੁੜੇ ਕਿੱਦਾਂ? ਬਜ਼ਾਰ ਵਿਚ ਹਰ ਨਵੀਂ ਵਸਤ ਜਦੋਂ ਆਉਂਦੀ ਐ ਤਾਂ ਇਨ੍ਹਾਂ ਦੇ ਘਰਾਂ ਅੰਦਰ ਪਹਿਲਾਂ ਆ ਵੜਦੀ ਐ। ਜੇ ਕੁਝ ਆਖੀਏ ਤਾਂ ਉੱਤਰ ਮਿਲੇਗਾ, "ਮਾਂ ! ਹੁਣ ਦੁਨੀਆਂ ਵਿਚ ਕੰਮਪੀਟੀਸ਼ਨ ਬਹੁਤ ਹੈ। ਉਸੇ ਹਿਸਾਬ ਨਾਲ਼ ਜੀਣਾ ਪਵੇਗਾ। ਵਰਨਾ ਬੱਚਿਆਂ ਦੇ ਮਨਾਂ ਵਿਚ ਘਟੀਆਪਣ ਦਾ ਅਹਿਸਾਸ ਪੈਦਾ ਹੋ ਜਾਵੇਗਾ।"

ਗੁਰਬਖ਼ਸ਼ ਨੇ ਹੋਰ ਦੱਸਿਆ ਕਿ, ਇਕ ਦਿਨ ਮੈਂ ਛੋਟੇ ਕਿੰਦੇ ਨੂੰ ਕਿਹਾ, "ਕਿੰਦਿਆ ਤੁਸੀਂ ਵੀ ਤਾਂ ਪਲ਼ੇ ਸੀ। ਅਸੀਂ ਕੀ ਨ੍ਹੀ ਸੀ ਤੁਹਾਡੇ ਲਈ ਕੀਤਾ? ਹਰ ਯੁੱਗ ਵਿਚ, ਹਰ ਮਾਂ-ਬਾਪ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਆਏ ਹਨ। ਇਹ ਕਿਹੜੀ ਨਵੀਂ ਗੱਲ ਐ।"

ਕਿੰਦੇ ਦਾ ਉੱਤਰ ਸੀ, "ਮੌਮ ਉਦੋਂ ਦੁਨੀਆਂ ਵਿਚ ਮੁਕਾਬਲੇਬਾਜ਼ੀ ਨਹੀਂ ਸੀ। ਹੁਣ ਦੁਨੀਆਂ ਵਿਚ ਵਿਚਰਨਾ ਹੈ ਤਾਂ ਉਸ ਹਿਸਾਬ ਨਾਲ਼ ਜੀਣਾ ਪਵੇਗਾ।"

"ਇਸਦਾ ਭਾਵ ਜੇ ਕੁਝ ਕੋਲ ਨਾ ਹੋਵੇ, ਫੇਰ ਕਿੱਥੋਂ ਲਿਆਵੋਗੇ ? ਚੋਰੀ ਕਰੋਗੇ, ਜਾਂ ਡਾਕਾ ਡਾਲੋਗੇ?"

"ਇਹੀ ਤਾਂ ਗੱਲ ਹੈ ਮੌਮ, ਅਜ ਬੰਦਾ ਕਿਸੇ ਵੀ ਤਰ੍ਹਾਂ ਆਪਣੇ ਆਪ ਨੂੰ ਦੂਜਿਆਂ ਦੇ ਬਰਾਬਰ ਰੱਖਣ ਦੀ ਹੋੜ ਵਿਚ ਹੈ। ਉਸਨੂੰ ਭਾਵੇਂ ਦਿਨ ਰਾਤ ਕੰਮ ਕਰਨਾ ਪਵੇ, ਭਾਵੇਂ ਆਪਣਾ ਆਪ ਵੇਚਣਾ ਪਵੇ।"

ਗੁਰਬਖ਼ਸ਼ ਦੀਆਂ ਗੱਲਾਂ ਨੇ ਮੇਰੇ ਮਨ ਵਿਚ ਇਕ ਗੱਲ ਤਾਂ ਭਰ ਦਿੱਤੀ ਕਿ ਇੱਥੋਂ ਦੇ ਸਕੂਲ ਹੀ ਨਹੀਂ, ਪੂਰਾ ਸਿਸਟਮ ਵੀ ਗਰਕਿਆ ਪਿਐ।

ਇਹ ਸਭ ਸੋਚਦਿਆਂ ਹੋਇਆਂ ਮੇਰਾ ਧਿਆਨ ਮੇਰੀ ਨੂੰਹ ਪੁਨੀਤ ਵਲ ਗਿਆ, ਜਦੋਂ ਪੁਨੀਤ ਵਿਆਹੀ ਆਈ ਸੀ ਤਾਂ ਕਿਸੇ ਨਾਲ਼ ਬੋਲਦੀ ਹੀ ਨਹੀਂ ਸੀ। ਅਸੀਂ ਵੀ ਦੁਖੀ ਹੋਏ ਕਿ ਕਿਵੇਂ ਇਸ ਤਰ੍ਹਾਂ ਜ਼ਿੰਦਗੀ ਨਿੱਕਲੂ? ਅਸੀਂ ਜੋ ਵੀ ਉਸਨੂੰ ਕਹਿਣ-ਸਮਝਾਉਣ ਦੀ ਕੋਸ਼ਿਸ਼ ਕਰਦੇ, ਪੁਨੀਤ ਉਸਦੇ ਉਲਟ ਚੱਲਦੀ। ਦੋ ਕੁ ਸਾਲ ਨਿਕਲਣ ਤੋਂ ਬਾਅਦ, ਜਦੋਂ ਪੁਨੀਤ ਦੇ 'ਰਵੀ' ਪੈਦਾ ਹੋਇਆ ਤਾਂ ਪੁਨੀਤ ਨੂੰ ਵੀ ਸੁਰਤ ਆਉਣ ਲੱਗ ਪਈ। ਬੱਚੇ ਦੇ ਆਉਣ ਨਾਲ਼ ਪੁਨੀਤ ਨੇ ਆਪਣੇ ਘਰ ਦਾ ਨਫ਼ਾ-ਨੁਕਸਾਨ ਦੇਖਣਾ-ਸੋਚਣਾ ਸ਼ੁਰੂ ਕਰ ਦਿੱਤਾ। ਆਖਣ ਲੱਗੀ, ਮੌਮ ! ਬਾਹਰ ਐਨੀ ਮਹਿੰਗਾਈ ਹੈ, ਅਸੀਂ ਇਕੱਲੇ ਕਿਵੇਂ ਸਾਰਾਂਗੇ? ਬੱਚਿਆਂ ਦਾ ਕੁਛ ਕਿਵੇਂ ਬਣਾਵਾਂਗੇ? ਉਨ੍ਹਾਂ ਦੀਆਂ ਲੋੜਾਂ ਕਿਵੇਂ ਪੂਰੀਆਂ ਕਰਾਂਗੇ?"

ਮਨ 'ਚ ਖਿਆਲ ਆਇਆ, ਇਸ ਗੱਲੋਂ ਮੇਰੀ ਪੁਨੀਤ ਸਿਆਣੀ ਨਿੱਕਲੀ। ਉਸਨੇ ਬੱਚੇ ਆਪਣੀ ਮਾਂ ਕੋਲ ਜਾਂ ਸਾਡੇ ਕੋਲ ਰੱਖ ਕੇ ਪਾਲ਼ ਲਏ। ਬੱਚਿਆਂ ਨੂੰ ਜੜ੍ਹਾਂ ਨਾਲ਼ ਵੀ ਜੋੜੀ ਰੱਖਿਆ। ਨਾਨੀ-ਦਾਦੀ ਦੀ ਮੋਹ-ਮਮਤਾ ਵੀ ਉਨ੍ਹਾਂ ਨੂੰ ਲਡਿਆਉਂਦੀ ਰਹੀ। ਉਨ੍ਹਾਂ ਜੜ੍ਹਾਂ ਵਿਚੋਂ ਪੁੰਗਰ ਕੇ ਬੱਚੇ ਮਹਿਕਨ ਲੱਗ ਪਏ। ਭਾਵੇਂ ਹੁਣ ਬੱਚਿਆਂ ਦੇ ਵੇਲੇ ਕੰਪੀਟੀਸ਼ਨ ਵੱਧ ਗਿਆ ਹੈ। ਪਰ ਉਹ ਵੀ ਕੋਸ਼ਿਸ਼ ਕਰਦੇ ਹਨ ਕਿ ਉਨ੍ਹਾਂ ਦੇ ਤਰਾਜ਼ੂ ਦੀ ਸੂਈ ਠੀਕ ਰਹਵੇ। ਉਹ ਭੱਜ-ਭੱਜ ਕੰਮ ਕਰਦੇ ਹਨ। ਪੜ੍ਹਨ ਵਿਚ ਧਿਆਨ ਦਿੰਦੇ ਹਨ। ਉਨ੍ਹਾਂ ਨੂੰ ਪਤਾ ਹੈ ਕਿ ਪੜ੍ਹਾਈ ਤੋਂ ਬਿਨਾਂ ਕੰਮ ਵੀ ਨ੍ਹੀ ਮਿਲਣੇ। ਅਜ-ਕਲ ਹਰ ਨਿੱਕੇ-ਮੋਟੇ ਕੰਮ ਵਾਸਤੇ ਵੀ ਪਹਿਲਾਂ ਡਿਗਰੀਆਂ ਦੇਖੀਆਂ ਜਾਂਦੀਆਂ ਹਨ।

ਮੇਰਾ ਧਿਆਨ ਗੁਰਬਖ਼ਸ਼ ਵਲ ਫੇਰ ਪਰਤ ਜਾਂਦਾ ਹੈ। ਗੁਰਬਖ਼ਸ਼ ਦੀ ਆਦਤ ਵੀ ਹੁਣ ਚਿੜ-ਚਿੜੀ ਜਿਹੀ ਹੋ ਗਈ ਹੈ। ਮੈਂ ਉਸਨੂੰ ਆਖਦੀ ਹਾਂ ਕਿ ਫ਼ਿਕਰ ਕਰਨਾ ਛੱਡ ਦੇਵੇ। ਆਪਣੇ ਹੱਥ ਵਸ ਕੁਝ ਨਹੀਂ ਰਿਹਾ। ਪਰ ਉਹ ਫੇਰ ਫਿਕਰਾਂ ਵਿਚ ਲਹਿ ਤੁਰਦੀ ਹੈ। ਮੇਰੇ ਘਰ ਹਰ ਵਰ੍ਹੇ ਆਏ ਹੋਏ ਮਹਿਮਾਨਾਂ ਨੂੰ ਵੀ ਮੇਰੇ ਨਾਲ਼ ਸਾਂਭਦੀ ਹੈ। ਮੈਨੂੰ ਲਗਦੈ ਕਦੀ ਸਮੀਰ ਵੀ ਇਸੇ ਤਰ੍ਹਾਂ ਮਹਿਸੂਸ ਕਰਨ ਲਗਦਾ ਹੈ ਜਿਵੇਂ ਗੁਰਬਖ਼ਸ਼ ਮਹਿਸੂਸ ਕਰਦੀ ਹੈ। ਹੈ ਵੀ ਠੀਕ, ਸਮੀਰ ਦਿਲ ਨੂੰ ਧਰਵਾਸ ਦੇਣ ਦੀ ਕੋਸ਼ਿਸ਼ ਕਰਦਾ ਹੈ। ਉਹ ਕਹਿੰਦਾ ਹੈ, "ਜਦੋਂ ਤਕ ਇਨਸਾਨ ਕੰਮ ਵਿਚ ਮਸਰੂਫ਼ ਰਹਿੰਦਾ ਹੈ, ਉੱਨਾਂ ਵਿਚ ਉਸਦਾ ਦਿਲ ਵੀ ਕਾਇਮ ਰਹਿੰਦਾ ਹੈ। ਉਸਨੂੰ ਫ਼ਿਕਰ-ਫਾਕਾ ਵੀ ਨਹੀਂ ਹੁੰਦਾ। ਪਹਿਲੀ ਜ਼ਿੰਦਗੀ ਵਿਚ ਰੁਝੇਵਾਂ ਅਤੇ ਕੁਝ ਬਣਾਉਣ ਦੀ ਤਾਂਘ ਜ਼ਿੰਦਗੀ ਨੂੰ ਤੋਰੀ ਰੱਖਦੀ ਹੈ ਅਤੇ ਅਖ਼ੀਰਲੀ ਵਿਚ ਦੋਸਤੀਆਂ ਜ਼ਿੰਦਗੀ ਨੂੰ ਤੋਰੀ ਰੱਖਦੀਆਂ ਹਨ। ਇਸ ਉਮਰ ਵਿਚ, ਹਵਾ 'ਚ ਉਡਦੇ ਮਨ ਦੇ ਵਲਵਲੇ ਵੀ ਬਰੇਕਾਂ ਲਾ ਲੈਂਦੇ ਹਨ।" ਮੈਂ ਹੈਰਾਨ ਹੁੰਦੀ ਹਾਂ, ਕੀ ਇਹ ਉਹੀ ਸਮੀਰ ਹੈ?

ਹੁਣ ਸਮੀਰ ਗਾਰਡਨ ਵਿਚ ਰੁੱਝਾ ਰਹਿੰਦਾ ਹੈ ਜਾਂ ਫੇਰ ਨਵੀਆਂ ਦੋਸਤੀਆਂ ਬਣਾਉਣ ਦੀ ਕੋਸ਼ਿਸ਼ ਕਰਦਾ ਹੈ। ਉਹ ਇਕੱਲਤਾ ਨੂੰ ਪੂਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਮੈਨੂੰ ਲਗਦੈ ਜਿਵੇਂ ਉਸਦੇ ਅੰਦਰ ਵੀ ਕੋਈ ਖੰਡਰ ਹੋਵੇ ਜਿਸਨੂੰ ਮੁੜ-ਮੁੜ ਕੇ ਉਸਾਰਨ ਦੀ ਕੋਸ਼ਿਸ਼ ਕਰ ਰਿਹਾ ਹੋਵੇ।

ਗੁਰਬਖ਼ਸ਼ ਦੀ ਵੱਡੀ ਧੀ ਨਿੰਦੇ ਨੂੰ ਵਿਆਹਿਆਂ ਮਸਾਂ ਚਾਰ-ਪੰਜ ਵਰ੍ਹੇ ਹੋਏ ਸਨ। ਵਿਆਹ ਵੀ ਉਸਨੇ ਆਪਣੀ ਮਰਜ਼ੀ ਨਾਲ਼ ਕਿਸੇ ਗੋਰੇ ਮੁੰਡੇ ਨਾਲ਼ ਕਰਾਇਆ ਸੀ। ਵਿਆਹ ਕਰਾਉਣ ਤੋਂ ਪਹਿਲਾਂ ਹੀ ਦੋਹਾਂ ਨੇ ਆਪਣਾ ਘਰ ਵੀ ਖਰੀਦਿਆ ਸੀ। ਘਰ ਵਿਚ ਨਾ ਸੱਸ ਨਾ ਨਣਾਨ। ਤੇ ਉਹ ਵੀ ਇਕ ਦਿਨ ਗੁਰਬਖ਼ਸ਼ ਦੇ ਦਰ ਆਣ ਬੈਠੀ। ਆਖਣ ਲੱਗੀ, "ਸਾਡੀ ਟਿਊਨਿੰਗ ਉਹ ਨਹੀਂ ਰਹੀ ਜਿਹੜੀ ਪਹਿਲਾਂ ਸੀ। ਸਾਨੂੰ ਨੇੜੇ ਹੋਇਆਂ ਵੀ ਕਈ ਮਹੀਨੇ ਹੋ ਗਏ ਹਨ। ਸਾਡਾ ਕਮਿਊਨੀਕੇਸ਼ਨ ਵੀ ਨਿੱਲ ਹੈ। ਇਸ ਲਈ ਮੈਂ ਰਿਸ਼ਤਾ ਤੋੜ ਰਹੀ ਹਾਂ।"

ਮੈਂ ਅਤੇ ਗੁਰਬਖ਼ਸ਼ ਕਿੰਨਾ ਚਿਰ ਬੈਠੀਆਂ ਸੋਚਦੀਆ ਰਹੀਆਂ ਕਿ ਕਦੀ ਇਸ ਤਰ੍ਹਾਂ ਵੀ ਰਿਸ਼ਤੇ ਟੁੱਟਦੇ ਹਨ? ਸਾਡੀ ਟਿਊਨਿੰਗ ਤਾਂ ਪੂਰੀ ਉਮਰ ਨਹੀਂ ਬਣ ਸਕੀ। ਅਸੀਂ ਤਾਂ ਰਿਸ਼ਤੇ ਤੋੜੇ ਨਹੀਂ। ਉਨ੍ਹਾਂ ਨੂੰ ਗੰਢਾਂ ਦਿੰਦੀਆਂ ਦੀਆਂ ਉਮਰਾਂ ਬੀਤ ਗਈਆਂ। ਅੰਦਰ ਖੰਡਰ ਬਣ ਗਏ ਪਰ ਆਸ ਨਹੀਂ ਟੁੱਟੀ।

ਫੇਰ ਕੁਝ ਦਿਨ ਹੋਏ ਜਦੋਂ ਨਿੰਦੇ ਨੇ ਆ ਕੇ ਨਵੀਂ ਖ਼ਬਰ ਸੁਣਾ ਦਿੱਤੀ। ਮੈਂ ਨਵੇਂ ਬੁਆਏ ਫਰੈਂਡ 'ਫਿੱਲ' ਦੇ ਨਾਲ਼ ਬਾਹਰ ਜਾ ਰਹੀ ਹਾਂ। 'ਫਿੱਲ' ਜਿਹੜਾ ਕਾਲ਼ਾ ਸੀ। ਸੇਂਟ ਕਰਿਸਟੋਫਰ ਜਜ਼ੀਰੇ ਤੋਂ। ਉਸਦਾ ਪਿਛੋਕੜ ਕਿੱਥੇ ਨਾਲ਼ ਸੰਬੰਧਤ ਸੀ, ਸਾਨੂੰ ਨਹੀਂ ਸੀ ਪਤਾ। ਉਹ ਅਫ਼ਰੀਕਨ ਸੀ, ਜਮੀਕਨ ਸੀ ਜਾਂ ਹੋਰ ਕੋਈ। ਨਿੰਦੇ ਨੇ ਕਿਸੇ ਦੀ ਨਾ ਸੁਣੀ ਪਹਿਲੇ ਵਿਆਹ ਦੇ ਡਾਈਵੋਰਸ ਦੀ ਵੀ ਇੰਤਜ਼ਾਰ ਨਾ ਕੀਤੀ। ਤੇ ਇਕ ਦਿਨ ਉਹ ਫ਼ਿੱਲ ਨਾਲ਼ ਬਿਨਾਂ ਵਿਆਹੋਂ ਜਾ ਕੇ ਰਹਿਣ ਲਗ ਪਈ। ਕਹਿਣ ਲੱਗੀ, "ਵਿਆਹ ਦੀ ਕੀ ਲੋੜ ਐ? ਜਦੋਂ ਕਾਗ਼ਜ਼ ਉੱਤੇ ਦਸਤਖ਼ਤ ਹੋ ਜਾਂਦੇ ਹਨ, ਉਸ ਵੇਲੇ ਇਨਸਾਨ ਇਨਸਕਿਊਰ ਹੋ ਜਾਂਦਾ ਹੈ। ਇਕ ਦੂਜੇ ਨੂੰ ਆਪਣੀ ਜਾਇਦਾਦ ਸਮਝਣ ਲਗ ਜਾਂਦਾ ਹੈ। ਇਸ ਤਰ੍ਹਾਂ ਇਕੱਠੇ ਰਹਿਣ ਨਾਲ਼ ਤੁਸੀਂ ਫਰੀਅ ਰਹਿੰਦੇ ਹੋ। ਕੋਈ ਬੰਨਣ ਨਹੀਂ।"



ਨਿੰਦੇ ਦੇ ਫ਼ੈਸਲੇ 'ਤੇ, ਗੁਰਬਖ਼ਸ਼ ਅਤੇ ਉਸਦਾ ਆਦਮੀ ਆਪੋ ਵਿਚ ਲੜਦੇ ਰਹੇ। ਇਕ ਦੂਜੇ ਨੂੰ ਦੋਸ਼ ਦਿੰਦੇ ਰਹੇ। ਗੁਰਬਖ਼ਸ਼ ਦਾ ਆਦਮੀ ਵਾਰ-ਵਾਰ ਇਹੀ ਕਹਿੰਦਾ ਰਿਹਾ, "ਇਹਦੀਆਂ ਜੜ੍ਹਾ ਤੂੰ ਲਾਉਣੀਆਂ ਸੀ ਜਾਂ ਮੈਂ? ਨਿੱਕਲੀ ਵੀ ਤਾਂ ਕਾਲ਼ੇ ਨਾਲ਼।"

ਮੇਰੀ ਸਬੀਨਾ ਵੀ ਜਦੋਂ ਘਰੋਂ ਗਈ ਸੀ ਤਾਂ ਅਸੀਂ ਉਪਰੋਂ-ਉਪਰੋਂ ਹੱਸ ਰਹੇ ਸਾਂ। ਅੰਦਰੋਂ ਸਾਡਾ ਕੀ ਹਾਲ ਸੀ, ਅਸੀਂ ਹੀ ਜਾਣਦੇ ਸਾਂ। ਕਈ ਲੋਕ ਚੁਆਤੀ ਲਾਉਣ ਵਾਲੇ ਵੀ ਆ-ਆ ਕੇ ਸਾਡਾ ਹਾਲ ਪੁੱਛ ਰਹੇ ਸਨ।

ਸੂਰਜ ਦੀ ਨਿੱਘੀ ਜਿਹੀ ਧੁੱਪ ਵਿਚ, ਕਾਸ਼ਣੀ ਜਿਹੀ ਲੋਅ ਫੈਲੀ ਹੋਈ ਸੀ। ਮੇਰੀ ਸੋਚ ਸਬੀਨਾ ਵਲ ਪਰਤ ਗਈ। ਕਾਸ਼ਣੀ ਰੰਗ ਉਸਨੂੰ ਬਹੁਤ ਪਸੰਦ ਸੀ। ਜਦੋਂ ਵੀ ਕੱਪੜਾ ਖਰੀਦਦੀ ਤਾਂ ਉਹ ਕਾਸ਼ਣੀ ਰੰਗ ਭਾਲ਼ਦੀ। ਮੈਂ ਕਹਿੰਦੀ, ਇਹ ਰੰਗ ਤਾਂ ਗਰਮੀਆਂ ਦੀ ਰੁੱਤ ਨੂੰ ਪਾਉਣ ਵਾਲਾ ਏ। ਬੜਾ ਸੱਮਰੀ ਰੰਗ।"

ਉਸਦੀਆਂ ਅੱਖਾਂ ਵਿਚ ਚਮਕ ਜਿਹੀ ਆ ਜਾਂਦੀ, ਜਦੋਂ ਉਹ ਆਖਦੀ, "ਮੇਰੀ ਸਕਿੱਨ ਨੂੰ ਕਿੰਨਾ ਸੂਟ ਕਰਦਾ ਏ। ਹੈ ਨਾ ਮੌਮ" ਤੇ ਉਹ ਕੱਪੜਾ ਆਪਣੇ ਲਾ-ਲਾ ਕੇ ਖੜ੍ਹੀ ਦੇਖਦੀ। ਸ਼ੀਸ਼ੇ ਮੋਹਰੇ ਖੜ੍ਹੀ ਹੋ ਕੇ ਘੁੰਮ-ਘੁੰਮ ਕੇ ਦੇਖਦੀ ਹੋਈ ਪੁੱਛਦੀ, "ਹਾਓ ਯੂ ਲਾਈਕ ਇੱਟ ਮੌਮ?"

ਸਬੀਨਾ ਦੇ ਖਿਆਲਾਂ ਵਿਚ ਜਿਵੇਂ ਇਕ ਹਉਕਾ ਮੇਰੇ ਧੁਰ ਅੰਦਰੋਂ ਕੰਬਣੀ ਛੇੜ ਗਿਆ। ਉਹ ਉਸ ਵੇਲੇ ਮਸਾਂ ਸੋਲ੍ਹਾਂ ਵਰ੍ਹਿਆਂ ਦੀ ਹੋਈ ਸੀ ਜਦੋਂ 'ਗੈਰੀ' ਉਸਨੂੰ ਮਿਲਿਆ ਸੀ। 'ਗੈਰੀ' ਉਸਤੋਂ ਦੋ ਵਰ੍ਹੇ ਵੱਡਾ ਸੀ। ਸਬੀਨਾ ਐਸੀ ਉਸਦੇ ਚੱਕਰ ਵਿਚ ਫਸੀ, ਉਸਨੂੰ ਜਿਵੇਂ ਅਗਲੇ-ਪਿੱਛਲੇ ਸਭ ਭੁੱਲ ਗਏ। ਉਹ ਰਾਤਾਂ ਨੂੰ ਘਰੋਂ ਚੋਰੀ ਗੈਰੀ ਕੋਲ ਚਲੀ ਜਾਇਆ ਕਰੇ। ਸਾਰਾ ਟੱਬਰ ਉਸਨੂੰ ਸਮਝਾ ਚੁੱਕਾ। ਸਮੀਰ ਨੇ ਝਿੜਕੀ ਵੀ। ਉਹ ਸਮੀਰ ਦੇ ਮੋਹਰੇ ਵੀ ਡੱਟ ਕੇ ਖੜ੍ਹੋ ਗਈ। ਆਖਣ ਲੱਗੀ, "ਡੈਡ, ਮੈਨੂੰ ਕਿੱਦਾਂ ਕਹਿ ਸਕਦੈਂ? ਪਹਿਲਾਂ ਆਪਣਾ ਚੇਤਾ ਕਰ। ਮੈਂ ਜਾਣਦੀ ਹਾਂ ਸਭ ਕੁਛ। ਆਈ ਨੋ ਐਵਰੀ ਥਿੰਗ। ਸੋ ਡੌਂਟ ਟਰਾਈ ਟੂ ਸਟੌਪ ਮੀ।"

ਸਮੀਰ ਉਸਦੀਆਂ ਗੱਲਾਂ ਤੋਂ ਝੇਂਪ ਗਿਆ ਸੀ। ਡਰ ਮੈਂ ਸਮੀਰ ਦੀਆਂ ਅੱਖਾਂ ਵਿਚ ਦੇਖਿਆ ਸੀ ਕਿ ਕਿੱਧਰੇ ਕੁੜੀ ਸਭ ਕੁਝ ਉਗਲ ਕੇ ਉਸਨੂੰ ਨੰਗਾ ਹੀ ਨਾ ਕਰ ਦੇਵੇ।

ਸਬੀਨਾ ਨੇ ਅਠਾਰਾਂ ਵਰ੍ਹਿਆਂ ਦੀ ਹੋਣ ਤਕ ਇੰਤਜ਼ਾਰ ਕੀਤਾ ਅਤੇ ਅਠਾਰਵੇਂ ਜਨਮ ਦਿਨ 'ਤੇ ਮੇਰੇ ਡਰਾਈਵ ਵੇਅ ਵਿਚ ਕਾਰ ਦੀਆਂ ਬਰੇਕਾਂ ਨੇ ਰੌਲ਼ਾ ਪਾਇਆ। ਸਬੀਨਾ ਨੇ ਦੋ ਵੱਡੇ ਬੈਗ ਭਰੇ ਹੋਏ ਕੱਪੜਿਆਂ ਦੇ ਪੌੜੀਆਂ ਤੋਂ ਉਤਾਰੇ ਅਤੇ ਕਾਰ ਵਿਚ ਲਿਜਾ ਧੱਰੇ।

ਮੈਂ ਬਥੇਰਾ ਉਸਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ। ਪਰ ਉਹ ਕੁਝ ਵੀ ਸੁਣਨ ਨੂੰ ਤਿਆਰ ਨਾ ਹੋਈ। ਕਹਿਣ ਲੱਗੀ, "ਮੌਮ! ਮੈਂ ਆਪਣੀ ਜ਼ਿੰਦਗੀ ਆਪਣੇ ਤਰੀਕੇ ਨਾਲ਼ ਜੀਣਾ ਚਾਹੁੰਦੀ ਹਾਂ। ਜੇ ਕਰ ਤੁਹਾਡੀਆਂ ਇੱਛਾਵਾਂ ਨੂੰ ਕਿਸੇ ਨੇ ਨਹੀਂ ਪੁੱਛਿਆ-ਸਮਝਿਆ, ਇਹ ਜ਼ਰੂਰੀ ਤਾਂ ਨਹੀਂ ਕਿ ਮੈਂ ਵੀ ਉਸੇ ਤਰ੍ਹਾਂ ਦੀ ਘੁਟਨ ਵਿਚ ਜੀਵਾਂ? ਅਜ ਦੀ ਜੈਨਰੇਸ਼ਨ ਬਹੁਤ ਕਲੀਅਰ ਹੈ ਕਿ ਉਸਨੂੰ ਕੀ ਅਤੇ ਕੌਣ ਚਾਹੀਦਾ ਹੈ।"

"ਫੇਰ ਵੀ ਮੇਰੇ ਬਾਰੇ ਸੋਚ।" ਮੈਂ ਤਰਲਾ ਲਿਆ ਸੀ।

ਉਹ ਸਿਰ ਪਟਕਦੀ ਹੋਈ ਔਹ ਗਈ, ਔਹ ਗਈ। ਕਿੰਨੇ ਵਰ੍ਹੇ ਬੀਤ ਗਏ, ਕਦੀ ਉਸਨੇ ਪਿੱਛਾ ਮੁੜ ਕੇ ਦੇਖਿਆ ਹੀ ਨ੍ਹੀ। ਸਮੀਰ ਨੇ "ਨੋ" ਦਾ ਫੱਟਾ ਜੁ ਲਾ ਛੱਡਿਆ ਸੀ।

ਮੈਂ ਸੋਚ ਹੀ ਰਹੀ ਸਾਂ ਜਦੋਂ ਟੈਲੀਫੋਨ ਦੀ ਘੰਟੀ ਨੇ ਘਰ ਵਿਚ ਸ਼ੋਰ ਮਚਾ ਦਿੱਤਾ। ਟਣਨ-ਟਣਨ ਐਸੀ ਹੋਈ ਕਿ ਅਸੀਂ ਦੋਨੋਂ ਹੀ ਘਾਬਰ ਗਏ। ਮੈਂ ਬਾਹਰੋਂ ਭੱਜ ਕੇ ਆਕੇ, ਫੋਨ ਦੇ ਚੋਂਗੇ ਨੂੰ ਹੱਥ ਪਾਇਆ ਤਾਂ ਅਗਿਓਂ ਜਾਣੀ-ਪਛਾਣੀ ਅਵਾਜ਼ ਨੇ ਦੁਆ-ਸਲਾਮ ਕੀਤੀ। "ਭਾਬੀ ਜਾਨ! ਤੁਹਾਡੇ ਕੋਲ਼ ਆ ਪਹੁੰਚੇ ਹਾਂ ਛੁੱਟੀਆਂ ਕੱਟਣ। ਬਸ ਸਾਨੂੰ ਆ ਕੇ ਲੈ ਜਾਵੋ।" ਇਹ ਬੋਲ 'ਦੀਦਾਰ' ਦੇ ਸਨ। ਸਮੀਰ ਦੇ ਦੋਸਤ ਦੇ।

ਇਹ ਗੱਲ ਸੁਣਦਿਆਂ ਹੀ ਮੇਰਾ ਦਿਲ ਡਿੱਗਣ ਲੱਗ ਪਿਆ। ਗਰਮੀਆਂ ਤਾਂ ਹਾਲੀਂ ਸ਼ੁਰੂ ਵੀ ਨਹੀਂ ਸਨ ਹੋਈਆਂ। ਇਹ ਕੰਮ ਹੁਣ ਤੋਂ ਹੀ ਸ਼ੁਰੂ? ਪਰ ਮੈਂ ਆਪਣੇ ਆਪ 'ਤੇ ਕਾਬੂ ਰੱਖਦਿਆਂ ਹੋਇਆਂ ਆਖਿਆ, "ਕਿੱਥੋਂ ਬੋਲ ਰਹੇ ਹੋ?"

"ਕਿਸੇ ਰਿਸ਼ਤੇਦਾਰ ਦੇ ਘਰ ਬੈਠੇ ਹਾਂ। ਤੁਹਾਡੇ ਸ਼ਹਿਰ ਦਾ ਇਲਾਕਾ ਹੈ ਬਰੈਂਪਟਨ। ਸ਼ਾਇਦ ਤੁਸੀਂ ਜਾਣਦੇ ਹੋਵੋਂ। ਅਸੀਂ ਤੁਹਾਨੂੰ ਬਥੇਰਾ ਫੋਨ ਕੀਤਾ, ਤੁਸੀਂ ਫੋਨ ਹੀ ਨਹੀਂ ਚੁੱਕਦੇ।" ਦੀਦਾਰ ਜਿਵੇਂ ਗਿਲਾ ਕਰ ਰਿਹਾ ਸੀ।

ਮੈਂ ਮੌਕਾ ਸਾਂਭਦਿਆਂ ਹੋਇਆਂ ਅਤੇ ਆਪਣੇ ਅੰਦਰਲੇ ਮਨ ਨੂੰ ਮਾਰਦਿਆਂ ਆਖਿਆ, "ਪਤਾ ਜੁ ਨਹੀਂ ਸੀ। ਜੇ ਕਰ ਪਤਾ ਹੁੰਦਾ ਤਾਂ ਜ਼ਰੂਰ ਘਰ ਰਹਿੰਦੇ।"

ਉਸਨੇ ਮੇਰੀ ਗੱਲ ਨਹੀਂ ਸੁਣੀ। ਬਸ ਆਪਣੇ ਗਿਲੇ ਦੱਬੀ ਗਿਆ। ਮੈਂ ਉਸਦਾ ਟੈਲੀਫੋਨ ਨੰਬਰ ਲਿਆ ਅਤੇ ਘਰ ਦਾ ਪਤਾ ਲੈ ਕੇ ਆਖਿਆ, "ਲਓ ਤੁਸੀਂ ਆਪਣੇ ਵੀਰੇ ਨਾਲ਼ ਗੱਲ ਕਰੋ।"

ਦੀਦਾਰ ਸ਼ਾਇਦ ਕਈ ਕੁਝ ਹੋਰ ਵੀ ਕਹਿਣਾ ਚਾਹੁੰਦਾ ਹੋਵੇ। ਅਕਸਰ ਏਸੇ ਤਰ੍ਹਾਂ ਹੁੰਦਾ ਸੀ ਜਦੋਂ ਵੀ ਅਸੀਂ ਮਿਲਦੇ ਸਾਂ। ਦੀਦਾਰ ਦੀ ਗੱਲ ਜਿਵੇਂ ਮੁੱਕਦੀ ਹੀ ਨਾ। ਜੋ ਉਹ ਕਹਿਣਾ ਚਾਹੁੰਦਾ, ਕਹਿ ਨਾ ਸਕਦਾ। ਉਸਦੇ ਅੰਦਰ ਵਰ੍ਹਿਆਂ ਵੱਧੀ ਸੋਚਾਂ ਨੇ ਤਰਥੱਲ ਮਚਾਇਆ ਹੋਇਆ ਸੀ। ਉਸਨੇ ਆਪਣੇ ਆਪ ਦੁੱਖ ਸਹੇੜੇ ਹੋਏ ਸਨ। ਮਰਜ਼ੀ ਨਾਲ਼ ਵਿਆਹ ਕਰਾ ਕੇ ਵੀ ਉਹ ਖੁਸ਼ ਨਹੀਂ ਸੀ। ਜਦੋਂ ਦੀਦਾਰ ਦੀ ਪੀਤੀ ਹੋਈ ਹੋਵੇ ਤਾਂ ਉਨ੍ਹਾਂ ਦੋਹਾਂ ਮੀਆਂ-ਬੀਵੀ ਵਿਚਾਲੇ ਮਹਾਂਭਾਰਤ ਸ਼ੁਰੂ ਹੋ ਜਾਂਦਾ। ਪੂਰਾ ਟੱਬਰ ਇਕ ਪਾਸੇ ਅਤੇ ਦੀਦਾਰ ਇਕੱਲਾ ਇਕ ਪਾਸੇ। ਜਦੋਂ ਉਸਦੀ ਸੁਣੀ ਨਾ ਜਾਂਦੀ ਤਾਂ ਉਹ ਬੋਤਲ ਦਾ ਡੱਟ ਖੋਲ ਕੇ ਬੈਠ ਜਾਂਦਾ। ਗਲਾਸ ਫੜਦਾ ਤਾਂ ਹੱਥ ਕੰਬਦੇ। ਉਸਦੇ ਘਰ ਵਾਲੀ ਰੌਲੀ ਪਾਉਂਦੀ। ਉਸਦਾ ਅੱਗਾ ਪਿੱਛਾ ਨੌਲ਼ਦੀ। ਪਰ ਦੀਦਾਰ ਸੀ ਕਿ ਚੁੱਪ-ਚੁਪੀਤਾ ਆਪਣਾ ਗਲਾਸ ਫੜ ਕੇ ਬੈਠਾ ਸੁਣਦਾ ਰਹਿੰਦਾ। ਅਸੀਂ ਉਸਦੀ ਹਾਲਤ ਜਾਣਦੇ ਵੀ ਸਾਂ ਅਤੇ ਸਮਝਦੇ ਵੀ ਸਾਂ। ਪਰ ਕਰ ਕੁਝ ਨਹੀਂ ਸਾਂ ਸਕਦੇ। ਬੋਤਲ ਨਾ ਵੀ ਉਸਦੇ ਮੋਹਰੇ ਰੱਖੀਏ ਤਾਂ ਉਹ ਆਪਣੇ ਕੋਲ ਲੈ ਆਉਂਦਾ ਸੀ। ਦੀਦਾਰ ਅਤੇ ਉਸਦੀ ਪਤਨੀ ਹਰਜੀਤ ਵਿਚਾਲੇ ਇਕ ਰਣ-ਖੇਤਰ ਵਿਛਿਆ ਰਹਿੰਦਾ ਸੀ। ਇਕ ਦੂਜੇ ਨਾਲ਼ ਤਾਲ-ਮੇਲ ਜਿਵੇਂ ਪਰ ਲਾ ਕੇ ਉੱਡ-ਪੁੱਡ ਗਿਆ ਸੀ। ਇਕ ਦੀ ਆਖੀ, ਦੂਜੇ ਦੇ ਸਿਰ ਉੱਪਰ ਦੀ ਲੰਘ ਜਾਂਦੀ ਸੀ। ਹਰਜੀਤ ਰੌਲਾ ਪਾਉਂਦੀ, ਆਪਣਾ ਆਪ ਲੂੰਹਦੀ। ਦੀਦਾਰ ਦੇ ਅਗਲਿਆਂ-ਪਿਛਲਿਆਂ ਨੂੰ ਬੋਲਦੀ। ਅਸੀਂ ਦੋਨੋਂ ਸੁਣ ਕੇ ਵੀ ਅਣਸੁਣੀ ਕਰ ਛੱਡਦੇ। ਦੀਦਾਰ ਨੂੰ ਸਮਝਾਉਂਦੇ ਵੀ ਜਿਵੇਂ ਅਸੀਂ ਆਪ ਸਹੀ ਸਲਾਮਤ ਹੋਈਏ। ਜਦੋਂ ਸਾਡੇ ਵਿਚਾਲੇ ਤਿੜ-ਤਿੜ ਹੁੰਦੀ ਤਾਂ ਸਾਡੇ ਬੱਚੇ ਕੋਨਿਆਂ ਵਿਚ ਖੜ੍ਹੇ ਦੇਖਦੇ ਅਤੇ ਹੱਸਦੇ, ਮਖੌਲ ਕਰਦੇ ਅਤੇ ਆਪਣੇ ਕਮਰਿਆਂ ਵਿਚ ਵੜ ਜਾਂਦੇ।

ਮੇਰੀਆਂ ਸੋਚਾਂ ਦੀ ਸਲੇਟ 'ਤੇ ਦੀਦਾਰ ਦੇ ਘਰ ਬੀਤੀ ਘਟਨਾ ਉੱਭਰ ਆਈ। ਉਨ੍ਹਾਂ ਦੋਹਾਂ ਮੀਆਂ ਬੀਵੀ ਦਾ ਆਹ ਰੌਲਾ ਪਿਆ ਸੀ, ਸਾਡਾ ਜਿਵੇਂ ਉਨ੍ਹਾਂ ਦੇ ਘਰ ਰਹਿਣਾ ਦੁੱਭਰ ਹੋ ਗਿਆ। ਹਰਜੀਤ ਆਪਣੀ ਗੱਲ ਕਹਿਣ ਵਿਚ ਐਨੀ ਮਗਨ ਸੀ ਕਿ ਉਸਨੂੰ ਦੀਦਾਰ ਦੇ ਅੰਦਰਲੇ ਜ਼ਖ਼ਮ ਦਿਖਾਈ ਨਹੀਂ ਸਨ ਦੇ ਰਹੇ। ਉਹ ਆਪਣੀ ਕਹਿਣ ਅਤੇ ਮਨਾਉਣ ਵਿਚ ਆਪਾ ਵੀ ਭੁੱਲ ਬੈਠੀ ਸੀ। ਆਪਣੀ-ਆਪਣੀ ਥਾਂ ਦੋਨੋਂ ਤੜਪ ਰਹੇ ਸਨ। ਉਹ ਤੜਪ ਸਾਡੇ ਤਕ ਪਹੁੰਚ ਰਹੀ ਸੀ। ਸ਼ਾਇਦ ਉਸ ਦਿਨ ਮੈਂ ਅਤੇ ਸਮੀਰ ਨੇ ਇਕ ਦੂਜੇ ਵੱਲ ਨਿਹਾਰ ਕੇ ਵੀ ਦੇਖਿਆ ਸੀ। ਸਾਡੇ ਮਨਾਂ ਵਿਚ ਉੱਸਰੀ ਕੰਧ, ਮੈਨੂੰ ਇਉਂ ਲੱਗਾ ਜਿਵੇਂ ਹਿੱਲ ਗਈ ਹੋਵੇ।

ਉਸ ਦਿਨ ਸਾਨੂੰ ਇਹ ਵੀ ਮਹਿਸੂਸ ਹੋਇਆ ਸੀ ਕਿ ਦੀਦਾਰ ਦੀ ਧੀ ਅਤੇ ਪੁੱਤ ਨੇ ਕਿਵੇਂ ਉਸ ਦੇ ਨੱਕ 'ਚ ਦਮ ਕੀਤਾ ਹੋਇਆ ਸੀ। ਦੀਦਾਰ ਟੱਬਰ ਨੂੰ ਇਕੱਠਾ ਰੱਖਦਾ ਹੋਇਆ ਗਲਤੀ ਕਰ ਬੈਠਾ। ਉਸਨੇ ਹਰਜੀਤ ਦੇ ਆਖੇ ਘਰ ਆਪਣੇ ਪੁੱਤ ਦੇ ਨਾਂ ਕਰਾ ਦਿੱਤਾ। ਸੋਚਿਆ, ਇਕੋ ਇਕ ਪੁੱਤ ਹੈ। ਉਨ੍ਹਾਂ ਤੋਂ ਬਾਅਦ ਵੀ ਸਭ ਕੁਝ ਉਸੇ ਨੂੰ ਜਾਣਾ ਹੈ। ਬਾਕੀ ਜਿਹੜਾ ਉਸ ਕੋਲ ਪੈਸਾ ਸੀ, ਉਹ ਉਸਨੇ ਆਪਣੀ ਧੀ ਨੂੰ ਦੇ ਦਿੱਤਾ। ਉਹ ਆਪ ਦੋਨੋਂ ਰਹਿ ਗਏ ਖਾਲੀ ਪੋਲਮ-ਪੋਲ।

ਸਭ ਕੁਝ ਮਿਲ ਜਾਣ 'ਤੇ, ਉਨ੍ਹਾਂ ਦੇ ਪੁੱਤ ਅਤੇ ਧੀ ਨੂੰ ਉਨ੍ਹਾਂ ਦਾ ਬੋਝ ਚੁੱਕਣ ਦੀ ਹੁਣ ਕੀ ਲੋੜ ਸੀ? ਉਹ ਦੋਨੋਂ ਉਨ੍ਹਾਂ ਦੀ ਜ਼ਿੰਦਗੀ 'ਚੋਂ ਤਿੱਤਰ ਹੋ ਗਏ। ਵੈਸੇ ਵੀ ਬੱਚਿਆਂ ਨੇ ਆਪਣੀ ਜ਼ਿਦਗੀ ਨੂੰ ਆਪਣੇ ਢੰਗ ਨਾਲ਼ ਉਲੀਕਣਾ ਹੋਇਆ। ਜਿਹੜਾ ਘਰ ਦੀਦਾਰ ਨੇ ਆਪਣੇ ਪੁੱਤ ਦੇ ਨਾਂ ਲੁਆਇਆ ਸੀ ਉਸੇ ਵਿੱਚੋਂ ਇਕ ਦਿਨ ਮੁੰਡੇ ਨੇ ਉਨ੍ਹਾਂ ਨੂੰ ਘਰੋਂ ਬਾਹਰ ਕੱਢ ਕੇ ਮਾਰਿਆ। ਨੂੰਹ ਦਾ ਕਹਿਣਾ ਸੀ ਕਿ ਹਰਜੀਤ ਘਰ



ਵਿਚ ਗੰਦ ਬਹੁਤ ਪਾਉਂਦੀ ਹੈ। ਨਿੱਤ ਦਿਨ ਦਾਲ਼ਾਂ ਸਬਜ਼ੀਆਂ ਘਰ ਵਿਚ ਬਣਦੀਆਂ ਹਨ ਅਤੇ ਘਰ ਵਿਚ ਸਮੈੱਲ ਆਉਂਦੀ ਰਹਿੰਦੀ ਹੈ ਜਿਹੜੀ ਕੱਪੜਿਆਂ ਵਿਚ ਵੜ ਜਾਂਦੀ ਹੈ। ਅਸੀਂ ਦਫ਼ਤਰ ਵਿਚ ਕੰਮ ਕਰਨਾ ਹੋਇਆ, ਅਸੀਂ ਕੰਮ ਕਰਨ ਵਾਲੇ ਸਾਥੀ ਲੋਕਾਂ ਕੋਲ ਖੜੇ ਵੀ ਨਹੀਂ ਹੋ ਸਕਦੇ। ਦੂਜਾ, ਦੀਦਾਰ ਸ਼ਰਾਬ ਵੀ ਬਹੁਤ ਪੀਂਦਾ ਹੈ। ਘਰ ਅੰਦਰ ਬੈਠਿਆ ਜਾ ਸਕਦਾ ਹੀ ਨਹੀਂ। ਇਹ ਸ਼ਰਾਬ ਪੀ ਕੇ ਕੋਈ ਨਾ ਕੋਈ ਘਰ ਵਿਚ ਬਖੇੜਾ ਵੀ ਖੜਾ ਰੱਖਦਾ ਹੈ। ਅਸੀਂ ਆਪਣੇ ਫਿਊਚਰ ਦੀ ਪਲੈਨਿੰਗ ਵੀ ਨਹੀਂ ਕਰ ਸਕਦੇ। ਇਸ ਤਰ੍ਹਾਂ ਦੇ ਮਹੌਲ ਵਿਚ ਬੱਚਾ ਪੈਦਾ ਕਰਨ ਬਾਰੇ ਵੀ ਨਹੀਂ ਸੋਚ ਸਕਦੇ।

ਜਦੋਂ ਦੀਦਾਰ ਨੇ ਆਪਣੀ ਧੀ ਨਾਲ਼ ਗੱਲ ਕੀਤੀ ਤਾਂ ਉਸਦੀ ਧੀ ਵੀ ਕਹਿਣ ਲੱਗੀ, ਡੈਡ! ਮੇਰਾ ਘਰ ਤਾਂ ਅੱਗੇ ਛੋਟਾ ਹੈ। ਮੇਰੇ ਬੱਚੇ ਵੀ ਹਨ। ਮੇਰੇ ਕੋਲ ਪਹਿਲਾਂ ਹੀ ਥਾਂ ਨਹੀਂ ਹੈ। ਮੇਰੇ ਵਾਸਤੇ ਮੁਸ਼ਕਲ ਹੈ। ਹਫ਼ਤਾ-ਦੋ ਹਫ਼ਤੇ ਤਾਂ ਠੀਕ ਹੈ ਪਰ ਲੰਬੇ ਸਮੇਂ ਵਾਸਤੇ ਤੁਹਾਨੂੰ ਕੋਈ ਅਰੇਂਜਮੈਂਟ ਕਰਨਾ ਪਵੇਗਾ। ਮੈਂ ਬੱਚਿਆਂ ਉੱਤੇ ਧਿਆਨ ਦਿਆਂਗੀ ਜਾਂ ਤੁਹਾਨੂੰ ਸੰਭਾਲਾਂਗੀ। ਫੇਰ ਤੁਸੀਂ ਸ਼ਰਾਬ ਪੀਂਦੇ ਹੋ। ਇਸਦਾ ਅਸਰ ਮੇਰੇ ਬੱਚਿਆਂ ਉੱਤੇ ਪੈਣਾ ਹੈ। ਮੌਮ ਵੀ ਲੜਨ ਲੱਗੀ ਨਹੀਂ ਦੇਖਦੀ। ਬੱਚੇ ਕੀ ਸਿੱਖਣਗੇ? ਮੇਰੇ ਹਸਬੰਡ ਦੇ ਸਾਮ੍ਹਣੇ ਵੀ ਮੇਰੀ ਬੇਇਜ਼ਤੀ ਹੋਊਗੀ।"

ਜਦੋਂ ਦੀਦਾਰ ਨੇ ਸਾਨੂੰ ਇਹ ਦੱਸਿਆ ਸੀ ਤਾਂ ਉਸਦੇ ਹਿਟਕੋਰਿਆਂ ਨੇ ਸਾਡੇ ਮਨ ਪਿੱਘਲਾ ਦਿੱਤੇ ਸਨ ਪਰ ਹਰਜੀਤ ਫੇਰ ਵੀ ਬੱਚਿਆਂ ਦਾ ਸਾਥ ਦੇ ਰਹੀ ਸੀ। ਆਖ ਰਹੀ ਸੀ, "ਇਸਦੀਆਂ ਕਰਤੂਤਾਂ ਕਾਰਨ ਹੀ ਇਹ ਸਭ ਹੋਇਆ ਹੈ।"

ਦੀਦਾਰ ਬੋਲਿਆ ਸੀ, "ਚਲ ਮੇਰੀ ਗੱਲ ਤਾਂ ਛੱਡ, ਫੇਰ ਤੇਰੇ ਪਿਆਰੇ ਧੀ ਅਤੇ ਪੁੱਤ ਤੈਨੂੰ ਹੀ ਰੱਖ ਲੈਂਦੇ। ਬੜੀ ਆਈ ਗੱਲਾਂ ਕਰਨ ਵਾਲੀ।"

ਹਰਜੀਤ ਨਹੀਂ ਬੋਲੀ। ਉਸਨੂੰ ਪਤਾ ਵੀ ਸੀ ਕਿ ਕਿੱਧਰੇ ਨਾ ਕਿੱਧਰੇ ਉਹ ਗਲਤ ਹੈ। ਪਰ ਮੰਨਣ ਨੂੰ ਤਿਆਰ ਨਹੀਂ ਸੀ।

ਇਨ੍ਹਾਂ ਮੁਲਕਾਂ ਦੀ ਸਰਕਾਰ ਚੰਗੀ ਹੋਣ ਕਾਰਨ, ਉਹ ਦੋਨੋਂ ਹੁਣ ਪੈਨਸ਼ਨ 'ਤੇ ਗੁਜ਼ਾਰਾ ਕਰ ਲੈਂਦੇ ਹਨ। ਉਨ੍ਹਾਂ ਨੇ ਅਪਾਰਟਮੈਂਟ ਕਿਰਾਏ ਉੱਤੇ ਲੈ ਰੱਖਿਆ ਹੈ। ਪਰ ਆਪਣਾ ਆਪ ਲੁਟਾਉਣ-ਗੁਆਉਣ ਦੇ ਦੋਸ਼ੀ ਉਹ ਇਕ ਦੂਜੇ ਨੂੰ ਠਹਿਰਾਉਂਦੇ ਰਹਿੰਦੇ ਹਨ। ਪਹਿਲਾਂ ਵੀ ਜੇ ਕਰ ਦੀਦਾਰ ਕੁਝ ਬੱਚਿਆਂ ਨੂੰ ਆਖਦਾ ਤਾਂ ਹਰਜੀਤ ਅੱਗੇ ਆਣ ਖਲੋਂਦੀ ਸੀ। ਤੇ ਹੁਣ ਸਭ ਕੁਝ ਲੁਟਾ ਕੇ ਵੀ ਬੱਚਿਆਂ ਨੂੰ ਦੋਸ਼ੀ ਠਹਿਰਾਉਣ ਦੀ ਥਾਂ ਉਹ ਦੀਦਾਰ ਨੂੰ ਹੀ ਬੋਲੀ ਜਾਂਦੀ ਹੈ। ਉਹ ਦੋਨੋਂ ਟੁੱਟੇ ਹੋਏ ਭਾਂਡੇ ਵਾਂਗ ਖੜਕਦੇ ਰਹਿੰਦੇ ਹਨ।

ਮੈਂ ਸਾਰਾ ਕੰਮ ਛੱਡ ਕੇ ਕਿਚਨ ਵਿਚ ਹੱਥ ਧੋਂਦੀ ਹੋਈ ਸਮੀਰ ਨੂੰ ਹਦਾਇਤਾਂ ਦੇਣ ਲਗ ਪਈ। ਸਮੀਰ ਨੇ ਜੁੱਤੀ ਪਾਈ ਅਤੇ ਦੀਦਾਰ ਨੂੰ ਲੈਣ ਤੁਰ ਪਿਆ।

ਮੈਂ ਲੰਚ ਬਣਾਉਣ ਲੱਗ ਪਈ। ਮੇਰੀਆਂ ਸੋਚਾਂ ਫੇਰ ਉਲਝ ਗਈਆਂ। ਕਿਚਨ ਦੇ ਵਿੰਡੋ ਵਿਚੀਂ ਮੈਨੂੰ ਮਾਰਥਾ ਦੇ ਘਰ ਮੋਹਰੇ ਕਈ ਬੰਦੇ ਦਿਖਾਈ ਦਿੱਤੇ। ਉਹ ਥਾਂ ਦੀ ਗਿਣਤੀ-ਮਿਣਤੀ ਕਰ ਰਹੇ ਸਨ। ਮੈਂ ਸੋਚਿਆ ਸਮੀਰ ਠੀਕ ਹੀ ਆਖ ਰਿਹਾ ਹੋਣੈ, ਇੱਥੇ ਹੁਣ ਨਵੇਂ ਘਰ ਬਣਨਗੇ-ਵਸਣਗੇ ਅਤੇ ਨਵੀਂ ਜ਼ਿੰਦਗੀ ਖਿੜੇਗੀ। ਹੈ ਵੀ ਠੀਕ ਤਬਦੀਲੀ ਕੁਦਰਤ ਦਾ ਨਿਯਮ ਹੈ। ਪਰ ਬੰਦਾ ਕਿਉਂ ਹਰ ਸੋਚ ਨੂੰ ਜੱਫਾ ਪਾ ਕੇ ਬੈਠਾ ਰਹਿੰਦਾ ਹੈ? ਕਿਉਂ ਨਹੀਂ ਸਮੇਂ ਦੇ ਨਾਲ਼ ਤੁਰਦਾ? ਮੇਰੇ ਚੇਤੇ ਦੀ ਸਲੇਟ 'ਤੇ ਈਸਰੋ ਉੱਭਰਦੀ ਹੈ। ਈਸਰੋ ਤਾਂ ਭਾਵੇਂ ਪਛਤਾਵੇ ਵਿਚ ਝੁਲਸ ਹੁੰਦੀ ਰਹੀ ਹੋਵੇ ਪਰ ਕਿਸੇ ਨੇ ਉਸਨੂੰ ਮੌਕਾ ਦੇਣ ਦੀ ਖੇਚਲ ਹੀ ਨਹੀਂ ਕੀਤੀ ਹੋਣੀ। ਫੇਰ ਮੈਂ ਸੋਚਦੀ ਹਾਂ ਕਿ ਕਿਉਂ ਨ੍ਹੀ ਉਸਨੇ ਆਪ ਕੋਈ ਹਿੰਮਤ ਕੀਤੀ? ਕਿਉਂ ਲੋਕਾਂ ਨੂੰ ਖ਼ੁਸ਼ ਕਰਨ ਵਾਸਤੇ ਉਸਨੇ ਆਪਣੀ ਜ਼ਿੰਦਗੀ ਨੂੰ ਜੰਗਾਲ਼ ਲੱਗਣ ਦਿਤਾ? ਕਿਉਂ ਆਪਣੀ ਰੂਹ ਆਤਮਾਂ ਨੂੰ ਖੰਡਰ ਬਣਾ ਲਿਆ? ਇਹ ਗੱਲ ਸੋਚਦਿਆਂ ਹੋਇਆਂ ਮੈਨੂੰ ਆਪਣੇ ਆਪ ਤੇ ਹਾਸਾ ਆਇਆ। ਮੈਂ ਆਪਣੇ ਆਪ ਨੂੰ ਫਿਟਕਾਰ ਵੀ ਪਾਈ। ਮੈਂ ਖੜੀ ਨੇ ਸੋਚਿਆ, ਕਿਉਂ ਮੈਂ ਵੀ ਆਪਣੇ ਦੁਆਲ਼ੇ ਖੰਡਰਾਂ ਨੂੰ ਵਿਛਣ ਦਿੱਤਾ?

ਉਸ ਵੇਲੇ, ਮੇਰੇ ਮਨ ਵਿਚ ਕਈ ਕੁਝ ਘੁੰਮ ਰਿਹਾ ਸੀ। ਐਡਵਰਡ, ਮਾਰਥਾ, ਈਸਰੋ ਅਤੇ ਗੁਆਂਢਣ ਗੁਰਬਖਸ਼, ਸਭ ਜਿਵੇਂ ਮੇਰੀਆਂ ਸੋਚਾਂ ਵਿਚ ਧੂਣੀ ਧੁਖਾ ਕੇ ਬੈਠ ਗਏ ਸਨ। ਤੇ ਹੁਣ ਦੀਦਾਰ ਅਤੇ ਹਰਜੀਤ

ਵੀ ਉਨ੍ਹਾਂ ਸੋਚਾਂ ਵਿਚ ਆਣ ਰਲ਼ੇ ਸਨ। ਇੱਥੇ ਹੀ ਬਸ ਨਹੀਂ, ਮੈਂ ਅਤੇ ਸਮੀਰ ਵੀ ਉਨ੍ਹਾਂ ਵਿਚ ਰਲ਼ ਗਏ ਸਾਂ। ਮੈਨੂੰ ਚੇਤਾ ਆਇਆ, ਜਦੋਂ ਮੈਂ ਪਿਛਲੀ ਵੇਰ ਦੀਦਾਰ ਤੇ ਹਰਜੀਤ ਨੂੰ ਮਿਲੀ ਸਾਂ, ਉਦੋਂ ਇੰਜ ਜਾਪਦਾ ਸੀ ਜਿਵੇਂ ਉਹ ਦੋਵੇਂ ਈਸਰੋ ਦੇ ਗਵਾਂਢ ਵਸਣ ਜਾ ਰਹੇ ਹੋਣ। ਤੇ ਅਜ ਜਿਵੇਂ ਮੈਨੂੰ ਲੱਗਾ ਕਿ ਮੈਂ ਵੀ ਉਨ੍ਹਾਂ ਵਿਚ ਰਲਦੀ ਜਾ ਰਹੀ ਹੋਵਾਂ ਜੋ ਮੈਨੂੰ ਚੰਗਾ ਨਹੀਂ ਸੀ ਲਗ ਰਿਹਾ। ਮੇਰੇ ਮਨ ਵਿਚ ਵਿਚਾਰ ਆਇਆ ਕਿ ਮੈਂ ਤਾਂ ਹਮੇਸ਼ਾਂ ਮਾਰਥਾ ਦੇ ਗੁਆਂਢ ਵਸਣਾ ਚਾਹੁੰਦੀ ਸਾਂ। ਕਦੋਂ ਤੇ ਕਿਸ ਤਰ੍ਹਾਂ ਮੈਂ ਈਸਰੋ ਦੀ ਪ੍ਰਛਾਈਂ ਬਣ ਗਈ ਪਤਾ ਹੀ ਨਹੀਂ ਚੱਲਿਆ।

ਇਨ੍ਹਾਂ ਹੀ ਉਧੇੜ-ਬੁਣ ਦੀਆਂ ਸੋਚਾਂ ਵਿਚ ਮੈਨੂੰ ਉਹ ਦਿਨ ਚੇਤੇ ਆਇਆ ਜਦੋਂ ਦੀਦਾਰ ਅਤੇ ਹਰਜੀਤ ਸਾਨੂੰ ਮਿਲਣ ਆਇਆ ਕਰਦੇ ਸਨ। ਅਸੀਂ ਚਾਰੋਂ ਸਾਰੀ ਰਾਤ ਬੈਠੇ ਗੱਲਾਂ ਕਰਦੇ ਰਹਿੰਦੇ। ਦੀਦਾਰ ਤੇ ਸਮੀਰ ਘੁੱਟ-ਘੁੱਟ ਪੀਂਦੇ, ਗੱਲਾਂ ਕਰਦਿਆਂ ਉਨ੍ਹਾਂ ਦੇ ਹਾਸੇ ਛਣਕਦੇ। ਮੈਂ ਅਤੇ ਹਰਜੀਤ ਕਈ ਦੁੱਖ-ਸੁੱਖ ਸਾਂਝੇ ਕਰ ਲੈਂਦੀਆਂ। ਉਹ ਕਿੰਨੇ ਖੁਸ਼ੀ ਦੇ ਦਿਨ ਸਨ। ਅਸੀਂ ਕੋਈ ਗੱਲ ਇਕ ਦੂਜੇ ਤੋਂ ਲੁਕਾਉਂਦੇ ਹੀ ਨਹੀਂ ਸਾਂ। ਰਲ਼ ਕੇ ਹੱਸਣ ਨਾਲ਼ ਸਾਡੇ ਦੋਹਾਂ ਦਰਮਿਆਨ ਆਈ ਚੁੱਪ ਦੀ ਵਿੱਥ ਵੀ ਖੁੱਲ੍ਹ ਜਾਂਦੀ।

ਜਦੋਂ ਸਾਡੇ ਬੱਚੇ ਵੱਡੇ ਹੋਏ ਤਾਂ ਪਤਾ ਨਹੀਂ ਕਿਉਂ ਦੋਹਾਂ ਟੱਬਰਾਂ ਵਿਚਾਲੇ ਉਹਲਾ ਜਿਹਾ ਹੋ ਗਿਆ ਸੀ। ਨਾ ਅਸੀਂ ਪੂਰੀ ਇਮਾਨਦਾਰੀ ਨਾਲ਼ ਗੱਲ ਕਰਦੇ ਅਤੇ ਨਾ ਹੀ ਉਹ। ਸਮੀਰ ਅਤੇ ਮੇਰੇ ਵਿਚਾਲੇ ਜਿੱਥੇ ਚੁੱਪ ਨੱਚਦੀ, ਉੱਥੇ ਉਨ੍ਹਾਂ ਦੋਹਾਂ ਵਿਚਾਲੇ ਜੰਗ ਦੀ ਤਿਆਰੀ ਰਹਿੰਦੀ। ਕੁਝ ਵੀ ਸੁਖਾਵਾਂ ਨਹੀਂ ਸੀ ਰਿਹਾ। ਇਸ ਤਰ੍ਹਾਂ ਲਗਦਾ ਜਿਵੇਂ ਦੀਦਾਰ ਨਾਲ਼ ਤਾਂ ਫੇਰ ਵੀ ਅਸੀਂ ਗੱਲ ਕਰ ਸਕਦੇ ਹੋਈਏ ਪਰ ਹਰਜੀਤ ਨੂੰ ਕੁਝ ਸਮਝਾ ਹੀ ਨਹੀਂ ਸਾਂ ਸਕਦੇ। ਉਸਦੀ ਸਿਰਫ਼ ਹਾਂ ਵਿਚ ਹਾਂ ਮਿਲਾ ਕੇ ਬੁੱਤਾ ਸਰਦਾ ਸੀ। ਤੇ ਅਜ ਫੇਰ ਮੈਨੂੰ ਫ਼ਿਕਰ ਸੀ ਕਿ ਉਨ੍ਹਾਂ ਦੀ ਜੰਗ ਦਾ ਤੂਫ਼ਾਨ ਨਾ ਉੱਠ ਖਲੋਵੇ। ਇਹ ਤੂਫ਼ਾਨ ਅਸੀਂ ਕਈ ਵੇਰ ਦੇਖ-ਸਹਿ ਚੁੱਕੇ ਸਾਂ।

ਮੈਂ ਆਪਣੀ ਚੁੱਪ ਦੇ ਜੰਦਰੇ ਤੋੜ ਕੇ ਇਸ ਤੂਫ਼ਾਨ 'ਚੋਂ ਬਾਹਰ ਆਉਣਾ ਚਾਹੁੰਦੀ ਸਾਂ। ਜਿਹੜਾ ਵੀਰਾਨਾ ਸਾਡੇ ਦੋਹਾਂ ਵਿਚਾਲੇ ਵਿਛਿਆ ਰਹਿੰਦਾ ਸੀ, ਉਸ ਵਿਚ ਮੇਰੇ ਬਗੀਚੇ ਦੇ ਫੁੱਲਾਂ ਦੀ ਮਹਿਕ ਵੀ ਭਰਨਾ ਚਾਹੁੰਦੀ ਸਾਂ। ਕਈ ਵੇਰ ਮੇਰੇ ਅੰਦਰ ਬੈਠੀ ਕੁੜੀ ਚਾਂਘਰਾਂ ਪਾਉਣੀਆਂ ਲੋਚਦੀ। ਪਰ ਪਤਾ ਨ੍ਹੀਂ ਕਿਹੜੀ ਸ਼ਕਤੀ ਸੀ ਜਿਹੜੀ ਮੈਨੂੰ ਈਸਰੋ ਦੇ ਗੁਆਂਢ ਬਿਠਾ ਦਿੰਦੀ। ਉੱਥੇ ਮੈਨੂੰ ਨਾ ਸਮੀਰ ਦਿਖਾਈ ਦਿੰਦਾ ਅਤੇ ਨਾ ਹੀ ਕੋਈ ਹੋਰ।

ਮੇਰੀ ਸੋਚ ਵਾਵਰੋਲੇ ਵਾਂਗ ਘੁੰਮੀ ਜਾ ਰਹੀ ਸੀ। ਮੇਰਾ ਅੰਦਰ ਚਾਹੁੰਦਾ ਸੀ ਕਿ ਇਹ ਵਾਵਰੋਲਾ ਲੰਘ ਜਾਵੇ ਅਤੇ ਸਾਰੇ ਖੰਡਰਾਂ ਨੂੰ ਉੜਾ ਕੇ ਨਾਲ਼ ਲੈ ਜਾਵੇ।

ਘੰਟੇ ਕੁ ਬਾਅਦ ਸਮੀਰ ਹੋਰੀਂ ਵਾਪਸ ਪਰਤ ਆਏ। ਦਰ ਵੜਦਿਆਂ ਹੀ ਮੈਨੂੰ ਦੀਦਾਰ ਤੇ ਹਰਜੀਤ ਵਿਚ ਤਬਦੀਲੀ ਮਹਿਸੂਸ ਹੋਈ। ਦੀਦਾਰ ਦੇ ਚਿਹਰੇ ਉੱਤੇ ਰੌਣਕ ਤਾਂ ਨਹੀਂ ਸੀ ਪਰ ਚਿਹਰਾ ਸ਼ਾਂਤ ਸੀ। ਅੱਖਾਂ ਵਿਚ ਸ਼ਰਮੀਲੀ ਜਿਹੀ ਸ਼ਰਾਰਤ ਵੀ ਸੀ। ਇਸਦੇ ਉਲਟ ਹਰਜੀਤ ਦੇ ਚਿਹਰੇ ਉੱਤੇ ਵੱਖਰਾ ਨੂਰ ਝਲਕਦਾ ਸੀ। ਉਹ ਦਰ ਅੰਦਰ ਵੜਦੀ ਹੋਈ ਧਾਅ ਕਰਕੇ ਮੇਰੇ ਗਲ਼ ਲਗ ਕੇ ਮਿਲੀ। ਮੈਨੂੰ ਹੈਰਾਨੀ ਹੋਈ ਕਿ ਹਰਜੀਤ ਨੂੰ ਕੀ ਹੋ ਗਿਆ ਸੀ। ਮੇਰੀ ਨਜ਼ਰ ਸਮੀਰ ਨਾਲ਼ ਟਕਰਾਈ ਤੇ ਮੁੜ ਮੈਂ ਦੀਦਾਰ ਵੱਲ ਤੱਕਿਆ। ਦੀਦਾਰ ਸਭ ਤੋਂ ਪਿੱਛੇ ਖੜਾ ਮੁਸਕਰਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਜਿਵੇਂ ਆਖ ਰਿਹਾ ਹੋਵੇ, 'ਇਨ੍ਹਾਂ ਖੰਡਰਾਂ 'ਤੇ ਬੈਠ ਕਿਉਂ ਹੱਸੀਏ ਤੇ ਕਿਉਂ ਰੋਈਏ?'

ਸਾਮ੍ਹਣੇ ਮਾਰਥਾ ਦੇ ਘਰ ਕਈ ਬੰਦੇ ਗਿਣਤੀਆਂ-ਮਿਣਤੀਆਂ ਕਰੀ ਜਾ ਰਹੇ ਸਨ। ਜ਼ਮੀਨ ਪੁੱਟਣ ਵਾਲੀਆਂ ਮਸ਼ੀਨਾ ਤੇ ਹੋਰ ਨਿਕ-ਸੁਕ ਸਭ ਆ ਰਿਹਾ ਸੀ। ਨਵੀਂ ਜ਼ਿੰਦਗੀ ਦੀ ਰੌਣਕ ਦੇ ਸੰਕੇਤ ਸ਼ੁਰੂ ਹੋ ਗਏ ਸਨ। ਮੈਂ ਦੀਦਾਰ ਅਤੇ ਹਰਜੀਤ ਵਲ ਫੇਰ ਤੱਕਿਆ। ਮੈਨੂੰ ਮਹਿਸੂਸ ਹੋਇਆ ਜਿਵੇਂ ਐਡਵਰਡ ਅਤੇ ਮਾਰਥਾ ਇਕੱਠੇ ਸਾਮ੍ਹਣੇ ਘਰ ਵਸਣ ਆ ਰਹੇ ਹੋਣ। ਮੇਰੇ ਅੰਦਰਲਾ ਖੰਡਰ ਵੀ ਜਿਵੇਂ ਖੰਡਤ ਹੋਣ ਤੋਂ ਬਚ ਗਿਆ ਹੋਵੇ। ਸਮੀਰ ਸੀਟੀ ਵਜਾਉਂਦਾ ਹੋਇਆ ਸਮਾਨ ਅੰਦਰ ਰੱਖਣ ਲਗ ਪਿਆ।

*



## ਕਹਾਣੀ / ਤੱਕੜੀ ਤੇ ਤਿੱਕੜੀ / ਮੋਹਨ ਲਾਲਾ ਫਿਲੌਰੀਆ

ਅਚਾਨਕ ਸਕੂਲ ਦਾ ਮੇਨ ਗੇਟ ਖੁੱਲਿਆ ਤਾਂ ਮੈਡਮ ਗਰੇਵਾਲ ਦੀ ਕਾਰ ਗੇਟ ਦੇ ਅੰਦਰ ਇੰਟਰ ਹੋਈ। ਤਿਕੜੀ ਦਾ ਧਿਆਨ ਕਾਰ ਵਲ ਗਿਆ। ਉਹ ਤਿੰਨੋ ਜਣੇ ਚਾਹ ਪੀ ਰਹੇ ਸਨ ਤੇ ਅਖ਼ਬਾਰ ਦੀਆਂ ਚੁਸਕੀਆਂ ਲੈ ਰਹੇ ਸਨ।

"ਇਹ ਮੈਡਮ ਗਰੇਵਾਲ ਅੱਜ ਏਨਾ ਜਲਦੀ ਕਿਓਂ ਆ ਗਈ।"

ਬਾਬੂ ਰਾਮ ਦਿਆਲ ਚਾਹ ਨੂੰ ਖ਼ਤਮ ਕਰਦਾ ਹੋਇਆ ਬੋਲਿਆ।

'ਕੀ ਗੱਲ ਮੈਡਮ ਨੂੰ ਦੇਖ ਕੇ ਡਰ ਗਿਆ। ਨਾਲੇ ਹਾਅ ਚਾਪਲੂਸੀ ਜਿਹੀ ਛੱਡਦੇ।" ਪੀ. ਟੀ. ਮਾਸਟਰ ਮਹਿੰਦਰ ਸਿੰਘ ਨੇ ਵੀ ਚਾਹ ਖ਼ਤਮ ਕੀਤੀ।

"ਮੈਨੂੰ ਤਾਂ ਲੱਗਦਾ ਤੁਸੀਂ ਦੋਵੇਂ ਚਾਪਲੂਸ ਹੋ ਡਰ ਦੇ ਰਾਹ ਛੱਡਕੇ ਉਠ ਖੜੇ ਹੋਏ। ਮੈਨੂੰ ਚਾਹ ਤਾਂ ਖਤਮ ਕਰਨ ਦਿਓ।" ਪੰਜਾਬੀ ਮਾਸਟਰ ਕਰਮਵੀਰ ਸਿੰਘ ਜਥੇਦਾਰ ਤਿਕੜੀ ਦਾ ਤੀਸਰਾ ਮੈਂਬਰ ਵੀ ਉਠ ਖੜਾ ਹੋਇਆ।

ਤਿੱਕੜੀ ਦੇ ਤਿੰਨੋ ਮੈਂਬਰ ਇਕੱਠੇ ਰਹਿੰਦੇ ਹਨ ਅਤੇ ਤਿਕੜੀ ਦੇ ਨਾਂ ਨਾਲ ਜਾਣੇ ਜਾਂਦੇ ਹਨ। ਪੀ. ਟੀ. ਮਾਸਟਰ ਕਾਮਰੇਡਾਂ ਦਾ ਹਮਦਰਦ ਹੈ। ਕਦੀ ਕਦੀ ਤਿਰੰਗਾ ਵੀ ਫੜ ਲੈਂਦਾ ਹੈ। ਬਾਬੂ ਰਾਮ ਦਿਆਲ ਦੀ ਤਾਰ ਮਾਇਆਵਤੀ ਨਾਲ ਜੁੜਦੀ ਹੈ। ਜਥੇਦਾਰ ਸਿੰਘ ਸਜਿਆ ਹੋਣ ਕਰਕੇ ਉਸ ਦੀ ਵਿਚਾਰਧਾਰਾ ਬਹੁਤੀ ਧਾਰਮਿਕ ਹੈ ਪਰ ਸਕੂਲ ਵਿਚ ਤਿੰਨੋ ਇਕ ਹਨ। ਮੈਡਮ ਗਰੇਵਾਲ ਕਾਰ ਵਿਚੋਂ ਉਤਰੀ ਤੇ ਸਿੱਧੀ ਸਾਈਕਲ ਸਟੈਂਡ ਵੱਲ ਚਲੇ ਗਈ। ਤਿਕੜੀ ਵਾਲੇ ਇਹ ਦੇਖਕੇ ਹੈਰਾਨ ਸਨ। ਸਾਈਕਲ ਸਟੈਂਡ ਤੇ ਅਜੇ ਵੀਹ ਪੱਚੀ ਸਾਈਕਲ ਹੀ ਖੜ੍ਹੇ ਹੋਣਗੇ। ਸਾਈਕਲ ਦੇਖਕੇ ਮੈਡਮ ਦਾ ਰੰਗ ਉਡ ਗਿਆ।

"ਹੈਂ ਇਹ ਕੀ?" ਉਹ ਆਪਣੇ ਆਪ ਵਿਚ ਹੀ ਬੋਲੀ। ਉਹ ਆਪਣੇ ਦਫ਼ਤਰ ਵਲ ਤੁਰ ਪਈ। ਉਸ ਨੇ ਆਪਣਾ ਚਸ਼ਮਾ ਉਤਾਰ ਕੇ ਸਾਫ਼ ਕੀਤਾ। ਅਜੇ ਤਾਂ ਹਫ਼ਤਾ ਪਹਿਲਾਂ ਦੀ ਗੱਲ ਹੈ। ਸਕੂਲ ਵਿਚ ਬਹੁਤ ਵੱਡਾ ਫੰਕਸ਼ਨ ਹੋਇਆ ਸੀ। ਸਕੂਲ ਵਿਚ ਮੁੱਖ ਮੰਤਰੀ ਸਾਹਿਬ ਆਏ ਸਨ। ਗਿਆਰਵੀ ਤੇ ਬਾਹਰਵੀਂ ਦੀਆਂ ਇਕ ਸੌ ਵੀਹ ਕੁੜੀਆਂ ਨੂੰ ਸਾਈਕਲ ਵੰਡੇ ਸਨ। ਸਾਈਕਲ ਤੇ ਹੈਂਡਲ ਉਪਰ ਮੁੱਖ ਮੰਤਰੀ ਦੀ ਫੋਟੋ ਸੀ ਅਤੇ ਚੇਨ ਕਵਰ ਤੇ ਮਾਤਾ ਬੀਬੀ ਭਾਗੋ ਦੀ ਫੋਟੋ ਸੀ। ਫੋਟੋ ਵਾਲੀ ਗੱਲ ਅਖ਼ਬਾਰਾਂ ਵਿਚ ਚਰਚਾ ਦਾ ਵਿਸ਼ਾ ਰਹੀ ਸੀ ਕਿ ਬੀਬੀ ਭਾਗੋ ਦੀ ਫੋਟੋ ਹੇਠਾਂ ਕਿਉਂ ਲੱਗੀ ਹੈ। ਮੁੱਖ ਮੰਤਰੀ ਦੀ ਫੋਟੋ ਉਪਰ ਕਿਉਂ ਦੋਵਾਂ ਵਿਚੋਂ ਵੱਡੀ ਕੌਣ ਹੈ। ਮੈਡਮ ਗਰੇਵਾਲ ਨੇ ਚੰਗੀ ਤਰ੍ਹਾਂ ਦੇਖਿਆ ਉਹਨੂੰ ਲੱਗਾ... ਮੁੱਖ ਮੰਤਰੀ ਦੀ ਫੋਟੋ ਦੇ ਉਪਰ ਕਈ ਸਾਈਕਲਾਂ ਤੇ ਮਾਇਆਵਤੀ ਦੀਆਂ ਫੋਟੋ ਲੱਗੀਆਂ, ਕਈ ਸਾਈਕਲਾਂ ਤੇ ਕੈਪਟਨ ਅਮਰਿੰਦਰ ਸਿੰਘ ਦੀਆਂ ਫੋਟੋ ਸਨ। ਕੁਝ ਤੇ ਸੋਨੀਆਂ ਗਾਂਧੀ ਦੀਆਂ ਫੋਟੋ ਸਨ। ਕੁਝ ਸਾਈਕਲਾਂ ਤੇ ਸ਼ਹੀਦ ਭਗਤ ਸਿੰਘ ਦੀਆਂ ਫੋਟੋ ਸਨ। ਖ਼ੁਦ ਬੱਚੇ ਨਹੀਂ ਬਦਲ ਸਕਦੇ। ਇਹ ਜ਼ਰੂਰ ਤਿਕੜੀ ਦੀ ਚਾਲ ਹੋਵੇਗੀ।" ਮੈਡਮ ਗਰੇਵਾਲ ਬੁੜ ਬੁੜਾਈ। ਉਹ ਆਪਣੇ ਦਫ਼ਤਰ ਪੁੱਜੀ ਤਾਂ ਉਸ ਦੀ ਨੇਮ ਪਲੇਟ ਤੇ ਜੰਮੀ ਧੂੜ ਨੇ ਉਸ ਦਾ ਸਵਾਗਤ ਕੀਤਾ। ਹਰਿੰਦਰ ਕੌਰ ਗਰੇਵਾਲ ਐਮ. ਏ. ਬੀ. ਐਡ. ਪ੍ਰਿੰਸੀਪਲ ।" ਨੇਮ ਪਲੇਟ ਤੇ ਲਿਖਿਆ ਹੋਇਆ ਸੀ।

ਉਸ ਨੇ ਘੰਟੀ ਮਾਰੀ ਤਾਂ ਬੀਬੀ ਕਮਲਾ ਰਾਣੀ ਝਾੜੂ ਫੜੀ ਫੜੀ ਹੱਥ ਵਿਚ ਸਾਹਮਣੇ ਆ ਖੜੀ। ਮੈਡਮ ਗਰੇਵਾਲ ਝਾੜੂ ਦੇਖ ਕੇ ਖਿਝ ਗਈ। "ਅੰਦਰ ਆਉਨੀ ਹੁੰਨੀ ਤਾਂ ਝਾੜੂ ਤਾਂ ਬਾਹਰ ਰੱਖ ਆਇਆ ਕਰ...।" ਮੈਡਮ ਖਿਝੀ ਖਿਝੀ ਬੋਲੀ।

"ਕੀ ਕਰਾਂ ਬੀਬੀ ਜੀ ਹਮੇ ਤੋ ਇਸੀ ਸੇ ਹੀ ਰੋਟੀ ਮਿਲਤੀ ਯੇਹ ਹੀ ਹਮਾਰਾ ਹਥਿਆਰ ਹੈ।" ਕਮਲਾ ਬੋਲੀ।

ਇਸ ਤੋਂ ਪਹਿਲਾਂ ਕਿ ਮੈਡਮ ਕੁਝ ਕਮਲਾ ਨੂੰ ਕਹਿੰਦੀ ਟੈਲੀਫੋਨ ਦੀ ਘੰਟੀ ਵੱਜੀ।

"ਹੈਲੋ!" ਮੈਡਮ ਨੇ ਫੋਨ ਚੁੱਕਿਆ।

"ਹਾਂ ਬੀਬੀ ਜੀ ਦੇਖੀ ਸਾਈਕਲਾਂ ਦੀ ਹਾਲਤ।

ਇਹ ਕੀ ਤਮਾਸ਼ਾ ਹੈ। ਏਸ ਪਿੰਡ ਵਿਚ ਰਹਿਣਾ ਕਿ ਬਾਰਡਰ ਤੇ ਜਾਣਾ। ਸਾਈਕਲ ਸਾਡੀ ਸਰਕਾਰ ਨੇ ਵੰਡੇ ਸਨ। ਤੁਸੀਂ ਬਾਦਲ ਸਾਹਿਬ ਦੀ ਫੋਟੋ ਉਪਰ ਮਾਇਆਵਤੀ ਅਤੇ ਸੋਨੀਆਂ ਗਾਂਧੀ ਦੀਆਂ ਫੋਟੋ ਚਿਪਕਾ ਦਿੱਤੀਆਂ। ਬਹੁਤ ਚੰਗੀਆਂ ਲਗਦੀਆਂ ਤੁਹਾਨੂੰ ਇਹਨਾਂ ਕੋਲ ਚਲੇ ਜਾਓ। ਇਹ ਸਾਰਾ ਕੁਝ ਤੁਹਾਡੀ ਮਿਲੀ ਭੁਗਤ ਨਾਲ ਹੋਇਆ। ਤੁਹਾਡੀ ਤਿਕੜੀ ਦਾ ਕੀਤਾ ਕਰਾਇਆ। ਮੈਂ ਅੱਜ ਮੁੱਖ ਮੰਤਰੀ ਸਾਹਿਬ ਨਾਲ ਗੱਲ ਕਰਦੀਆਂ ਮੇਰੀ ਤੇ ਤੁਸੀਂ ਨੱਕ ਕਟਵਾ ਦਿੱਤੀ। " ਫੋਨ ਦੀ ਅਵਾਜ਼ ਬੰਦ ਹੋ ਗਈ।

"ਮੈਨੂੰ ਕੁਝ ਪਤਾ ਨਹੀਂ ਸਕੂਲ ਦੇ ਬਾਹਰ ਪਿੰਡ ਵਿਚ ਕੀ ਹੋਇਆ ਹੈ ਐਮ. ਐਲ. ਏ. ਸਾਹਿਬ ਫਿਰ ਵੀ ਮੈਂ ਚੈਕ ਕਰਦੀ ਹਾਂ।" ਏਨਾ ਕਹਿ ਮੈਡਮ ਗਰੇਵਾਲ ਫੋਨ ਬੰਦ ਕਰਕੇ ਚੁੱਪ ਕਰ ਗਈ। ਸਵੇਰੇ ਉਸ ਨੂੰ ਐਮ. ਐਲ ਏ ਸਾਹਿਬ ਦਾ ਫੋਨ ਆਇਆ ਸੀ। ਉਹ ਬਿਨਾ ਨਾਸ਼ਤਾ ਕੀਤਿਆਂ ਸਕੂਲ ਆ ਗਈ ਸੀ।

ਅਜੇ ਪਿਛਲੇ ਸਾਲ ਹੀ ਬੜੀਆਂ ਮਿੰਨਤਾ ਕਰਕੇ ਮੈਡਮ ਗਰੇਵਾਲ ਦੀ ਬਦਲੀ ਬੜੀ ਦੂਰੋਂ ਏਥੇ ਏਸ ਪਿੰਡ ਵਿਚ ਹੋਈ ਸੀ। ਐਮ. ਐਲ. ਏ. ਭਾਵੇਂ ਬਹੁਤਾ ਚੰਡੀਗੜ੍ਹ ਰਹਿੰਦਾ ਸੀ ਪਰ ਇਹ ਉਸਦਾ ਆਪਣਾ ਪਿੰਡ ਸੀ। ਫਿਰ ਫੋਨ ਤੇ ਕਿਤੇ ਵੀ ਕਦੋਂ ਵੀ ਗੱਲ ਕਰ ਲਓ। ਉਹ ਪਿੰਡ ਨਾਲ ਜੁੜਿਆ ਹੋਇਆ ਹੈ। ਮੈਡਮ ਆਪਣੀ ਪਰੇਸ਼ਾਨੀ ਦੂਰ ਕਰਨ ਲਈ ਬਾਥਰੂਮ ਗਈ। ਸ਼ੀਸ਼ਾ ਦੇਖਿਆ। ਥੋੜਾ ਨਾਰਮਲ ਹੋਣ ਦੀ ਕੋਸ਼ਿਸ਼ ਕੀਤੀ। ਆਪਣੀ ਸੀਟ ਤੇ ਬੈਠੀ ਕੁਝ ਕਾਗਜ਼ ਚੁੱਕ ਕੇ ਏਧਰ ਓਧਰ ਕੀਤੇ। ਉਸ ਕਮਲਾ ਵਲ ਦੇਖਿਆ।

'ਹਾਂ ਜੀ ਦੱਸੋ ਮੈਡਮ ਤੁਸੀਂ ਘੰਟੀ ਮਾਰੀ ਸੀ।"

ਕਮਲਾ ਝਾੜੂ ਉਪਰ ਕਰਕੇ ਬੋਲੀ।

"ਦੱਸਣਾ। ਕੀ ਏ ਕਮਲਾ ਆਹ ਸਾਈਕਲਾਂ ਦਾ ਸਿਆਪਾ। ਤੈਨੂੰ ਮੈਂ ਪਹਿਲਾਂ ਵੀ ਕਿਹਾ ਹਾਅ ਝਾੜੂ ਹੇਠਾਂ ਕਰ ਲੈ ਨਹੀਂ ਤਾਂ ਮਾਰ ਮੇਰੇ ਸਿਰ ਵਿਚ...।"

"ਤੁਹਾਡੇ ਕਾਹਨੂੰ ਮਾਰਨਾ ਮੈਡਮ ... ਮੈਂ ਆਪਣੇ ਸਿਰ ਵਿਚ ਮਾਰ ਦੀ ਹਾਂ। ਸਾਈਕਲਾਂ ਦੇ ਸਿਆਪੇ ਤਾਂ ਪੈਣਗੇ ਜਿਦਣ ਸਾਈਕਲ ਵੰਡੇ ਮੈਂ ਬੜੇ ਤਰਲੇ ਪਾਏ ਕਿ ਇਕ ਸਾਈਕਲ ਮੈਨੂੰ ਵੀ ਗਰੀਬਣੀ ਨੂੰ ਦੇ ਦਿਓ ਮੈਂ ਵੀ ਸਕੂਲ ਦੀ ਸੇਵਾ ਕਰਦੀ । ਕਿਸੇ ਨੇ ਨਹੀਂ ਸੁਣੀ।"

"ਜਾਹ ਬਾਬੂ ਜੀ ਨੂੰ ਬੁਲਾਕੇ ਲਿਆ। ਬਾਬੂ ਰਾਮਦਿਆਲ ਨੂੰ ਹੁਣ ਲੈਕਚਰ ਨਾ ਕਰੀ ਜਾ।" ਮੈਡਮ ਜਰਾ ਜੋਰ ਦੀ ਬੋਲੀ।

"ਉਹ ਤਾਂ ਅਜੇ ਆਇਆ ਨਹੀਂ।"

"ਆਇਆ ਕਿੱਦਾ ਨਹੀਂ।" ਜਾਹ ਜਾ ਕੇ ਦੇਖ ਔਹ ਤਿਕੜੀ ਕੰਟੀਨ 'ਚ ਚਾਹ ਪੀਂਦੀ ਏ। ਪਤਾ ਨਹੀਂ ਸਵੇਰੇ ਸਵੇਰੇ ਕੀ ਸਾਜ਼ਸ਼ਾਂ ਰਚਦੇ ਪਏ ਨੇ। ਕਲਾਸਾਂ 'ਚ ਲੇਟ ਜਾਂਦੇ ਹਨ। ਪੜਾਉਂਦੇ ਨਹੀਂ। ਕਲਾਸਾਂ ਪਹਿਲਾਂ ਹੀ ਛੱਡ ਦੇਣਗੇ। ਸਾਰੇ ਜਹਾਨ ਦੀ ਸਿਆਸਤ...।"

"ਐਡੀ ਕੀ? " ਕਹਿ ਕੇ ਕਮਲਾ ਬਾਬੂ ਜੀ ਨੂੰ ਲੱਭਣ ਚਲੇ ਗਈ। ਥੋੜੀ ਦੇਰ ਬਾਅਦ ਬਾਬੂ ਰਾਮ ਦਿਆਲ ਕਾਪੀ ਪੈਨ ਚੁੱਕੀ ਮੈਡਮ ਗਰੇਵਾਲ ਦੇ ਕਮਰੇ ਵਿਚ ਇੰਟਰ ਕੀਤਾ।

"ਸਤਿ ਸ੍ਰੀ ਅਕਾਲ ਜੀ ਮੈਡਮ।" ਉਹ ਬੋਲਿਆ।

"ਆਹ ਕੀ ਤਮਾਸ਼ਾ ਰਾਮ ਦਿਆਲ ਜੀ-ਸਾਈਕਲ ਤੇ ਮੁੱਖ ਮੰਤਰੀ ਦੀ ਫੋਟੋ ਉਪਰ ਹੋਰ ਫੋਟੋ ਲਗਾ ਦਿੱਤੀਆਂ ਹਨ...।"

"ਕੀ ਮੈਡਮ...।" ਰਾਮ ਦਿਆਲ ਭੋਲਾ ਬਣ ਕੇ ਬੋਲਿਆ।

"ਆਹ ਸਾਈਕਲ ਸਟੈਂਡ ਤੇ ਸਾਈਕਲ ਨਹੀਂ ਦੇਖੇ? ਮੈਡਮ ਬੋਲੀ।

"ਨਹੀਂ ਜਨਾਬ।" ਉਹ ਮੁਸਕਰਾਇਆ।

"ਚਲੋ ਦੇਖੋ ਫਿਰ ਸਾਈਕਲ ਸਟੈਂਡ ਤੇ ਉਸ ਦਿਨ ਜਿਹੜੇ ਸਾਈਕਲ ਵੰਡੇ ਸਨ। ਚੰਗੀ ਭਲੀ ਫੋਟੋ ਸੀ ਮੁੱਖ ਮੰਤਰੀ ਸਾਹਿਬ ਦੀ ਉਸ ਫੋਟੋ ਤੇ ਉਪਰ ਹੋਰ ਲੀਡਰਾਂ ਦੀਆਂ ਫੋਟੋ ਲਗਾ ਦਿੱਤੀਆਂ ਹਨ। ਬੜਾ ਅਜੀਬ ਹੈ।"

"ਉਹ ਜੀ ਨਿਆਣੇ ਅੱਜ ਕੱਲ ਬੜੇ ਤੇਜ ਨੇ। ਸਾਨੂੰ ਤੇ ਹਫਤਾ ਹੋ ਗਿਆ ਦੇਖਦਿਆਂ ਨੂੰ ਪਿੰਡ ਵਿਚ ਵੀ



ਧੜੇਬਾਜੀ ਹੈ ਵਿਰੋਧੀ ਨਹੀਂ ਚਾਹੁੰਦੇ ਕਿ ਇਸ ਤਰ੍ਹਾਂ ਦੀਆਂ ਫੋਟੋ ਲੱਗਣ। ਏਸ ਸਰਕਾਰ ਦੇ ਦਿਨ ਥੋੜੇ ਲਗਦੇ ਨੇ ਅਗਲੀ ਵਾਰ ਕੋਈ ਨਵਾਂ ਮੁੱਖ ਮੰਤਰੀ ਹੋਵੇਗਾ। ਬਾਬੂ ਰਾਮ ਦਿਆਲ ਖਚਰੀ ਹਾਸੀ ਹੱਸਣ ਲੱਗਾ।

"ਬਾਬੂ ਜੀ ਤੁਸੀਂ ਹੱਸ ਰਹੇ ਹੋ। ਮੇਰੀ ਜਾਨ ਨੂੰ ਬਣੀਆ ਹੋਈਆਂ ਹਨ। ਸਵੇਰੇ ਵੀ ਤੇ ਹੁਣ। ਫਿਰ ਐਮ. ਐਲ. ਏ. ਦਾ ਫੋਨ ਆਇਆ ਸੀ ਉਸ ਧਮਕੀ ਦਿੱਤੀ ਹੈ ਕਿ ਸਾਈਕਲਾਂ ਤੋਂ ਉਤਾਰੀਆਂ ਫੋਟੋ ਵਾਪਸ ਲੁਆਓ ਨਹੀਂ ਤਾਂ ਬਦਲੀ ਲਈ ਤਿਆਰ ਹੋ ਜਾਓ...।" ਮੈਡਮ ਬੋਲੀ।

"ਐਵੇਂ ਨਾ ਜੀ ਡਰੋ ਇਹ ਸਰਕਾਰ ਹੁਣ ਜਾਣ ਵਾਲੀ ਹੈ। ਕੋਡ ਆਫ ਕੰਡਕਟ ਲੱਗਣ ਵਾਲਾ ਹੈ। ਹੁਣ ਬਦਲੀਆਂ ਅਗਲੀ ਸਰਕਾਰ ਹੀ ਕਰੇਗੀ। ਹੁਣ ਇਹ ਧਮਕੀ ਹੀ ਦੇ ਸਕਦੇ ਹਨ ਉਹ ਤੁਸੀਂ ਜਰ ਲਓ ਤੁਸੀਂ ਸ਼ਾਇਦ ਆਹ ਅਖ਼ਬਾਰ ਨਹੀਂ ਪੜ੍ਹੀ। ਹੁਸ਼ਿਆਰਪੁਰ ਦੇ ਪਿੰਡ ਚੱਕੋਵਾਲ ਦੀ ਲੜਕੀ ਮਨਜੀਤ ਕੌਰ ਨੇ ਬਾਦਲ ਦੀ ਫੋਟੋ ਵਾਲਾ ਸਾਈਕਲ ਲੈਣ ਤੋਂ ਮਨਾ ਕਰ ਦਿੱਤਾ। ਮਾਨ ਸਾਹਿਬ ਨੇ ਉਸ ਲੜਕੀ ਨੂੰ ਪੱਚੀ ਹਜ਼ਾਰ ਨਕਦ ਤੇ ਇਕ ਮੋਟਰ ਸਾਈਕਲ ਦਿੱਤਾ। ਉਸ ਕੁੜੀ ਨੇ ਦਲੀਲ ਦਿੱਤੀ ਕਿ ਮਾਈ ਭਾਗੋ ਦੀ ਤਸਵੀਰ ਹੇਠਾਂ, ਕਿਓ ਲਗਾਈ ਹੈ। ਹੋਰ ਵੀ ਕਈ ਕੁੜੀਆਂ ਨੇ ਮਨ੍ਹਾਂ ਕੀਤਾ ਸਾਈਕਲ ਲੈਣ ਤੋਂ ਉਹਨਾਂ ਦੀਆਂ ਤਸਵੀਰਾਂ ਅਖਬਾਰ ਵਿਚ ਛਪੀਆਂ ਹਨ ਤੁਸੀਂ ਐਵੇਂ ਡਰੀ ਜਾਨੇ ਓ...।" ਬਾਬੂ ਰਾਮ ਦਿਆਲ ਬੋਲਿਆ।

"ਬਾਬੂ ਜੀ ਤੁਸੀਂ ਨਹੀਂ ਸਮਝਦੇ। ਮੇਰੀ ਨੌਕਰੀ ਦਾ ਸਵਾਲ ਹੈ। ਦੂਰ ਪਾਰ ਬਦਲੀ ਹੋ ਗਈ ਤਾਂ ਇਹ ਐਮ. ਐਲ. ਏ. ਤਾਂ ਮੇਰੇ ਪਿਛੇ ਹੀ ਪੈ ਗਿਆ। ਆਓ ਮੇਰੇ ਨਾਲ ਸਾਈਕਲ ਸਟੈਂਡ ਵਲ ਗੇੜਾ ਮਾਰੀਏ। ਔਹ ਬੁਲਾਓ ਜਥੇਦਾਰ ਨੂੰ ਵੀ ਉਹ ਵੀ ਮਾਨ ਸਾਹਿਬ ਦਾ ਚਹੇਤਾ ਬਣਿਆ ਫਿਰਦਾ... ਪੀ ਟੀ ਮਾਸਟਰ ਨੂੰ ਵੀ ਬੁਲਾਓ।" ਏਨਾ ਕਹਿ ਉਹ ਦਫਤਰ ਤੋਂ ਬਾਹਰ ਨਿਕਲੀ। ਬਾਬੂ ਜੀ ਵੀ ਨਾਲ ਹੀ ਸਨ।

ਲੰਬੀ ਘੰਟੀ ਵੱਜਣੀ ਸ਼ੁਰੂ ਹੋਈ। ਇਹ ਸਵੇਰ ਦੀ ਪਰੇਅਰ ਵਾਸਤੇ ਘੰਟੀ ਸੀ। ਕਲਾਸਾਂ ਵਿਚੋਂ ਬੱਚੇ ਲਾਈਨਾਂ ਬਣਾ ਬਾਹਰ ਆਉਣ ਲੱਗੇ। ਮੈਡਮ ਅੱਗੇ ਅੱਗੇ ਤੇ ਬਾਬੂ ਪਿਛੇ ਪਿੱਛੇ ਸਾਈਕਲ ਸਟੈਂਡ ਵਲ ਜਾ ਰਹੇ ਸਨ। ਬਾਬੂ ਨੇ ਇਸ਼ਾਰੇ ਨਾਲ ਜਥੇਦਾਰ ਤੇ ਪੀ ਟੀ ਮਾਸਟਰ ਨੂੰ ਵੀ ਬੁਲਾ ਲਿਆ। ਕਾਫੀ ਸਾਈਕਲ ਬੱਚਿਆਂ ਦੇ ਖੜ੍ਹੇ ਸਨ। ਪੀ. ਟੀ. ਮਾਸਟਰ ਦੀਆਂ ਹਦਾਇਤਾਂ ਮੁਤਾਬਕ ਨਵੇਂ ਸਾਈਕਲ ਪਲੱਸ ਵਨ ਅਤੇ ਪਲੱਸ ਟੂ ਵਾਲਿਆਂ ਦੇ ਅਲੱਗ ਸਨ।

"ਬਾਬੂ ਜੀ ਆਹ ਦੇਖਦੇ ਪਏ ਹੋ?" ਮੈਡਮ ਗਰੇਵਾਲ ਨੇ ਸਾਈਕਲਾਂ ਵਲ ਇਸ਼ਾਰਾ ਕੀਤਾ।

ਸਾਈਕਲ ਪੰਜਾਹ ਸੱਠ ਹੋਣਗੇ ਤੇ ਸਭ ਤੇ ਅਲੱਗ ਅਲੱਗ ਫੋਟੋ ਨਜ਼ਰ ਆ ਰਹੀਆਂ ਸਨ। ਤਿਕੜੀ ਦੇ ਤਿੰਨੋਂ ਮੈਂਬਰ ਸਾਈਕਲਾਂ ਵਲ ਦੇਖ ਰਹੇ ਸਨ। ਉਹਨਾਂ ਦੇ ਚੇਹਰਿਆਂ ਤੇ ਕੋਈ ਫਰਕ ਨਾ ਪਿਆ ਸੀ।

"ਮੈਡਮ ਜੀ ਤੁਹਾਨੂੰ ਤਾਂ ਪਤਾ ਹੀ ਹੈ ਇਹ ਪਿੰਡ ਕਾਫ਼ੀ ਵੱਡਾ ਪਿੰਡ ਹੈ ਇਸ ਪਿੰਡ ਵਿਚ ਹਰ ਤਰ੍ਹਾਂ ਦੇ ਸਿਆਸਤ ਦਾਨ ਮੌਜੂਦ ਹਨ ਹੁਣ ਆਪਾਂ ਕੀ ਕਰ ਸਕਦੇ ਹਾਂ...।"

ਬਾਬੂ ਰਾਮ ਦਿਆਲ ਵੀ ਗੰਭੀਰ ਜਿਹਾ ਹੋ ਕੇ ਬੋਲਿਆ।

"ਉਹ ਤਾਂ ਠੀਕ ਹੈ ਪਰ ਅੱਜ ਤਾਂ ਹਫਤਾ ਵੀ ਨਹੀਂ ਹੋਇਆ। ਨਾਲੇ ਆਪਾਂ ਉਸ ਦਿਨ ਇਕ ਸੌ ਸਾਈਕਲ ਵੰਡੇ ਸਨ। ਆਹ ਤਾਂ ਮਸਾਂ ਪੰਜਾਹ ਸੱਠ ਸਾਈਕਲ ਹੋਣਗੇ। ਬਾਕੀ ਕਿਧਰ ਗਏ?" ਮੈਡਮ ਸਾਰੇ ਸਵਾਲ ਆਪਣੇ ਬਾਬੂ ਨੂੰ ਹੀ ਕਰ ਰਹੀ ਸੀ ਉਂਜ ਭਾਵੇਂ ਤਿਕੜੀ ਨਾਲ ਨਾਲ ਚਲ ਰਹੀ ਸੀ।

"ਮਾਸਟਰ ਜੀ ਪ੍ਰਾਰਥਨਾ ਤੋਂ ਬਾਅਦ ਗਿਆਰਵੀਂ ਬਾਹਰਵੀ ਦੀਆਂ ਵਿਦਿਆਰਥਣਾਂ ਨੂੰ ਰੋਕਣਾ ਇਹਨਾਂ ਦੇ ਇੰਚਾਰਜ ਅਧਿਆਪਕਾਂ ਨੂੰ ਵੀ ਰੋਕੋ ਅਨੁਸ਼ਾਸ਼ਨ ਵੀ ਹੋਣਾ ਚਾਹੀਦਾ ਹੈ ਅਤੇ ਅਨੁ ਸ਼ਾਸ਼ਨ ਰਹਿਣਾ ਵੀ ਚਾਹੀਦਾ ਹੈ।" ਉਹ ਸਾਰੇ ਪ੍ਰਾਰਥਨਾ ਵਿਚ ਕਾਹਲੀ ਕਾਹਲੀ ਦੌੜ ਕੇ ਸ਼ਾਮਲ ਹੋ ਗਏ।

ਪ੍ਰਾਰਥਨਾ ਖ਼ਤਮ ਹੋਈ ਤਾਂ ਛੋਟੀਆਂ ਕਲਾਸਾਂ ਦੇ ਬੱਚਿਆਂ ਨੂੰ ਕਲਾਸ ਦੇ ਕਮਰਿਆਂ ਵਿਚ ਭੇਜ ਦਿੱਤਾ ਗਿਆ। ਕੇਵਲ ਗਿਆਰਵੀਂ ਬਾਹਰਵੀ ਦੀਆਂ ਕੁੜੀਆਂ ਅਤੇ ਉਹਨਾਂ ਦੇ ਕਲਾਸ ਇੰਚਾਰਜ ਅਧਿਆਪਕਾਵਾਂ ਨੂੰ ਰੋਕਿਆ ਗਿਆ। ਮੈਡਮ ਗਰੇਵਾਲ ਨੇ ਰੋਕੇ ਹੋਏ ਅਧਿਆਪਕਾਂ ਨਾਲ ਸਾਈਡ ਤੇ ਹੋ ਕੇ ਆਪਣਾ ਫ਼ਿਕਰ ਸਾਂਝਾ ਕੀਤਾ।

ਮੈਡਮ ਗਰੇਵਾਲ ਨੇ ਅੱਗੇ ਹੋ ਕੇ ਬੋਲਣਾ ਸ਼ੁਰੂ ਕੀਤਾ।

"ਬੱਚਿਓ ਗੁੱਡ ਮਾਰਨਿੰਗ!' ਸਾਹਮਣੇ ਤੋਂ ਵੀ 'ਗੁੱਡ ਮਾਰਨਿੰਗ ਦੀ ਆਵਾਜ਼ ਆਈ।

"ਬੱਚਿਓ ਹਫਤਾ ਪਹਿਲਾਂ ਜਿਹੜੇ ਤੁਹਾਨੂੰ ਸਰਕਾਰ ਵਲੋਂ ਸਾਈਕਲ ਮਿਲੇ ਹਨ ਉਹ ਕਿਦਾਂ ਚੱਲ ਰਹੇ ਹਨ...।"

"ਬਹੁਤ ਅੱਛੇ ਮੈਡਮ ... ਬੜੇ ਤੇਜ਼ ਦੌੜਦੇ ਹਨ... ਹੁਣ ਅਸੀਂ ਅਗਲੀ ਵਾਰ ਸਾਈਕਲ ਦੌੜ ਦੇ ਮੁਕਾਬਲਿਆਂ ਵਿਚ ਜਾਵਾਗੇ।" ਇਕ ਦੋ ਕੁੜੀਆਂ ਬੋਲੀਆ।ਬਾਕੀ ਚੁੱਪ ਰਹੀਆਂ।

"ਪਰ ਅੱਜ ਸਾਰੇ ਬੱਚੇ ਸਾਈਕਲ ਲੈ ਕੇ ਕਿਓ ਨਹੀਂ ਆਏ।

ਸਾਹਮਣੇ ਤੋਂ ਬੱਚਿਆਂ ਦੀ ਕੋਈ ਆਵਾਜ਼ ਨਾ ਆਈ।

ਮੈਡਮ ਨੇ ਫਿਰ ਪੁੱਛਿਆ, "ਬੱਚਿਓ ਚੁੱਪ ਕਿਓ ਹੋ ਸਾਰੇ ਬੱਚੇ ਚੁੱਪ ਕਿਓ ਹਨ ਆਵਾਜ਼ ਕਿਉਂ ਨਹੀਂ ਆ ਰਹੀ। ਅੱਛਾ ਏਦਾਂ ਕਰੋ ਜਿਹੜੇ ਬੱਚੇ ਸਾਈਕਲ ਲੈ ਕੇ ਆਏ ਹਨ ਉਹ ਏਧਰ ਆ ਜਾਓ, ਖੱਬੇ ਪਾਸੇ ਅਤੇ ਜਿਹੜੇ ਨਹੀਂ ਲੈ ਕੇ ਆਏ ਉਹ ਏਧਰ ਆ ਜਾਓ ਸੱਜੇ ਹੱਥ..."

ਏਨਾ ਕਹਿਣ ਦੀ ਦੇਰ ਸੀ। ਸਾਰੀਆਂ ਕੁੜੀਆਂ ਝਟ ਪਟ 'ਸੱਜਿਆਂ' ਤੇ 'ਖੱਬਿਆਂ' ਵਿਚ ਵੰਡ ਹੋ ਗਈਆਂ।ਹੁਣ ਖੱਬੇ ਵਾਲੇ ਸਾਈਕਲਾਂ ਵਾਲੇ ਹੋਏ ਤੇ ਸੱਜੇ ਬਿਨਾਂ ਸਾਈਕਲਾਂ ਤੋਂ।

ਕੁੜੀਆਂ ਵੱਡੇ ਮੈਡਮ ਤੋਂ ਡਰ ਵੀ ਰਹੀਆਂ ਸਨ।ਲਾਈਨਾਂ ਵਿਚ ਸਨ।

"ਸਾਰੇ ਬੱਚੇ ਬੈਠ ਜਾਓ। " ਮੈਡਮ ਗਰੇਵਾਲ ਨੇ ਬੱਚਿਆਂ ਨੂੰ ਕਿਹਾ। ਫਿਰ ਉਹਨਾਂ ਇਕ ਇਕ ਕਰ ਕੇ ਪੁੱਛਣਾ ਸ਼ੁਰੂ ਕੀਤਾ ਕਿ ਸਾਈਕਲ ਤੇ ਕੁੜੀਆਂ ਸਕੂਲ ਕਿਓ ਨਹੀਂ ਆਈਆਂ।

"ਹਾਂ ਬੇਟਾ ਪਹਿਲੇ ਨੰਬਰ ਵਾਲੀ ਆਪਣਾ ਨਾ ਦੱਸੋ ਤੇ ਇਹ ਦੱਸੋ ਤੁਸੀਂ ਸਾਈਕਲ ਤੇ ਸਕੂਲ ਕਿਓਂ ਨਹੀਂ ਆਏ।"

"ਮੈਡਮ ਮੇਰਾ ਨਾਮ ਦਰਸ਼ਨਾ ਹੈ ਮੈਂ ਸਾਈਕਲ ਤੇ ਇਸ ਕਰਕੇ ਨਹੀਂ ਆਈ ਕਿਉਂ ਕਿ ਮੈਨੂੰ ਸਾਈਕਲ ਚਲਾਉਣਾ ਨਹੀਂ ਆਉਂਦਾ।"

ਸਾਰੇ ਚੁੱਪ ਕਰ ਗਏ।

"ਅੱਛਾ ਬੇਟਾ ਸਿਖ ਲਓ...।"

"ਮੈਂ ਕਿਹਾ ਸੀ ਮੈਂ ਸਿਖ ਲਵਾ ਮੇਰੀ ਮਾਂ ਨੇ ਮਨਾ ਕਰ ਦਿੱਤਾ। ਸਾਡੇ ਗੁਆਂਢ ਵਿਚ ਇਕ ਕੁੜੀ ਸਾਈਕਲ ਸਿਖਦੀ ਪਈ ਸੀ ਉਹ ਡਿੱਗ ਪਈ ਉਸ ਦੀ ਬਾਂਹ ਟੁੱਟ ਗਈ। ਹੁਣ ਦਸੰਬਰ ਦਾ ਮਹੀਨਾ ਹੈ ਫਿਰ ਫਰਵਰੀ ਵਿਚ ਪੱਕੇ ਪੇਪਰ ਮੇਰੀ ਮਾਂ ਕਹਿੰਦੀ ਪੱਕੇ ਪੇਪਰਾਂ ਤੋਂ ਬਾਅਦ ਸਿੱਖ ਲਈ ਨਾਲੇ ਮਾਂ ਕਹਿੰਦੀ ਜੇ ਸਰਕਾਰ ਨੇ ਸਾਈਕਲ ਦੇਣੇ ਸੀ ਤਾਂ ਓਦੋ ਦਿੰਦੀ ਜਦ ਕਲਾਸਾਂ ਸ਼ੁਰੂ ਹੋਈਆਂ ਸਨ ਅਪ੍ਰੈਲ ਮਹੀਨੇ।"

"ਚੱਲ ਠੀਕ ਹੈ ਬੈਠ ਜਾ ਅਗਲੀ ਲੜਕੀ...।"

ਮੈਡਮ ਮੇਰਾ ਨਾਮ ਬਬੀਤਾ ਹੈ ਮੈਡਮ ਜੀ ਮੇਰਾ ਘਰ ਤਾਂ ਆਹ ਸਕੂਲ ਦੇ ਪਿਛਲੇ ਪਾਸੇ ਹੈ ਮੈਨੂੰ ਤੁਰ ਕੇ ਦੂਰ ਨਹੀਂ ਮੈਂ ਸਾਈਕਲ ਤੇ ਨਹੀਂ ਆਉਂਦੀ...।"

"ਅਗਲੀ ਬੇਟੀ...?"

"ਮੈਡਮ ਜੀ ਮੇਰਾ ਨਾਂ ਜੋਤੀ ਰਾਣੀ ਹੈ ਮੈਂ ਸਾਈਕਲ ਤੇ ਦੋ ਤਿੰਨ ਦਿਨ ਆਈ ਸੀ ਮੇਰਾ ਪਿੰਡ ਵੀ ਦੂਰ ਹੈ।ਪਰਸੋ ਮੇਰਾ ਸਾਈਕਲ ਪੈਂਚਰ ਹੋ ਗਿਆ।ਹੁਣ ਕੋਈ ਪੈਂਚਰ ਲਾਉਣ ਵਾਲਾ ਨਹੀਂ ਲੱਭਦਾ ਪਿੰਡ ਵਿਚ।ਮੇਰੇ ਪਾਪਾ ਕਹਿੰਦੇ ਹੁਣ ਇਹਨੂੰ ਸ਼ਹਿਰ ਲੈ ਕੇ ਜਾਣਾ ਪੈਣਾ।"

ਜੋਤੀ ਰਾਣੀ ਅਜੇ ਬੋਲ ਹੀ ਰਹੀ ਸੀ ਬਾਕੀ ਬੱਚਿਆਂ ਅਤੇ ਅਧਿਆਪਕਾਂ ਨੇ ਹੱਸਣਾ ਸ਼ੁਰੂ ਕਰ ਦਿੱਤਾ। ਉਹ ਬੈਠ ਗਈ। ਤਿਕੜੀ ਵਾਲਿਆਂ ਨੇ ਮੂੰਹ ਘੁੰਮਾ ਲਏ।

"ਅਗੇ...?" ਮੈਡਮ ਬੋਲੇ।

"ਮੇਰਾ ਨਾਂ ਸੀਤਾ ਰਾਣੀ ਹੈ।" ਸੀਤਾ ਰਾਣੀ ਨਾਂ ਦੱਸ ਕੇ ਚੁੱਪ ਕਰ ਗਈ।

"ਸੀਤਾ ਜੀ ਅੱਗੇ ਬੋਲੋ...।" ਮੈਡਮ ਬੋਲੇ।

ਪਰ ਸੀਤਾ ਚੁੱਪ ਕਰਕੇ ਖੜੀ ਰਹੀ।



"ਸੀਤਾ ਬੋਲ ਨਾ ਸਾਈਕਲ ਤੇ ਨਹੀਂ ਆਈ ਸਕੂਲ।" ਮੈਡਮ ਨੇ ਦਬਕਾ ਮਾਰਿਆ।

"ਜੀ ਮੇਰਾ ਸਾਈਕਲ ਚੋਰੀ ਹੋ ਗਿਆ।"

"ਕਦੋਂ ... ਕਿਥੋਂ??"

ਸੀਤਾ ਚੁਪ ਕਰਕੇ ਖੜ੍ਹੀ ਰਹੀ। ਸੀਤਾ ਦੇ ਨਾਲ ਦੇ ਘਰੋਂ ਆਉਂਦੀ ਬੀਨਾ ਰਾਣੀ ਤੋਂ ਰਿਹਾ ਨਾ ਗਿਆ, "ਮੈਡਮ ਜੀ ਇਹ ਝੂਠ ਬੋਲ ਰਹੀ ਹੈ।" ਬੀਨਾ ਨੇ ਕਿਹਾ।

ਸੀਤਾ ਨੇ ਹਉਂਕੇ ਲੈ ਕੇ ਰੋਣਾ ਸ਼ੁਰੂ ਕਰ ਦਿੱਤਾ, "ਨਹੀਂ ਮੈਡਮ ਮੈਂ ਝੂਠ ਨਹੀਂ ਬੋਲ ਰਹੀ।" ਸੀਤਾ ਕਹਿਣ ਲੱਗੀ।

"ਫਿਰ ਬੋਲ ਸਚਾਈ ਕੀ ਹੈ ਸੀਤਾ।" ਮੈਡਮ ਬੋਲੇ। ਸੀਤਾ ਫਿਰ ਚੁੱਪ ਰਹੀ।

"ਹਾਂ ਬੀਨਾ ਤੂੰ ਦੱਸ...?" ਮੈਡਮ ਨੇ ਬੀਨਾ ਵਲ ਇਸ਼ਾਰਾ ਕੀਤਾ। ਬੀਨਾ ਖੜ੍ਹੀ ਹੋ ਗਈ।

"ਜੀ ਸੀਤਾ ਦੇ ਡੈਡੀ ਦੀ ਸਰਪੰਚ ਦੇ ਮੁੰਡੇ ਨਾਲ ਲੜਾਈ ਹੋ ਗਈ। ਸਰਪੰਚ ਦੇ ਮੁੰਡੇ ਨੇ ਬਹੁਤ ਗਾਹਲਾਂ ਕੱਢੀਆਂ ਇਹਦੇ ਡੈਡੀ ਨੇ ਸਰਪੰਚ ਦੇ ਮੁੰਡੇ ਦੇ ਪੈਸੇ ਦੇਣੇ ਸਨ। ਉਹ ਉਹਨਾਂ ਪੈਸਿਆਂ ਬਦਲੇ ਸੀਤਾ ਦਾ ਸਾਈਕਲ ਚੁੱਕ ਕੇ ਲੈ ਗਿਆ। ਕਹਿਣ ਲੱਗਾ ਪੈਸੇ ਦੇਜੀ ਤੇ ਸਾਈਕਲ ਲੈ ਜੀ, ਸਰਪੰਚ ਨੇ ਇਹਦੇ ਡੈਡੀ ਨੂੰ ਕੁੱਟਿਆ ਵੀ। ਸਾਡੇ ਵਲੋਂ ਕੋਈ ਕੁਝ ਨਾ ਬੋਲਿਆ।

ਬੀਨਾ ਨੇ ਗੱਲ ਫਟਾਫਟ ਖ਼ਤਮ ਕਰ ਦਿੱਤੀ ਤੇ ਸੀਤਾ ਹੋਰ ਉੱਚੀ ਉੱਚੀ ਰੋਣ ਲਗ ਪਈ। ਸੀਤਾ ਨੂੰ ਕਿਸੇ ਨਾ ਪੁੱਛਿਆ ਉਹ ਕਿਓਂ ਰੋ ਰਹੀ ਹੈ। ਕਿਸੇ ਨੇ ਸੀਤਾ ਨੂੰ ਇਹ ਵੀ ਨਾ ਕਿਹਾ ਕਿ ਚੁੱਪ ਕਰ ਰੋ ਨਾ। ਉਹ ਆਪੇ ਹੀ ਰੋ ਕੇ ਡੁਸਕਣ ਲੱਗ ਪਈ ਤੇ ਫਿਰ ਉਸ ਆਪ ਹੀ ਆਪਣੀਆਂ ਅੱਖਾਂ ਸਾਫ਼ ਕਰ ਲਈਆਂ।

ਮੈਡਮ ਹੋਰ ਬੱਚਿਆਂ ਤੋਂ ਜਾਨਣਾ ਚਾਹੁੰਦੀ ਸੀ ਸਾਈਕਲ ਗਏ ਕਿਧਰ ਪਰ ਦਫ਼ਤਰ ਵਲੋਂ ਕਮਲਾ ਦੌੜੀ ਆ ਰਹੀ ਸੀ। ਝਾੜੂ ਕਮਲਾ ਦੇ ਹੱਥ ਵਿਚ ਅਜੇ ਵੀ ਫੜਿਆ ਹੋਇਆ ਸੀ। ਮੈਡਮ ਨੇ ਵੀ ਕਮਲਾ ਵਲ ਦੇਖਿਆ।

ਮੈਡਮ ਜੀ ਤੁਹਾਡੇ ਵਾਸਤੇ ਫੋਨ ਹੈ ਤੁਸੀਂ ਫੋਨ ਤੇ ਗੱਲ ਕਰ ਲੋ ਹੋਲਡ ਕੀਤਾ ਹੋਇਆ ਹੈ ਉਹ ਬੜਾ ਗੁੱਸੇ ਵਿਚ ਬੋਲ ਰਹੀ ਸੀ।" ਕਮਲਾ ਨੇ ਸੁਨੇਹਾ ਦਿੱਤਾ।

ਬਹੁਤ ਪਰੇਸ਼ਾਨ ਸੀ ਮੈਡਮ ਗਰੇਵਾਲ। ਉਸ ਨੇ ਸੀਤਾ ਦੇ ਕੋਲ ਆ ਕੇ ਉਸ ਦਾ ਸਿਰ ਪਲੋਸਿਆ, "ਬੈਠ ਜਾ ਬੇਟਾ...।" ਉਸ ਹਮਦਰਦੀ ਪਰਗਟ ਕੀਤੀ।

ਮੈਡਮ ਨੇ ਤਿੱਕੜੀ ਵਲ ਦੇਖਿਆ। ਉਹ ਹੁਣ ਤੱਕ ਚੁਪ ਖੜੇ ਹਨ। ਮੈਡਮ ਗਰੇਵਾਲ ਨੂੰ ਪਰੇਸ਼ਾਨੀ 'ਚ ਮਹਿਸੂਸ ਕਰਦਿਆਂ ਜਥੇਦਾਰ ਜੀ ਬੋਲੇ, "ਜਾਓ ਮੈਡਮ ਐਮ. ਐਲ. ਏ. ਸਾਹਿਬ ਨੂੰ ਬੁਲਾ ਲਓ ਏਥੇ ਬੱਚਿਆਂ ਦੀਆਂ ਦੁੱਖ ਤਕਲੀਫਾਂ ਸੁਣ ਜਾਣ ਅਜੇ ਤਾਂ ਤਿੰਨ ਚਾਰ ਬੱਚੇ ਹੀ ਬੋਲੇ ਹਨ ਸਾਡੇ ਕੋਲ ਇਹਨਾਂ ਦੇ ਜਵਾਬ ਨਹੀਂ ਹਨ। ਦੱਸੋ ਆਹ ਜੇ ਸਰਪੰਚ ਦਾ ਮੁੰਡਾ ਦੇਣ ਲੈਣ ਵਿਚ ਹੀ ਸਾਈਕਲ ਲੈ ਗਿਆ ਚੁਕ ਕੇ ਤਾਂ ਬੱਚੇ ਕਿੱਦਾਂ ਆਉਣਗੇ ਸਾਈਕਲ ਤੇ। ਅਸੀਂ ਉਸ ਦੇ ਕੀ ਲਾਠੀ ਮਾਰਾਂਗੇ।"

"ਜਾਓ ਮੈਡਮ ਬਦਲੀ ਤੋਂ ਨਾ ਡਰੋ ਕਹਿ ਦਿਓ ਜਿਥੇ ਭੇਜਣਾ ਭੇਜ ਦਿਓ।"

ਪੀ. ਟੀ. ਮਾਸਟਰ ਨੇ ਵੀ ਹੌਸਲਾ ਦਿੱਤਾ।

"ਮਾਸਟਰ ਜੀ ਮੈਂ ਫੋਨ ਸੁਣ ਕੇ ਆਉਂਦੀ ਹਾਂ ਤੁਸੀਂ ਆਹ ਖੱਬਿਆਂ ਕੋਲੋਂ ਪੁੱਛੋ ਇਹਨਾਂ ਫੋਟੋ ਕਿਓ ਬਦਲੀਆਂ ਹਨ।"

"ਮੈਡਮ ਜੀ ਇਹ 'ਖੱਬਿਆਂ' ਕੋਲੋਂ ਵੀ ਪੁਛਣ ਦੀ ਜ਼ਰੂਰਤ ਹੈ ਕਿ ਇਹਨਾਂ ਨੇ ਫੋਟੋ ਕਿਓ ਬਦਲੀਆਂ ਹਨ। ਖੱਬੇ ਤਾਂ ਚਾਹੁੰਦੇ ਹੀ ਤਬਦੀਲੀ ਹਨ ਜਾਣੀ ਚੇਂਜ। ਵੈਸੇ ਵੀ ਤਬਦੀਲੀ ਕੁਦਰਤ ਦਾ ਨਿਯਮ ਹੈ।"

ਮੈਡਮ ਗਰੇਵਾਲ ਆਪਣੇ ਦਫ਼ਤਰ ਵਲ ਨੂੰ ਫੋਨ ਸੁਣਨ ਚਲੀ ਗਈ। ਥੋੜੀ ਦੇਰ ਬਾਅਦ ਕਮਲਾ 'ਸੁਨੇਹਾ' ਲੈ ਕੇ ਆਈ ਕਿ 'ਬੱਚਿਆਂ ਨੂੰ ਕਲਾਸਾਂ ਵਿਚ ਭੇਜ ਦਿਓ। ਤੇ ਸਟਾਫ ਨੂੰ ਮੈਡਮ ਦੇ ਕਮਰੇ 'ਚ ਮੀਟਿੰਗ ਲਈ ਬੁਲਾਇਆ ਹੈ।"

ਐਚ ਐਮ-142, ਹਾਓਸਿੰਗ ਬੋਰਡ ਕਲੋਨੀ, ਅਰਬਨ ਇਸਟੇਟ-1, ਜਲੰਧਰ, 9888405888

## ਕਹਾਣੀ / **ਖੁਸ਼ੀ ਦੀ ਰੌਅ** / ਜ਼ੋਰਾ ਸਿੰਘ ਸੰਧੂ

ਤਾਰਾ ਸਿੰਘ ਦੀ ਪਹਿਲੇ ਸੂਏ, ਸੂਣ ਵਾਲੀ ਝੋਟੀ, ਵੱਡੇ ਤੜਕੇ ਤੋਂ ਕਦੇ ਬਹਿੰਦੀ ਕਦੇ ਉੱਠਦੀ ਆ ਰਹੀ ਸੀ। ਦੁਪਹਿਰ ਹੋਣ ਨੂੰ ਆ ਗਈ ਸੀ ਪਰ ਝੋਟੀ ਦਾ ਹਾਲ ਬਦ ਤੋਂ ਬਦਤਰ ਹੋ ਰਿਹਾ ਸੀ। ਹੁਣ ਤਾਂ ਗਿੱਠ ਲੰਬੀ ਉਹਨੇ ਜੀਭ ਬਾਹਰ ਕੱਢ ਲਈ ਸੀ। ਤਾਰਾ ਸਿੰਘ ਨੇ ਲਵਾ ਲਵਾ ਮੱਕੀ ਦਾ ਗਾਚਾ ਉਹਦੀ ਖੁਰਲੀ ਵਿਚ ਪਾਇਆ ਪਰ ਉਹਨੇ ਮੂੰਹ ਨੂੰ ਨਹੀਂ ਸੀ ਲਾਇਆ। ਤਾਰਾ ਸਿੰਘ ਨੇ ਗੁੜ ਦੀ ਭੇਲੀ ਭੰਨੀ, ਛੋਟੀਆਂ ਛੋਟੀਆਂ ਗੁੜ ਦੀਆਂ ਰੋੜੀਆਂ ਕਰਕੇ ਬੱਠਲ ਵਿਚ ਪਾਈਆਂ ਤੇ ਬੱਠਲ ਝੋਟੀ ਦੇ ਮੂਹਰੇ ਰੱਖਿਆ ਪਰ ਉਹਨੇ ਅੱਖ ਪੱਟਕੇ ਬੱਠਲ ਵੱਲ ਨਾ ਵੇਖਿਆ। ਤੇ ਉਹਦਾ ਵੱਟ ਕਰਨਾ ਜਾਰੀ ਰਹੇ। ਤਾਰਾ ਸਿੰਘ ਨੇ ਉਹਦੇ ਕੰਨਾਂ ਹੇਠਾਂ, ਉਹਦੇ ਗੋਲ ਨਿੱਕੇ ਨਿੱਕੇ ਸਿੰਗਾਂ ਹੇਠ, ਪੋਲੀ ਪੋਲੀ ਖੁਰਕ ਕੀਤੀ। ਉਹਦਾ ਗੋਲ ਨਿੱਕਾ ਜਿਹਾ ਮੱਥਾ, ਉਹ ਕਿੰਨਾਂ ਹੀ ਚਿਰ ਉਹ ਪਲੋਸਦਾ ਰਿਹਾ, ਜਿਵੇਂ ਕਹਿ ਰਿਹਾ ਹੋਵੇ, 'ਤਕੜੀ ਹੋ ਪੁੱਤਰ! ਅਜਿਹਾ ਔਖਾ ਸਮਾਂ ਹਰ ਮਾਂ ਉੱਤੇ ਆਉਂਦਾ ਹੈ ਤੇ ਤੁਰ ਜਾਂਦਾ ਹੈ। ਫਿਰ ਉਹਨੇ ਝੋਟੀ ਦੀ ਲੰਮੀ ਪਤਲੀ ਬੂਥੀ ਨੂੰ ਆਪਣੇ ਦੋਹਾਂ ਹੱਥਾਂ ਵਿਚ ਲੈ ਕੇ ਉਹਨੂੰ ਪੁਚਕਾਰਿਆ, ਪਿਆਰਿਆ ਪਲ ਕੁ ਉਹ ਖੜ੍ਹੋ ਗਈ ਜਿਵੇਂ ਉਹਨੂੰ ਜੰਮਣ ਪੀੜਾਂ ਤੋਂ ਨਜਾਤ ਮਿਲ ਰਹੀ ਹੋਵੇ। ਪਰ ਕਿਥੇ? ਪਹਿਲਾਂ ਵਾਂਗ ਹੀ ਉਹ ਤੜਫਣ ਲੱਗ ਪਈ। ਗਿੱਠ ਲੰਮੀ ਉਹਦੀ ਜੀਭ ਬਾਹਰ ਨਿਕਲੀ ਹੋਈ ਤਾਰਾ ਸਿੰਘ ਤੋਂ ਹੁਣ ਹੋਰ ਨਾ ਵੇਖੀ ਗਈ। ਤੇ ਉਹਨੇ ਸਾਈਕਲ ਚੁੱਕਿਆ ਤੇ ਸਲੋਤਰ ਖਾਨੇ ਨੂੰ ਭੱਜ ਤੁਰਿਆ।

ਸਲੋਤਰੀ ਦੇ ਪਹੁੰਚਣ ਤੋਂ ਪਹਿਲਾਂ ਮਲਟਾਂਡੀ ਟੁੱਟ ਚੁਕੀ ਸੀ। ਤੇ ਕੱਟਰੂ ਦੇ ਦੋਵੇਂ ਖੁਰ, ਸੂ ਤੋਂ ਬਾਹਰ ਆ ਗਏ ਸਨ। ਸਲੋਤਰੀ ਨੇ ਮੁਆਇਨਾ ਕਰਨ ਪਿਛੋਂ, ਝੋਟੀ ਦੇ ਢਿੱਡ ਹੇਠਾਂ ਦੀ ਨਰੋਆ ਕੱਪੜਾ ਕੱਢਿਆ। ਇਕ ਲੜ ਉਹਨੇ ਆਪ ਫੜਿਆ ਤੇ ਦੂਜਾ ਤਾਰਾ ਸਿੰਘ ਨੂੰ ਫੜ ਕੇ ਹੌਲੀ ਹੌਲੀ ਝੋਟੀ ਦੇ ਢਿੱਡ ਨੂੰ ਉਗਾਸਿਆ। ਉਨ੍ਹਾਂ ਕਈ ਵਾਰ ਇਹ ਕਰਮ ਦੁਹਰਾਇਆ, ਪਰ ਵਿਅਰਤ! ਸਲੋਤਰੀ ਨੇ ਆਪਣੀ ਕਮੀਜ਼ ਲਾਹੀ। ਸੱਜੀ ਪੂਰੀ ਬਾਂਹ ਨੂੰ ਸਰੋਂ ਤੇ ਤੇਲ ਨਾਲ ਨੜੁੱਚ ਕੀਤਾ। ਤੇ ਹੌਲੀ ਹੌਲੀ ਬਾਂਹ ਝੋਟੀ ਦੀ ਸੂ ਵਿਚ ਪਾ ਕੇ, ਕੱਟਰੂ ਦੀ ਮੁੜੀ ਹੋਈ ਬੂਥੀ ਸਿੱਧੀ ਕਰ ਦਿੱਤੀ। ਕੱਟਰੂ ਦੀ ਬੂਥੀ ਸਿੱਧੀ ਹੋ ਗਈ ਤਾਂ ਝੱਟ ਕੱਟਰੂ ਸੂ 'ਚੋਂ ਬਾਹਰ ਆਉਣਾ ਸ਼ੁਰੂ ਹੋ ਗਿਆ। ਹਫੀ ਹੋਈ ਝੋਟੀ ਹੁਣ ਪੈਰ ਗੱਡਕੇ ਖੜ੍ਹੋ ਗਈ ਸੀ। ਝੋਟੀ ਤਿੰਘ ਰਹੀ ਸੀ ਤੇ ਸਲੋਤਰੀ ਕੱਟਰੂ ਨੂੰ ਹੌਲੀ ਹੌਲੀ ਖਿੱਚਕੇ ਝੋਟੀ ਦੀ ਸਹਾਇਤਾ ਕਰ ਰਿਹਾ ਸੀ।

"ਤਾਰਾ ਸਿੰਆਂ, ਆ ਬਈ।" ਸਲੋਤਰੀ ਨੇ ਤਾਰਾ ਸਿੰਘ ਸਹਾਇਤਾ ਲਈ ਸੱਦਿਆ ਦੋਹਾਂ ਨੇ ਕੱਟਰੂ ਨੂੰ ਸੰਭਾਲਿਆ ਤੇ ਚੁੱਕਕੇ ਝੋਟੀ ਦੇ ਮੂਹਰੇ ਰੱਖ ਦਿੱਤਾ। ਤਾਰਾ ਸਿੰਘ ਤੋਂ ਸਬਰ ਨਾ ਹੋ ਸਕਿਆ। ਉਹਨੇ ਕੱਟਰੂ ਦੀ ਪੂਛ ਚੁੱਕੀ ਤੇ ਉਹ ਖਿੜ ਪਿਆ। ਉਨ੍ਹਾਂ ਦੀ ਝੋਟੀ ਨੇ ਕੱਟੀ ਦਿੱਤੀ ਸੀ।

ਸਲੋਤਰੀ ਨੇ ਵੇਖਿਆ ਕੱਟੀ ਦੀ ਹਾਲਤ ਚਿੰਤਾ ਜਨਕ ਸੀ। ਉਹਨੇ ਕਾਹਲੀ ਕਾਹਲੀ ਨਲਕੇ 'ਤੇ ਹੱਥ ਧੋਤੇ ਤੇ ਥੋੜ੍ਹੇ ਥੋੜ੍ਹੇ ਵਕਫੇ ਨਾਲ, ਕੱਟੀ ਨੂੰ ਤਿੰਨ ਸੂਏ ਲਾ ਦਿੱਤੇ। ਅੱਧੇ ਘੰਟੇ ਪਿਛੋਂ ਉਹਦੀ ਤਸੱਲੀ ਹੋ ਗਈ ਹੁਣ ਕੱਟੀ ਖਤਰੇ ਤੋਂ ਬਾਹਰ ਸੀ। ਝੋਟੀ ਨੂੰ ਵੀ ਉਹਨੇ ਲੋੜੀਂਦੇ ਸੂਏ ਲਾਏ। ਉਹਨੂੰ ਲਾਗ ਦਾ ਗੰਭੀਰ ਖਤਰਾ ਸੀ।

"ਤਾਰਾ ਸਿੰਆਂ ਫਿਕਰ ਨਾ ਕਰੀਂ। ਝੋਟੀ ਪੱਠਿਆਂ ਨੂੰ ਮੂੰਹ ਨਹੀਂ ਲਾਵੇਗੀ। ਆਥਣੇ ਕਾਹੜੇ ਦੀਆਂ ਦੋ ਨਾਲ੍ਹਾਂ ਇਹਦੇ ਅੰਦਰ ਸਿੱਟ ਦੇਵੀਂ। ਜੇਰ ਪੈਣ ਪਿਛੋਂ ਹੀ ਇਹਦੀ ਭੁੱਖ ਚਮਕੂਗੀ।" ਆਖ ਸਲੋਤਰੀ ਤੁਰ ਗਿਆ।

ਉਨ੍ਹਾਂ ਦੇ ਪਿੰਡ ਭਾਵੇਂ ਚੰਗੀ ਨਸਲ ਦਾ ਝੋਟਾ ਹੈਗਾ ਸੀ। ਪਰ ਤਾਰਾ ਸਿੰਘ ਆਪਣੀ ਮੁਰ੍ਹਾ ਨਸਲ ਦੀ ਝੋਟੀ ਤੋਂ ਵਧੀਆ ਨਸਲ ਦਾ ਜਾਇਆ ਲੈਣਾ ਚਾਹੁੰਦਾ ਸੀ। ਸੁਰਮੁਖ ਸਿੰਘ ਪੇਚ ਨਾਲ ਉਹਦੇ ਦੋਸਤਾਨਾ ਸਬੰਧ ਸਨ। ਤੇ ਪੰਚ ਨੇ ਯੂਨੀਵਰਸਿਟੀ ਤੋਂ ਮੁਰ੍ਹਾ ਨਸਲ ਦਾ ਕੱਟਾ ਪ੍ਰਾਪਤ ਕਰ ਲਿਆ ਸੀ। ਉਸ ਨੂੰ ਸ਼ੌਕ ਨਾਲ ਪਾਲ਼ ਕੇ ਆਪਣੀਆਂ ਮੱਝਾਂ ਵਿਚ ਰੱਖ ਲਿਆ ਸੀ। ਤੇ ਜਦੋਂ ਹੀ ਉਹਦੀ ਝੋਟੀ ਹੇਹੇ ਵਿਚ ਆਈ, ਉਹ ਝੋਟੀ ਨੂੰ ਸਰਮੁਖ ਸਿੰਘ ਦੀਆਂ ਮੱਝਾਂ ਵਿਚ ਰਲਾ ਆਇਆ ਸੀ। ਤੇ ਅੱਜ, ਜਦੋਂ ਝੋਟੀ ਨੇ ਕੱਟੀ ਦਿੱਤੀ ਸੀ ਤਾਂ ਉਹਦੀ ਖੁਸ਼ੀ ਦਾ



ਪਾਰਾਵਾਰ ਨਹੀਂ ਸੀ ਰਿਹਾ।

ਤਾਰਾ ਸਿੰਘ ਫਿਕਰਮੰਦ ਸੀ। ਦਿਨ ਛਿਪਣ 'ਤੇ ਆ ਗਿਆ ਸੀ ਪਰ ਝੋਟੀ ਨੂੰ ਜੇਰ ਨਹੀਂ ਸੀ ਪਈ। ਸਵੇਰ ਹੋ ਗਈ ਸੀ ਪਰ ਜੇਰ ਅਜੇ ਵੀ ਨਹੀਂ ਸੀ ਪਈ। ਉਹਨੂੰ ਸਾਰੀ ਰਾਤ ਨੀਂਦ ਨਹੀਂ ਸੀ ਆਈ। ਉਹ ਉੱਠ ਉੱਠ ਵੇਖਦਾ ਰਿਹਾ ਸੀ, ਉਹਦੀ ਝੋਟੀ ਰਾਜੀ ਨਹੀਂ ਸੀ। ਉਹਨੂੰ ਨੀਂਦ ਕਿਥੋਂ ਆਉਂਣੀ ਸੀ। ਸਵੇਰੇ ਉੱਠਦਿਆਂ ਸਾਰ ਉਹ ਫਿਰ ਡਾਕਟਰ ਵੱਲ ਭੱਜ ਉੱਠਿਆ। ਡਾਕਟਰ ਆਇਆ, ਕੋਈ ਚਾਰਾ ਨਹੀਂ ਸੀ, ਹੱਥ ਨਾਲ ਉਹਨੂੰ ਜੇਰ ਕੱਢਣੀ ਪਈ। ਕਾਹੜੇ ਦੀਆਂ ਨਾਲਾਂ ਉਹਨੇ ਆਪਣੇ ਹੱਥੀਂ ਝੋਟੀ ਦੇ ਅੰਦਰ ਸੁੱਟੀਆਂ। ਤੇ ਲੋੜੀਂਦੇ ਸੂਏ ਲਾਏ। ਲੋੜੀਂਦੀਆਂ ਹਦਾਇਤਾ ਉਸ ਤਾਰਾ ਸਿੰਘ ਨੂੰ ਦਿੱਤੀਆਂ ਤੇ ਪਰਤ ਗਿਆ। ਦਸ ਦਿਨ ਉਹ ਆਉਂਦਾ ਰਿਹਾ। ਇਲਾਜ ਚਲਦਾ ਰਿਹਾ। ਆਸੇ-ਨਿਰਾਸੇ ਤਾਰਾ ਸਿੰਘ ਦੇ ਦਸ ਦਿਨ ਲੰਘੇ, ਜਿਵੇਂ ਪੂਰੀ ਦੀ ਪੂਰੀ ਸਦੀ ਲੰਘ ਗਈ ਹੋਵੇ। ਤੇ ਆਖਰ ਦਸਵੇਂ ਦਿਨ ਜਾ ਕੇ, ਝੋਟੀ ਨੇ ਕੰਨ ਚੁੱਕੇ, ਖੁਰਲੀ ਵਿਚ ਮੂੰਹ ਮਾਰਿਆ ਤੇ ਤਾਰਾ ਸਿੰਘ ਦੇ ਮੂੰਹ 'ਤੇ ਰੌਣਕ ਪਰਤਣ ਲੱਗੀ। ਡਾਕਟਰ ਖੁਸ਼ ਸੀ, ਉਹਦੀ ਮਿਹਨਤ ਨੂੰ ਬੂਰ ਪੈਣ ਲੱਗ ਪਿਆ ਸੀ।

ਝੋਟੀ ਦੀ ਬੀਮਾਰੀ ਕਾਰਨ, ਤਾਰਾ ਸਿੰਘ ਦਾ ਸਾਰਾ ਟੱਬਰ ਉਦਾਸ ਸੀ, ਘੋਰ ਦੁਖੀ ਸੀ। ਤਾਰੀ ਸਿੰਘ ਦੇ ਮੂੰਹੋਂ ਕਦੇ ਕਿਸੇ ਨੇ ਖਰਵਾ ਬੋਲ ਨਹੀਂ ਸੀ ਸੁਣਿਆ। ਉਹਨੇ ਕਦੇ ਪਸ਼ੂ ਨੂੰ ਵੀ ਮੰਦਾ ਨਹੀਂ ਸੀ ਬੋਲਿਆ। ਪਰ ਪਿਛਲੇ ਦਿਨਾਂ ਤੋਂ ਉਹ ਪਹਿਲਾਂ ਵਾਲਾ ਤਾਰਾ ਸਿੰਘ ਨਹੀਂ ਸੀ ਰਿਹਾ। ਉਹਨੂੰ ਨਹੀਂ ਸੀ ਪਤਾ ਕਿ ਉਹਦੇ ਬੱਚੇ ਸਕੂਲ ਜਾਂਦੇ ਸਨ ਕਿ ਨਹੀਂ। ਉਹਨੂੰ ਨਹੀਂ ਸੀ ਯਾਦ ਕਿ ਕੌਣ ਕੌਣ ਉਹਦੇ ਕੋਲ ਝੋਟੀ ਦਾ ਹਾਲ ਪੁੱਛਣ ਲਈ ਆਇਆ ਸੀ। ਉਹਦਾ ਸੀਰੀ ਤੇ ਉਹਦੇ ਦੋ ਪੱਕੇ ਕਾਮੇ, ਨਿੱਤ ਖੇਤ ਜਾਂਦੇ ਹਨ, ਇਹ ਉਹਨੂੰ ਪਤਾ ਸੀ। ਪਰ ਇਹ ਨਹੀਂ ਸੀ ਉਹਨੂੰ ਪਤਾ ਕਿ ਉਹ ਕਿਹੜੇ ਖੇਤ, ਕੀ ਕੰਮ ਕਰਕੇ ਆਉਂਦੇ ਸਨ। ਕਿੰਨਾਂ ਉਹਦਾ ਨਰਮਾ ਸੁਆਰਿਆ ਗਿਆ ਸੀ ਤੇ ਕਿੰਨਾਂ ਰਹਿੰਦਾ ਸੀ। ਕਿਥੇ ਪਾਣੀ ਲੱਗਿਆ ਸੀ? ਕਿੱਥੇ ਪਾਣੀ ਦੀ ਲੋੜ ਸੀ, ਉਹਦੀ ਜਾਣੇ ਬਲਾਅ! ਉਹਨੂੰ ਤਾਂ ਝੋਟੀ ਤੇ ਕੱਟੀ ਤੋਂ ਬਿਨਾਂ ਕੁਝ ਵੀ ਦਿਖਾਈ ਨਹੀਂ ਸੀ ਦਿੰਦਾ। ਜੇ ਦਿਖਾਈ ਦਿੰਦਾ ਸੀ ਤਾਂ ਬਸ ਗੋਂਦਾ ਵਗਾਰੀ। ਜਿਸ ਦਿਨ ਤੋਂ ਉਹਦੀ ਝੋਟੀ ਬੀਮਾਰ ਸੀ, ਗੋਂਦ੍ਹਾ ਵਗਾਰੀ, ਉਹਦੇ ਵਾੜੇ ਅੱਗੋਂ, ਝੋਟੀ ਵੱਲ ਕੁਨੱਖੀਆਂ ਅੱਖਾਂ ਨਾਲ ਵੇਖਦਾ, ਨਿੱਤ ਦੋ ਤਿੰਨ ਵਾਰ ਲੰਘ ਜਾਇਆ ਕਰਦਾ ਸੀ। ਤੇ ਤਾਰਾ ਸਿੰਘ ਦੀ ਨਜ਼ਰ ਜਦੋਂ ਉਹਦੀਆਂ ਲਲਚਾਈਆਂ ਅੱਖਾਂ ਉੱਤੇ ਪੈ ਜਾਂਦੀ ਤਾਂ ਉਹਨੂੰ ਅੱਗ ਹੀ ਲੱਗ ਜਾਂਦੀ। ਉਹ ਗੋਂਦੇ ਨੂੰ ਮੰਦਾ-ਚੰਗਾ ਇਕ ਵੀ ਸ਼ਬਦ ਨਾ ਬੋਲੇ, ਬੱਸ ਫੜ ਕੇ ਘੜੀਸੇ। ਘਸੁੰਨਾਂ ਨਾਲ ਉਹਦਾ ਮੂੰਹ ਰੰਗ ਦੇਵੇ ਤੇ ਆਖੇ 'ਤਾਇਆ ਜੇ ਮੈਂ ਤੈਨੂੰ ਫੇਰ ਇਸ ਫਿਰਨੀ ਲੰਘਦਿਆਂ ਵੇਖ ਲਿਆ ਤਾਂ ਤੇਰੀਆਂ ਦੋਵੇਂ ਲੱਤਾ ਤੋੜਦੂੰ।' ਪਰ ਉਹਦੀ ਸ਼ਰਾਫਤ ਉਹਦੀ ਕੰਮਜ਼ੋਰੀ ਉਹਨੇ ਆਪਣਾ ਗੁੱਸਾ ਹਜ਼ਮ ਕਰ ਲਿਆ। ਰਹਿੰਦਾ ਖੂੰਹਦਾ ਜਿਹੜਾ ਹਜ਼ਮ ਨਾ ਹੋ ਸਕਿਆ, ਆਪਣਾ ਉਹ ਗੁੱਸਾ, ਉਹ ਆਪਣੀ ਜਾਨ ਤੋਂ ਪਿਆਰੀ ਜੰਗੀਰੋ 'ਤੇ ਕੱਢ ਲੈਂਦਾ। ਤੇ ਜੰਗੀਰੋ ਅੱਗੋਂ ਚੂੰ ਨਾ ਕਰਦੀ ਜਿੱਦਾਂ ਤਾਰਾ ਸਿੰਘ ਨੇ ਮੰਦਾ ਉਹਨੂੰ ਨਹੀਂ, ਉਨ੍ਹਾਂ ਦੀ ਕੰਧ ਨੂੰ ਬੋਲਿਆ ਸੀ।

ਤਾਰਾ ਸਿੰਘ ਦਾ ਵਾੜਾ, ਉਹਦੇ ਰਿਹਾਇਸ਼ ਘਰ ਦੇ ਸਾਹਮਣੇ ਸੀ। ਦੋ ਕਨਾਲਾਂ ਦੇ ਉਸ ਵਾੜੇ ਵਿਚ ਉਸ ਨੇ, ਇਕ ਖੁਲ੍ਹਾ ਡੁੱਲ੍ਹਾ ਵਰਾਂਡਾ ਪਸ਼ੂਆਂ ਲਈ ਉਸਾਰ ਰੱਖਿਆ ਸੀ। ਮਗਰਲੀ ਸੜਕ ਵਾਲੇ ਪਾਸੇ ਦੀ ਕੰਧ ਨਾਲ, ਇਕ ਪਾਸੇ ਤੂੜੀ ਦਾ ਕੁੱਪ ਤੇ ਦੂਜੇ ਪਾਸੇ ਛਿੱਟਿਆਂ ਦਾ ਕੁਨੂੰ ਲਾ ਰੱਖਿਆ ਸੀ। ਕੁੱਪ ਤੇ ਕੁਨੂੰ ਦੇ ਨਾਲ ਲੱਗਦਾ ਵੱਡਾ, ਸੜਕ ਤੇ ਖੁਲ੍ਹਦਾ ਗੇਟ ਰੱਖਿਆ ਹੋਇਆ ਸੀ ਜਿਹੜਾ ਕਦੇ ਹੀ ਲੋੜ ਪੈਣ 'ਤੇ ਹੀ ਖੋਲ੍ਹਿਆ ਜਾਂਦਾ ਸੀ। ਗੇਟ ਤੋਂ ਅੱਗੇ, ਵਿਹੜੇ ਵਿਚ ਤਿੰਨ ਟਾਹਲੀਆਂ, ਦੋ ਨਿੰਮਾਂ ਤੇ ਦੋ ਤੂਤਾਂ ਦੀ ਸੰਘਣੀ ਝਿੜੀ ਸੀ। ਇਨ੍ਹਾਂ ਰੁੱਖਾਂ ਦੀ ਸੰਘਣੀ, ਠੰਡੀ-ਮਿੱਠੀ ਛਾਂ ਹੇਠਾਂ ਉਨ੍ਹਾਂ ਦੇ ਪਸ਼ੂ ਹੁੰਦੇ ਤੇ ਉਹ ਆਪ ਵਿਸਰਾਮ ਕਰਦੇ। ਰਿਹਾਇਸ਼ੀ ਘਰ ਵਾਲੇ ਪਾਸੇ, ਅੰਦਰਲੀ ਫਿਰਨੀ ਵਾਲੀ ਕੰਧ, ਉਨ੍ਹਾਂ ਜਾਣ-ਬੁੱਝ ਕੇ ਉੱਚੀ ਨਹੀਂ ਸੀ ਕੀਤੀ ਕਿ ਘਰ ਵਿਚ ਫਿਰਦਿਆਂ ਤੁਰਦਿਆਂ ਨੂੰ, ਵਾੜੇ ਵਿਚ ਪਸ਼ੂ ਡੰਗਰ ਦਿਸਦੇ ਰਹਿਣ।

ਹਾਂ, ਦਸਵੇਂ ਦਿਨ ਝੋਟੀ ਦੇ ਕੰਨ ਖੜ੍ਹੇ ਕਰ ਲਏ ਸਨ। ਤੇ ਉਹ ਖੁਰਲੀ ਵਿਚ ਮੂੰਹ ਮਾਰਨ ਲੱਗ ਪਈ ਸੀ। ਤਾਰਾ ਸਿੰਘ ਝੋਟੀ ਵੇਖ ਕੇ ਖੁਸ਼ ਹੋ ਰਿਹਾ ਸੀ ਕਿ ਉਹਨੇ ਵੇਖਿਆ, ਗੋਂਦ੍ਹਾ ਵਗਾਰੀ ਉਨ੍ਹਾਂ ਦੀ ਵਾੜੇ ਅੱਗੋਂ ਦੀ ਲੰਘ ਰਿਹਾ ਸੀ। ਤੇ ਤਾਰਾ ਸਿੰਘ ਨੇ ਉਹਨੂੰ ਵੇਖਕੇ ਅਵਾਜ਼ ਮਾਰੀ, "ਤਾਇਆ ਗੋਂਦ੍ਹਾ ਸਿੰਆਂ, ਅੰਦਰ ਲੰਘ ਆ, ਤੈਨੂੰ ਚਾਹ ਪਿਉਂਦੇ ਆਂ। ਹੁਣ ਨ੍ਹੀਂ ਆਪਣੀ ਝੋਟੀ ਮਰਦੀ। ਮੈਂਹ ਵੇਖ ਯਾਰ! ਇਹ ਤਾਂ ਗਾਚਾ ਖਾ ਰਹੀ ਐ।

ਕਾਹੜਾ ਵੀ ਹੁਣ ਇਹ ਆਪ ਪੀਣ ਲੱਗ ਪਈ ਐ।"

ਪਰ ਤਾਇਆ ਗੋਂਦ੍ਹਾ ਨਹੀਂ ਖੜ੍ਹੋਂਦਾ। ਉਹ ਆਪਣੀ ਚਾਲ ਤੁਰਦਾ ਗਿਆ। ਸਗੋਂ ਉਹਦੀ ਤੋਰ ਹੋਰ ਤਿੱਖੀ ਹੁੰਦੀ ਗਈ। ਉਹਦੀ ਤੋਰ ਤਿਖੀ ਤੋਂ ਤਿਖੇਰੀ ਹੁੰਦੀ ਗਈ, ਜਦੋਂ ਤਕ ਉਹ ਆਪਣੇ ਘਰ ਕੋਲ ਨਹੀਂ ਪਹੁੰਚ ਗਿਆ। ਤੇ ਉਹਦੇ ਮੂੰਹ ਵਿਚ ਕੁੜੱਤਣ ਹੀ ਕੁੜੱਤਣ ਭਰ ਗਈ ਜਿਵੇਂ ਉਹਨੇ ਕੌੜ ਤੁੰਮੇਂ ਦਾ ਚੱਕ ਭਰ ਲਿਆ ਹੁੰਦਾ ਹੈ। ਉਹ ਸੋਚਦਾ ਗਿਆ, ਉਹਦੇ ਮੂੰਹ ਵਿਚ ਇਹ ਕੁੜੱਤਣ, ਉਹਦੇ ਕਿੱਤੇ ਦੀ ਸੀ, ਉਹਦੀ ਰੋਟੀ ਰੋਜ਼ੀ ਦੀ ਸੀ ਜਾਂ ਤਾਰਾ ਸਿੰਘ ਦੇ ਚਾਹ ਦੇ ਸੱਦੇ ਦੇ, ਉਹਦੇ ਬੋਲਾਂ ਦੀ ਸੀ, ਉਹਤੋਂ ਨਿਰਨਾ ਨਹੀਂ ਸੀ ਹੋ ਸਕਿਆ ਕਿ ਉਹ ਆਪਣੇ ਖੋਲ਼ੇ ਕੋਲ ਪਹੁੰਚ ਗਿਆ ਸੀ। ਉਹਨੇ ਵੇਖਿਆ, ਕਿੱਕਰ ਦੀਆਂ ਮੋਟੀਆਂ ਪਤਲੀਆਂ ਸੋਟੀਆਂ ਨੂੰ ਜੋੜ ਜਾੜ ਕੇ ਬਣਾਏ ਖਿੜਕ ਨੂੰ, ਉਹਦੀ ਘਰ ਵਾਲੀ ਖੋਲ੍ਹ ਰਹੀ ਸੀ। ਉਹਦੇ ਸਿਰ ਉੱਤੇ ਹਰੇ ਸੁੱਕੇ ਖੱਬਲ ਦੀ ਪੰਡ ਸੀ। ਤੇ ਉਹਦੀ ਚੁੰਨੀ ਦੇ ਲੜ ਨਾਲ ਆਟੇ ਦੀ ਪੋਟਲੀ ਬੰਨ੍ਹੀ ਹੋਈ ਸੀ। ਉਨ੍ਹਾਂ ਦੋਹਾਂ ਨੂੰ ਵੇਖਕੇ, ਉਨ੍ਹਾਂ ਦੀ ਤੋਕੜ ਗਊ ਰੰਭਣ ਲੱਗ ਪਈ ਸੀ। ਉਨ੍ਹਾਂ ਦੇ ਭੁੱਖ ਨਾਲ ਵਿਲਕਦੇ ਨਿਆਣਿਆਂ ਦੀਆਂ ਲੇਰਾਂ ਨਿਕਲ ਗਈਆਂ ਸਨ। ਉੱਤੋਂ ਜੇਠ ਮਹੀਨੇ ਦਾ ਭੱਖ ਲਾਉਂਦਾ ਦੁਪਹਿਰਾ ਹੋ ਚੱਲਿਆ ਸੀ। ਦੋਵੇਂ ਮਾਂ ਪਿਓ ਘਰ ਨਹੀਂ ਸਨ। ਨਿਆਣਿਆਂ ਨੂੰ ਜੇ ਆਸਰਾ ਸੀ ਤਾਂ ਬੱਸ ਕਿੱਕਰ ਦੀ ਡੱਬ-ਖੜੱਬੀ ਛਾਂ ਦਾ ਹੀ ਸੀ। ਗਊ ਤੇ ਨਿਆਣਿਆਂ ਵੱਲ ਵੇਖਕੇ, ਦੋਹਾਂ ਦਾ ਫਿਰ ਜਿਵੇਂ ਕੌੜ ਤੁੰਮੇਂ ਨਾਲ ਮੂੰਹ ਭਰ ਗਿਆ ਹੋਵੇ। ਇਹ ਕੁੜੱਤਣ ਸੀ ਕਿ ਉਨ੍ਹਾਂ ਦੀ ਬੇਬਸੀ, ਦੋਹਾਂ ਦੀਆਂ ਅੱਖਾਂ ਭਰ ਆਈਆਂ ਸਨ। ਪਰ ਮੂੰਹੋਂ ਇਕ ਵੀ ਸ਼ਬਦ ਨਹੀਂ ਸੀ ਨਿਕਲ ਸਕਿਆ।

ਤਾਰਾ ਸਿੰਘ ਦੇ ਚਾਹ ਦੇ ਸੱਦੇ ਦਾ ਵਾਰ ਜਿਵੇਂ ਕਿਵੇਂ ਉਹਨੇ ਸਹਿ ਲਿਆ ਸੀ ਪਰ ਆਪਣੇ ਨਿਆਣਿਆਂ ਦੀ ਲੇਰ ਉਸ ਤੋਂ ਨਹੀਂ ਸੀ ਸਹਾਰੀ ਗਈ। ਓਦੋਂ ਉਹ ਘੁੱਟ ਵੱਟ ਕੇ ਤੁਰ ਆਇਆ ਸੀ ਤੇ ਹੁਣ ਵੀ ਉਹ ਮੂੰਹੋਂ ਕੁਝ ਵੀ ਨਹੀਂ ਸੀ ਕੂ ਸਕਿਆ ਪਰ ਉਹ ਭਰ ਆਈਆਂ ਅੱਖਾਂ ਨੂੰ ਨਹੀਂ ਸੀ ਰੋਕ ਸਕਿਆ। ਤਾਰਾ ਸਿੰਘ ਦੀ ਮੁਸਕਣੀ ਉਹਨੂੰ ਜ਼ਹਿਰ ਲੱਗੀ ਸੀ ਪਰ ਉਹ ਇਕ ਵੀ ਸ਼ਬਦ ਬੋਲੇ ਬਿਨਾਂ ਤੁਰਦਾ ਆਇਆ ਸੀ।

ਹਾਂ, ਤਾਰਾ ਸਿੰਘ ਦੇ ਬੁੱਲਾਂ ਤੇ ਮੁਸਕਣੀ ਆ ਗਈ ਸੀ। ਤੇ ਪਿਛਲੇ ਦਸਾਂ ਦਿਨਾਂ ਤੋਂ ਉਹਦੇ ਅੰਦਰ ਇਕੱਠੀ ਹੁੰਦੀ ਰਹੀ ਵਿਹੁ, ਉੱਡ ਪੁੱਡ ਗਈ ਸੀ।

ਤੇ ਅਗਲੇ ਦਿਨ ਤਾਰਾ ਸਿੰਘ ਹੱਸਦਾ ਖੇਡਦਾ ਆਪਣੇ ਸੀਰੀ ਤੇ ਦੋਹਾਂ ਕਾਮਿਆਂ ਨਾਲ ਨਰਮਾਂ ਸੁਆਰ ਰਿਹਾ ਸੀ। ਨਰਮੇ ਵਾਲਾ ਉਨ੍ਹਾਂ ਦਾ ਖੇਤ ਪਿੰਡ ਤੋਂ ਦੱਖਣ ਵਾਲੇ ਪਾਸੇ ਰੇਲ ਗੱਡੀ ਦੀ ਲੀਹ ਨਾਲ ਲੱਗਦਾ ਸੀ। ਤੇ ਸੀ ਵੀ ਪਿੰਡ ਤੋਂ ਕੇਵਲ ਅੱਧੀ ਕੋਹ ਵਾਟ ਹੀ। ਉਨ੍ਹਾਂ ਦੇ ਪਿੰਡ ਦੀ ਜੂਹ, ਇਸ ਪਾਸੇ ਹੱਡਾਂ ਰੋੜੀ ਤੱਕ ਹੀ ਸੀ। ਇਹ ਖੇਤ ਤਾਰਾ ਸਿੰਘ ਨੇ ਮੰਡੀ ਦੇ ਇਕ ਕਾਰੋਬਾਰੀ ਅਲਾਟੀ ਤੋਂ ਖਰੀਦਿਆ ਸੀ, ਜਿਹੜਾ ਬਹਾਵਲਪੁਰ ਰਿਆਸਤ ਤੋਂ ਇਥੇ ਆ ਕੇ ਵਸ ਗਿਆ ਸੀ। ਹੱਡਾਂ ਰੋੜੀ ਲੰਘੋ ਤੇ ਤਾਰਾ ਸਿੰਘ ਦਾ ਨਰਮੇ ਵਾਲਾ ਖੇਤ ਆ ਜਾਂਦਾ ਸੀ।

ਨਿੱਤ ਵਾਂਗੂੰ, ਉਸ ਦਿਨ ਵੀ ਜੇਠ ਮਹੀਨੇ ਦੀ ਧੁੱਪ ਸੀ ਕਿ ਕਾਂ ਦੀ ਅੱਖ ਨਿਕਲ ਰਹੀ ਸੀ। ਲੂ ਸੀ ਕਿ ਵਗਦੀ ਪਿੰਡਾ ਸਾੜ ਰਹੀ ਸੀ। ਉਨ੍ਹਾਂ ਚਾਰਾਂ ਨੇ ਹੀ, ਖੱਦਰ ਦੇ ਆਪਣੇ ਸਾਫਿਆਂ ਨੂੰ ਕੱਸੀ ਦੇ ਪਾਣੀ ਨਾਲ ਭਿਉਂ ਕੇ, ਮੜਾਸੇ ਵਾਂਗੂੰ ਆਪਣੇ ਸਿਰਾਂ 'ਤੇ ਰੱਖ ਲਿਆ ਸੀ। ਉਨ੍ਹਾਂ ਦੀ ਵਿੱਢੀ ਹੋਈ ਪਾਂਤ ਅੱਧ ਤੋਂ ਵੱਧ ਚੋਕੀ ਜਾ ਚੁਕੀ ਸੀ ਕਿ ਪੌਣੇ ਗਿਆਰਾਂ ਵਾਲੀ ਗੱਡੀ ਲੰਘ ਗਈ ਸੀ। ਗੱਡੀ ਲੰਘਦੀ ਤਾਂ ਉਹ ਕੰਮ ਬੰਦ ਕਰ ਦਿਆ ਕਰਦੇ ਸਨ। ਪਰ ਅੱਜ ਅੱਧੋਂ ਵੱਧ, ਵਿੱਢੀ ਹੋਈ ਚੁੱਕੀ ਜਾ ਚੁੱਕੀ ਹੋਣ ਕਾਰਨ, ਪਾਂਤ ਵਿੱਚੇ ਛੱਡ ਕੇ ਘਰ ਨੂੰ ਤੁਰ ਪੈਣਾ ਕਿਸੇ ਨੂੰ ਵੀ ਭਾਉਂਦਾ ਨਹੀਂ ਸੀ ਜੇ ਅਜੇ ਪਾਂਤ ਵਿੱਢੀ ਹੀ ਹੁੰਦੀ ਤਾਂ ਵਿੱਚੇ ਛੱਡ ਦੇਣੀ ਉਹ ਚਾਰੇ ਹੀ ਵਾਜਬ ਸਮਝਦੇ ਸਨ। ਤੇ ਕੋਈ ਵੀ ਇਕ ਜਣਾ, ਇਹ ਕਹਿ ਕੇ ਕੰਮ ਬੰਦ ਕਰਵਾ ਦਿੰਦਾ, ਛੱਡੋ ਯਾਰ! ਕੱਲ੍ਹ ਸਹੀ। ਕੰਮ ਤਾਂ ਮੁੱਕਣੇ ਈ ਨ੍ਹੀਂ। ਬੰਦਾ ਮੁੱਕ ਜਾਂਦੈ। ਐਵੇਂ ਗਰਮੀ ਲੁਆ ਕੇ ਬਹਿਜਾਂਗੇ।" ਪਰ ਕਿਸੇ ਦਾ ਵੀ ਹੀਆਂ ਨਾ ਪਿਆ ਕਿ ਕੰਮ ਬੰਦ ਕਰਨ ਲਈ ਕਹਿ ਸਕੇ। ਹਾਂ, ਤਾਰਾ ਸਿੰਘ ਨੇ ਹੀ ਮਲਵੀ ਜੀਭ ਨਾਲ ਆਖਿਆ,

"ਕਿਸ਼ਨਿਆ! ਲਾਲਚ ਨਾ ਕਰੀਏ ਯਾਰ! ਉਤੋਂ ਅੱਗ ਵਰ੍ਹ ਰਹੀ ਐ।"



"ਮਰਦ ਬਣੋ ਭਾਈ। ਦੰਦਾਂ ਥੱਲੇ ਜੀਭ ਲਓ। ਝੁੱਟੀ ਮਾਰੋ ਯਾਰ! ਸਿਰਾ ਆਇਆ ਲਓ।"

ਚਾਰਾਂ ਨੇ ਹੀ ਹੌਂਸਲਾ ਫੜਿਆ। ਉਨ੍ਹਾਂ ਦੇ ਹੱਥਾਂ ਵਿਚ ਫੁਰਤੀ ਆਈ ਤੇ ਉਦੋਂ ਪਤਾ ਲੱਗਾ, ਜਦੋਂ ਉਹ ਪਾਂਤ ਦੇ ਸਿਰੇ 'ਤੇ ਆਣ ਖੜ੍ਹੇ ਹੋਏ।

ਟਾਹਲੀ ਹੇਠਾਂ ਆ ਕੇ ਉਨ੍ਹਾਂ ਨੇ ਕੌਲਾ ਕੌਲਾ ਪਾਣੀ ਦਾ ਪੀਤਾ। ਫਿਰ ਮੂੰਹਾਂ ਉੱਤੇ ਪਾਣੀ ਦੇ ਛਿੱਟੇ ਮਾਰੇ 'ਤੇ ਦੱਖਣ ਪੱਛਮ ਵੱਲ ਨਿਗਾਹ ਮਾਰੀ। ਉੱਡਦੇ ਭੰਬੂ ਤਾਰਿਆਂ ਨੇ ਉਨ੍ਹਾਂ ਦੀਆਂ ਅੱਖਾਂ ਚੁੰਧਿਆ ਦਿਤੀਆਂ। ਉਨ੍ਹਾਂ ਭੰਬੂ ਤਾਰਿਆਂ ਵਲੋਂ ਨਜ਼ਰਾਂ ਭਵਾਈਆਂ ਤੇ ਕੱਸੀ ਦੇ ਵਗਦੇ ਪਾਣੀ ਵਿੱਚ ਜਾ ਬੈਠੇ। ਪਾਣੀ ਸੀ ਕਿ ਸੁਰਗ ਦਾ ਝੂਟਾ। ਉਹ ਮੁੜ ਕੇ ਟਾਹਲੀ ਹੇਠਾਂ ਆਏ ਤਾਂ ਉਨ੍ਹਾਂ ਦੇ ਸਿਰਾਂ ਉਤੇ ਭਿਉਂਤੇ ਖੱਦਰ ਦੇ ਸਾਫ਼ੇ ਰੱਖੇ ਹੋਏ ਸਨ। ਉਨ੍ਹਾਂ ਨੇ ਗਿੱਲੇ ਕਛਹਿਰੇ, ਪੋਲੇ ਪੋਲੇ ਨਚੋੜ ਕੇ ਪਾ ਲਏ ਸਨ ਤੇ ਵਰ੍ਹ ਰਹੀ ਅੱਗ ਤੋਂ ਰਾਹਤ ਮਹਿਸੂਸ ਕਰ ਰਹੇ ਸਨ। ਟਾਹਲੀ ਹੇਠਾਂ ਆ ਕੇ ਫਿਰ ਉਨ੍ਹਾਂ ਬੇਲੋੜਾ ਕੌਲਾ ਕੌਲਾ ਪਾਣੀ ਦਾ ਪੀਤਾ ਤੇ ਆਪਣਾ ਆਪਣਾ ਰਸੀਆ ਮੋਢਿਆ ਤੇ ਰੱਖਿਆ ਤੇ ਪਿੰਡ ਨੂੰ ਤੁਰ ਪਏ। ਕਿਸ਼ਨੇ ਨੇ ਪਾਣੀ ਵਾਲਾ ਤੌੜਾ ਆਪਣੇ ਸਿਰੇ 'ਤੇ ਰੱਖ ਲਿਆ। ਉਹਦੀ ਤੋਰ ਨਾਲ ਤੌੜੇ ਵਿਚਲਾ ਪਾਣੀ ਛਲਕਣ ਦੀ ਅਵਾਜ਼ ਕਰਦਾ ਸੁਣਾਈ ਦਿੰਦਾ ਸੀ। ਪਲ ਪਲ ਲੂ ਦਾ ਪ੍ਰਕੋਪ ਵੱਧਦਾ ਜਾ ਰਿਹਾ ਸੀ।

ਉਹ ਹੱਡਾਂ ਰੋੜੀ ਦੇ ਨੇੜੇ ਪਹੁੰਚੇ ਤਾਂ ਵੇਖਕੇ ਹੈਰਾਨ ਹੀ ਰਹਿ ਗਏ, ਕੋਈ ਆਦਮੀ ਮੂਧੇ ਮੂੰਹ ਡਿੱਗਿਆ ਪਿਆ ਸੀ। ਉਹ ਕੋਲ ਪਹੁੰਚੇ ਤਾਂ ਪਛਾਣਿਆਂ ਗਿਆ, ਉਹ ਤਾਂ ਗੋਂਦ੍ਹਾ ਵਗਾਰੀ ਸੀ। ਉਹਦੇ ਕੋਲ ਹੀ ਇੱਕ ਕੱਟਰੂ ਪਿਆ ਸੀ। ਜਿਸ ਨੂੰ ਉਹ ਖਿੱਚਕੇ ਹੱਡਾਂ ਰੋੜੀ ਤਕ ਲੈ ਆਇਆ ਸੀ। ਗੋਂਦੇ ਦੇ ਮੋਢੇ ਉੱਤੇ ਲਮਕਦੇ ਝੋਲੇ ਦੀ ਇਕ ਤਣੀ ਖਿਸਕ ਕੇ ਉਹਦੀ ਬਾਂਹ ਵਿਚ ਅੜੀ ਹੋਈ ਸੀ। ਤੇ ਝੋਲੇ ਵਿਚੋਂ ਰੰਬੀ ਤੇ ਛੁਰੀ ਲਿਸ਼ਕ ਰਹੀ ਸੀ। ਸਪਸ਼ਟ ਸੀ ਕਿ ਉਹਨੇ ਕੱਟਰੂ ਦਾ ਪੋਸ਼ ਲਾਹੁਣਾ ਸੀ। ਪਰ ਉਹ ਆਪ ਵਿਚਾਰਾ ਮੂਦੇ ਮੂੰਹ, ਬੇਸੁਰਤ ਹੋਇਆ ਪਿਆ ਸੀ।

ਤਾਰਾ ਸਿੰਘ ਨੇ ਉਹਨੂੰ ਸਿੱਧਿਆ ਕੀਤਾ। ਦੋਵੇਂ ਕਾਮੇ ਉਹਦੇ ਨਾਲ ਲੱਗ ਪਏ। ਤੇ ਉਨ੍ਹਾਂ ਗੋਂਦੇ ਨੂੰ ਚੁੱਕ ਕੇ, ਹੱਡਾਂ ਰੋੜੀ ਵਿਚਲੇ ਇੱਕੋ ਇੱਕ ਜੰਡ ਹੇਠਾਂ ਲਿਆ ਪਾਇਆ। ਕਿਸ਼ਨੇ ਨੇ ਪਾਣੀ ਦਾ ਕੌਲਾ ਭਰਿਆ ਤੇ ਪਹਿਲਾਂ ਉਹਦੇ ਮੂੰਹ ਉੱਤੇ ਛਿੱਟੇ ਮਾਰੇ। ਫਿਰ ਚੂਲੀ ਚੂਲੀ ਉਹਦੇ ਮੂੰਹ ਵਿਚ ਪਾਉਣ ਲੱਗਾ। ਪਾਣੀ ਉਹਦੇ ਅੰਦਰ ਲੰਘ ਗਿਆ ਸੀ। ਸਾਹ ਉਹਦਾ ਕਾਹਲੀ ਕਾਹਲੀ ਚਲ ਰਿਹਾ ਸੀ। ਪਾਣੀ ਉਹਦੇ ਅੰਦਰ ਲੰਘਣ ਪਿਛੋਂ, ਲੱਗਦਾ ਸੀ ਜਿਵੇਂ ਉਹਦਾ ਸਾਹ ਕੁਝ ਕੁ ਸੁਖਾਲਾ ਆਉਂਣ ਲੱਗ ਪਿਆ ਸੀ। ਪਰ ਉਹ ਪਹਿਲਾਂ ਵਾਂਗ ਹੀ ਬੇਸੁਰਤ ਰਿਹਾ। ਉਨ੍ਹਾਂ ਦੇ ਬੁਲਾਉਂਣ ਦਾ ਉਹਦੇ ਉੱਤੇ ਕੋਈ ਅਸਰ ਨਹੀਂ ਸੀ ਹੋ ਰਿਹਾ।

ਉਹ ਚਾਰ ਜਣੇ ਸਨ। ਵਾਰੀ ਵਾਰੀ ਉਹਨੂੰ ਚੁੱਕ ਕੇ ਔਖਿਆਂ ਸੌਖਿਆ ਪਿੰਡ ਪਹੁੰਚਾਇਆ ਜਾ ਸਕਦਾ ਸੀ। ਪਰ ਗੋਂਦ੍ਹਾ ਨਰੋਆ ਬੰਦਾ ਸੀ। ਇਸ ਲਈ ਉਨ੍ਹਾਂ ਫੈਸਲਾ ਕੀਤਾ ਕਿ ਪਿੰਡੋਂ ਮੰਜਾ ਲਿਆਂਦਾ ਜਾਵੇ ਤਾਂ ਠੀਕ ਰਹੇਗਾ। ਤੇ ਕਿਸ਼ਨਾ ਪਿੰਡ ਨੂੰ ਭੱਜ ਤੁਰਿਆ। ਹੁਣ ਤਾਰਾ ਸਿੰਘ ਉਹਦੇ ਮੂੰਹ ਮੱਥੇ ਉੱਤੇ ਪਾਣੀ ਤਰੌਂਕ ਰਿਹਾ ਸੀ। ਤੇ ਬੂੰਦ ਬੂੰਦ ਪਾਣੀ ਦੀ ਉਹਦੇ ਮੂੰਹ ਵਿਚ ਪਾ ਰਿਹਾ ਸੀ, ਏਨਾ ਸੰਭਾਲ ਕੇ ਕਿ ਇਕ ਤੁਪਕਾ ਪਾਣੀ ਦਾ ਵੀ ਅ ਜਾਈਂ ਨਾ ਜਾਵੇ। ਉਹ ਉੱਕਾ ਹੀ ਭੁੱਲ ਚੁੱਕਿਆ ਸੀ ਕਿ ਕੱਲ੍ਹ ਤਕ ਉਹਦੀ ਹਥਣੀ ਵਰਗੀ ਝੋਟੀ ਉੱਤੇ ਗੋਂਦ੍ਹੇ ਦੀ ਅੱਖ ਸੀ ਤੇ ਗੋਂਦ੍ਹਾ ਉਹਨੂੰ ਵਿਹੁ ਲੱਗਦਾ ਸੀ। ਉਹਦਾ ਚਿੱਤ ਸੀ ਕਿ ਉਹ ਗੋਂਦ੍ਹੇ ਦੀ ਚੰਗੀ ਗਤ ਬਣਾਵੇ। ਪਰ ਉਹਦੀ ਸ਼ਰਾਫਤ ਸੀ ਜਾਂ ਗੋਂਦੇ ਦੀ ਕੋਈ ਜ਼ਾਹਰਾ ਹਰਕਤ ਨਹੀਂ ਸੀ ਕਿ ਉਹ ਗੋਂਦੇ ਉੱਤੇ ਹੱਥ ਚੁੱਕ ਸਕੇ। ਉਸ ਆਪਣੇ ਆਪ ਨੂੰ ਸਮਝਾ ਲਿਆ ਸੀ ਕਿ ਉਹ ਸੁਣਨ ਵੇਖਣ ਤੇ ਪੁੱਛਣ ਵਾਲਿਆਂ ਨੂੰ ਕੀ ਜੁਆਬ ਦੇਵੇਗਾ? ਤੇ ਉਹ ਘੁੱਟ ਵੱਟ ਕੇ ਰਹਿ ਗਿਆ ਸੀ। ਗੋਂਦ੍ਹਾ ਤਾਂ ਉਹਦੇ ਵਾੜੇ ਦੇ ਅੱਗੋਂ ਦੀ ਦੋ ਤਿੰਨ ਵਾਰ ਦਿਨ ਵਿਚ ਲੰਘਦਾ ਹੀ ਸੀ। ਉਹ ਲੋਕਾਂ ਨੂੰ ਕਿਵੇਂ ਸਮਝਾਵੇਗਾ ਕਿ ਗੋਂਦ੍ਹੇ ਦੀਆਂ ਲਲਚਾਈਆਂ ਅੱਖਾਂ ਦੇ ਸੇਲੇ, ਸਿੱਧੇ ਉਹਦੇ ਦਿਲ ਵਿਚ ਖੁਭਦੇ ਰਹੇ ਸਨ। ਤੇ ਹੁਣ ਉਹਨੂੰ ਸਭ ਕੁਝ ਵਿਸਰ ਚੁੱਕਿਆ ਸੀ। ਕੇਵਲ ਗੋਂਦ੍ਹੇ ਦਾ ਉਖੜਿਆ ਆਉਂਦਾ ਸਾਹ ਤੇ ਉਹਦੀ ਬੇਹੋਸ਼ੀ ਉੱਤੇ ਤਾਰਾ ਸਿੰਘ ਦੀਆਂ ਸੁਰਤੀਆਂ ਕੇਂਦਰਿਤ ਹੋ ਚੁੱਕੀਆਂ ਸਨ।

ਉਹਦੀ ਨਜ਼ਰ ਪਿੰਡ ਵੱਲ ਗਈ। ਬਾਹਰਲੀ ਫਿਰਨੀ ਤੋਂ ਇਕ ਗੱਡਾ ਹੱਡਾਂ ਰੋੜੀ ਦਾ ਪਹੀ 'ਤੇ ਮੁੜ

ਪਿਆ ਸੀ। ਉਨ੍ਹਾਂ ਦਾ ਅੰਦਾਜ਼ਾ ਸੀ ਕਿ ਕਿਸ਼ਨਾ ਹੀ ਹੋਵੇਗਾ। ਵਰ੍ਹਦੀ ਅੱਗ ਵਿਚ ਸੁੰਨੀ ਪਹੀ ਪੈਂਡਾ, ਐਸ ਵੇਲੇ, ਮੌਤ ਨੂੰ ਮਾਊਂ ਆਖਣਾ ਸੀ। ਤਾਰਾ ਸਿੰਘ ਦੀ ਨਜ਼ਰ ਫਿਰ ਪਿੰਡ ਵੱਲ ਮੁੜੀ। ਕਿਸ਼ਨਾ ਹੀ ਗੱਡਾ ਭਜਾਈ ਆ ਰਿਹਾ ਸੀ। ਵੇਖ ਕੇ ਤਿੰਨਾਂ ਦੇ ਹੀ ਚਿਹਰਿਆਂ ਤੇ ਰੌਣਕ ਆ ਗਈ ਸੀ।

"ਬਾਈ ਤਾਰ! ਜੇ ਆਪਾਂ ਪਾਂਤ ਵਿੱਚੋਂ ਹੀ ਛੱਡ ਕੇ ਘਰ ਨੂੰ ਤੁਰ ਪੈਂਦੇ ਤਾਂ ਤਾਏ ਗੌਂਦ੍ਹੇ ਨੇ ਆਪਾਂ ਨੂੰ ਪਿੰਡ ਦੀ ਫਿਰਨੀ ਦੇ ਨੇੜੇ ਤੇੜੇ ਹੀ ਐਹ ਕੱਟਰੂ ਖਿੱਚੀ ਆਉਂਦੇ ਮਿਲਣਾ ਸੀ। ਜਾਹ ਜਾਂਦੀ ਹੋ ਜਾਣੀ ਸੀ ਬਾਈ। ਆਪਾਂ ਤੋਂ ਪਿਛੋਂ ਐਧਰੋਂ ਮੋਇਆ ਆਉਂਣਾ ਸੀ। ਦਿਨ ਢਲੇ ਪਿੰਡੋਂ ਕੋਈ ਆਉਂਦਾ ਤਾਂ ਉਦੋਂ ਤਾਈਂ ਭੌਰ ਉਡਾਰੀ ਮਾਰ ਗਿਆ ਹੁੰਦਾ। ਰੱਬ ਜੋ ਕਰਦੈ ਭਲੀ ਕਰਦੈ ਭਾਈ।"

"ਭਲਾ ਹੋਇਆ, ਆਪਾਂ ਪਾਂਤ ਵਿੱਚੇ ਛੱਡਕੇ ਨਹੀਂ ਤੁਰੇ, ਛੋਟੇ ਭਾਈ!" ਤਾਰਾ ਸਿੰਘ ਉਹਦੇ ਨਾਲ ਸਹਿਮਤ ਸੀ। ਤੇ ਨਾਲ ਹੀ ਉਹਨੂੰ ਖਿਆਲ ਆਇਆ ਕਿ ਦਸ ਦਿਨ ਪਹਿਲਾਂ ਕਿੰਨਾਂ ਚੰਗਾ ਹੋਇਆ ਸੀ ਕਿ ਸਲੋਤਰੀ ਉਹਨੂੰ, ਸਲੋਤਰ ਖਾਨੇ ਹੀ ਮਿਲ ਗਿਆ ਸੀ ਤੇ ਝੋਟੀ ਸੂਆ ਕੇ, ਝੱਟ ਉਹਨੇ ਕੱਟੀ ਨੂੰ ਸਾਂਭ ਲਿਆ ਸੀ। ਉਹਨੇ ਕੁਝ ਹੀ ਮਿੰਟਾਂ ਵਿਚ ਕੱਟੀ ਨੂੰ ਤਿੰਨ ਸੂਏ ਲਾਏ ਸਨ। ਤਾਂ ਹੀ ਉਹ ਅੱਧ ਮੋਈ, ਬਚ ਗਈ ਸੀ। ਜੇ ਉਹ ਦਸ ਪੰਦਰਾਂ ਮਿੰਟ ਹੀ ਪਛੜ ਜਾਂਦੇ ਤਾਂ ਉਹਨੇ ਝੋਟੀ ਦੀ ਕੁੱਖ ਵਿਚ ਹੀ ਪੂਰੀ ਹੋ ਜਾਣਾ ਸੀ। ਤੇ ਫਿਰ ਅਵੱਸ ਅਣ ਹੋਣੀ ਵਾਪਰ ਜਾਣੀ ਸੀ। ਝੋਟੀ ਨੇ ਵੀ ਨਹੀਂ ਸੀ ਬਚ ਸਕਣਾ। ਉਹਨੇ ਹੋਰ ਹੈਰਾਨ ਹੋ ਕੇ ਸੋਚਿਆ, "ਵੇਖੋ! ਰੱਬ ਦੀ ਖੇਡ ਨਿਆਰੀ ਐ। ਕਦੇ ਪਛੜ ਜਾਣਾ ਕਲਿਆਣਕਾਰੀ ਹੋ ਨਿੱਬੜਦੈ। ਕਦੇ ਅਣ ਹੋਣੀ ਵਾਪਰਨ ਤੋਂ ਪਹਿਲਾਂ ਅਪੜ ਜਾਣਾ। ਉਹਦੀ ਇਸ ਖੇਡ ਦਾ ਕੋਈ ਭੇਤ ਨ੍ਹੀਂ ਪਾ ਸਕਦਾ ਭਾਈ।

ਤਾਰਾ ਸਿੰਘ ਦੀਆਂ ਸੋਚਾਂ ਗੌਂਦ੍ਹੇ ਵੱਲ ਪਰਤੀਆਂ। ਉਹਨੇ ਚੂਲੀ ਭਰੀ ਤੇ ਤੁਪਕਾ ਤੁਪਕਾ ਉਹਦੇ ਮੂੰਹ ਵਿਚ ਪਾਉਂਣ ਲੱਗਾ। ਗਰਮ ਗਰਮ ਤੁਪਕੇ ਉਹਦੇ ਅੰਦਰ ਲੰਘ ਰਹੇ ਸਨ। ਉਹਦੀਆਂ ਮੀਚੀਆਂ ਅੱਖਾਂ ਹੇਠਾਂ, ਉਹਦੇ ਆਨੇ ਹਰਕਤ ਕਰਦੇ ਤਾਰਾ ਸਿੰਘ ਨੇ ਵੇਖੇ ਤਾਂ ਉਹਨੇ ਸੁਖ ਦਾ ਲੰਮਾ ਸਾਹ ਲਿਆ। ਤੇ ਉਹਨੂੰ ਲੱਗਿਆ ਕਿ ਗੌਂਦ੍ਹੇ ਨੇ ਹੁਣ ਅੱਖਾਂ ਪੱਟੀਆਂ ਕਿ ਪੱਟੀਆਂ। ਉਹਨੇ ਪਾਣੀ ਦੀ ਚੂਲੀ ਭਰੀ ਤੇ ਉਹਦੇ ਮੱਥੇ ਉੱਤੇ ਜਿਵੇਂ ਪਾਣੀ ਦਾ ਲੇਪ ਕਰ ਰਿਹਾ ਹੋਵੇ। ਪਾਣੀ ਦਾ ਇਕ ਹੋਰ ਲੇਪ ਕਰਨ ਦੇ ਇਰਾਦੇ ਨਾਲ ਉਹਨੇ ਆਪਣਾ ਹੱਥ ਕੌਲੇ ਵੱਲ ਵਧਾਇਆ ਤਾਂ ਉਹਦੀ ਨਜ਼ਰ ਗੌਂਦ੍ਹੇ ਦੇ ਅੱਧ ਖੁਲ੍ਹੇ ਝੋਲੇ ਦੇ ਮੂੰਹ ਉੱਤੇ ਪੈ ਗਈ। ਝੋਲੇ ਵਿਚ ਰੰਬੀ ਤੇ ਛੁਰੀ ਲਿਸ਼ਕ ਰਹੀਆਂ ਸਨ। ਰੰਬੀ ਤੇ ਛੁਰੀ ਦੀ ਲਿਸ਼ਕ ਨੇ ਕੌਲੇ ਤਕ ਜਾਂਦਾ ਉਹਦਾ ਹੱਥ, ਉੱਥੇ ਹੀ ਰੋਕ ਦਿੱਤਾ। ਉਹਨੂੰ ਲੱਗਿਆ ਸੀ ਰੰਬੀ ਤੇ ਛੁਰੀ ਉਹਦੀ ਹੀ ਝੋਟੀ ਦਾ ਪੋਸ਼ ਲਾਹੁਣ ਲਈ ਤਿਖੀਆਂ ਕੀਤੀਆਂ ਗਈਆਂ ਸਨ।

ਕਿਸ਼ਨਾ ਆਪਣੇ ਗੱਡੇ ਉੱਤੇ ਮੰਜਾ ਤੇ ਪਾਣੀ ਦਾ ਘੜਾ ਲੈ ਕੇ ਪਹੁੰਚ ਗਿਆ ਸੀ। ਉਹਨੇ ਜੰਡ ਹੇਠ ਗੱਡਾ ਖੜ੍ਹਾ ਕਰ ਦਿੱਤਾ। ਇਕ ਕਾਮੇ ਨੇ ਮੰਜਾ ਲਾਹ ਲਿਆ। ਦੂਜੇ ਨੇ ਪਾਣੀ ਵਾਲਾ ਘੜਾ ਸਾਂਭ ਲਿਆ। ਮੰਜਾ ਗੌਂਦ੍ਹਾ ਸਿੰਘ ਦੇ ਕੋਲ ਡਾਹ ਦਿੱਤਾ ਗਿਆ।

ਤਾਰਾ ਸਿੰਘ ਨੇ ਆਪਣੇ ਆਪ ਨੂੰ ਫਿਟਕਾਰ ਪਾਈ, ਹੋਸ਼ ਕਰ ਤੇ ਬੰਦਾ ਬਣ! ਰੱਬ ਤੋਂ ਡਰ!!' ਉਹਨੇ ਆਪਣੇ ਇਸ਼ਟ ਨੂੰ ਧਿਆਇਆ ਤੇ ਅਰਜੋਈ ਕੀਤੀ, 'ਸੱਚੇ ਪਾਤਸ਼ਾਹ! ਮੇਰਾ ਗੁਨਾਹ ਬਖ਼ਸ਼!! ਉਹਦਾ ਹਿਰਦਾ ਆਣ ਕੀਤੇ ਗੁਨਾਹ ਲਈ ਖਿਮਾਂ ਮੰਗ ਰਿਹਾ ਸੀ।

ਉਹਨੇ ਕਿਸ਼ਨੇ ਦੇ ਲਿਆਂਦੇ ਤੌੜੇ ਵਿਚੋਂ ਕੌਲਾ ਪਾਣੀ ਨਾਲ ਭਰਿਆ ਤੇ ਆਪਣੇ ਤਾਏ ਗੌਂਦ੍ਹਾ ਸਿੰਘ ਦੇ ਮੂੰਹ ਮੱਥੇ ਨੂੰ ਧੋਣ ਲੱਗ ਪਿਆ। ਉਹਨੇ ਇਕ ਕੌਲਾ ਹੋਰ ਭਰ ਕੇ, ਇਕ ਵਾਰੀਂ ਫਿਰ ਤਾਏ ਦਾ ਮੂੰਹ-ਮੱਥਾ ਧੋਤਾ। ਫਿਰ ਉਹਨੇ ਆਪਣੇ ਸਾਫੇ ਨਾਲੋਂ ਇਕ ਲੜ ਪਾੜਿਆ। ਉਸ ਲੜ ਨੂੰ ਪਾਣੀ ਨਾ ਗੱੜੁਚ ਕੀਤਾ। ਪੰਜ ਕੁ ਉਂਗਲਾਂ ਦੀ ਉਹਦੀ ਤਹਿ ਬਣਾਈ ਤੇ ਤਾਏ ਦੇ ਮੱਥੇ ਉੱਤੇ ਰੱਖ ਦਿੱਤੀ। ਹੁਣ ਫਿਰ ਤਾਏ ਦੀਆਂ ਮੀਚੀਆਂ ਅੱਖਾਂ ਹੇਠਾਂ ਉਹਦੇ ਆਨੇ ਹਰਕਤ ਕਰਨ ਲੱਗ ਪਏ ਸਨ। ਬਿੰਦ ਝਟ ਹੋਰ ਤੇ ਤਾਏ ਨੇ ਅੱਖਾਂ ਖੋਲ੍ਹ ਲਈਆਂ ਸਨ। ਇਹ ਤਾਰਾ ਸਿੰਘ ਦੇ ਅੰਦਰ ਜਾਗੇ ਮਨੁੱਖ ਦੀ ਕਰਾਮਾਤ ਸੀ ਕਿ 'ਪਾਣੀ ਪਿਤਾ' ਦੀ ਖੁਸ਼ੀ ਦੀ ਰੌਂਅ ਚਾਰਾਂ ਦੇ ਹੀ ਚਿਹਰਿਆਂ ਉੱਤੇ ਪਸਰ ਗਈ ਸੀ।

ਪਤਾ 59-ਹੀਰਾ ਸਿੰਘ ਨਗਰ, ਕੋਟਕਪੂਰਾ, 98554-81856



## ਕਹਾਣੀ / **ਕਲਰਕ** / ਮਹਿੰਦਰ ਸਿੰਘ ਤਤਲਾ

1.

ਮੈਂ ਪਹਿਲੇ ਦਿਨ ਹਾਜਰੀ ਦੇਣੀ ਸੀ। ਮੀਂਹ ਵੀ ਜੋਰ ਦਾ ਪੈ ਰਿਹਾ ਸੀ। ਜੱਕਾਂ ਤੱਕਾਂ ਕਰਦੇ ਨੇ ਮੈਂ ਫੌਹੜੀ ਚੁੱਕੀ। ਉਪਰ ਛੱਤਰੀ ਤਾਣ ਲਈ। ਘਰੋਂ ਬੱਸ ਅੱਡੇ ਵੱਲ ਤੁਰ ਪਿਆ। ਉਥੇ ਹੋਰ ਸਵਾਰੀਆਂ ਵੀ ਖੜੀਆਂ ਸਨ। ਕੁਝ ਸਮੇਂ ਬਾਦ ਸਾਡੇ ਹੈਡਮਾਸਟਰ ਦੀ ਕਾਰ ਵਿਖਾਈ ਦਿਤੀ। ਉਸਨੇ ਗੱਡੀ ਰੋਕ ਲਈ। ਦੋ ਮੈਡਮਾਂ ਗੱਡੀ ਵਿੱਚ ਚੜ੍ਹ ਗਈਆਂ। ਮੇਰੇ ਗੱਡੀ ਵੱਲ ਜਾਂਦਿਆਂ ਹੀ ਉਹ ਕਾਰ ਭਜਾ ਕੇ ਚਲਾ ਗਿਆ। ਮੈਨੂੰ ਕੱਲ ਵਾਲੀ ਘਟਨਾ ਯਾਦ ਆ ਗਈ। ਜਦ ਮੇਰੇ ਕਾਰਨ ਹੀ ਇਸੇ ਹੈਡ ਮਾਸਟਰ ਨਾਲ ਕਾਫੀ ਤਕਰਾਰ ਹੋਇਆ ਸੀ।

ਮੇਰਾ ਪਿਤਾ ਮਨਸ਼ਾ ਰਾਮ ਇਕ ਸਰਕਾਰੀ ਸਕੂਲ ਵਿੱਚ ਬਤੌਰ ਕਲਰਕ ਕੰਮ ਕਰਦਾ ਸੀ। ਫਿਰ ਇਕ ਦਿਨ ਸਾਡੇ ਤੇ ਕਹਿਰ ਟੁੱਟ ਪਿਆ। ਮੇਰਾ ਬਾਪ ਐਕਸੀਡੈਂਟ ਵਿੱਚ ਮਾਰਿਆ ਗਿਆ। ਕਲਰਕ ਯੂਨੀਅਨ ਦੇ ਪ੍ਰਧਾਨ ਨੇ ਮੇਰਾ ਕੇਸ ਕਲਰਕ ਦੀ ਨਿਯੁਕਤੀ ਲਈ ਤਰਸ ਦੇ ਅਧਾਰ ਤੇ ਮਹਿਕਮੇ ਨੂੰ ਭੇਜ ਦਿਤਾ। ਮੇਰਾ ਹੈਂਡੀਕੈਪਡ ਦਾ ਸਰਟੀਫਿਕੇਟ ਵੀ ਕੇਸ ਦੇ ਨਾਲ ਲਾਇਆ ਗਿਆ। ਤਿੰਨ ਕੁ ਮਹੀਨੇ ਦੇ ਅੰਦਰ ਹੀ ਮੈਨੂੰ ਕਲਰਕੀ ਦਾ ਨਿਯੁਕਤੀ ਪੱਤਰ ਮਿਲ ਗਿਆ। ਸਟੇਸਨ ਵੀ ਅਲਾਟ ਹੋ ਗਿਆ।

ਉਸ ਦਿਨ ਮੈਂ ਸਕੂਲ ਜੁਆਇਨ ਕਰਨ ਲਈ ਚਲਾ ਗਿਆ। ਮੈਨੂੰ ਵੇਖਕੇ ਕਈ ਮਾਸਟਰ ਹੱਸ ਪਏ। ਦਫਤਰ ਵਿੱਚ ਪਹੁੰਚ ਕੇ ਜਦ ਮੈਂ ਨਿਯੁਕਤੀ ਪੱਤਰ ਹੈਡਮਾਸਟਰ ਸਾਹਮਣੇ ਰੱਖਿਆ ਉਹ ਕਦੇ ਨਿਯੁਕਤੀ ਪੱਤਰ ਵੱਲ ਝਾਕੇ ਕਦੇ ਫੌਹੜੀ ਵੱਲ।

ਫਿਰ ਮੈਨੂੰ ਕਹਿਣ ਲੱਗਾ,

"ਕਾਕਾ ਇਸ ਸਕੂਲ ਵਿੱਚ ਕਲਰਕ ਦਾ ਕੰਮ ਬਹੁਤ ਜਿਆਦਾ ਹੈ। ਬਿਹਤਰ ਇਹ ਹੀ ਆ ਕਿ ਤੂੰ ਕਿਸੇ ਹੋਰ ਸਕੂਲ ਦੇ ਆਰਡਰ ਲੈ ਆ। ਇਥੇ ਤੂੰ ਕੰਮ ਨਹੀਂ ਕਰ ਸਕਦਾ।" ਇਹ ਕਹਿ ਕੇ ਉਸਨੇ ਮੈਨੂੰ ਡਾਕੂਮੈਂਟ ਵਾਪਸ ਕਰ ਦਿੱਤੇ।

"ਮੈਂ ਸਭ ਕੁਝ ਸਿਖ ਲਵਾਂਗਾ ਜੀ।" ਮੈਂ ਆਖਿਆ।

"ਤੂੰ ਕਿਤੇ ਹੋਰ ਕੋਸ਼ਸ਼ ਕਰ।" ਇਹ ਕਹਿ ਕੇ ਉਹ ਕੁਰਸੀ ਛੱਡ ਕੇ ਬਾਹਰ ਨਿਕਲ ਗਿਆ।

"ਮੇਰੇ ਸੱਤੀਂ ਕੱਪੜੀਂ ਅੱਗ ਲੱਗ ਗਈ। ਮੈਂ ਆਖਿਆ,"ਜਨਾਬ ਇਹ ਕਿਹੜਾ ਕਾਇਦਾ ਕਾਨੂੰਨ ਹੈ ਕਿ ਤੁਸੀਂ ਮੈਨੂੰ ਜੁਆਇਨ ਨਹੀਂ ਕਰਾ ਰਹੇ।"

"ਤੂੰ ਕਾਇਦੇ ਕਾਨੂੰਨ ਤੋਂ ਕੀ ਲੈਣਾ। ਤੇਰੇ ਲਈ ਇਥੇ ਕੋਈ ਅਸਾਮੀ ਖਾਲੀ ਨਹੀਂ।"

"ਮੈਂ ਵੀ ਬੰਦੇ ਦਾ ਪੁੱਤ ਨਹੀਂ ਜੇ...।"

"ਤੂੰ ਜਿਹੜਾ ਜੋਰ ਲਾਉਣਾ ਲਾ ਲਈਂ। ਮੈਂ ਜੁਆਇਨ ਨਹੀਂ ਕਰਵਾਉਣਾ। ਉਸਨੇ ਕੁਝ ਤਲਖੀ ਨਾਲ ਆਖਿਆ।

ਮੈਨੂੰ ਗੁੱਸਾ ਤਾਂ ਬਹੁਤ ਆਇਆ ਪਰ ਮੈਂ ਗੁੱਸੇ ਨੂੰ ਵਿੱਚੇ ਵਿੱਚ ਪੀ ਗਿਆ।

ਦਫਤਰੋਂ ਫੌਹੜੀ ਚੁੱਕ ਮੈਂ ਘਰ ਵਾਪਸ ਪਰਤ ਆਇਆ। ਮੇਰਾ ਗੱਚ ਭਰ ਆਇਆ ਅਤੇ ਮੈਂ ਆਪਣੀ ਕਿਸਮਤ ਦੀਆਂ ਲਕੀਰਾਂ ਨੂੰ ਦੋਸੀ ਗਰਦਾਨਣ ਲੱਗ ਪਿਆ। ਉਸੇ ਹੀ ਸਮੇਂ ਪ੍ਰਧਾਨ ਨੂੰ ਸੁਨੇਹਾ ਭੇਜਿਆ। ਆਏ ਤੋਂ ਸਾਰੀ ਆਪ ਬੀਤੀ ਸੁਣਾਈ। ਉਹ ਮੇਰੇ ਨਾਲ ਨਰਾਜ ਹੋਇਆ ਕਿ ਮੈਂ ਇਕੱਲਾ ਹੀ ਸਕੂਲ ਕਿਉਂ ਗਿਆ। ਉਸੇ ਵਕਤ ਉਸਨੇ ਸਕੂਟਰ ਸਟਾਰਟ ਕੀਤਾ। ਅਸੀਂ ਹੈੱਡ ਮਾਸਟਰ ਦੇ ਘਰ ਪਹੁੰਚ ਗਏ। ਉਸਨੇ ਹੈਂਡਮਾਸਟਰ ਨੂੰ ਆਖਿਆ, ਸਵਰਨ ਸਿਆਂ ਤੂੰ ਮੁੰਡੇ ਨੂੰ ਜੁਆਇਨ ਕਿਉਂ ਨਾ ਕਰਵਾਇਆ ਬਈ। ਯਾਰ ਅਜੇ ਤਾਂ ਤੂੰ ਡੀ. ਡੀ. ਓ. ਈ ਹੈਂ ਜੇ ਕੱਲ ਕਲੋਤਰ ਨੂੰ ਹੈਡਮਾਸਟਰ ਬਣ ਗਿਆ ਫੇਰ...।"

"ਪ੍ਰਧਾਨ ਜੀ ਇਹ ਮੁੰਡਾ ਕੌਣ ਆ?" ਉਸਨੇ ਪੁੱਛਿਆ।

"ਇਹ ਮਨਸਾ ਰਾਮ ਦਾ ਲੜਕਾ।"

"ਹੈਂ ਮਨਸਾ ਰਾਮ ਦਾ ਮੁੰਡਾ ਐਡੀ ਜਲਦੀ ਆਰਡਰ ਲੈ ਵੀ ਆਇਆ।"

"ਹਾਂ ਆਰਡਰ ਲੈ ਆਇਆ ਕਰਕੇ ਤਾਂ ਜੁਆਇਨ ਹੋਣ ਆਇਆ ਸੀ। ਚੱਲ ਹੁਣ ਤੂੰ ਇਉਂ ਕਰ ਇਸਨੂੰ ਹੁਣੇ ਹੀ ਜੁਆਇਨ ਕਰਵਾ ਲੈ। ਬਾਕੀ ਕਰਵਾਈ ਹੁੰਦੀ ਰਹੂ। ਪ੍ਰਧਾਨ ਨੇ ਆਖਿਆ।

ਅਖੀਰ ਮੈਨੂੰ ਉਸਨੇ ਉਸੇ ਤਰੀਕ ਵਿੱਚ ਹੀ ਜੁਆਇਨ ਕਰਵਾ ਲਿਆ। ਮੈਂ ਸੋਚਿਆ ਜਿਹੜਾ ਸਵੇਰੇ ਸਕੂਲ ਛਾਤੀ ਤਾਣੀ ਬੈਠਾ ਸੀ ਹੁਣ ਕਿਵੇਂ ਪ੍ਰਧਾਨ ਮੂਹਰੇ ਸਾਊਂ ਮਾਊਂ ਹੋਇਆ ਨੀਵੀਂ ਪਾਈ ਖੜਾ ਹੈ।

ਮੈਂ ਅਗਲੇ ਦਿਨ ਸਮੇਂ ਸਿਰ ਸਕੂਲ ਪਹੁੰਚ ਜਾਂਦਾ ਹਾਂ। ਫਿਰ ਹੈਡਮਾਸਟਰ ਮੈਨੂੰ ਸੰਬੋਧਨ ਹੁੰਦਾ ਹੈ, "ਦੇਖ ਤਿਲਕ ਰਾਮ ਤੈਨੂੰ ਕੱਲ ਹੀ ਦੱਸ ਦਿੱਤਾ ਸੀ ਕਿ ਇਸ ਸਕੂਲ ਵਿਚ ਕੰਮ ਬਹੁਤ ਜਿਆਦਾ ਹੈ। ਹੁਣ ਤੂੰ ਆਪਣੇ ਆਪ ਨੂੰ ਤਿਆਰ ਕਰ ਲੈ। ਕੰਮ ਇਥੇ ਸਿਖਾਉਣਾ-ਸਖੂਣਾ ਕਿਸੇ ਨੇ ਨੀ। ਤੈਨੂੰ ਆਪ ਸਿਖਣਾ ਪਵੇਗਾ। ਅੱਜ ਇਸ ਮਹੀਨੇ ਦੀ ਬਾਈ ਤਰੀਕ ਹੋ ਗਈ ਹੈ। ਤਨਖਾਹ ਦੇ ਬਿੱਲ ਬਣਾਉਣ ਵਾਲੇ ਹਨ। ਦਫਤਰ ਦਾ ਸਾਰਾ ਚਾਰਜ ਵੀ ਲੈ ਲਾ।

ਮੈਂ ਸੋਚਿਆ ਮਨਾ ਜੱਟ ਅਤੇ ਝੋਟੇ ਦਾ ਕਦੇ ਖੋਰ ਨੀ ਜਾਂਦਾ ਹੁੰਦਾ, ਹੁਣ ਇਹ ਮੈਨੂੰ ਤੰਗ ਕਰੂ। ਕੋਈ ਗੱਲ ਨਹੀਂ। ਹਰ ਆਉਂਦੀ ਸਮੱਸਿਆ ਨੂੰ ਪਹਿਲ ਦੇ ਅਧਾਰ ਤੇ ਨਜਿੱਠਾਗਾ। ਉਸ ਦਿਨ ਮੈਂ ਬਿੱਲ ਰਜਿਸਟਰ ਅਤੇ ਸਬੰਧਤ ਦਸਤਾਵੇਜ ਘਰ ਲੈ ਆਉਂਦਾ ਹਾਂ। ਉਸ ਉਪਰੰਤ ਆਪਦੇ ਪਾਪਾ ਜੀ ਦੇ ਇਕ ਕਲਰਕ ਮਿੱਤਰ ਪਾਸ ਜਾ ਕੇ ਤਨਖਾਹ ਦੇ ਬਿੱਲ ਤਿਆਰ ਕਰਦਾ ਹਾਂ। ਉਸਦੀ ਮਦਦ ਸਦਕਾ ਸਟਾਫ਼ ਦੀ ਤਨਖਾਹ ਸਮੇਂ ਸਿਰ ਮਿਲ ਜਾਂਦੀ ਹੈ।

ਦਸਾਂ ਕੁ ਦਿਨਾਂ ਬਾਦ ਮੇਰੇ ਨਾਨਕਿਆਂ ਦੇ ਘਰਾਂ ਵਿਚੋਂ ਸੱਤਨਾਮ ਸਿੰਘ ਮੁੱਖ ਅਧਿਆਪਕ ਦੀ ਅਸਾਮੀ ਤੇ ਹਾਜ਼ਰ ਹੋ ਗਿਆ। ਮੈਂ ਉਸ ਨਾਲ ਪੂਰੇ ਬਾਰਾਂ ਸਾਲ ਕੰਮ ਕੀਤਾ। ਇਸ ਸਮੇਂ ਦੌਰਾਨ ਹੀ ਮੇਰਾ ਵਿਆਹ ਹੋ ਗਿਆ। ਜਿਸ ਵਿੱਚ ਸੱਤਨਾਮ ਸਿੰਘ ਨੇ ਵਿਚੋਲੇ ਦੇ ਤੌਰ ਤੇ ਅਹਿਮ ਭੂਮਿਕਾ ਨਿਭਾਈ।

ਸਤਨਾਮ ਸਿੰਘ ਦੀ ਤਰੱਕੀ ਬਤੌਰ ਡਿਪਟੀ ਡੀ. ਈ. ਓ. ਹੋ ਗਈ। ਮੈਂ ਆਪਣੀ ਬਦਲੀ ਪਿੰਡ ਦੇ ਸਕੂਲ ਦੀ ਕਰਵਾ ਲਈ। ਇਸ ਸਕੂਲ ਵਿਚ ਪ੍ਰਿੰਸੀਪਲ ਦੀ ਅਸਾਮੀ ਖਾਲੀ ਪਈ ਸੀ। ਇਸ ਲਈ ਕੰਮ ਸਕੂਲ ਇਨਚਾਰਜ ਨੂੰ ਹੀ ਚਲਾਉਣਾ ਪੈਂਦਾ ਸੀ। ਉਹ ਮੇਰਾ ਕਲਾਸਮੇਟ ਰਿਹਾ ਸੀ। ਇਸ ਲਈ ਮੈਂ ਉਸਦੇ ਸੁਭਾਅ ਤੋਂ ਚੰਗੀ ਤਰ੍ਹਾਂ ਜਾਣੂ ਸਾਂ। ਅਤਿ ਦਰਜੇ ਦਾ ਨੀਚ, ਕੰਜੂਸ ਅਤੇ ਪੈਸੇ ਦਾ ਪੁੱਤ। ਉਸਦੀ ਪਤਨੀ ਵੀ ਅਧਿਆਪਕਾ ਅਤੇ ਜ਼ਮੀਨ ਦਾ ਚਕੋਤਾ ਵੀ ਮਿਲਦਾ, ਪਰ ਫੇਰ ਵੀ ਉਸਦੀ ਮਰੂੰ ਮਰੂੰ ਕਰਨ ਦੀ ਆਦਤ ਨਾ ਜਾਂਦੀ। ਮੈਨੂੰ ਪਹਿਲੇ ਦਿਨ ਹੀ ਦਫਤਰ ਬੁਲਾ ਕੇ ਕਹਿਣ ਲੱਗਾ,

"ਤਿਲਕ ਰਾਮ, ਤੂੰ ਤਾਂ ਇਥੇ ਆ ਕੇ ਫਸ ਗਿਆ। ਇਹ ਦਫਤਰ ਤਾਂ ਨਿਰੀ ਜੇਲ੍ਹ ਆ ਮਿੱਠੀ। ਸੀਨੀਅਰ ਸੈਕੰਡਰੀ ਸਕੂਲ ਹੋਣ ਕਾਰਨ ਕੰਮ ਬਹੁਤ ਜਿਆਦਾ ਹੈ। ਥੱਬਿਆਂ ਦੇ ਥੱਬੇ ਡਾਕ ਦਾ ਜਵਾਬ ਦੇਣਾ ਪੈਂਦਾ ਹੈ। ਸਵੇਰ ਤੋਂ ਲੈ ਕੇ ਛੁੱਟੀ ਹੋਣ ਤੱਕ ਲਗਾਤਾਰ ਪੈਨ ਚਲਾਉਣਾ ਪੈਂਦਾ ਹੈ। ਧੌਣ ਨਹੀਂ ਚੁੱਕ ਹੁੰਦੀ। ਕਲੱਸਟਰ ਸਕੂਲ ਹੋਣ ਕਰਕੇ ਕੰਮ ਹੋਰ ਵੀ ਵਧ ਗਿਆ ਹੈ। ਕਈ ਵਾਰ ਵਾਧੂ ਟਾਈਮ ਲਾਉਣਾ ਪੈਂਦਾ ਹੈ ਅਤੇ ਇਥੋਂ ਤੱਕ ਕਿ ਕਈ ਵਾਰ ਤਾਂ ਛੁੱਟੀ ਵਾਲੇ ਦਿਨ ਵੀ ਕੰਮ ਕਰਨਾ ਪੈਂਦਾ ਹੈ।"

ਮੈਂ ਆਖਿਆ, "ਪ੍ਰਿੰਸੀਪਲ ਸਾਹਿਬ ਤੁਹਾਡੇ ਹੁੰਦਿਆਂ ਮੈਨੂੰ ਕਾਹਦਾ ਫਿਕਰ ਆ। ਫੇਰ ਵੀ ਆਪਾਂ ਇਕੱਠੇ ਪੜ੍ਹਦੇ ਰਹੇ ਆ। ਤੁਸੀਂ ਬਿਲਕੁਲ ਨਾ ਘਬਰਾਉ। ਕੰਮ ਵਾਲੇ ਤਾਂ ਮੈਂ ਫੱਟੇ ਚੱਕ ਦੂੰ। ਸਿਰਫ ਤੁਹਾਡਾ ਸਹਿਯੋਗ ਮਿਲਣਾ ਚਾਹੀਦਾ ਹੈ।"

"ਚਲ ਠੀਕ ਆ। ਜੁਆਇਨ ਤਾਂ ਤੂੰ ਕਰ ਹੀ ਲਿਆ ਹੈ। ਚਾਰਜ ਲੈਂਦੇ ਆਪਣਾ ਕੰਮ ਸ਼ੁਰੂ ਕਰਦੇ। ਉਚ-ਅਧਿਕਾਰੀਆਂ ਨੂੰ ਡਾਕ ਸਮੇਂ ਸਿਰ ਭੇਜਣੀ ਹੈ। ਕਿਸੇ ਵੀ ਕਿਸਮ ਦੀ ਕੁਤਾਹੀ ਨਹੀਂ ਹੋਣੀ ਚਾਹੀਦੀ।"

'ਕੁਤਾਹੀ' ਸ਼ਬਦ ਸੁਣ ਕੇ ਮੈਂ ਮਨ ਹੀ ਮਨ ਹੱਸਿਆ ਜਿਵੇਂ ਉਹ ਮੈਨੂੰ ਅਦੇਸ਼ ਦੇ ਰਿਹਾ ਹੋਵੇ।

ਬਦਲੀਆਂ ਦਾ ਮੌਸਮ ਚਲਦਾ ਹੀ ਸੀ। ਸਾਡੇ ਸਕੂਲ ਸੋਸਲਸਟੱਡੀ ਮਾਸਟਰ ਦੀ ਅਸਾਮੀ ਖਾਲੀ ਪਈ ਸੀ। ਇਸ ਅਸਾਮੀ ਤੇ ਪਿਸੌਰਾ ਸਿੰਘ ਆਰਡਰ ਲੈ ਆਇਆ ਉਸਦੇ ਆਰਡਰ ਦੂਜੇ ਜਿਲ੍ਹੇ ਤੋਂ ਇਸ ਸਕੂਲ



ਵਿਖੇ ਹੋਏ ਸਨ। ਇਕ ਦਿਨ ਅੱਧੀ ਛੁੱਟੀ ਸਮੇਂ ਸਾਰਾ ਸਟਾਫ਼, ਸਟਾਫ਼ ਰੂਮ ਵਿੱਚ ਬੈਠਾ ਸੀ। ਪਿਸੌਰਾ ਸਿੰਘ ਕਹਿਣ ਲੱਗਾ,

"ਕਲਰਕ ਅਤੇ ਸੱਪ ਦਾ ਕਦੇ ਯਕੀਨ ਨਾ ਕਰੋ। ਇਹ ਨੀ ਪਤਾ ਇਨ੍ਹਾਂ ਨੇ ਕਦੋਂ ਡੰਗ ਮਾਰ ਦੇਣਾ ਹੈ। ਮੈਂ ਪਹਿਲਾਂ ਡੀ. ਪੀ. ਆਈ. ਦਫ਼ਤਰ ਪੈਸੇ ਪਾਣੀ ਵਾਂਗ ਵਹਾਏ। ਬਦਲੀ ਦੇ ਆਰਡਰ ਲਿਆ ਕੇ ਡੀ. ਈ. ਓ. ਦਫਤਰ ਵਾਲਿਆਂ ਨੂੰ ਫੜਾਏ ਤਾਂ ਉਥੇ ਕਲਰਕਾਂ ਨੇ ਆਰਾ ਪਾ ਲਿਆ। ਉਥੇ ਤਾਂ ਜੇ ਇਕ ਕਲਰਕ ਨੂੰ ਚਾਹ ਪਾਣੀ ਦੀ ਸੁਲ੍ਹਾ ਮਾਰਨੀ ਹੋਵੇ ਤਾਂ ਦਸ ਨਾਲ ਹੋਰ ਤੁਰ ਪੈਂਦੇ ਹਨ। ਇਹ ਕਲਰਕ ਤਾਂ ਬਿਜਲੀ ਮਹਿਕਮੇ ਦੇ ਕਰਮਚਾਰੀਆਂ ਨੂੰ ਵੀ ਮਾਤ ਪਾ ਜਾਂਦੇ ਹਨ।

ਮੇਰੇ ਸਰੀਰ ਵਿੱਚੋਂ ਸੇਕ ਨਿਕਲਣ ਲੱਗ ਪਿਆ। ਮੈਂ ਆਖਿਆ, "ਪਿਸੋਰਾ ਸਿਆਂ ਸਾਰੇ ਕਲਰਕ ਇੱਕੋ ਜਿਹੇ ਨਹੀਂ ਹੁੰਦੇ। ਤੂੰ ਅਜੇਹੀ ਕੋਈ ਗੱਲ ਮੇਰੇ ਬਾਰੇ ਸਿਧ ਕਰਕੇ ਵਿਖਾ। ਮੈਂ ਆਪਣੀ ਨੌਕਰੀ ਦੌਰਾਨ ਕਿਸੇ ਤੋਂ ਦੁਆਨੀ ਵੀ ਲਈ ਹੋਵੇ।"

"ਭਾਈ ਸਾਹਿਬ ਪੰਜਾਬੀ ਦੀ ਇਕ ਕਹਾਵਤ ਹੈ ਅਖੇ ਹੱਥ ਨਾ ਪਹੁੰਚੇ ਥੂ ਕੌੜੀ। ਤੇਰਾ ਦਾਅ ਈ ਨੀ ਲੱਗਿਆ ਤੂੰ ਕਿਹੜਾ ਨਾ ਲਵੇਂ। ਬਾਕੀ ਸਕੂਲ ਵਿੱਚ ਕਿਹੜਾ ਤੇਰੀ ਜੇਬ ਭਰਦੂ। ਸੱਚ ਪੁਛੇ ਤਾਂ ਮੈਨੂੰ ਕਲਰਕਾ ਤੋਂ ਅਤਿ ਦਰਜੇ ਦੀ ਨਫਰਤ ਆ।"

"ਖੈਰ ਮੈਂ ਤਾਂ ਤੈਨੂੰ ਨਫਰਤ ਨਹੀਂ ਕਰਦਾ। ਤੂੰ ਇਕ ਪੜ੍ਹਿਆ ਲਿਖਿਆ ਸੂਝਵਾਨ ਮਾਸਟਰ ਏਂ।"

"ਨਾ ਮੈਂ ਕਿਹੜਾ ਤੇਰੀ ਕਮਾਈ ਨਾਲ ਪੜ੍ਹ ਗਿਆ ਓਇ-ਕਿਵੇਂ ਬਕਦਾ ਲੰਗਾ।" ਉਸਨੇ ਮੈਨੂੰ ਇਉਂ ਵੰਗਾਰਿਆ ਜਿਵੇਂ ਪਹਿਲਾਂ ਹੀ ਮੇਰੇ ਨਾਲ ਲੜਨ ਲਈ ਤਿਆਰ ਹੋਵੇ।"

"ਪਿਸੌਰਾ ਸਿੰਘ ਜੀ ਜਰਾ ਸੋਚਕੇ ਗੱਲ ਕਰੋ।" ਮੈਂ ਆਖਿਆ।

"ਤੂੰ ਮੇਰਾ ਕੀ ਵਿਗਾੜ ਲੇਂ ਗਾ ਓਇ। ਕੁੱਤਾ...।"

ਉਹ ਰੋਹੀ ਬੀਆਬਾਨ ਦੇ ਹੜ੍ਹ ਵਾਂਗ ਬੁੱਕਿਆ ਉਸਦਾ ਹੱਥ ਉਠਦਾ ਉਤਾਂਹ ਹੀ ਰਹਿ ਗਿਆ ਦੋ ਮਾਸਟਰ ਹੋਰ ਬੈਠੇ ਸਨ। ਇਸ ਗੱਲ ਤੋਂ ਉਹ ਵੀ ਖਫਾ ਹੋ ਗਏ। ਉਹ ਕਹਿਣ ਲੱਗੇ,

"ਪਿਸੌਰਾ ਸਿੰਘ ਜਾਤੀ ਅਪਮਾਨ ਜਨਕ ਸ਼ਬਦ ਬੋਲਣ ਦਾ ਤੈਨੂੰ ਕੋਈ ਅਧਿਕਾਰ ਨਹੀਂ। ਜਰਾ ਦਿਮਾਗ ਤੋਂ ਕੰਮ ਲੈ। ਗੱਲ ਜਰਾ ਸੋਚ ਸਮਝ ਕੇ ਕਰਨੀ ਚਾਹੀਦੀ ਹੈ।"

ਦੂਸਰੇ ਅਧਿਆਪਕਾਂ ਨੇ ਸਾਡਾ ਮਸਲਾ ਸੁਲਝਾ ਦਿੱਤਾ। ਉਸ ਦਿਨ ਤੋਂ ਬਾਅਦ ਸਾਡੇ ਮਨਾ ਵਿੱਚ ਨਫਤਰ ਦੇ ਬੀਜ ਬੀਜੇ ਗਏ। ਜਦ ਕਦੇ ਵੀ ਉਹ ਮੇਰੇ ਕੋਲ ਦੀ ਲੰਘੇ ਕੋਹੜ ਕਿਰਲੇ ਵਾਂਗ ਧੌਣ ਅਕੜਾ ਕੇ। ਕਦੇ ਕਦੇ ਜਾਣ ਬੁਝ ਕੇ ਘੰਗੂਰਾ ਵੀ ਮਾਰ ਦੇਵੇ।

ਮੈਂ ਸੋਚਿਆ ਤਿਲਕ ਰਾਮਾ ਤੂੰ ਤਿਲਕਣ ਵਾਲੇ ਦਿਨ ਤਾਂ ਜੰਮਿਆ ਈ ਨੀ। ਇਸਨੂੰ ਕਿਸੇ ਢੰਗ ਨਾਲ ਸਬਕ ਸਿਖਾਇਆ ਜਾਵੇ। ਫੇਰ ਇਸਨੂੰ ਆਪੇ ਪਤਾ ਲੱਗਜੂ ਕਿ ਕਲਰਕ ਕੀ ਸੈਅ ਹੁੰਦੀ ਆ।

ਕੁਝ ਕੁ ਦਿਨਾ ਬਾਅਦ ਸਲਾਨਾ ਵਿੱਤੀ ਅੰਕੜੇ ਚੈਕ ਕਰਵਾਉਣ ਲਈ ਪੱਤਰ ਆ ਜਾਂਦਾ ਹੈ। ਪੱਤਰ ਵਿੱਚ ਸਪੱਸਟ ਲਿਖਿਆ ਹੋਇਆ ਹੈ ਕਿ ਜੇ ਨਿਸਚਤ ਤਰੀਕ ਤੱਕ ਅੰਕੜੇ ਚੈੱਕ ਨਾ ਕਰਵਾਏ ਗਏ ਤਾਂ ਤਨਖਾਹ ਰੋਕਣ ਲਈ ਖਜ਼ਾਨਾ ਅਫਸਰ ਨੂੰ ਲਿਖਿਆ ਜਾਵੇਗਾ। ਮੈਂ ਬਲਵੀਰ ਤੋਂ ਚਿੱਟ ਆਰਡਰ ਕਢਵਾਏ ਫੰਡ ਇਨਚਾਰਜਾਂ ਨੂੰ ਨੋਟਸ ਭੇਜ ਦਿੰਦਾ ਹਾਂ। ਨੋਟਸ ਵਿੱਚ ਲਿਖ ਦਿੰਦਾ ਹਾਂ ਕਿ 'ਹਰ ਫੰਡ ਇਨਚਾਰਜ ਇਕ ਹਫਤੇ ਦੇ ਅੰਦਰ ਅੰਦਰ ਆਪਦੇ ਫੰਡ ਦੀ ਆਮਦਨ ਅਤੇ ਖਰਚ ਦਾ ਵੇਰਵਾ ਦਫ਼ਤਰ ਭੇਜੇ। ਕਿਸੇ ਕਿਸਮ ਦੀ ਅਣਗਹਿਲੀ ਲਈ ਫੰਡ ਇਨਚਾਰਜ ਖ਼ੁਦ ਜਿੰਮੇਵਾਰ ਹੋਵੇਗਾ। ਨਿਰਧਾਰਤ ਸਮੇਂ ਵਿਚ ਪਸੌਰਾ ਸਿੰਘ ਅਤੇ ਇਕ ਹੋਰ ਮਾਸਟਰ ਤੋਂ ਬਿਨਾ ਸਾਰਿਆਂ ਨੇ ਸਟੇਟਮੈਂਟ ਭੇਜ ਦਿੱਤੀ ਹੈ। ਦੁਬਾਰਾ ਫਿਰ ਆਰਡਰ ਬੁਕ ਤੇ ਆਰਡਰ ਲਿਖ ਕੇ ਭੇਜ ਦਿੱਤਾ। ਉਸ ਹੀ ਦਿਨ ਮੈਂ ਦੂਜੇ ਮਾਸਟਰ ਨੂੰ ਦਫਤਰ ਬੁਲਾ ਕੇ ਉਸਦੇ ਫੰਡ ਦੀ ਆਮਦਨ ਖਰਚ ਦੀ ਸਟੇਟਮੈਂਟ ਲੈ ਲਈ। ਹੁਣ ਕੇਵਲ ਪਿਸੌਰਾ ਸਿੰਘ ਦੀ ਅਮਲਾਗਾਮੇਟਿਡ ਫੰਡ ਦੀ ਸਟੇਟਮੈਂਟ ਰਹਿ ਜਾਂਦੀ ਹੈ।

ਮੈਂ ਦੋ ਕੁ ਦਿਨਾਂ ਬਾਅਦ ਤਨਖਾਹ ਦੇ ਬਿੱਲ ਬੁਣਾਉਣੇ ਸ਼ੁਰੂ ਕਰ ਦਿੱਤੇ। ਮੈਂ ਬਿੱਲ ਬਣਾਉਣ ਲੱਗਿਆ

ਪਸੌਰਾ ਸਿੰਘ ਦਾ ਬਿੱਲ ਵਿਚ ਨਾਂ ਹੀ ਦਰਜ ਨਾ ਕੀਤਾ। ਪ੍ਰਿੰਸੀਪਲ ਤੋਂ ਦਸਖਤ ਕਰਵਾ ਕੇ ਬਿੱਲ ਖਜ਼ਾਨੇ ਭੇਜ ਦਿੱਤੇ। ਸਾਰੇ ਕਰਮਚਾਰੀਆਂ ਦੀ ਸੈਲਰੀ ਉਨ੍ਹਾਂ ਦੇ ਖਾਤਿਆਂ ਵਿੱਚ ਜਮਾਂ ਹੋ ਗਈ। ਜਦ ਪਿਸੌਰਾ ਸਿੰਘ ਏ. ਟੀ. ਐਮ. ਲੈ ਕੇ ਬੈਂਕ ਪਹੁੰਚਿਆਂ ਤਾਂ ਉਸਨੂੰ ਪਤਾ ਲੱਗਾ ਕਿ ਉਸਦੀ ਤਨਖਾਹ ਤਾਂ ਉਸਦੇ ਖਾਤੇ ਵਿੱਚ ਜਮਾ ਹੀ ਨਹੀਂ ਹੋਈ। ਦੂਜੇ ਦਿਨ ਉਹ ਬਲਵੀਰ ਨੂੰ ਇਸ ਬਾਰੇ ਦਸਦਾ ਹੈ। ਬਲਵੀਰ ਮੈਨੂੰ ਦਫਤਰ ਬੁਲਾਉਂਦਾ ਹੈ ਅਤੇ ਪੁੱਛਦਾ ਹੈ, "ਪਿਸੌਰਾ ਸਿੰਘ ਦੀ ਤਨਖਾਹ ਕਿਉਂ ਨਹੀਂ ਬਣਾਈ ਗਈ?"

ਮੈਂ ਅੰਕੜਿਆ ਵਾਲਾ ਪੱਤਰ ਅਤੇ ਆਰਡਰ ਬੁੱਕ ਵਿੱਚ ਲਿਖਿਆ ਆਰਡਰ ਉਸਦੇ ਸਾਹਮਣੇ ਕਰ ਦਿੰਦਾ ਹਾਂ। ਫਿਰ ਆਖਦਾ ਹਾਂ, ਇਸ ਸਖ਼ਸ਼ ਨੇ ਅਜੇ ਤੱਕ ਆਪਦੇ ਫੰਡ ਦੀ ਸਟੇਟਮੈਂਟ ਹੀ ਨਹੀਂ ਭੇਜੀ। ਇਸ ਲਈ ਇਸ ਦੀ ਤਨਖਾਹ ਰੋਕ ਲਈ ਗਈ ਹੈ।"

ਪਿਸੌਰਾ ਸਿੰਘ ਦਫ਼ਤਰ ਵਿੱਚੋਂ ਉਠ ਖੜਦਾ ਹੈ। ਘੰਟੇ ਕੁ ਬਾਅਦ ਸਟੇਟਮੈਂਟ ਤਿਆਰ ਕਰਕੇ ਲੈ ਆਉਂਦਾ ਹੈ। ਬਲਵੀਰ ਨੂੰ ਆਖਦਾ ਹੈ ਕਿ ਹੁਣ ਉਸਦੀ ਤਨਖਾਹ ਕਢਵਾਈ ਜਾਵੇ। ਬਲਵੀਰ ਫਿਰ ਮੈਨੂੰ ਪੁੱਛਦਾ ਹੈ। ਮੈਂ ਆਖਦਾ ਹਾਂ,

"ਪਹਿਲੀ ਗੱਲ ਇਹ ਕਿ ਹੁਣ ਇਹ ਬਕਾਏ ਦਾ ਬਿੱਲ ਬਣੇਗਾ। ਉਹ ਵੀ ਵਾਉਚਰ ਨੰਬਰ ਆਉਣ ਤੇ। ਦੂਜਾ ਡੀ. ਏ. ਦੇ ਬਕਾਇਆ ਬਿੱਲ ਬਣੇ ਪਏ ਹਨ। ਉਹ ਖਜ਼ਾਨੇ ਭੇਜਣੇ ਹਨ। ਹੋ ਸਕਦਾ ਹੈ, ਬਜਟ ਘਟ ਜਾਵੇ। ਇਸ ਲਈ ਚਾਰ-ਪੰਜ ਮਹੀਨੇ ਤਨਖਾਹ ਨਹੀਂ ਕਢਵਾਈ ਜਾ ਸਕਦੀ। ਪਿਸੌਰਾ ਸਿੰਘ ਇਉਂ ਦਫਤਰ ਤੋਂ ਬਾਹਰ ਹੋ ਗਿਆ ਜਿਵੇਂ ਬਹੁਤ ਵੱਡਾ ਪਹਾੜੀ ਭਾਰ ਉਸਦੇ ਸਿਰ ਉਤੇ ਆ ਗਿਆ ਹੋਵੇ।

ਉਸੇ ਸ਼ਾਮ ਪਿਸੌਰਾ ਦੋ ਮਾਸਟਰਾਂ ਨੂੰ ਲੈ ਕੇ ਮੇਰੇ ਘਰ ਆ ਗਿਆ ਅਤੇ ਕਹਿਣ ਲੱਗਾ,

"ਤਿਲਕ ਰਾਮ ਪਹਿਲਾਂ ਬਦਲੀ ਤੇ ਬਹੁਤ ਖਰਚਾ ਆ ਗਿਆ। ਹੁਣ ਘਰ ਵਾਲੀ ਮੰਜੇ ਤੇ ਬਿਮਾਰ ਪਈ ਹੈ। ਆਏ ਦਿਨ ਖਰਚਾ ਵਧਿਆ ਰਹਿੰਦਾ ਹੈ। ਪਲੀਜ਼ ਮੇਰੀ ਤਨਖਾਹ ਕੱਢਵਾ ਦਿਉ।"

"ਪਿਸੌਰਾ ਸਿੰਘ ਤੂੰ ਸਮੇਂ ਸਿਰ ਸਟੇਟਮੈਂਟ ਦੇ ਦਿੱਤੀ ਹੁੰਦੀ ਤਾਂ ਤੇਰੀ ਤਨਖਾਹ ਕਢਵਾਈ ਜਾਣੀ ਸੀ।"

"ਚਲੋ ਜਿਵੇਂ ਮਰਜ਼ੀ ਆ ਸਮਝ ਲਵੋ ਮੈਂ ਸੌਰੀ ਫੀਲ ਕਰਦਾ ਹਾਂ।"

ਦੂਜੇ ਅਧਿਆਪਕਾਂ ਨੇ ਵੀ ਉਸਦੇ ਪੱਖ ਵਿਚ ਜ਼ੋਰ ਪਾ ਦਿੱਤਾ।

ਦੂਜੇ ਦਿਨ ਹੀ ਮੈਂ ਟੀ. ਓ. ਦਫਤਰ ਚਲਿਆ ਜਾਂਦਾ ਹਾਂ। ਉਥੋਂ ਵਾਉਚਰ ਨੰਬਰ ਲੈ ਕੇ ਉਸਦਾ ਬਿੱਲ ਖ਼ਜ਼ਾਨੇ ਭੇਜ ਦਿੰਦਾ ਹਾਂ। ਤੀਜੇ ਦਿਨ ਹੀ ਉਸਦੇ ਖਾਤੇ ਵਿੱਚ ਤਨਖਾਹ ਜਮਾਂ ਹੋ ਜਾਂਦੀ ਹੈ।

ਇਕ ਦਿਨ ਬੱਚਿਆਂ ਨੂੰ ਗਾਈਡਾਂ ਲਵਾਉਣ ਵਾਲੇ ਏਜੰਟ ਸਕੂਲ ਆਉਂਦੇ ਹਨ। ਮੈਨੂੰ ਪਤਾ ਲਗਦਾ ਹੈ ਕਿ ਪ੍ਰਿੰਸੀਪਲ ਬਲਵੀਰ ਸਿੰਘ ਨੇ ਉਨ੍ਹਾਂ ਨਾਲ ਵੀਹ ਹਜ਼ਾਰ ਰੁਪਏ ਵਿੱਚ ਸੋਦਾ ਤਹਿ ਕਰ ਲਿਆ ਹੈ। ਪੈਸੇ ਉਸਨੇ ਲੈ ਲਏ ਅਤੇ ਬੱਚਿਆਂ ਨੂੰ ਉਨ੍ਹਾਂ ਦੀਆਂ ਗਾਈਡਾਂ ਲਵਾਉਣੀਆਂ ਹਨ। ਮੈਂ ਜਾ ਕੇ ਉਸਤੋਂ ਪੁੱਛਦਾ ਹਾਂ, "ਪ੍ਰਿੰਸੀਪਲ ਸਾਹਿਬ ਜੋ ਵੀਹ ਹਜਾਰ ਰੁਪਇਆ ਲਿਆ ਹੈ, ਉਹ ਕਿਥੇ ਖਰਚ ਕਰਨਾ ਹੈ?"

"ਕਿਹੜਾ ਵੀਹ ਹਜ਼ਾਰ?"

"ਜਿਹੜਾ ਤੁਸੀਂ ਗਾਈਡਾਂ ਵਾਲਿਆਂ ਤੋਂ ਵਸੂਲਿਆ ਹੈ।"

"ਮੈਂ ਨੀ ਕੋਈ ਪੈਸਾ ਲਿਆ ਐਵੇਂ ਤੈਨੂੰ ਗਲਤ ਫਹਿਮੀ ਹੈ।"

"ਪ੍ਰਿੰਸੀਪਲ ਸਾਹਿਬ ਦਾਈਆਂ ਤੋਂ ਪੇਟ ਗੁਝੇ ਨਹੀਂ ਰਹਿੰਦੇ। ਮੈਂ ਵੀ ਦਫਤਰੀ ਕਰਮਚਾਰੀ ਹਾਂ। ਮੈਨੂੰ ਉਹ ਜਾਣ ਲੱਗੇ ਸਭ ਕੁਝ ਦੱਸ ਗਏ ਹਨ।"

"ਜਿਹੜਾ ਕੁਸ ਲੈਣਾ ਤੂੰ ਲੈ ਲਾ ਪਰ ਮੇਰਾ ਖਹਿੜਾ ਛੱਡ।"

"ਮੈਂ ਇਨ੍ਹਾਂ ਗੱਡੀਆਂ ਦਾ ਬੈਲ ਨਹੀਂ, ਤੁਸੀਂ ਲੈਣ-ਦੇਣ ਦੀਆਂ ਗੱਲਾਂ ਕਰਦੇ ਹੋ। ਨਾਲੇ ਚੰਗੀ ਤਰ੍ਹਾਂ ਧਿਆਨ ਨਾਲ ਸੁਣ ਲਵੋਂ ਇਹ ਪੈਸਾ ਗਰੀਬ ਬੱਚਿਆ ਦੀਆਂ ਵਰਦੀਆਂ ਜਰਸੀਆਂ ਅਤੇ ਬੂਟਾਂ ਤੇ ਖਰਚ ਹੋਣਾ ਚਾਹੀਦਾ ਹੈ।"

"ਤੂੰ ਕੌਣ ਹੁੰਨਾ ਮੈਨੂੰ ਇਹੋ ਜਿਹਾ ਸੁਝਾਅ ਦੇਣ ਵਾਲਾ?"

ਮੈਂ ਤਾਂ ਹੁਣ ਹੀ ਕਹਿਨਾ। ਕੱਲ ਨੂੰ ਸਾਡੇ ਵਿਹੜੇ ਵਾਲਾ ਸਰਪੰਚ ਪੰਚਾਇਤ ਸਮੇਤ ਆਖੂ।"



"ਹੈਂ?"

"ਹਾਂ, ਬਿਲਕੁਲ।"

ਦੂਜੇ ਦਿਨ ਹੀ ਸਰਪੰਚ ਪੰਚਾਇਤ ਲੈ ਕੇ ਆ ਢੁੱਕਦਾ ਹੈ। ਬਲਵੀਰ ਦੀ ਚੰਗੀ ਖਿਚਾਈ ਕੀਤੀ ਜਾਂਦੀ ਹੈ। ਸਾਰੀ ਰਕਮ ਗਰੀਬ ਬੱਚਿਆਂ ਤੇ ਖਰਚਣ ਲਈ ਪੀ. ਟੀ. ਏ. ਦੇ ਖ਼ਜ਼ਾਨਚੀ ਦੀ ਨੂੰ ਸੌਂਪ ਦਿੱਤੀ ਜਾਂਦੀ ਹੈ।

ਉਸ ਦਿਨ ਤੋਂ ਬਲਵੀਰ ਮੇਰੇ ਨਾਲ ਖਾਰ ਖਾਣ ਲੱਗ ਪਿਆ। ਮੈਂ ਸੋਚਿਆ, ' ਤਿਲਕ ਰਾਮ ਕਿਤੇ ਤਿੱਲਕ ਨਾ ਜਾਈਂ। ਹੁਣੇ ਈ ਕੋਈ ਪ੍ਰਬੰਧ ਕਰਲੈ।" ਮੇਰਾ ਵਾਹ ਤਾਂ ਕਾਗਜ਼ਾਂ ਪੱਤਰਾ ਨਾਲ ਹੈ ਤੇ ਫਿਰ ਕਾਗਜ਼ਾਂ ਨਾਲ ਹੀ ਮੈਂ ਪ੍ਰਬੰਧ ਕਰ ਲਿਆ। ਉਸ ਦਿਨ ਜਵਾਬ ਦੇਣ ਵਾਲੀ ਡਾਕ ਦਾ ਥੱਬਾ ਆ ਗਿਆ। ਮੈਂ ਲਗਾਤਾਰ ਤਿੰਨ ਦਿਨ ਡਾਕ ਤਿਆਰ ਕਰਦਾ ਰਿਹਾ। ਜਦ ਡਾਕ ਪੂਰੀ ਮੁਕੰਮਲ ਕਰ ਲਈ ਫਿਰ ਬਲਵੀਰ ਤੋਂ ਦਸਖ਼ਤ ਕਰਵਾਉਣ ਚਲਾ ਗਿਆ। ਜਾਣ ਸਾਰ ਆਖਿਆ।

"ਸਾਹਿਬ ਜੀ ਡਾਕ ਪੂਰੀ ਤਿਆਰ ਹੈ। ਜਰਾ ਜਲਦੀ ਦਸਖ਼ਤ ਕਰ ਦਿਉ। ਹੁਣੇ ਹੀ ਡੀ. ਈ. ਓ. ਦਫ਼ਤਰ ਪਹੁੰਚਾਉਣੀ ਹੈ। ਉਸਨੇ ਪੰਜਾ ਕੁ ਮਿੰਟਾਂ ਵਿੱਚ ਦਸਖ਼ਤ ਕਰ ਦਿੱਤੇ। ਮੈਂ ਡਾਕ ਦੇਣ ਲਈ ਦਫ਼ਤਰ ਚਲਾ ਗਿਆ।

ਦੂਜੇ ਦਿਨ ਜਦ ਮੈਂ ਸਕੂਲ ਪਹੁੰਚਿਆ ਤਾਂ ਪਿਸੌਰਾ ਸਿੰਘ ਕਹਿਣ ਲੱਗਾ,

"ਬਾਬੂ ਜੀ ਵਧਾਈਆਂ।"

"ਹੈਂ ਕਾਹਦੀਆਂ ਵਧਾਈਆਂ?"

"ਦਸ ਕੁ ਮਿੰਟ ਰੁਕ ਜਾ। ਬਲਵੀਰ ਨੂੰ ਆ ਲੈਣ ਦੇ। ਫਿਰ ਦਸਦੇ ਆ ਤੈਨੂੰ। ਜਦ ਨੂੰ ਬਲਵੀਰ ਸਿੰਘ ਆ ਜਾਂਦਾ ਹੈ। ਉਹ ਦਫ਼ਤਰ ਪਹੁੰਚਣ ਸਾਰ ਹੀ ਆਰਡਰ ਬੁੱਕ ਚੱਕ ਲੈਂਦਾ ਹੈ। ਇਕ ਪੱਤਰ ਵੀ ਆਪਣੇ ਬੈਗ ਵਿਚੋਂ ਕਢਦਾ ਹੈ। ਮੈਨੂੰ ਪੱਤਰ ਤੇ ਆਰਡਰ ਬੁਕ ਫੜਾ ਕੇ ਆਖਦਾ ਹੈ।

"ਬਾਬੂ ਜੀ ਪੜ੍ਹ ਲਵੋ।"

ਪਿਸੌਰਾ ਸਿੰਘ ਕਹਿੰਦਾ ਹੈ, "ਬਾਬੂ ਜੀ ਹੁਣ ਆਈ ਆ ਗੱਡੀ ਲੀਹ ਤੇ ਛੇ ਮਹੀਨੇ ਮੌਜਾਂ ਕਰੀਂ।"

ਜਦ ਮੈਂ ਪੱਤਰ ਪੜ੍ਹਦਾ ਹਾਂ ਤਾਂ ਹੈਰਾਨ ਰਹਿ ਜਾਂਦਾ ਹਾਂ। ਮੇਰੀ ਡਿਊਟੀ ਬਤੌਰ ਬੀ. ਐਲ. ਓ. ਲਾਈ ਗਈ ਹੈ। ਆਰਡਰ ਬੁੱਕ ਤੇ ਮੈਨੂੰ ਕਲਰਕ ਦੀ ਡਿਊਟੀ ਤੋਂ ਫਾਰਗ ਕਰਕੇ ਬੀ. ਐਲ. ਓ. ਦੀ ਡਿਊਟੀ ਕਰਨ ਦੀ ਚਿਤਾਵਨੀ ਦਿੱਤੀ ਗਈ ਹੈ। ਮੈਂ ਪੱਤਰ ਲੈ ਕੇ ਸਟਾਫ਼ ਵਿੱਚ ਜਾ ਬਹਿੰਦਾ ਹਾਂ। ਉਥੋਂ ਪਤਾ ਲਗਦਾ ਹੈ ਕਿ ਕੱਲ ਮੇਰੇ ਜਾਣ ਤੋਂ ਬਾਅਦ ਐਸ. ਡੀ. ਐਮ. ਦਫ਼ਤਰ ਤੋਂ ਇੱਕ ਮੁਲਾਜ਼ਮ ਆਇਆ ਸੀ। ਉਸਨੇ ਇਹ ਪੱਤਰ ਪ੍ਰਿੰਸੀਪਲ ਨੂੰ ਦਿੱਤਾ ਅਤੇ ਆਖਿਆ ਕਿ ਕਿਸੇ ਇਕ ਮਾਸਟਰ ਦੀ ਡਿਊਟੀ ਬਤੌਰ ਬੀ. ਐਲ. ਓ. ਲਾ ਦਿਉ। ਬਲਵੀਰ ਅਤੇ ਪਿਸੌਰਾ ਸਿੰਘ ਨੇ ਰਲ ਕੇ ਮੇਰਾ ਨਾਂ ਲਿਖ ਦਿੱਤਾ ਇੱਕ ਵਾਰ ਤਾਂ ਮੇਰੇ ਪੈਰਾਂ ਹੇਠੋਂ ਜ਼ਮੀਨ ਨਿਕਲ ਗਈ। ਮੈਂ ਧੁਰ ਅੰਦਰ ਤੱਕ ਡੋਲ ਗਿਆ। ਜਦ ਨੂੰ ਪਿਸੌਰਾ ਸਿੰਘ ਵੀ ਆ ਜਾਂਦਾ ਹੈ। ਮੈਨੂੰ ਆਖਦਾ ਹੈ,

"ਬਾਬੂ ਜੀ ਹੁਣ ਖੁਸ਼ ਆ। ਤੁਰਿਆ ਫਿਰੀਂ ਗਲੀਆਂ ਵਿੱਚ ਛੇ ਮਹੀਨੇ ਖਾਕ ਛਾਣਦਾ।"

"ਜੇ ਸੱਪ ਦੇ ਦੰਦ ਕੱਢ ਦਈਏ ਤਾਂ ਵੀ ਉਸਦੀ ਡੰਗ ਮਾਰਨ ਦੀ ਆਦਤ ਨਹੀਂ ਜਾਂਦੀ।" ਮੈਂ ਆਖਿਆ।

ਫਿਰ ਬਲਬੀਰ ਨੂੰ ਜਾ ਪੁੱਛਦਾ ਹਾਂ, "ਪ੍ਰਿੰਸੀਪਲ ਸਾਹਿਬ ਬੀ. ਐਲ. ਓ. ਦੇ ਤੌਰ ਤੇ ਕਿਸੇ ਹੋਰ ਮਾਸਟਰ ਦੀ ਡਿਊਟੀ ਲਾ ਦੇਣੀ ਸੀ। ਤੁਹਾਨੂੰ ਦਫਤਰ ਦਾ ਕੰਮ ਕਰਨ ਵਿੱਚ ਮੁਸ਼ਕਲ ਆਵੇਗੀ।"

"ਨਹੀਂ ਤਿਲਕ ਰਾਮ ਕੰਮ ਅਸੀਂ ਬਥੇਰਾ ਕਰ ਲਵਾਂਗੇ। ਤੂੰ ਆਪਣੀ ਡਿਊਟੀ ਤੇ ਜਾ।"

ਬੀ. ਓ. ਐਲ. ਓ. ਨਿਯੁਕਤੀ ਪੱਤਰ ਲੈ ਕੇ ਘਰ ਚਲਿਆ ਜਾਂਦਾ ਹਾਂ। ਜਾਣ ਸਾਰ ਬੈੱਡ ਤੇ ਚੌਫ਼ਾਲ ਡਿੱਗ ਪੈਂਦਾ ਹਾਂ। ਸੋਚਦਾ ਹਾਂ ਹੁਣ ਕੀ ਕੀਤਾ ਜਾਵੇ। ਜਦ ਨੂੰ ਪਤਨੀ ਆ ਜਾਂਦੀ ਹੈ। ਉਹ ਮੈਨੂੰ ਪੁੱਛਦੀ ਹੈ, "ਕੀ ਗੱਲ ਹੋ ਗਈ ਹੈ?"

ਮੈਂ ਸਾਰੀ ਗੱਲ ਉਸਨੂੰ ਦੱਸ ਦਿੰਦਾ ਹਾਂ।

ਹੈਂ ਇਹ ਤਾਂ ਬਹੁਤ ਮਾੜੀ ਹੋਈ। ਇੰਨੀ ਗਰਮੀ ਵਿਚ ਕਿਵੇਂ ਕੰਮ ਕਰੋਂਗੇ।" ਉਹ ਆਖਦੀ ਹੈ।

"ਏਥੇ ਕੋਈ ਪੁਛਦਾ ਡਾਢੇ ਦਾ ਸੱਤੀ ਵੀਹੀਂ ਸੌਅ...।"

ਉਸ ਰਾਤ ਮੈਨੂੰ ਚੰਗੀ ਤਰ੍ਹਾਂ ਨੀਂਦ ਨਾ ਆਈ। ਸੋਚਦਾ ਰਿਹਾ ਕਿ ਕੀ ਕੀਤਾ ਜਾਵੇ। ਹੌਲੀ ਹੌਲੀ ਦਿਮਾਗ਼ ਵਿੱਚ ਇਕ ਸੋਚ ਅਟਕ ਜਾਂਦੀ ਹੈ।

ਦੂਜੇ ਦਿਨ ਐਸ. ਡੀ. ਐਮ. ਦਫ਼ਤਰ ਚਲਿਆ ਜਾਂਦਾ ਹਾਂ। ਮੈਂ ਉਥੇ ਜਾਂਦੇ ਸਟੈਨੋ ਨੂੰ ਸਾਰੀ ਘਟਨਾ ਤੋਂ ਜਾਣੂ ਕਰਵਾਉਂਦਾ ਹਾਂ। ਉਹ ਮੇਰੇ ਨਾਲ ਹਮਦਰਦੀ ਨਾਲ ਪੇਸ਼ ਆਉਂਦਾ ਹੈ। ਅਤੇ ਆਖਦਾ ਹੈ,

"ਹੈਂਡੀਕੈਪਡ ਮੁਲਾਜ਼ਮ ਦੀ ਡਿਉਟੀ ਤਾਂ ਪ੍ਰਿੰਸੀਪਲ ਨੂੰ ਲਾਉਣੀ ਹੀ ਨਹੀਂ ਚਾਹੀਦੀ। ਕੋਈ ਨਾ ਘਬਰਾ ਨਾ। ਇੰਨਾ ਜੱਟਾਂ ਨੇ ਆਪਣੇ ਬਜ਼ੁਰਗਾਂ ਦੇ ਅਤੇ ਆਪਣੇ ਬਥੇਰੇ ਬਦਲੇ ਲਏ ਆ। ਆਪਣੇ ਲੋਕ ਤਾਂ ਦਿਹਾੜੀ ਦੱਪਾ ਕਰਦੇ ਵੀ ਟੈਮ ਪਾਸ ਕਰੀ ਜਾਂਦੇ ਆ। ਪਰ ਜਦ ਇੰਨਾਂ ਤੇ ਪੈਂਦੀਆਂ ਫਿਰ ਆਤਮ ਹੱਤਿਆ ਕਰਨ ਲਈ ਭੱਜ ਤੁਰਦੇ ਆ। ਸਾਲੇ ਕਮੀਨੇ ਵੱਡੇ ਲਾਟ ਸਾਹਿਬ।"

ਉਹ ਹਮਦਰਦੀ ਕਰਦਾ ਹੋਇਆ ਮੇਰੀ ਡਿਉਟੀ ਕੱਟ ਦਿੰਦਾ ਹੈ ਅਤੇ ਮੇਰੀ ਥਾਂ ਪਿਸੌਰਾ ਸਿੰਘ ਦੀ ਡਿਊਟੀ ਲਾ ਦਿੰਦਾ ਹੈ।

ਫਿਰ ਮੈਨੂੰ ਸਟੈਨੋ ਪੁੱਛਦਾ ਹੈ, "ਜੇ ਕਹੇ ਤਾਂ ਤੇਰਾ ਹੋਰ ਫਾਇਦਾ ਕਰ ਦਿੰਨੇ ਆ ਹਫ਼ਤੇ ਵਿਚ ਇਕ ਦੋ ਦਿਨ ਗੇੜਾ ਮਾਰ ਜਾਇਆ ਕਰੀਂ। ਵੋਟਾਂ ਦੀ ਸੁਧਾਈ ਦਾ ਕੰਮ ਚੱਲ ਰਿਹਾ ਹੈ। ਇਥੇ ਤੈਨੂੰ ਡੈਪੂਟੇਸ਼ਨ ਤੇ ਸੱਦ ਲੈਂਦੇ ਆ।"

"ਅੰਨਾ ਕੀ ਭਾਲੇ ਦੋ ਅੱਖਾਂ। ਇਸਤੋਂ ਵਧੀਆ ਹੋਰ ਕਿਹੜੀ ਗੱਲ ਹੋ ਸਕਦੀ ਹੈ। ਮੈਂ ਤੁਹਾਡਾ ਬਹੁਤ ਧੰਨਵਾਦੀ ਹਾਂ।"

ਦੋਨੋਂ ਆਰਡਰ ਲੈ ਕੇ ਸਕੂਲ ਪਹੁੰਚ ਜਾਂਦਾ ਹਾਂ। ਪ੍ਰਿੰਸੀਪਲ ਦੇ ਦਫਤਰ ਵਿੱਚ ਬਲਵੀਰ ਸਿੰਘ ਅਤੇ ਪਿਸੌਰਾ ਸਿੰਘ ਦੋਨੋ ਬੈਠੇ ਹਨ। ਮੈਨੂੰ ਦੇਖਕੇ ਪਿਸੌਰਾ ਸਿੰਘ ਖੜਾ ਹੋ ਜਾਂਦਾ ਹੈ ਅਤੇ ਆਖਦਾ ਹੈ,

"ਬੀ. ਐਲ. ਓ. ਸਾਹਿਬ ਮੈਂ ਤੁਹਾਡਾ ਖੜ ਕੇ ਸਵਾਗਤ ਕਰਦਾ ਹਾਂ, ਤੁਸੀਂ ਬੂਥ ਲੈਵਲ ਅਫਸਰ ਜੁ ਹੋਏ।"

ਮੈਂ ਆਖਦਾ ਹਾਂ, "ਬਹਿਜਾ ਪਿਸੌਰਾ ਸਿੰਆਂ। ਜੇ ਬਹੁਤੀ ਖਾਜ਼ ਹੁੰਦੀ ਆ ਤਾਂ ਅਫਸਰੀ ਤੂੰ ਲੈ ਲਾ।"

"ਮੈਂ...ਮੈਂ...ਵਾਹ...ਵਾਹ ਬਾਬੂ, ਮੈਂ ਮਾਰਦਾਂ ਜੁੱਤੀ ਏਹੋ ਜੀ ਅਫਸਰੀ ਦੇ। ਹੁਣ ਤੂੰ ਸਾਂਭੀਂ ਰੱਖ ਇਕ ਰੁਤਬਾ। ਘਰ ਘਰ ਜਾ ਕੇ ਸਕੰਜਵੀ ਪੀਵੀਂ ਅਤੇ ਨਾਲੇ ਹਰੀਆਂ ਫੱਕੀਂ।

ਛੱਜ ਤਾਂ ਬੋਲੇ ਭਲਾ ਛਾਣਨੀ ਕੀ ਬੋਲੇ। ਤੂੰ ਓਹੀ ਪਿਸੌਰਾਂ ਜਿਹੜਾ ਤਨਖਾਹ ਕਢਵਾਉਣ ਲਈ ਘਰ ਜਾ ਕੇ ਲੇਲੜੀਆ ਕਢਦਾ ਸੀ। ਇਨਸਾਨ ਉਪਰ ਸੌ ਸੌ ਵਾਵਾਂ ਚੱਲਦੀਆਂ ਹਨ। ਮੈਂ ਇਉਂ ਨੀ ਹਾਰ ਮੰਨਦਾ।"

"ਹੁਣ ਠੰਢੀਆਂ ਹਵਾਵਾਂ ਦੀ ਆਸ ਨਾ ਰੱਖ। ਵਗਦੀ ਲੋ 'ਚ ਗਰਮ ਹਵਾ ਈ ਮਿਲੂ।" ਪਿਸੌਰਾ ਸਿੰਘ ਆਖਦਾ ਹੈ।

"ਅੱਛਾ...। ਕਦੋਂ ਕੁ ਦਾ ਦੂਰ ਅੰਦੇਸ਼ੀ ਹੋ ਗਿਆ ਤੂੰ?"

ਉਦੋਂ ਹੀ ਜੇਬ ਵਿਚੋਂ ਬੀ. ਐਲ. ਓ. ਦੇ ਆਰਡਰ ਕੱਢਕੇ ਬਲਵੀਰ ਸਿੰਘ ਨੂੰ ਫੜਾ ਦਿੰਦਾ ਹਾਂ। ਜਿਸ ਵਿਚ ਉਸਨੂੰ ਸਖਤ ਹਦਾਇਤ ਕੀਤੀ ਗਈ ਹੈ ਕਿ ਇੱਕ ਹੈਂਡੀਕੈਪਡ ਮੁਲਾਜ਼ਮ ਦੀ ਬਤੌਰ ਬੀ. ਐਲ. ਓ. ਡਿਉਟੀ ਲਾਉਣ ਦਾ ਕਾਰਨ ਦੱਸਿਆ ਜਾਵੇ। ਉਹ ਆਰਡਰ ਪੜ੍ਹ ਕੇ ਇਨਾ ਦਹਿਲ ਜਾਂਦਾ ਹੈ ਕਿ ਆਰਡਰ ਬੁਕ ਚੁਕਦਾ ਹੈ। ਆਰਡਰ ਲਿਖ ਕੇ ਪਿਸੌਰਾ ਸਿੰਘ ਦੇ ਮੂਹਰੇ ਰੱਖ ਦਿੰਦਾ ਹੈ। ਨਾਲ ਹੀ ਉਸਨੂੰ ਬੀ. ਐਲ. ਓ ਦਾ ਆਰਡਰ ਫੜਾ ਦਿੰਦਾ ਹੈ। ਉਹ ਪਿਸੌਰਾ ਜਿਹੜਾ ਹੁਣ ਤੱਕ ਮੈਨੂੰ ਟਿੱਚਰਾਂ ਕਰ ਰਿਹਾ ਸੀ ਹੁਣ ਉਸਦੀਆਂ ਅੱਖਾਂ ਅੱਗੇ ਹਨੇਰਾ ਆ ਗਿਆ। ਉਸਨੂੰ ਦਫ਼ਤਰ ਬੈਠਣਾ ਔਖਾ ਹੋ ਗਿਆ। ਮੇਰੇ ਵੱਲ ਅੰਗਿਆਰ ਵਹਾਉਂਦੀਆਂ ਅੱਖਾਂ ਨਾਲ ਤੱਕ ਕੇ ਦਫ਼ਤਰ ਤੋਂ ਬਾਹਰ ਹੋ ਗਿਆ।



ਬਲਵੀਰ ਮੈਨੂੰ ਮਿਠਾ ਮੋਹਰਾ ਦੇਣ ਲਗਦਾ ਹੈ, "ਤਿਲਕ ਰਾਮ ਮੈਂ ਤਾਂ ਅੱਗੇ ਹੀ ਸੋਚਦਾ ਸੀ ਕਿ ਕਲਰਕ ਤੋਂ ਬਿਨਾ ਦਫ਼ਤਰ ਦਾ ਕੰਮ ਕਿਵੇਂ ਚੱਲੂ। ਤਨਖਾਹ ਵੀ ਸਮੇਂ ਸਿਰ ਕਢਾਉਣੀ ਹੁੰਦੀ ਆ।"

ਮੈਂ ਸੋਚਦਾ ਹਾਂ ਜਦ ਕੁੱਤੀ ਹੀ ਚੋਰਾਂ ਨਾਲ ਰਲ ਜਾਵੇ ਫਿਰ ਇਉਂ ਹੀ ਹੁੰਦਾ ਹੈ।

ਮੈਂ ਫਿਰ ਆਖਦਾ ਹਾਂ, 'ਪ੍ਰਿੰਸੀਪਲ ਸਾਹਿਬ ਕੰਮ ਤਾਂ ਹੁਣ ਵੀ ਤੁਹਾਨੂੰ ਹੀ ਚਲਾਉਣਾ ਪਊ। ਮੈਂ ਤਾਂ ਵੇਲੇ ਕੁਵੇਲੇ ਹੀ ਗੇੜਾ ਮਾਰਿਆ ਕਰੂੰ।"

"ਕੀ ਗੱਲ ਛੁੱਟੀ ਲੈਣੀ ਆ?"

"ਬਿਲਕੁਲ ਹੀ ਨਹੀਂ।"

"ਫਿਰ ਕੀ ਗੱਲ ਹੋਈ। ਮੈਂ ਸਮਝਿਆ ਨਹੀਂ?"

ਮੈਂ ਜੇਬ ਵਿਚੋਂ ਕੱਢਕੇ ਦੂਜਾ ਆਰਡਰ ਫੜਾ ਦਿੰਦਾ ਹਾਂ। ਉਹ ਪੜ੍ਹਦੇ ਕਦੇ ਮੇਰੇ ਵੱਲ ਦੇਖਦਾ ਹੈ ਕਦੇ ਆਰਡਰ ਵੱਲ। ਸਕੂਲੋਂ ਫਾਰਗ ਹੋ ਕੇ ਜਾਣ ਲੱਗਾ ਚੌਂਕੀਦਾਰ ਸ਼ਾਮ ਲਾਲ ਨੂੰ ਮਿਲਦਾ ਹਾਂ ਉਸਨੂੰ ਆਖਦਾ ਹਾਂ ਕਿ ਉਹ ਪੰਜਾਂ ਸੱਤਾਂ ਦਿਨਾਂ ਬਾਅਦ ਮੈਨੂੰ ਸਕੂਲ ਦੀ ਰਿਪੋਰਟ ਦਿਆ ਕਰੇ। ਮੈਨੂੰ ਉਸ ਉਤੇ ਭਰੋਸਾ ਹੈ ਅਤੇ ਉਸਨੂੰ ਵੀ ਮੇਰੇ ਤੇ ਮਾਣ ਹੈ। ਦੋ ਵਾਰ ਉਸਦਾ ਏ. ਸੀ. ਪੀ. ਕੇਸ ਡੀ. ਈ. ਓ. ਦਫਤਰ ਤੋਂ ਕਲੀਅਰ ਕਰਵਾ ਕੇ ਲਿਆਇਆ ਹਾਂ। ਬਿਲਕੁਲ ਮੁਫ਼ਤ।

ਕੁਝ ਕੁ ਦਿਨਾਂ ਬਾਅਦ ਮੈਨੂੰ ਸ਼ਾਮ ਲਾਲ ਨੇ ਦੱਸਿਆ ਕਿ ਬਲਵੀਰ ਮਿਡ ਡੇ ਮੀਲ ਦੇ ਰਾਸ਼ਨ ਵਿੱਚੋਂ ਸੱਤ ਬੋਰੀਆ ਕਣਕ ਅਤੇ ਪੰਜ ਬੋਰੀਆ ਚੌਲ ਰਾਤ ਸਮੇਂ ਘਰ ਨੂੰ ਲੈ ਗਿਆ। ਮੈਂ ਦੂਸਰੇ ਦਿਨ ਹੀ ਸਕੂਲ ਪਹੁੰਚ ਗਿਆ। ਜਾਣ ਸਾਰ ਹੀ ਬਲਵੀਰ ਨੂੰ ਕਣਕ ਅਤੇ ਚੌਲਾਂ ਬਾਰੇ ਪੁਛਿਆ। ਪਰ ਉਹ ਤਾਂ ਪੈਰਾਂ ਤੇ ਪਾਣੀ ਹੀ ਨਾ ਪੈਣ ਦੇਵੇ।

ਮੈਂ ਆਖਿਆ, "ਪ੍ਰਿੰਸੀਪਲ ਸਾਹਿਬ, ਮਿਡ ਡੇ ਮੀਲ ਵਿੱਚ ਸਿਰਫ ਦਲੀਆ ਜਾਂ ਚੌਲ ਹੀ ਬੱਚਿਆ ਨੂੰ ਖੁਆਏ ਜਾਂਦੇ ਹਨ। ਮੀਮੋ ਅਨੁਸਾਰ ਖਾਣਾ ਤਿਆਰ ਨਹੀਂ ਕੀਤਾ ਜਾਂਦਾ। ਖਾਣਾ ਖਾਣ ਵਾਲੇ ਸਾਰੇ ਬੱਚੇ ਹਾਜਰ ਦਿਖਾਏ ਜਾਂਦੇ ਹਨ ਜਦ ਕਿ ਖਾਣਾ ਖਾਣ ਵਾਲਿਆਂ ਦੀ ਗਿਣਤੀ ਮਸਾਂ ਸੱਠ ਕੁ ਪ੍ਰਤੀਸ਼ਤ ਹੁੰਦੀ ਹੈ। ਇਸ ਤੋਂ ਬਿਨਾ ਅਮਲਾਗਾਮੇਟਿਡ ਫੰਡ ਦੀ ਸਟੇਟਮੈਂਟ ਤੋਂ ਸਾਫ਼ ਪਤਾ ਲਗਦਾ ਹੈ ਘਪਲੇ ਬਾਜੀ ਦਾ ਸਿਧੂ ਕਨੇਡੀਅਨ ਨੇ ਸੌ ਟਰਾਲੀ ਭਰਤ ਦੀ ਪੁਆਈ। ਬਿਲਕੁਲ ਫਰੀ। ਤੁਸੀਂ ਇਕ ਟਰਾਲੀ ਦਾ ਖਰਚ ਪੰਜ ਸੌ ਰੁਪਇਆ ਪਾ ਕੇ ਪੰਜਾਹ ਹਜਾਰ ਰੁਪਇਆ ਫੰਡ ਵਿੱਚੋਂ ਕਢਵਾਇਆ। ਜਾਅਲੀ ਰਸੀਦਾ ਬਣਾਈਆ। ਗਿੱਲ ਕਨੇਡੀਅਨ ਨੇ ਸਕੂਲ ਦੇ ਬੱਚਿਆਂ ਲਈ ਸਬਮਰਸੀਵਲ ਮੋਟਰ ਲੁਆ ਕੇ ਦਿੱਤੀ। ਜਾਅਲੀ ਰਸੀਦਾ ਰਾਹੀਂ ਤੁਸੀਂ ਉਹ ਰੁਪਇਆ ਕਢਵਾਇਆ। ਦੇਖ ਲੋ....।"

"ਇਉਂ ਕਰ ਤੂੰ ਗੱਲ ਇਥੇ ਹੀ ਦੱਬੀ ਰਹਿਣ ਦੇ। ਆਪਦਾ ਹਿੱਸਾ ਲੈ ਲਾ।" ਉਸਨੇ ਮੈਨੂੰ ਆਖਿਆ।

"ਵਾਹ ਵਾਹ ਤੁਹਾਨੂੰ ਤਾਂ ਦੂਜਿਆਂ ਵਿੱਚ ਆਪਦਾ ਰੂਪ ਹੀ ਦਿਸਦਾ ਹੈ। ਸਕੂਲ ਦੇ ਭਲੇ ਬਾਰੇ ਸੋਚੋ।"

"ਜੇ ਤੂੰ ਨੀ ਲੈਣਾ ਡੀ. ਈ. ਓ. ਦਫ਼ਤਰ ਝੋਕ ਦੂੰ।"

"ਬਲਬੀਰ ਤੂੰ ਤਾਂ ਜਮਾਂ ਈ ਗਰਕ ਗਿਆ ਬਚੇਗਾ ਕਿਵੇਂ?"

ਉਸ ਵਕਤ ਹੀ ਮੈਂ ਜੇਬ ਵਿਚੋਂ ਇੱਕ ਪੱਤਰ ਕਢਦਾ ਹਾਂ, ਲਿਖਿਆ ਹੈ,

"ਮਾਣਯੋਗ ਸਰਪੰਚ ਸਾਹਿਬ ਅਤੇ ਪ੍ਰਧਾਨ ਪੀ. ਟੀ. ਏ. ਆਪ ਜੀ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਇਸ ਸਕੂਲ ਵਿੱਚ ਇੱਕ ਫੰਕਸ਼ਨ ਰੱਖਿਆ ਗਿਆ ਹੈ। ਜਿਸ ਵਿਚ ਸੱਤ ਬੋਰੀਆ ਕਣਕ ਅਤੇ ਪੰਜ ਬੋਰੀਆ ਚਾਵਲ ਗਰੀਬ ਬੱਚਿਆਂ ਵਿਚ ਵੰਡੀਆ ਜਾਣੀਆਂ ਹਨ। ਇਸਤੋਂ ਇਲਾਵਾ ਲੱਖ ਤੋਂ ਉਪਰ ਰਕਮ ਜੋ ਸਕੂਲ ਵਿੱਚ ਬੱਚਤ ਦੇ ਤੌਰ ਤੇ ਪਈ ਹੈ। ਉਸਨੂੰ ਵੀ ਆਪਦੀ ਸਹਿਮਤੀ ਅਨੁਸਾਰ ਖਰਚ ਕੀਤਾ ਜਾਵੇਗਾ। ਸੋ ਤੇਰਾਂ ਤਰੀਕ ਦਿਨ ਸ਼ੁਕਰਵਾਰ ਨੂੰ ਪਤਵੰਤੇ ਸੱਜਣਾ ਸਮੇਤ ਦਸ ਵਜੇ ਸਕੂਲ ਵਿਖੇ ਪਹੁੰਚਣ ਦੀ ਕ੍ਰਿਪਾਲਤਾ ਕਰੋ।

ਧੰਨਵਾਦੀ ਹੋਵਾਂਗਾ,

ਥੱਲੇ ਦਸਖਤ ਬਲਵੀਰ ਸਿੰਘ

ਸਕੂਲ ਦੀ ਮੋਹਰ।

ਪੱਤਰ ਦੇਖ ਕੇ ਉਸਨੂੰ ਕਾਂਬਾ ਛਿੜ ਪਿਆ। ਸੇਵਾਦਾਰ ਤੋਂ ਪਾਣੀ ਮੰਗਵਾਇਆ। ਫਿਰ ਮੈਨੂੰ ਕਹਿਣ ਲੱਗਾ,

"ਮੈਂ ਤਾਂ ਤਿਲਕ ਰਾਮ ਇਹ ਪੱਤਰ ਲਿਖਿਆ ਹੀ ਨਹੀਂ।"

"ਜਨਾਬ ਦੇਖ ਲਓ ਦਰਖ਼ਤ ਤਾਂ ਤੁਹਾਡੇ ਹਨ।"

"ਹਾਂ ਦਸਖ਼ਤ ਤਾਂ ਮੇਰੇ ਹੀ ਹਨ।"

ਫਿਰ ਕਰ ਲਉ ਤਿਆਰੀ ਗੰਗਾ ਨਹਾਉਣ ਦੀ। ਇਸ ਪੱਤਰ ਦੀਆਂ ਫੋਟੋ ਸਟੇਟ ਕਾਪੀਆਂ ਅੱਜ ਸਰਪੰਚ ਅਤੇ ਪੀ. ਟੀ. ਏ. ਦੇ ਪ੍ਰਧਾਨ ਨੂੰ ਪਹੁੰਚ ਜਾਣਗੀਆਂ। ਉਸੇ ਸਾਮ ਬਲਵੀਰ ਸਿੰਘ ਪਿਸੌਰਾ ਸਿੰਘ ਨੂੰ ਨਾਲ ਲੈ ਕੇ ਮੇਰੇ ਪਾਸ ਘਰ ਆ ਜਾਂਦਾ ਹੈ। ਕਹਿੰਦਾ ਹੈ,

"ਤਿਲਕ ਰਾਮ ਜਿਵੇਂ ਮਰਜੀ ਆ ਕਰ। ਮੈਨੂੰ ਬਚਾ ਲੈ। ਮੈਂ ਤਾਂ ਮਾਰਿਆ ਜਾਊਂ। ਜਿਵੇਂ ਤੁਸੀਂ ਕਹੋ ਮੈਂ ਤਾਂ ਉਸੇ ਤਰ੍ਹਾਂ ਹੀ ਕਰੂੰ। ਤੁਹਾਥੋਂ ਇੱਕ ਇੰਚ ਬਾਹਰ ਨੀ ਹੁੰਦਾ। ਇਕ ਗੱਲ ਹੋਰ, ਪਲੀਜ਼ ਜੇ ਤੁਸੀਂ ਐਸ. ਡੀ. ਐਮ. ਦਫਤਰ ਤੋਂ ਡਿਊਟੀ ਕਟਵਾ ਕੇ ਸਕੂਲ ਹਾਜਰ ਹੋ ਜਾਵੋ ਤਾਂ ਹੋਰ ਵੀ ਠੀਕ ਹੈ। ਮੈਂ ਤਾਂ ਡਾਕ ਭੇਜਦਾ ਈ ਥੱਕਿਆ ਪਿਆ। ਫੇਰ ਵੀ ਡੀਫਾਲਟਰਾਂ ਵਿੱਚ ਨਾਂ ਆ ਜਾਂਦਾ ਹੈ।

2.

ਜਦ ਤਿਲਕ ਰਾਮ ਸਕੂਲ ਪਹੁੰਚਦਾ ਹੈ ਤਾਂ ਇਕ ਦਮ ਹੈਰਾਨ ਰਹਿ ਜਾਂਦਾ ਹੈ।

"ਹੈਂ ਲੇਡੀ ਸਟਾਫ ਵਿਚ ਕੁਲਜੀਤ ਮੈਡਮ ਬੈਠੀ ਹੈ। ਦਾਲ ਵਿਚ ਕੁਸ ਕਾਲਾ ਕਾਲਾ ਹੈ। " ਫਿਰ ਸ਼ਾਮ ਲਾਲ ਚੌਂਕੀਦਾਰ ਨੂੰ ਬੁਲਾਉਂਦਾ ਹੈ। ਉਸਨੂੰ ਆਖਦਾ ਹੈ ਕਿ ਉਹ ਪਤਾ ਕਰੇ ਕਿ ਸਾਇੰਸ ਮਿਸਟ੍ਰੈਸ ਕੁਲਜੀਤ ਆਪਣੇ ਸਕੂਲ ਕੀ ਕੰਮ ਆਈ ਹੈ। ਕੁਝ ਹੀ ਸਮੇਂ ਬਾਅਦ ਸ਼ਾਮ ਲਾਲ ਪਤਾ ਕਰ ਆਉਂਦਾ ਹੈ। ਉਹ ਆਖਦਾ ਹੈ, "ਕੁਲਜੀਤ ਮੈਡਮ ਸਾਇੰਸ ਦੀ ਖ਼ਾਲੀ ਅਸਾਮੀ ਤੇ ਆਰਡਰ ਲੈ ਕੇ ਆਈ ਹੈ। ਅੱਜ ਉਸਨੇ ਜੁਆਇਨ ਕਰਨਾ ਹੈ।"

ਤਿਲਕ ਰਾਮ ਸੋਚਦਾ ਹੈ ਕਿ ਇਸ ਪਿੱਛੇ ਕੋਈ ਸਾਜ਼ਸ਼ ਕੰਮ ਕਰ ਰਹੀ ਹੈ। ਉਹ ਜਾਣਦਾ ਹੈ ਕਿ ਕੁਲਜੀਤ ਕਿਸੇ ਵੀ ਸਕੂਲ ਖਾਲੀ ਅਸਾਮੀ ਤੇ ਆਰਡਰ ਕਰਵਾ ਲੈਂਦੀ ਹੈ। ਕਈ ਵਾਰ ਉਹ ਆਪਸੀ ਬਦਲੀ ਕਰਵਾਉਣ ਲਈ ਦੂਜੇ ਕਰਮਚਾਰੀ ਤੋਂ ਪੈਸੇ ਲੈਂਦੀ ਹੈ। ਉਹ ਜਿਹੜੇ ਵੀ ਸਕੂਲ ਜਾਂਦੀ ਹੈ, ਸੌ ਪੁਆੜੇ ਖੜੇ ਕਰਦੀ ਹੈ। ਕਈਆਂ ਉੱਤੇ ਝੂਠੀਆਂ ਤੁਹਮਤਾਂ ਲਾ ਕੇ ਖੱਜਲ ਖੁਆਰ ਕਰ ਦਿੰਦੀ ਹੈ। ਫਿਰ ਇਨਕੁਆਰੀਆਂ ਪੈਂਦੀਆਂ ਹਨ। ਮਹਿਕਮੇ ਦੇ ਕਿਸੇ ਅਫਸਰ ਨਾਲ ਮਿਲਕੇ ਇਨਕੁਆਰੀ ਆਪਦੇ ਹੱਕ ਵਿੱਚ ਕਰਵਾਉਣ ਲਈ ਉਹ ਮਾਹਰ ਗਿਣੀ ਜਾਂਦੀ ਹੈ।

ਇਕ ਵਾਰ ਤਾਂ ਤਿਲਕ ਰਾਮ ਘਬਰਾ ਗਿਆ। ਉਸਨੇ ਸੋਚਿਆ ਕਿ ਇਸ ਪਿੱਛੇ ਪਿਸੌਰ ਸਿੰਘ ਅਤੇ ਬਲਵੀਰ ਸਿੰਘ ਦਾ ਹੱਥ ਹੈ। ਫਿਰ ਉਸਦੀ ਹਾਂ ਪੱਖੀ ਸੋਚ ਉਭਰਦੀ ਹੈ, 'ਤਿਲਕ ਰਾਮਾ ਤਿੱਲਕ ਨਾ ਜਾਈਂ। ਇਹ ਤਾਂ ਤੇਰਾ ਇਕ ਇਮਤਿਹਾਨ ਹੈ। ਇਸ ਵਿਚੋਂ ਹਰ ਹਾਲਤ ਵਿਚ ਪਾਸ ਹੋਣਾ ਹੈ।

ਕੁਲਜੀਤ ਅਤੇ ਤਿਲਕ ਰਾਮ ਨੂੰ ਸਕੂਲੀ ਪੜ੍ਹਾਈ ਇਕੱਠਿਆ ਕੀਤੀ ਹੈ। ਅਗਾਂਹ ਤਿਲਕ ਰਾਮ ਨੇ ਬੀ. ਏ. ਕਰ ਲਈ ਅਤੇ ਉਹ ਉਸ ਤੋਂ ਬਾਅਦ ਸਕੂਲ ਵਿਖੇ ਬਤੌਰ ਕਲਰਕ ਇਕ ਮੈਰਿਜ ਬਿਓਰੋ ਵਿੱਚ ਕੰਮ ਕਰਨ ਲੱਗ ਪਈ। ਉਸਨੂੰ ਮੈਰਿਜ ਬਿਓਰੋ ਦੇ ਮਾਲਕ ਨੇ ਝਾਂਸਾ ਦੇ ਕੇ ਕੈਨੇਡਾ ਜਾਣ ਲਈ ਪ੍ਰੇਰ ਲਿਆ। ਉਸਨੇ ਆਖਿਆ ਕਿ ਸਰਦੀਆਂ ਵਿੱਚ ਵਥੇਰੇ ਮੁੰਡੇ ਕੈਨੇਡਾ ਅਮਰੀਕਾ ਤੋਂ ਆਉਂਦੇ ਹਨ। ਇਸ ਲਈ ਉਹ ਕੋਈ ਮੁੰਡਾ ਲੱਭ ਕੇ ਉਸਨੂੰ ਕੈਨੇਡਾ ਭੇਜ ਦੇਵੇਗਾ। ਉਸਦੇ ਜਾਣ ਦੀ ਦੇਰ ਹੈ ਉਹ ਉਥੇ ਸਾਰੇ ਪਰਿਵਾਰ ਨੂੰ ਬੁਲਾ ਸਕਦੀ ਹੈ। ਕੁਲਜੀਤ ਨੇ ਸੋਚਿਆ ਮੇਰੇ ਜਾਣ ਨਾਲ ਮੇਰੀਆਂ ਦੋ ਭੈਣਾਂ ਵੀ ਕੈਨੇਡਾ ਪੱਕੀਆਂ ਹੋ ਸਕਦੀਆਂ ਹਨ। ਪਿਓ ਨਵਾਂ ਨਵਾਂ ਸੂਬੇਦਾਰ ਰਿਟਾਇਰ ਹੋ ਕੇ ਆਇਆ ਸੀ। ਰਿਟਾਇਰਮੈਂਟ ਤੇ ਉਸਨੂੰ ਕਾਫੀ ਪੈਸਾ ਮਿਲ ਗਿਆ। ਉਸਨੇ ਸੋਚਿਆ ਕਿ ਭਾਵੇਂ ਪੈਸੇ ਹੀ ਖਰਚ ਹੋ ਜਾਣ ਇਕ ਵਾਰ ਕੁਲਜੀਤ



ਕੈਨੇਡਾ ਚਲੀ ਜਾਵੇ। ਫਿਰ ਉਹ ਸਾਰੇ ਹੀ ਕਨੇਡੀਅਨ ਬਣ ਸਕਦੇ ਹਨ। ਉਸਨੇ ਵੀ ਮੈਰਿਜ ਬਿਓਰੋ ਦੇ ਮਾਲਕ ਨੂੰ ਹਰੀ ਝੰਡੀ ਦੇ ਦਿੱਤੀ। ਫਿਰ ਉਸ ਲਈ ਮੁੰਡਾ ਨਹੀਂ ਬੰਦਾ ਲੱਭਿਆ ਗਿਆ। 48 ਸਾਲ ਦਾ ਜੋਰਾਵਰ ਸਿੰਘ। ਉਸਨੇ ਪੂਰਾ ਤੀਹ ਲੱਖ ਰੁਪਇਆ ਲਿਆ। ਜੋਰਾਵਰ ਸਿੰਘ ਨਾਂ ਦਾ ਹੀ ਜੋਰਾਵਰ ਸੀ। ਜੋਰ ਤਾਂ ਉਸਦਾ ਪਹਿਲਾਂ ਹੀ ਖਤਮ ਹੋ ਚੁੱਕਿਆ ਸੀ। ਬਾਅਦ ਵਿਚ ਪਤਾ ਲੱਗਾ ਕਿ ਉਹ ਪਹਿਲਾਂ ਵੀ ਵਿਆਹ ਕਰਵਾ ਕੇ ਗਿਆ ਸੀ। ਮੁਕਲਾਵੇ ਵਾਲੀ ਰਾਤ ਲੰਘਣ ਪਿਛੋਂ ਕੁਲਜੀਤ ਜੋਰਾਵਰ ਦੇ ਲੱਤ ਮਾਰਕੇ ਦੂਜੇ ਦਿਨ ਹੀ ਘਰ ਆ ਬੈਠੀ। ਕੁਝ ਸਮੇਂ ਬਾਅਦ ਉਸਦੀ ਜਾਣ-ਪਛਾਣ ਇਕ ਹੋਰ ਐਨ. ਆਰ. ਆਈ. ਦੇ ਨਾਲ ਹੋ ਗਈ। ਉਨ੍ਹਾਂ ਦਾ ਹੇਲ ਮੇਲ ਵਧਦਾ ਹੀ ਗਿਆ ਤੇ ਇਸ ਪਿੱਛੋਂ ...। ਕੁਝ ਕੁ ਦਿਨਾ ਤਾਂ ਸੂਬੇਦਾਰ ਨੇ ਕੁਲਜੀਤ ਦੀ ਭਾਲ ਕੀਤੀ। ਜਦ ਉਸਨੂੰ ਅਸਲੀਅਤ ਦਾ ਪਤਾ ਲੱਗਿਆ ਤਾਂ ਉਸਨੇ ਉਸਦਾ ਜਿਉਂਦੀ ਦਾ ਭੋਗ ਪਾ ਦਿੱਤਾ।

ਇਕ ਦਿਨ ਕੁਲਜੀਤ ਬੱਸ ਸਟਾਫ ਤੇ ਖੜੀ ਹੈ। ਉਸਦਾ ਗਹਿਰਾ ਮੇਕਅਪ ਕੀਤਾ ਹੋਇਆ ਹੈ। ਬਲੌਰੀ ਅੱਖਾਂ, ਤੇ ਤਿੱਖਾਂ ਨੱਕ ਅਤੇ ਉਭਰੀ ਹਿੱਕ ਆਮ ਮਰਦਾਂ ਦਾ ਧਿਆਨ ਖਿੱਚ ਰਹੀਆਂ ਹਨ। ਉਹ ਚਾਹੁੰਦੀ ਹੋਵੇ ਤਾਂ ਕਿਸੇ ਵੀ ਕਾਰ ਜਾਂ ਗੱਡੀ ਵਾਲੇ ਤੋਂ ਲਿਫਟ ਲੈ ਸਕਦੀ ਹੈ। ਉਸਦਾ ਤਜਰਬਾ ਹੈ ਕਿ ਉਹ ਜਿਥੇ ਜਾਣਾ ਚਾਹੇ ਜਾ ਸਕਦੀ ਹੈ।

ਪਰ ਅੱਜ ਉਸਨੇ ਬੱਸ ਤੇ ਹੀ ਜਾਣਾ ਹੈ ਜੋ ਕਿ ਲੱਗਭੱਗ ਆਉਣ ਵਾਲੀ ਹੈ। ਇਸ ਬੱਸ ਵਿੱਚ ਹੀ ਬਲਵੀਰ ਸਿੰਘ ਅਤੇ ਪਿਸੌਰਾ ਸਿੰਘ ਦੋਨੋਂ ਆ ਰਹੇ ਹਨ। ਅੱਜ ਇਨ੍ਹਾਂ ਤਿੰਨਾਂ ਨੇ ਕਿਸੇ ਖਾਸ ਵਿਸ਼ੇ 'ਤੇ ਗੱਲਬਾਤ ਕਰਨੀ ਹੈ।

ਅਸਲ ਵਿੱਚ ਜਦੋਂ ਦਾ ਪਿਸੌਰਾ ਸਿੰਘ ਮਾਸਟਰ ਬੀ. ਐਲ. ਓ. ਡਿਊਟੀ ਕਰ ਰਿਹਾ ਹੈ ਉਹ ਕਾਫੀ ਪਰੇਸ਼ਾਨ ਰਹਿੰਦਾ ਹੈ। ਪਹਿਲਾਂ ਸਕੂਲ ਵੀ ਹਾਜਰੀ ਦੇਣੀ ਪੈਂਦੀ ਹੈ। ਬਾਅਦ ਵਿਚ ਗਰਮੀ ਦੇ ਮਹੀਨੇ ਜਾ ਕੇ ਘਰ ਘਰ ਵੋਟਾਂ ਦੇ ਕੰਮ ਦੀ ਸੁਧਾਈ ਕਰਨੀ ਪੈਂਦੀ ਹੈ। ਉਹ ਬੀ. ਐਲ. ਓ. ਲੱਕਣ ਦਾ ਕਾਰਨ ਤਿਲਕ ਰਾਮ ਨੂੰ ਸਮਝਦਾ ਹੈ। ਡਿਊਟੀ ਤਾਂ ਬਲਵੀਰ ਸਿੰਘ ਅਤੇ ਪਿਸੌਰਾ ਸਿੰਘ ਨੇ ਤਿਲਕ ਰਾਮ ਦੀ ਲਾਈ ਸੀ। ਪਰ ਉਹ ਆਖਦੀ ਡਿਊਟੀ ਕਟਾ ਲਿਆਇਆ ਅਤੇ ਇਹ ਡਿਊਟੀ ਪਿਸੌਰਾ ਸਿੰਘ ਦੀ ਲਾ ਦਿੱਤੀ। ਪਿਸੌਰਾ ਸਿੰਘ ਤੇ ਇਹ ਸੋਚ ਹਾਵੀ ਹੋ ਰਹੀ ਹੈ ਕਿ ਕਿਸੇ ਵੀ ਤਰ੍ਹਾਂ ਤਿਲਕ ਰਾਮ ਨੂੰ ਕੋਈ ਸਜਾ ਮਿਲਣੀ ਚਾਹੀਦੀ ਹੈ। ਜਾਂ ਉਸਨੂੰ ਫਿਰ ਕਿਸੇ ਕੰਮ ਵਿਚ ਫਸਾਇਆ ਜਾਵੇ ਤਾਂ ਹੀ ਪਸੌਰਾ ਸਿੰਘ ਦੇ ਕਾਲਜੇ ਠੰਡ ਪੈਂਦੀ ਹੈ।

ਪਸੌਰਾ ਸਿੰਘ ਦੇ ਮਨ ਵਿੱਚ ਇਕ ਫੁਰਨਾ ਫੁਰਿਆ। ਉਸਨੇ ਬਲਵੀਰ ਸਿੰਘ ਨੂੰ ਫੋਨ ਕੀਤਾ ਕਿ ਉਹ ਉਸਨੂੰ ਖੇਤ ਮਿਲਣਾ ਚਾਹੁੰਦਾ ਹੈ। ਪਿਸੌਰਾ ਸਿੰਘ ਇਕ ਬੋਤਲ ਵਿਸਕੀ ਦੀ ਅਤੇ ਨਾਲ ਖਾਣ ਪੀਣ ਲਈ ਨਿੱਕ ਸੁਕ ਲੈ ਕੇ ਬਲਵੀਰ ਸਿੰਘ ਦੀ ਮੋਟਰ ਤੇ ਪਹੁੰਚ ਗਿਆ। ਪਿਸੌਰਾ ਸਿੰਘ ਦੇ ਪਹੁੰਚਣ ਤੇ ਬਲਵੀਰ ਨੇ ਦੋ ਸਟੀਲ ਦੇ ਗਲਾਸ ਚੁੱਕ ਲਿਆਂਦੇ। ਪਹਿਲਾਂ ਉਨ੍ਹਾਂ ਨੇ ਰਸਮੀ ਗੱਲਾਂ ਬਾਤਾਂ ਕੀਤੀਆਂ। ਜਦ ਥੋੜਾ ਜਿਹਾ ਸਰੂਰ ਆ ਗਿਆ ਤਾਂ ਪਿਸੌਰਾ ਸਿੰਘ ਨੇ ਅਸਲ ਗੱਲ ਵੱਲ ਬਲਵੀਰ ਦਾ ਧਿਆਨ ਦੁਵਾਇਆ।

"ਦੇਖ ਬਲਵੀਰ ਸਿਆ, ਮੇਰੇ ਨਾਲ ਜੱਗੋਂ ਤੇਰਵੀਂ ਹੋਈ। ਆਪਾਂ ਦੋਨਾਂ ਨੇ ਮਿਲਕੇ ਤਿਲਕ ਰਾਮ ਦੀ ਡਿਊਟੀ ਬੀ. ਐਲ. ਓ. ਲਾਈ ਸੀ। ਪਰ ਫਸ ਮੈਂ ਗਿਆ।"

"ਉਹ ਤਾਂ ਠੀਕ ਆ ਪਿਸੌਰਾ ਸਿੰਘ। ਹੁਣ ਮੈਂ ਕੀ ਕਰ ਸਕਦਾ ਹਾਂ ਉਲਟਾ ਮੈਨੂੰ ਤਾਂ ਸਗੋਂ ਐਸ. ਡੀ. ਐਮ ਦੀਆਂ ਝਿੜਕਾ ਖਾਣੀਆਂ ਪਈਆ।"

"ਤੂੰ ਤਾਂ ਯਾਰ ਮੌਕੇ ਦਾ ਅਫਸਰ ਏਂ ਕੋਈ ਤਾਂ ਗੱਲ ਲੱਭ?"

ਬਈ ਅਸਲ ਗੱਲ ਇਹ ਆ ਕਿ ਇਹ ਤਾਂ ਮੇਰੇ ਵੱਸੋਂ ਬਾਹਰ ਹੋ ਗਈ ਆ।"

"ਕੋਈ ਸਕੀਮ ਸੋਚ ਸੱਪ ਵੀ ਮਰਜੇ ਅਤੇ ਸੋਟੀ ਬਚੀ ਰਹੇ ?"

"ਮੇਰੀ ਡਿਊਟੀ ਵੀ ਕਟਾ ਅਤੇ ਤਿਲਕ ਰਾਮ ਨੂੰ ਵੀ ...।

ਅਸਲ ਵਿੱਚ ਜੇ ਤੂੰ ਚਾਹੇ ਤਾਂ ਇਹ ਤੇਰੇ ਖੱਬੇ ਹੱਥ ਦਾ ਕੰਮ ਆ। ਇਹ ਵੀ ਯਾਰ ਕੋਈ ਗੱਲ ਆ ਇਕ ਹੈਂਡੀਕੈਪਡ ਕਲਰਕ ਹੀ ਲੋਟ ਨੀ ਆਉਂਦਾ। ਸਿਖਾ ਕੋਈ ਸਬਕ ਜੋ ਸਾਰੀ ਉਮਰ ਯਾਦ ਰੱਖੇ।"

"ਫਿਰ ਮੈਨੂੰ ਤਾਂ ਕੋਈ ਸਕੀਮ ਸੁਝ ਨੀ ਰਹੀ ਤੂੰ ਹੀ ਦੱਸਦੇ ਕਿਵੇਂ ਕਰਾਂ?"

"ਕਰਨਾ ਕੀ ਆ।ਕੋਈ ਜ਼ਰੂਰੀ ਡਾਕ ਬਾਰੇ ਉਸਨੂੰ ਦੱਸ ਹੀ ਨਾ।ਜਦੋਂ ਡੀਫਾਲਟਰਾਂ 'ਚ ਨਾ ਆਵੇ ਤਾਂ ਕਹਿ ਦਈ ਕਿ ਤਿਲਕ ਰਾਮ ਨੇ ਇਸਦਾ ਜਵਾਬ ਤਿਆਰ ਨਹੀਂ ਕੀਤਾ।"

"ਪਿਸੌਰਾ ਸਿੰਆਂ ਇਹ ਕਿਵੇਂ ਹੋ ਸਕਦਾ ਹੈ ਤੈਨੂੰ ਪਤੈ, ਪਹਿਲਾਂ ਮੈਂ ਪੱਤਰ ਮਾਰਕ ਕਰਦਾ ਹਾਂ।ਅਤੇ ਨੋਟ ਲਿਖਦਾ ਹਾਂ।ਉਹ ਪੱਤਰ ਨੋਟ ਕਰਦਾ ਹੈ।ਪੱਤਰ ਉਪਰ ਸਮਾਂ ਅਤੇ ਬਕਾਇਦਾ ਤਰੀਕ ਲਿਖਦਾ ਹੈ।"

"ਤੇਰੀ ਥਾਂ ਮੈਂ ਹੋਵਾਂ ਤਾਂ ਕੁਸ਼ ਦੀ ਕੁਸ਼ ਕਰ ਦੇਵਾਂ।"

"ਗੱਲ ਇਹ ਆ ਬਈ ਤੈਨੂੰ ਹੁਣ ਬਤੌਰ ਬੀ. ਐਲ. ਓ. ਕੰਮ ਕਰਨਾ ਪੈਂਦਾ ਹੈ।ਨਹੀਂ ਤਾਂ ਜਿਵੇਂ ਤੂੰ ਸੀਨੀਅਰ ਏਂ, ਮੈਂ ਇਕ ਮਹੀਨੇ ਦੀ ਛੁੱਟੀ ਲੈ ਲੈਂਦਾ।ਫਿਰ ਤੂੰ ਜਿਵੇਂ ਮਰਜੀ ਆ ਕਰਦਾ।ਪਰ ਗੱਲ ਇਹ ਆ ਕਿ ਤਿਲਕ ਰਾਮ ਛੇਤੀ ਕੀਤੇ ਜਾਲ ਵਿਚ ਫਸਣ ਵਾਲਾ ਨਹੀਂ।"

"ਬਈ ਜਿਵੇਂ ਮਰਜੀ ਆ ਕਰ।ਉਸਨੂੰ ਸਸਪੈਂਡ ਕਰਵਾਕੇ ਦਿਖਾ।"

"ਫੇਰ ਤੂੰ ਹੀ ਕੋਈ ਢੰਗ ਤਰੀਕਾ ਦੱਸ ਦੇ।"

"ਮੈਂ ਕੀ ਦੱਸ ਸਕਦਾਂ।ਜਿਵੇਂ ਮਰਜੀ ਆ ਕਰ।ਨਹੀਂ ਤਾਂ ਰਾਤ ਦੀ ਰੋਟੀ ਅਤੇ ਬਿਸਤਰੇ ਦਾ ਪ੍ਰਬੰਧ ਕਰ ਲੈ।ਇਥੇ ਹੀ ਸੌਵਾਂਗੇ।"

ਫਿਰ ਦੋਨੋਂ ਦੋ ਦੋ ਪੈੱਗ ਹੋਰ ਪਾ ਲੈਂਦੇ ਹਨ ਅਤੇ ਇਸ ਬਾਰੇ ਸੋਚਣ ਲੱਗ ਪੈਂਦੇ ਹਨ।

ਕਾਫੀ ਸਮੇਂ ਬਾਅਦ ਬਲਵੀਰ ਸਿੰਘ ਬੋਲਿਆ, "ਦੇਖ ਪਿਸੌਰਾ ਸਿਆਂ।ਇੱਕ ਸਕੀਮ ਆਈ ਆ ਮੇਰੇ ਦਿਮਾਗ ਵਿੱਚ।ਜੇ ਉਹ ਨੇਪਰੇ ਚੜ੍ਹ ਗਈ ਤਾਂ ਆਪਣੀਆਂ ਪੌਂ ਬਾਰਾਂ।ਦੇਖੀ ਫਿਰ ਤਿਲਕਾ ਨੱਕ ਨਾਲ ਲਕੀਰਾਂ ਕੱਢਦਾ।"

"ਕਿਹੜੀਆਂ ਦੱਸ ਫੇਰ?"

"ਦੱਸ ਦਿਨਾ।ਪਰ ਤੈਨੂੰ ਖਰਚਾ ਕਰਨਾ ਪਊ।ਦੇਖੀਂ ਫਿਰ ਜਮਾ ਗੱਡੀ ਲੀਹ ਤੇ ਆ ਜਾਊ।"

"ਕਿੰਨਾ ਕੁ ਖਰਚ?"

"ਆਹੀ ਦੱਸ-ਪੰਦਰਾਂ ਹਜ਼ਾਰ।ਬਾਕੀ ਇਹ ਸੌਦਾ ਅਗਲੇ ਨਾਲ ਤਹਿ ਕਰਨਾ ਪਊ।ਕੁਸ ਵਧ ਵੀ ਸਕਦਾ।ਹੋ ਸਕਦਾ ਘੱਟ ਨਾਲ ਵੀ ਸਰ ਜਾਵੇ।"

"ਬਲਵੀਰ ਪੈਸੇ ਵੱਧ ਨੇ।"

"ਦੇਖ ਲਾ ਫਿਰ।ਹੁਣ ਤਾਂ ਸਰਕਾਰ ਨੇ ਤਨਖਾਹ ਵੀ ਵਧਾ ਦਿੱਤੀਆਂ।ਇਹ ਸੋਚ ਲੈ ਬਈ ਅੱਧੀ ਤਨਖਾਹ ਨਾ ਮਿਲੀ ਸਈਂ।"

ਹੁਣ ਉਨ੍ਹਾਂ ਨੂੰ ਵਿਸਕੀ ਦਾ ਕਾਫੀ ਲੋਰ ਆ ਗਿਆ ਸੀ ਅਤੇ ਦਲੇਰੀ ਨਾਲ ਬਿਉਂਤਾ ਘੜ ਰਹੇ ਸਨ।

"ਚਲੋ ਠੀਕ ਆ ਕਰਦੂੰ ਖਰਚ ਜਿਨਾਂ ਕਹੇਂ।ਫਿਰ ਦਿਖਾ ਉਸਨੂੰ ਭੰਬੂ ਤਾਰੇ।"

ਫਿਰ ਬਲਵੀਰ ਬੋਲਿਆ, "ਗੱਲ ਇਉਂ ਆ ਪਿਸੌਰਾ ਸਿਆ, ਉਹ ਮੈਡਮ ਆ ਨਾ ਕੁਲਜੀਤ ਜੋ ਨਵੇਂ ਪਿੰਡ ਪੜਾਉਂਦੀ ਆ।ਉਹ ਇਕੱਲੀ ਰਹਿੰਦੀ ਆ ਉਸਦੀ ਆਪਣੇ ਮਾਂ-ਪਿਓ ਨਾਲ ਵੀ ਨਹੀਂ ਬਣਦੀ।

"ਆਹੋ ਮੈਂ ਜਾਣਦਾਂ ਉਸਨੂੰ ਚੰਗੀ ਤਰ੍ਹਾਂ।" ਪਿਸੌਰਾ ਬੋਲਿਆ।

"ਬੱਸ ਫਿਰ ਤੈਨੂੰ ਪਤਾ ਈ ਆ।ਉਸ ਨਾਲ ਗੱਲ ਕਰਕੇ ਵੇਖ ਲੈਨੇ ਆ ।ਜੇ ਉਸਨੇ ਹਾਮੀ ਭਰ ਲਈ ਕੰਮ ਆਪਣਾ ਪੱਕਾ।ਉਹ ਕਿਹੜਾ ਕੰਮ ਆ ।ਜੇ ਉਹ ਕਿਸੇ ਅਫਸਰ ਨੂੰ ਕਹੇ ਤਾਂ ਅਗਲਾ ਨਾ ਕਰੇ।"

"ਬਈ ਗੱਲ ਤਾਂ ਤੇਰੀ ਬਲਵੀਰ ਪੱਕੀ ਆ।ਪਰ ਉਸਨੂੰ ਕਹਾਂਗੇ ਕਿਵੇ?"

"ਇਹ ਕਹਿਣ ਵਾਲੀ ਗੱਲ ਮੇਰੇ ਤੇ ਛੱਡ ਦੇ।"

"ਨਾ ਤੇਰੀ ਦਾਲ ਗਲਦੀ ਆ ਉਸ ਨਾਲ?"

"ਓ ਆਹੋ ਦੇਖ ਲਾ ਗੇ, ਟਰਾਈ ਮਾਰ ਕੇ।"

ਫਿਰ ਦੋਨੋ ਤਾੜੀ ਮਾਰ ਕੇ ਹੱਸ ਪੈਂਸੇ ਹਨ।ਪਿਸੌਰਾ ਸਿੰਘ ਆਖਦਾ ਹੈ, "ਬਲਵੀਰ ਸਿਆਂ ਤੂੰ ਤਾਂ ਪੱਕਾ ਸ਼ਿਕਾਰੀ ਆ ਬਈ ਇਹੋ ਜੀ ਮੁਰਗੀ ਫੁੰਡੀ ਗੱਲ ਕਦੇ ਕੀਤੀ ਨੀ।ਹਾਂ ਫਿਰ ਕਦੋਂ ਗੱਲ ਫਲਾਏਂਗਾ।



"ਕਦੋਂ ਕੀ ਹੁਣੇ ਈ ਮੋਬਾਇਲ ਤੇ ਗੱਲ ਕਰਦੇ ਆ।"

"ਤਾਂ ਤੇਰੇ ਕੋਲ ਨੰਬਰ ਹੈਗਾ ਉਸਦਾ?"

"ਤੂੰ ਫਲ ਖਾਣਾ ਕਿ ਦਰੱਖਤ ਗਿਣਨੇ ਆ।"

ਬਲਵੀਰ ਜੇਬ ਵਿੱਚੋਂ ਮੋਬਾਈਲ ਕੱਢ ਕੇ ਕੁਲਜੀਤ ਦਾ ਨੰਬਰ ਡਾਈਲ ਕਰਦਾ ਹੈ।ਉਧਰੋਂ ਵੀ ਹੈਲੋ ਹੈਲੋ ਦੀ ਅਵਾਜ਼ ਆਉਂਦੀ ਹੈ।ਫਿਰ ਦਸ ਕੁ ਮਿੰਟ ਗੱਲਾਂ ਕਰਦੇ ਰਹਿੰਦੇ ਹਨ।ਫੋਨ ਕੱਟ ਕੇ ਬਲਵੀਰ ਮੋਬਾਇਲ ਜੇਬ ਵਿੱਚ ਪਾ ਲੈਂਦਾ ਹੈ।ਫਿਰ ਪਿਸੌਰਾ ਸਿੰਘ ਨੂੰ ਆਖਦਾ ਹੈ-

"ਲੈ ਪਈ ਇਉਂ ਕਰੀਂ ਪਰਸੋਂ ਨੂੰ ਸਹਿਰ ਚੱਲਾਗੇ।ਢਾਈ ਵਾਲੀ ਬੱਸ ਤੇ।ਉਹ ਵੀ ਉਸੇ ਬੱਸ ਤੇ ਹੀ ਆਵੇਗਾ।ਸ਼ਹਿਰ ਜਾ ਕੇ ਕਿਸੇ ਥਾਂ ਗੱਲ ਕਰ ਲਵਾਂਗੇ।

"ਰੈਸਟੋਰੈਂਟ ਚੱਲਾਗੇ।" ਪਿਸ਼ੌਰ ਸਿੰਘ ਆਖਦਾ ਹੈ।

ਅੱਜ ਉਸੇ ਬੱਸ ਤੇ ਹੀ ਬਲਵੀਰ ਸਿੰਘ ਅਤੇ ਪਿਸੌਰਾ ਸਿੰਘ ਆ ਰਹੇ ਹਨ।

ਮੈਡਮ ਕੁਲਜੀਤ ਵੀ ਉਸੇ ਬੱਸ ਤੇ ਚੜ ਜਾਂਦੀ ਹੈ।ਉਹ ਸ਼ਹਿਰ ਇਕ ਰੈਸਟੋਰੈਂਟ ਵਿੱਚ ਚਲੇ ਜਾਂਦੇ ਹਨ। ਪਸੌਰਾ ਸਿੰਘ ਦੇ ਸਾਹਮਣੇ ਬਲਵੀਰ ਸਾਰੀ ਗੱਲਬਾਤ ਮੈਡਮ ਨੂੰ ਦਸਦਾ ਹੈ।

ਮੈਡਮ ਆਖਦੀ ਹੈ, "ਦੇਖੋ ਪਹਿਲੀ ਗੱਲ ਇਹ ਆ ਕਿ ਤਿਲਕ ਰਾਮ ਮੇਰਾ ਕਲਾਸ ਮੇਟ ਰਿਹਾ ਹੈ।ਜਦੋਂ ਵੀ ਉਹ ਮਿਲਦਾ ਹੈ, ਮੈਨੂੰ ਪੂਰੀ ਸੁਖ ਸਾਂਦ ਪੁੱਛਦਾ ਹੈ।ਦੂਜੀ ਗੱਲ ਮੈਂ ਬਲਵੀਰ ਸਿੰਘ ਦੇ ਕਹੇ ਕੁਝ ਕਰ ਵੀ ਸਕਦੀ ਸੀ ਪਰ ਮੈਂ ਤੁਹਾਡੇ ਸਕੂਲ ਨਹੀਂ ਪੜ੍ਹਾਉਂਦੀ ਕਿ ਕਿਸੇ ਗੱਲ ਨੂੰ ਅਗਾਂਹ ਤੋਰਿਆ ਜਾ ਸਕੇ।ਇਤਨਾ ਜ਼ਰੂਰ ਹੋ ਸਕਦਾ ਹੈ ਕਿ ਐਸ. ਡੀ. ਐਮ. ਨੂੰ ਕਹਿ ਕੇ ਪਿਸੌਰਾ ਸਿੰਘ ਦੀ ਡਿਊਟੀ ਬਤੌਰ ਬੀ. ਐਲ. ਓ. ਕਟਵਾਈ ਜਾ ਸਕਦੀ ਹੈ।ਪਰ ਉਸਦੀ ਥਾਂ ਤੁਹਾਡੇ ਸਕੂਲ ਵਿਚੋਂ ਕਿਸੇ ਹੋਰ ਮਾਸਟਰ ਦੀ ਡਿਊਟੀ ਲੱਗੇਗੀ।

ਪਿਸੌਰਾ ਸਿੰਘ ਆਖਦਾ ਹੈ, "ਮੈਨੂੰ ਉਨ੍ਹਾਂ ਦੀ ਡਿਊਟੀ ਦਾ ਨਹੀਂ ਮੈਂ ਤਾਂ ਤਿਲਕ ਰਾਮ ਨੂੰ ਸਸਪੈਂਡ ਹੋਇਆ ਦੇਖਣਾ ਚਾਹੁੰਦਾ ਹਾਂ।ਜਿਵੇਂ ਮਰਜੀ ਆ ਕਰੋ।"

ਫਿਰ ਬਲਵੀਰ ਕੁਲਜੀਤ ਨੂੰ ਆਖਦਾ ਹੈ, "ਮੈਡਮ ਉਹ ਕਿਹੜਾ ਕੰਮ ਆ ਜਿਹੜਾ ਤੁਸੀਂ ਨਹੀਂ ਕਰ ਸਕਦੇ।"

"ਕੰਮ ਤਾਂ ਹੀ ਹੁੰਦਾ ਹੈ ਜੇ ਕੋਈ ਅਧਾਰ ਬਣੇ।ਪਿੰਡ ਤੋਂ ਸਕਾਇਤ ਕਰਵਾ ਦਿਉ।ਬਦਲੀ ਕਰਵਾ ਦਿਆਂਗੀ।ਤਾਂ ਜੇ ਉਹ ਮੇਰੇ ਸਕੂਲ ਹੁੰਦਾ ਸੋ ਉਸਨੂੰ ਕਿਸੇ ਗੱਲ ਵਿੱਚ ਫਸਾ ਲੈਂਦੀ।ਫਿਰ ਇਨਕੁਆਰੀ ਆਪਦੇ ਹੱਕ ਵਿਚ ਕਰਵਾ ਕੇ ਉਸਨੂੰ ਕੋਈ ਸਜਾ ਦਵਾ ਦਿੰਦੀ।ਪਰ ਹੁਣ ਤਾਂ ਕਿਤੇ ਵੀ ਸਾਡੇ ਇਕੱਠੇ ਹੋਣ ਦਾ ਚਾਨਸ ਨਹੀਂ।ਫਿਰ ਮੈਂ ਦੀ ਕਰ ਸਕਦੀ ਹਾਂ।ਬਲਵੀਰ ਤੁਸੀਂ ਡੀ. ਡੀ. ਓ. ਹੋ।ਤੁਸੀਂ ਹੀ ਕੁਝ ਸੋਚੋ।

"ਹਾਂ ਫਿਰ ਸੋਚ ਲਿਆ ਸਾਡੇ ਸਕੂਲ ਸਾਇੰਸ ਦੀ ਪੋਸਟ ਖਾਲੀ ਪਈ ਹੈ।ਤੂੰ ਕੁਲਜੀਤ ਉਸ ਅਸਾਮੀ ਤੇ ਆਰਡਰ ਲੈ ਆ।ਬਲਵੀਰ ਬੋਲਿਆ।

"ਚਲੋ ਸੋਚ ਲਊਂਗੀ।"

"ਸੋਚਣਾ ਨੀ ਕਰਨਾ ਹੈ।" ਪਿਸੌਰਾ ਬੋਲਿਆ।

"ਪਿਸੌਰਾ ਸਿਆ ਇਸ ਕੰਮ ਲਈ ਵੱਟਾ ਪਾਉਣਾ ਪੈਂਦਾ।ਦੇਖ ਲੈ...।ਜੇ ਹੈ ਤਿਲਾਂ 'ਚ ਤੇਲ ਤਾਂ ਦੱਸ ਦਈਂ।"

"ਦੱਸਣਾ ਕੀ ਆ।ਬੱਸ ਠੀਕ ਆ।ਮੈਂ ਕਿਹੜਾ ਥੋਡੇ ਕੋਲੋਂ ਨਾਬਰ ਆ।ਜਿਵੇਂ ਕਹੋਂ ਕਰਲਾਗੇ।ਦੱਸੋ ਕਿੰਨੇ ਕੁ ਲੱਗਣਗੇ?"

"ਆਪਣੇ ਸਕੂਲ ਦੀ ਹਿੰਦੀ ਮਿਸਟ੍ਰੈਂਸ ਨੂੰ ਪੁਛ ਕੇ ਦੇਖਲਿਉ।ਉਸਦੀ ਬਦਲੀ ਚੰਡੀਗੜ੍ਹੋਂ ਮੈਂ ਹੀ ਕਰਵਾ ਕੇ ਲਿਆਈ ਸੀ।ਪੂਰਾ ਵੀਹ ਹਜਾਰ ਲਿਆ ਸੀ।ਉਸ ਕੋਲੋਂ।ਹੁਣ ਤਾਂ ਹੋ ਵੀ ਦੋ ਸਾਲ ਗਏ ਆ।

"ਚਲੋ ਵੀਹ ਮੈਂ ਦੇ ਦਊਂ।ਪਰ ਸਰਤ ਇਹ ਆ ਬਈ ਤਿਲਕ ਰਾਮ ਸੁੱਕਾ ਨੀ ਨਿਕਲਨਾ ਚਾਹੀਦਾ। ਸਿੱਧਾ ਸਸਪੈਂਡ ਦੇਖਣਾ ਚਾਹੁੰਨਾ ਮੈਂ।"

ਉਹ ਕਿਹੜੇ ਬਾਗ ਦੀ ਮੂਲੀ ਆ ਪਿਸੌਰੀ ਸਿਆ।ਚੱਲ ਤੇਰੇ ਨਾਲ ਇਹ ਵੀ ਵਾਇਦਾ।ਲਊਂ ਪੂਰਾ

ਪੱਚੀ। ਅੱਧੋ ਪਹਿਲਾਂ ਅੱਧੋ ਤਿਲਕੇ ਨੂੰ ਸਜ਼ਾ ਮਿਲਣ ਤੇ।"

ਮੈਡਮ ਇਕ ਗੱਲ ਇਹ ਆ ਕਿ ਤਿਲਕ ਰਾਮ ਆਪਣੀ ਕਲਰਕ ਯੂਨੀਅਨ ਦਾ ਸਕੱਤਰ ਹੈ। ਦੂਜਾ ਉਸਦਾ ਮਾਮਾ ਡਿਪਟੀ ਡੀ. ਈ. ਓ. ਹੈ। ਜੋਰ ਉਸਦਾ ਵੀ ਹੈਗਾ। ਇਹ ਕੰਮ ਮੈਨੂੰ ਤਾਂ ਲਗਦਾ ਇਨਾ ਸੁਖਾਲਾ ਨੀ। ਜਿੰਨਾ ਆਪਾਂ ਸੋਚਦੇ ਆ। ਬਲਵੀਰ ਨੇ ਆਖਿਆ।

ਬਲਵੀਰ ਤੁਸੀਂ ਚੰਗੀ ਤਰ੍ਹਾਂ ਜਾਣਦੇ ਹੋ ਕਿ ਜਿਹੜਾ ਕੰਮ ਮੈਂ ਮਿਥ ਲਵਾਂ ਕਰਕੇ ਹੀ ਛੱਡਦੀ ਹੁੰਦੀ ਆ। ਉਹ ਤਾਂ ਇਕ ਕਲਰਕ ਹੈ ਤੁਸੀਂ ਦੱਸੋ ਕਿਹੜੇ ਅਫਸਰ ਨੂੰ ਫਾਹੇ ਟੰਗਣਾ?"

"ਚੱਲ ਠੀਕ ਆ ਫਿਰ ਆਪਾਂ ਤਿੰਨੇ ਹੀ ਚੰਡੀਗੜ੍ਹ ਚਲਾਂਗੇ।" ਪਿਸ਼ੌਰਾ ਸਿੰਘ ਨੇ ਆਖਿਆ।

"ਨਹੀਂ ਤੁਹਾਡੇ ਜਾਣ ਦੀ ਲੋੜ ਨਹੀਂ ਮੈਂ ਇਕੱਲੀ ਹੀ ਸਭ ਕੁਝ ਕਰਾ ਲਿਆਊਂ।"

"ਮੈਡਮ ਤਾਂ ਕੀ ਆ ਅਸੀਂ ਵੀ ਨਾਲ ਜਾ ਰਹਾਂਗੇ। ਜੇ ਵੇਕੈਂਟ ਪੋਸਟ ਲਿਖਣੀ ਹੋਈ ਤਾਂ ਬਲਵੀਰ ਸਿੰਘ ਲਿਖ ਦਊ।"

"ਨਹੀਂ ਪਿਸ਼ੌਰਾ ਸਿੰਆਂ ਤੂੰ ਰਹਿਣ ਦੇ। ਮੈਂ ਇੰਨੀ ਅਨਾੜੀ ਨੀ ਬਈ ਤੇਰੇ ਦਿਲ ਦੀ ਗੱਲ ਨਾ ਸਮਝਾਂ।"

ਅਖੀਰ ਸੋਮਵਾਰ ਦੀ ਛੁਟੀ ਲੈ ਕੇ ਬਲਵੀਰ ਸਿੰਘ ਅਤੇ ਕੁਲਜੀਤ ਮੈਡਮ ਚੰਡੀਗੜ੍ਹ ਚਲੇ ਜਾਂਦੇ ਹਨ। ਉਹ ਇਕ ਕਮਰਾ ਲੈ ਕੇ ਉਥੇ ਹੋਟਲ ਵਿਚ ਰਹਿੰਦੇ ਹਨ। ਦੂਜੇ ਦਿਨ ਬਲਵੀਰ ਖਾਲੀ ਪੋਸਟ ਲਿਖ ਕੇ ਦੇ ਆਉਂਦਾ ਹੈ। ਬਲਵੀਰ ਉਹ ਵੀ ਸਮਝਾ ਦਿੰਦਾ ਹੈ ਕਿ ਜਦ ਜੁਆਇਨ ਕਰਨਾ ਹੈ ਜੁਆਇੰਗ ਰਿਪੋਰਟ ਤਿਲਕ ਰਾਮ ਤੋਂ ਹੀ ਲਿਖਵਾਉਣੀ ਹੈ। ਵੀਰਵਾਰ ਨੂੰ ਕੁਲਜੀਤ ਸਾਇੰਸ ਦੀ ਅਸਾਮੀ ਤੇ ਆਰਡਰ ਲੈ ਕੇ ਆਪਣੇ ਸਕੂਲੋਂ ਫਾਰਗ ਹੋ ਕੇ ਪਹੁੰਚ ਜਾਂਦੀ ਹੈ। ਤਿਲਕ ਰਾਮ ਦੇ ਆਉਣ ਤੇ ਸਿੱਧਾ ਉਸਦੇ ਦਫਤਰ ਚਲੀ ਜਾਂਦੀ ਹੈ। ਸਤਿ ਸ੍ਰੀ ਅਕਾਲ ਕਹਿਣ ਤੋਂ ਬਾਅਦ ਆਪਦੇ ਬੈਗ ਵਿਚੋਂ ਬਦਲੀ ਦੇ ਆਰਡਰ ਕੱਢ ਕੇ ਉਸਨੂੰ ਫੜਾਂ ਦਿੰਦੀ ਹੈ। ਤਿਲਕ ਰਾਮ ਆਰਡਰ ਚੰਗੀ ਤਰ੍ਹਾਂ ਦੇਖਦਾ ਹੈ ਫਿਰ ਕੁਲਜੀਤ ਨੂੰ ਆਖਦਾ ਹੈ, "ਮੈਡਮ ਤੁਹਾਡੇ ਆਰਡਰ ਠੀਕ ਨਹੀਂ। ਅਧੂਰੇ ਹਨ। ਬਕਾਇਦਾ ਦਸਖਤ ਕੀਤੇ ਹੋਏ ਹਨ। ਸਕੂਲ ਦਾ ਨਾਂ ਵੀ ਬਿਲਕੁਲ ਠੀਕ ਲਿਖਿਆ ਹੋਇਆ ਹੈ।" ਉਹ ਤਿਲਕ ਰਾਮ ਦੀਆਂ ਅੱਖਾਂ ਵਿਚ ਸਿੱਧਾ ਝਾਕ ਕੇ ਕਹਿੰਦੀ ਹੈ।

"ਮੈਂ ਕਦੋਂ ਕਹਿਨਾ ਬਈ ਡੀ. ਪੀ. ਆਈ. ਦੇ ਦਸਤਖਤ ਨਹੀਂ। ਬਿਲਕੁਲ ਹਨ। ਇਸ ਵਿਚ ਜੋ ਕਮੀ ਹੈ ਤੁਸੀਂ ਕਿਹੜਾ ਭੁਲੇ ਹੋਏ ਹੋ। ਮੈਂ ਤਾਂ ਹੈਰਾਨ ਹਾਂ ਤੁਹਾਨੂੰ ਪਹਿਲੇ ਸਕੂਲ ਵਾਲਿਆਂ ਨੇ ਰਲੀਵ ਕਿਵੇਂ ਕਰ ਦਿੱਤਾ।"

"ਮੈਨੂੰ ਤਾਂ ਸਰ ਜੀ ਇਸ ਵਿਚ ਕੋਈ ਕਮੀ ਪੇਸ਼ੀ ਨਹੀਂ ਦਿਸਦੀ। ਤਾਂ ਹੀ ਤਾਂ ਰਲੀਵ ਹੋ ਕੇ ਆਈ ਹਾਂ।"

ਤਿਲਕ ਰਾਮ ਉਸਨੂੰ ਆਰਡਰਾਂ ਦੀ ਕਾਪੀ ਵਾਪਸ ਫੜਾਉਂਦਾ ਹੈ ਅਤੇ ਇਹ ਵੀ ਕਹਿੰਦਾ ਹੈ ਕਿ ਮੈਂ ਅਧੂਰੇ ਆਰਡਰਾਂ ਤੇ ਹਾਜਰ ਹੋਣ ਲਈ ਜੁਆਨਿੰਗ ਰਿਪੋਰਟ ਨਹੀਂ ਲਿਖ ਸਕਦਾ।"

"ਇਹ ਦੱਸੋ ਤਾਂ ਸਹੀ ਇਹ ਕਿਹੜੇ ਪਾਸਿਉਂ ਅਧੂਰੇ ਹਨ।"

ਮੈਡਮ ਇੰਨਾ ਉਪਰ ਡੀ. ਈ. ਓ. ਦਾ ਪਿਠ ਅੰਕਣ ਨੰਬਰ ਨਹੀਂ ਲੱਗਿਆ ਹੋਇਆ, ਤੁਹਾਨੂੰ ਪਤੈ ਇਹ ਲਗਾਣਾ ਜ਼ਰੂਰੀ ਹੁੰਦਾ ਹੈ।"

"ਵੀਰ ਜੀ ਪਿਠ ਅੰਕਣ ਨੰਬਰ ਬਾਅਦ ਵਿਚ ਲੁਆ ਦਿਆਂਗੀ ਤੁਸੀਂ ਹਾਜਰ ਕਰਵਾਉ। ਹੋ ਸਕਦਾ ਇਸ ਅਸਾਮੀ ਤੇ ਕੋਈ ਹੋਰ ਆਰਡਰ ਲੈ ਆਵੇ। ਤੇ ਮੇਰੀ ਕੀਤੀ ਕਰਾਈ ਮਿਹਨਤ ਖੂਹ ਵਿੱਚ ਪੈ ਜਾਵੇ। ਤੁਹਾਡੇ ਮਾਮਾ ਜੀ ਵੀ ਡਿਪਟੀ ਡੀ. ਈ. ਓ. ਹਨ। ਮੈਂ ਤੁਹਾਡੇ ਨਾਲ ਜਾ ਕੇ ਪਿਠ ਅੰਕਣ ਨੰਬਰ ਲੁਆ ਲਿਆਵਾਂਗੀ।"

"ਨਹੀਂ ਤੁਸੀਂ ਪਹਿਲਾ ਇੰਡੋਸਮੈਂਟ ਲਵਾਉ।"

"ਨਹੀਂ ਸਰ ਜੀ ਮੈਂ ਕਿਹੜਾ ਤੁਹਾਥੋਂ ਭਜਦੀ ਆ। ਜਿਵੇਂ ਮਰਜੀ ਆ ਕਰੋ, ਮੈਂ ਤਾਂ ਜੁਆਇਨ ਹੋਣਾ ਹੀ ਹੋਣਾ ਹੈ।"



"ਜਾਓ ਫਿਰ ਪ੍ਰਿੰਸੀਪਲ ਸਾਹਿਬ ਨਾਲ ਗੱਲ ਕਰ ਲਵੋ।"

"ਸਰ ਉਹ ਤਾਂ ਤੁਹਾਥੋਂ ਇਕ ਇੰਚ ਵੀ ਬਾਹਰ ਨਹੀਂ। ਪਲੀਜ਼ ਤੁਸੀਂ ਹਾਂ ਕਰੋ।"

"ਇਕ ਵਾਰ ਮਿਲਕੇ ਤਾਂ ਦੇਖ ਲਓ।"

ਕੁਲਜੀਤ ਆਪਣਾ ਬੈਗ ਚੁਕਦੀ ਹੈ ਅਤੇ ਸਕੂਲ ਤੋਂ ਬਾਹਰ ਹੋ ਜਾਂਦੀ ਹੈ।

ਬਾਅਦ ਵਿਚ ਬਲਵੀਰ ਤਿਲਕ ਰਾਮ ਨੂੰ ਪੁੱਛਦਾ ਹੈ, "ਕਿਉਂ ਤਿਲਕ ਰਾਮ ਮੈਡਮ ਨੇ ਜੁਆਇਨ ਕਿਉਂ ਨਹੀਂ ਕੀਤਾ?"

ਤਿਲਕ ਰਾਮ ਦਸਦਾ ਹੈ, "ਉਸਦੇ ਆਰਡਰ ਸਿਧੇ ਡੀ. ਪੀ. ਆਈ. ਦਫਤਰ ਤੋਂ ਹੋਏ ਹਨ। ਇਸ ਲਈ ਪਹਿਲਾਂ ਉਸਨੂੰ ਡੀ. ਈ. ਓ. ਦਫਤਰ ਤੋਂ ਇੰਡੋਸਮੈਂਟ ਲਵਾਉਣੀ ਪਵੇਗੀ।

ਕੁਝ ਸਮੇਂ ਬਾਅਦ ਹੀ ਬਲਵੀਰ ਦਫਤਰ ਬੈਠਿਆਂ ਕੁਲਜੀਤ ਦਾ ਫੋਨ ਆ ਜਾਂਦਾ ਹੈ। ਉਹ ਸਾਰੀ ਬੀਤੀ ਗੱਲ ਤੋਂ ਜਾਣੂ ਕਰਵਾਉਂਦੀ ਹੈ। ਆਖਦੀ ਹੈ ਕਿ "ਕੱਲ੍ਹ ਨੂੰ ਲੋਕਲ ਛੁੱਟੀ ਹੈ ਉਹ ਤਿਲਕ ਰਾਮ ਦੇ ਘਰ ਜਾ ਕੇ ਆਵੇਗੀ। ਫਿਰ ਦੇਖਾਂਗੀ ਕਿ ਤਿਲਕ ਰਾਮ ਕਿਵੇਂ ਜੁਆਇਨ ਨਹੀਂ ਕਰਵਾਉਂਦਾ।"

ਬਲਵੀਰ ਕਹਿੰਦਾ ਹੈ, "ਠੀਕ ਆ ਕੱਲ ਨੂੰ ਜਾਈਂ। ਕੱਲ ਨੂੰ ਪੁੰਨਿਆ ਹੈ। ਇਸ ਦੇ ਘਰ ਵਾਲੀ ਹਰੇਕ ਪੁੰਨਿਆ ਤੇ ਜਾਂਦੀ ਹੈ। ਇਹ ਇਕੱਲਾ ਹੀ ਘਰ ਹੋਵੇਗਾ। ਜੁਆਇਨ ਉਸਤੋਂ ਹਾਂ ਕਰਾ ਕੇ ਹੀ ਹੋਣਾ ਹੈ। ਇਹ ਕੰਮ ਤੇਜੀ ਨਾਲ ਕਰ ਲਈਂ। ਪਸ਼ੌਰਾ ਸਿੰਘ ਵਾਰ ਵਾਰ ਪੁੱਛਦਾ ਹੈ। ਉਸਦਾ ਤਿੰਨ ਵਾਰ ਫੋਨ ਆ ਚੁੱਕਿਆ ਹੈ।

"ਠੀਕ ਹੈ ਕੱਲ ਨੂੰ ਉਸਤੋਂ ਹਾਂ ਕਰਵਾ ਕੇ ਹੀ ਜੁਆਇਨ ਕਰ ਲਵਾਂਗੀ।

ਦੂਜੇ ਦਿਨ ਕੁਲਜੀਤ ਐਕਟਵਾ ਲੈ ਕੇ ਤਿਲਕ ਰਾਮ ਦੇ ਘਰ ਪਹੁੰਚ ਜਾਂਦੀ ਹੈ। ਉਸਦੇ ਜੀਨ ਅਤੇ ਟੀ ਸ਼ਰਟ ਪਾਈ ਹੁੰਦੀ ਹੈ। ਉਸਦਾ ਪੂਰਾ ਮੇਕਅੱਪ ਕੀਤਾ ਹੁੰਦਾ ਹੈ। ਅਗਾਂਹ ਤਿਲਕ ਰਾਮ ਕਮਰੇ ਵਿੱਚ ਕੂਲਰ ਛੱਡ ਕੇ ਪਿਆ ਹੈ। ਅਤੇ ਸੀ. ਡੀ. ਪਲੇਅਰ ਤੇ ਕੋਈ ਫਿਲਮ ਦੇਖ ਰਿਹਾ ਹੈ। ਉਹ ਹੈਰਾਨੀ ਨਾਲ ਕੁਲਜੀਤ ਨੂੰ ਵੇਖਦਾ ਹੈ। ਉਹ ਸੋਚਦਾ ਹੈ ਕਿ ਮੈਡਮ ਨੂੰ ਬਿਨਾ ਦੱਸੇ ਨਹੀਂ ਸੀ ਆਉਣਾ ਚਾਹੀਦਾ। ਘਰ ਵਾਲੀ ਅਜੇ ਘਰ ਆਈ ਨਹੀਂ। ਪਰ ਉਹ ਉਸਨੂੰ ਕੁਝ ਕਹਿ ਵੀ ਨਹੀਂ ਸਕਦਾ। ਉਹ ਨੇ ਸੋਚਣਾ ਹੈ ਜਦ ਕੋਈ ਮਹਿਮਾਨ ਘਰ ਆ ਜਾਵੇ ਤਾਂ ਉਸਨੂੰ ਆਖਿਆ ਵੀ ਕੀ ਸਕਦਾ ਹੈ। ਪਰ ਫੇਰ ਵੀ ਇਸ ਤਰ੍ਹਾਂ ਆਉਣਾ ਉਹ ਬੇਵਕੂਫੀ ਸਮਝਦਾ ਹੈ।

ਕੁਲਜੀਤ ਸਿੱਧੀ ਡਰਾਇੰਗ ਰੂਮ ਵਿੱਚ ਪਹੁੰਚ ਜਾਂਦੀ ਹੈ। ਉਸਨੇ ਜਾਣ ਸਾਰ ਤਿਲਕ ਰਾਮ ਨੂੰ ਸਤਿ ਸ੍ਰੀ ਅਕਾਲ ਬੁਲਾ ਦਿੱਤੀ ਜਿਸਨੂੰ ਤਿਲਕ ਰਾਮ ਨੇ ਅਣਮੰਨੇ ਮਨ ਨਾਲ ਸਿਰ ਝੁਕਾ ਕੇ ਪ੍ਰਵਾਨ ਕਰ ਲਿਆ। ਫਿਰ ਕੁਲਜੀਤ ਹਲਕਾ ਜਿਹਾ ਮੁਸਕਰਾਈ। ਉਸਦੇ ਚਿੱਟੇ ਦੰਦ ਮੋਤੀਆਂ ਵਾਂਗ ਚਮਕ ਰਹੇ ਸਨ। ਉਸਦੇ ਚਿਹਰੇ ਤੇ ਸੰਗ ਸ਼ਰਮ ਦਾ ਕੋਈ ਹਾਵ ਭਾਵ ਨਹੀਂ ਸੀ। ਉਸਨੇ ਤਿਲਕ ਰਾਮ ਨੂੰ ਪਾਣੀ ਪਿਆਉਣ ਲਈ ਆਖਿਆ। ਉਹ ਰਸੋਈ ਵਿੱਚ ਜਾ ਕੇ ਫਰਿਜ ਵਿੱਚੋਂ ਪਾਣੀ ਲੈਣ ਚਲਾ ਗਿਆ। ਇਸ ਸਮੇਂ ਦੌਰਾਨ ਹੀ ਕੁਲਜੀਤ ਨੇ ਸੀ. ਡੀ. ਪਲੇਅਰ ਵਿੱਚ ਡੈਸਕ ਪਾ ਦਿੱਤੀ ਅਤੇ ਰਿਮੋਟ ਦਾ ਬਟਨ ਨੱਪ ਦਿੱਤਾ। ਜਦ ਤਿਲਕ ਰਾਮ ਪਾਣੀ ਲੈ ਕੇ ਆਇਆ ਉਸਦੀਆਂ ਨਜ਼ਰਾਂ ਥਾਏਂ ਗੱਡੀਆਂ ਗਈਆਂ, ਹੈਂ! ਇਹ ਕੀ 'ਬਲਿਊ ਫਿਲਮ' ਉਸਦੇ ਮਨ ਵਿੱਚ ਜਲੂਣ ਹੋਣ ਲੱਗਾ।

ਉਸਨੇ ਆਖਿਆ, "ਮੈਡਮ ਇਹ ਤੁਹਾਡੇ ਲਈ ਠੀਕ ਨਹੀਂ। ਮੇਰੇ ਘਰ ਆ ਕੇ ਇੰਨੀ ਖੁਲ੍ਹ ਦਿਲੀ। ਮੈਂ ਇਸਨੂੰ ਲਾਈਕ ਨਹੀਂ ਕਰਦਾ। ਬਿਹਤਰ ਇਹ ਹੀ ਆ ਕਿ ਤੂੰ ਚਲੀ ਜਾ ਕਿਉਂਕਿ ਮੈਂ ਘਰ ਵਿੱਚ ਇਕੱਲਾ ਹਾਂ। ਕੱਲ ਨੂੰ ਮੇਰੇ ਨਾਲ ਸਕੂਲ ਗੱਲ ਕਰ ਲਈਂ।"

"ਸਰ ਮੈਨੂੰ ਪਤੈ ਤੁਸੀਂ ਇਕੱਲੇ ਹੋ। ਉਹ ਵੀ ਸਾਮ ਦੇ ਪੰਜ ਵਜੇ ਤੱਕ ਇਸ ਕਾਰਨ ਹੀ ਮੈਂ ਆਈ ਹਾਂ।"

ਤਿਲਕ ਰਾਮ ਸੋਚਣ ਲੱਗਾ ਮੇਰੇ ਇਕੱਲੇ ਹੋਣ ਦਾ ਇਸਨੂੰ ਕਿਵੇਂ ਪਤਾ ਲੱਗ ਗਿਆ। ਇਹ ਸੋਚਦਾ ਹੋਇਆ ਉਹ ਕਮਰੇ ਤੋਂ ਬਾਹਰ ਹੋ ਗਿਆ। ਉਸਨੂੰ ਕੁਝ ਵੀ ਨਹੀਂ ਸੀ ਸੁਝ ਰਿਹਾ। ਐਵੇਂ ਉਂਗਲਾਂ ਦੇ ਪਟਾਕੇ ਵਜਾਈ ਜਾਵੇ। ਇਹ ਸੁਲਗਦੀ ਅੱਗ ਉਸਦੇ ਆਪੇ ਤੋਂ ਬਾਹਰ ਹੋਈ ਜਾ ਰਹੀ ਸੀ। ਉਸਨੇ ਮਾਨਸਕ ਤੌਰ ਤੇ

ਸਾਰੀ ਸਕਤੀ ਇਕੱਠੀ ਕਰਕੇ ਕੁਲਜੀਤ ਨੂੰ ਬਾਂਹ ਤੋਂ ਫੜ ਕੇ ਬਾਹਰ ਕੱਢਣ ਬਾਰੇ ਸੋਚਿਆ। ਜਦ ਉਹ ਅੰਦਰ ਗਿਆ ਤਾਂ ਹੋਰ ਵੀ ਹੈਰਾਨ ਰਹਿ ਗਿਆ। ਕੁਲਜੀਤ ਨੇ ਟੀ. ਸਰਟ ਦੇ ਬਟਨ ਖੋਲੇ ਹੋਏ ਸਨ ਤੇ ਉਸਦੇ ਜਿਸਮ 'ਚੋਂ ਅਜੀਬ ਕਿਸਮ ਦੀ ਗੰਧ ਆ ਰਹੀ ਸੀ।

ਤਿਲਕ ਰਾਮ ਦੀ ਨਸ ਨਸ ਵਿਚੋਂ ਸਪੋਲੀਏ ਰੀਂਗਣ ਲੱਗੇ। ਉਧਰ ਟੀ. ਵੀ. ਤੇ ਹੋ ਰਹੀਆਂ ਅਸ਼ਲੀਲ ਹਰਕਤਾਂ ਉਸਨੂੰ ਹੋਰ ਵੀ ਉਤੇਜਿਤ ਕਰ ਰਹੀਆਂ ਸਨ। ਕੁਲਜੀਤ ਨੇ ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਹੋਇਆਂ ਉਸਨੂੰ ਘੁਟ ਕੇ ਜੱਫੀ ਪਾ ਲਈ। ਤਿਲਕ ਰਾਮ ਨੇ ਉਸਨੂੰ ਇੱਕੋ ਝਟਕੇ ਨਾਲ ਵਗਾਹ ਕੇ ਪਰੇ ਧੱਕ ਦਿੱਤਾ। ਉਥੋਂ ਉਹ ਸਿੱਧਾ ਬਾਹਰ ਆ ਗਿਆ। ਉਸਦਾ ਸਰੀਰ ਕੰਬਣ ਲੱਗਾ ਜਿਵੇਂ ਭੁਚਾਲ ਆ ਗਿਆ ਹੋਵੇ। ਉਸਨੂੰ ਆਪਣੇ ਪੈਰ ਮਣ ਮਣ ਦੇ ਭਾਰੇ ਹੁੰਦੇ ਜਾਪੇ। ਫੌਜ਼ੀ ਉਸਦੇ ਮੋਡੇ ਥੱਲਿਉਂ ਖਿਸਕਣ ਵਾਲੀ ਹੋ ਗਈ। ਵਿਹੜੇ ਵਿੱਚ ਬਰਕੈਣ ਥੱਲੇ ਮੰਜਾ ਪਿਆ ਸੀ। ਉਹ ਉਸ ਉਪਰ ਜਾ ਪਿਆ।

ਕੁਝ ਕੁ ਸਮੇਂ ਬਾਅਦੀ ਉਸਨੇ ਮੇਨ ਗੇਟ ਪੂਰੀ ਤਰ੍ਹਾਂ ਖੋਲ ਦਿੱਤਾ। ਗੇਟ ਨਾਲ ਲੱਗੀ ਪਾਣੀ ਵਾਲੀ ਟੂਟੀ ਤੋਂ ਪਾਣੀ ਪੀਣ ਲੱਗਾ। ਫਿਰ ਉਸਨੇ ਜੇਬ ਵਿਚੋਂ ਮੋਬਾਈਲ ਕੱਢਿਆ ਅਤੇ ਸਾਰੀ ਗੱਲ ਆਪਣੀ ਪਤਨੀ ਨੂੰ ਦੱਸ ਦਿੱਤੀ। ਉਹ ਦੁਬਾਰਾ ਮੰਜੇ ਤੇ ਆ ਪਿਆ।

ਕੁਲਜੀਤ ਨੇ ਉਸਨੂੰ ਫੋਨ ਕਰਦੇ ਨੂੰ ਦੇਖ ਲਿਆ। ਉਸਨੇ ਕੱਪੜੇ ਠੀਕ ਕੀਤੇ ਤੇ ਐਕਟਵਾ ਚੁੱਕ ਕੇ ਬਾਹਰ ਹੋ ਗਈ।

ਸ਼ਾਮ ਨੂੰ ਡੀ. ਈ. ਓ. ਦਫਤਰੋਂ ਤਿਲਕ ਰਾਮ ਨੂੰ ਪ੍ਰਧਾਨ ਦਾ ਫੋਨ ਆ ਜਾਂਦਾ ਹੈ। ਉਸਨੂੰ ਆਖਿਆ ਜਾਂਦਾ ਹੈ ਕਿ ਉਹ ਜ਼ਰੂਰੀ ਡਾਕ ਲੈ ਜਾਵੇ। ਦੂਜੀ ਗੱਲ ਯੂਨੀਅਨ ਦੇ ਮਸਲਿਆ ਬਾਰੇ ਅਹਿਮ ਮੀਟਿੰਗ ਬੁਲਾਉਣੀ ਹੈ ਇਸ ਲਈ ਤਿਲਕ ਰਾਮ ਦੀ ਹਾਜਰੀ ਜ਼ਰੂਰੀ ਹੈ। ਤਿਲਕ ਰਾਮ ਉਸੇ ਸਮੇਂ ਹੀ ਡੀ. ਟੀ. ਓ ਦਫਤਰ ਚਲਿਆ ਜਾਂਦਾ ਹੈ।

ਅਗਲੇ ਦਿਨ ਜਦ ਤਿਲਕ ਰਾਮ ਸਕੂਲ ਪਹੁੰਚਦਾ ਹੈ ਉਸਨੇ ਦੇਖਿਆ ਕਿ ਕੁਲਜੀਤ ਅੱਜ ਫਿਰ ਮੈਡਮਾਂ ਵਿਚ ਬੈਠੀ ਹੈ। ਪਰੇਅਰ ਹੋਣ ਤੋਂ ਬਾਅਦ ਉਸਨੇ ਤਿਲਕ ਰਾਮ ਨੂੰ ਆਖਿਆ, "ਤੂੰ ਤਾਂ ਮੇਰੀ ਕੋਈ ਪੇਸ਼ ਨਹੀਂ ਜਾਣ ਦਿੱਤੀ। ਹੁਣ ਮੈਂ ਤੈਨੂੰ ਜੁਆਇਨ ਕਰਕੇ ਦਿਖਾਵਾਂਗੀ। ਮੈਂ ਵੀ ਆਪਣੇ ਪਿਓ ਦੀ ਧੀ ਨਹੀਂ ਜੇ ਜੁਆਇਨ ਨਾ ਕਰਾਂ।"

ਮੈਂ ਕਦੋਂ ਕਹਿ ਨਾ ਜੁਆਇਨ ਨਾ ਕਰ। ਜੇ ਹਿੰਮਤ ਹੈ ਤਾਂ ਫਿਰ ਕਰਲੈ।"

ਤਿਲਕ ਰਾਮ ਨੇ ਆਖਿਆ।

ਜਦ ਨੂੰ ਪਿਸੌਰਾ ਸਿੰਘ ਵੀ ਆ ਜਾਂਦਾ ਹੈ ਉਹ ਤਿਲਕ ਰਾਮ ਨੂੰ ਕਹਿੰਦਾ ਹੈ,

"ਬਾਬੂ ਜੀ ਤੁਸੀਂ ਵੀ ਬੱਚਿਆਂ ਦਾ ਨੁਕਸਾਨ ਕਰਵਾ ਕੇ ਰਾਜੀ ਹੋ ਜਦ ਸਾਇੰਸ ਦੀ ਪੋਸਟ ਖਾਲੀ ਪਈ ਹੈ ਤਾਂ ਮੈਡਮ ਨੂੰ ਜੁਆਇਨ ਕਰਵਾਉਣ ਵਿਚ ਕੀ ਹਰਜ ਹੈ।"

"ਮੈਂ ਕਦੋਂ ਕਹਿਨਾ ਹਾਜਰ ਨਾ ਹੋਵੇ। ਉਸਨੂੰ ਬਲਵੀਰ ਸਿੰਘ ਪਾਸ ਹਾਜਰ ਹੋਣ ਲਈ ਆਖਣਾ ਚਾਹੀਦਾ ਹੈ।"

"ਯਾਰ ਤਿਲਕ ਰਾਮ ਤੇਰੀ ਹਾਂ ਵੀ ਤਾਂ ਜ਼ਰੂਰੀ ਹੈ। " ਪਿਸੌਰਾ ਸਿੰਘ ਬੋਲਿਆ।

"ਜਨਾਬ ਜਦ ਅਸਾਮੀ ਹੀ ਖਾਲੀ ਨਹੀਂ ਫਿਰ ਮੈਂ ਜੁਆਇਨ ਕਰਨ ਲਈ ਕਿਵੇਂ ਹਾਂ ਕਹਿ ਸਕਦਾ ਹਾਂ।"

ਕੁਲਜੀਤ ਦੇ ਸੱਤੀ ਕੱਪੜੀਂ ਅੱਗ ਲੱਗ ਗਈ। ਉਹ ਕਹਿਣ ਲੱਗੀ, 'ਡੀ. ਪੀ. ਆਈ. ਦਫਤਰ ਵਾਲੇ ਪਾਗਲ ਤਾਂ ਨਹੀਂ ਜਿੰਨਾਂ ਨੇ ਇਸ ਅਸਾਮੀ ਤੇ ਮੇਰੇ ਆਰਡਰ ਕੀਤੇ ਹਨ।"

ਸਾਰੇ ਸਟਾਫ ਵਿੱਚ ਘੁਸਰ ਮੁਸਰ ਸ਼ੁਰੂ ਹੋ ਜਾਂਦੀ ਹੈ ਕਿ ਸਕੂਲ ਦਾ ਕਲਰਕ ਹੀ ਮਾਨ ਨਹੀਂ। ਹੁਣ ਆਖ ਰਿਹਾ ਹੈ ਕਿ ਇਸ ਸਕੂਲ ਵਿਖੇ ਸਾਇੰਸ ਦੀ ਪੋਸਟ ਖਾਲੀ ਨਹੀਂ ਫਿਰ ਪੋਸਟ ਕਿਧਰ ਗਈ। ਅਜੇ ਤਿੰਨ ਮਹੀਨੇ ਤਾਂ ਹੋਏ ਹਨ ਜਦ ਸੁਨੀਤਾ ਰਾਣੀ ਇਸ ਪੋਸਟ ਤੋਂ ਬਦਲੀ ਕਰਵਾ ਕੇ ਗਈ ਹੈ,

ਬਲਵੀਰ ਦੇ ਘੰਟੇ ਦੀ ਛੁੱਟੀ ਤੇ ਹੁੰਦਾ ਹੈ। ਜਦ ਉਹ ਆਉਂਦਾ ਹੈ ਤਾਂ ਕੁਲਜੀਤ ਇਕ ਮੈਡਮ ਨੂੰ ਲੈ ਕੇ



ਉਸ ਪਾਸ ਦਫਤਰ ਪਹੁੰਚ ਜਾਂਦੀ ਹੈ। ਹਾਜਰ ਹੋਣ ਲਈ ਆਰਡਰ ਬਿਨੈ ਪੱਤਰ ਬਲਵੀਰ ਦੇ ਮੇਜ ਤੇ ਰੱਖ ਦਿੰਦੀ ਹੈ।

ਬਲਵੀਰ ਸੋਚਦਾ ਹੈ ਕਿ ਸੱਪ ਦੇ ਮੂੰਹ ਵਿਚ ਕੋਹੜ ਕਿਰਲੀ ਵਾਲੀ ਗੱਲ ਹੋ ਗਈ। ਜੇ ਜੁਆਇਨ ਨਹੀਂ ਕਰਵਾਉਂਦਾ ਤਾਂ ਕੁਲਜੀਤ ਕੀ ਸੋਚੇਗੀ, ਅਤੇ ਪਿਸੌਰਾ ਸਿੰਘ ਨੇ ਤਾਂ ਖਹਿੜਾ ਹੀ ਨਹੀਂ ਛੱਡਣਾ, ਜੇ ਜੁਆਇਨ ਕਰਵਾਉਂਦਾ ਹਾਂ ਤਾਂ ਸਕਾਇਤ ਹੋ ਸਕਦੀ ਹੈ ਕਿਉਂਕਿ ਬਦਲੀ ਦੇ ਹੁਕਮਾਂ ਤੇ ਡੀ. ਈ. ਓ. ਦਫਤਰ ਵੱਲੋਂ ਇੰਡੋਸਮੈਂਟ ਨਹੀਂ ਲੱਗੀ।

ਉਹ ਮੇਜ ਉਪਰ ਦੋਨਾਂ ਹੱਥਾਂ ਨਾਲ ਆਪਦਾ ਸਿਰ ਘੁੱਟਕੇ ਬਹਿ ਜਾਂਦਾ ਹੈ।

ਪਿਸੌਰਾ ਸਿੰਘ ਆਖਦਾ ਹੈ, "ਬਲਵੀਰ ਹੁਣ ਕੀ ਸੋਚਦਾ ਏਂ। ਮੈਡਮ ਨੂੰ ਜੁਆਇਨ ਕਰਵਾ। ਅਕਸਰ ਯਾਰ ਤੂੰ ਮੌਕੇ ਦਾ ਅਫਸਰ ਹੈਂ ਕੀ ਨਹੀਂ ਕਰ ਸਕਦਾ।"

ਜਦ ਨੂੰ ਸਟਾਫ ਦੇ ਚਾਰ ਪੰਜ ਮੈਂਬਰ ਹੋਰ ਜਾ ਜਾਂਦੇ ਹਨ। ਮੈਡਮਾਂ ਕਹਿ ਰਹੀਆਂ ਹਨ, "ਸਰ ਕੁਲਜੀਤ ਨੂੰ ਜੁਆਇਨ ਕਰਵਾਉ। ਸਾਡਾ ਵੀ ਪੀਰਡਾਂ ਦਾ ਕੁਝ ਬੋਝ ਘਟੇਗਾ।"

ਅਖੀਰ ਬਲਵੀਰ ਸਿੰਘ ਆਖਦਾ ਹੈ ਕਿ ਮੈਂ ਇੰਨਾ ਨੂੰ ਹਾਜਰ ਤਾਂ ਕਰਵਾ ਲੈਂਦਾ ਹਾਂ। ਕੱਲ ਕਲੋਤਰ ਨੂੰ ਕੋਈ ਵੀ ਮੇਰੇ ਵਿਰੁੱਧ ਅਣ-ਸੁਖਾਵੀਂ ਘਟਨਾ ਵਾਪਰੀ ਤਾਂ ਤੁਹਾਨੂੰ ਮੇਰੇ ਮੋਢੇ ਨਾਲ ਮੋਢਾ ਜੋੜਕੇ ਖੜਨਾ ਪਵੇਗਾ।

ਸਾਰੇ ਹਿੱਕ ਠੋਕ ਕੇ ਆਖਦੇ ਹਨ, "ਸਰ ਅਸੀਂ ਤੁਹਾਡੇ ਨਾਲ ਤਾਂ ਤੁਹਾਥੋਂ ਪਹਿਲਾਂ ਅਸੀਂ ਸੂਲੀ ਚੜਨ ਲਈ ਤਿਆਰ ਹੋਵਾਂਗੇ। ਕੋਈ ਆਫਤ ਨਹੀਂ ਆਉਂਦੀ ਤੁਸੀਂ ਆਰਡਰ ਬੁੱਕ ਤੇ ਆਰਡਰ ਲਿਖੋਂ।"

ਸ਼ਾਮ ਲਾਲ, ਤਿਲਕ ਰਾਮ ਨੂੰ ਸਭ ਕੁਝ ਦੱਸ ਦਿੰਦਾ ਹੈ।

ਬਲਵੀਰ ਤਿਲਕ ਰਾਮ ਤੋਂ ਆਰਡਰ ਬੁਕ ਮੰਗਵਾ ਲੈਂਦਾ ਹੈ। ਜਦ ਉਹ ਆਰਡਰ ਲਿਖਣ ਲਗਦਾ ਹੈ, ਜਦ ਨੂੰ ਤਿਲਕ ਰਾਮ ਆ ਜਾਂਦਾ ਹੈ ਅਤੇ ਕਹਿੰਦਾ ਹੈ,

"ਪ੍ਰਿੰਸੀਪਲ ਸਾਹਿਬ, ਆਹ ਡਾਕ ਦਾ ਥੱਬਾ ਕੱਲ ਡੀ. ਈ. ਓ. ਦਫਤਰ ਵਾਲਿਆਂ ਨੇ ਭੇਜਿਆ ਹੈ। ਇਸ ਨੂੰ ਪੜ੍ਹ ਲਵੋਂ। ਤਾ ਜੋ ਲੋੜੀਂਦੇ ਪੱਤਰਾਂ ਦਾ ਜਬਾਬ ਦਿੱਤਾ ਜਾ ਸਕੇ।"

ਪਿਸੌਰਾ ਸਿੰਘ ਕਹਿੰਦਾ ਹੈ, "ਬਲਵੀਰ ਡਾਕ ਪਾਸੇ ਰੱਖ। ਬਾਅਦ ਵਿਚ ਦੇਖ ਲਈਂ। ਪਹਿਲਾਂ ਆਰਡਰ ਲਿਖਕੇ ਪਰੇ ਕਰ।"

ਉਹ ਆਰਡਰ ਲਿਖਣਾ ਸੁਰੂ ਕਰਦਾ ਹੈ। ਤਿਲਕ ਰਾਮ ਇਕ ਹੋਰ ਪੱਤਰ ਫੜਾ ਦਿੰਦਾ ਹੈ ਅਤੇ ਆਖਦਾ ਹੈ, ਇਸਨੂੰ ਚੰਗੀ ਤਰ੍ਹਾਂ ਪੜ੍ਹ ਲਵੋ ਬਹੁਤ ਹੀ ਜ਼ਰੂਰੀ ਪੱਤਰ ਹੈ।"

ਬਲਵੀਰ ਦੇਖਕੇ ਹੱਕਾ ਬੱਕਾ ਰਹਿ ਜਾਂਦਾ ਹੈ। ਫਿਰ ਉਹ ਸਟਾਫ ਨੂੰ ਦਸਦਾ ਹੈ ਕਿ ਆਪਣੇ ਸਕੂਲ ਸਾਇੰਸ ਦੀ ਅਸਾਮੀ ਸਰਪਲੱਸ ਹੋਣ ਕਾਰਨ ਕਿਸੇ ਹੋਰ ਸਕੂਲ ਵਿਖੇ ਸਿਫਟ ਕਰ ਦਿੱਤੀ ਗਈ ਹੈ।

ਕੁਲਜੀਤ ਨਿਰਾਸ ਹੋਈ ਤਿਲਕ ਰਾਮ ਵੱਲ ਅੱਖਾਂ ਕੱਢਕੇ ਕਹਿੰਦੀ ਹੈ, "...ਮੈਂ ਸੱਪ ਤੋਂ ਨੀਂ ਡਰਦੀ ਸਿੰਹ ਤੋਂ ਨੀਂ ਡਰਦੀ ਪਰ ਆ 'ਤੁਪਕੇ' ਨੇ ਮਾਰੀ।

## ਸ਼ਬਦ ਚਿੱਤਰ / ਮੈਂ ਸਵਰਨ ਚੰਦਨ ਹਾਂ/- ਜਿੰਦਰ

ਆਤਾ ਹੈ ਦਾਗ਼-ਏ-ਹਸਰਤੇ ਦਿਲ ਕਾ ਸ਼ੁਮਾਰ ਯਾਦ।
ਮੁਝਸੇ ਮੇਰੇ ਗੁਨਾਹ ਕਾ ਹਿਸਾਬ ਏ ਖ਼ੁਦਾ ਨ ਮਾਂਗ।

ਜੂਨ, 1998 ਦੀ ਇਕ ਸ਼ਾਮ। ਮੈਂ ਤੇ ਹਰਜੀਤ ਅਟਵਾਲ ਸਾਊਥਾਲ ਦੇ ਇਕ ਪਬ 'ਚ ਬੈਠੇ ਸੀ। ਮੈਨੂੰ ਇੰਗਲੈਂਡ ਆਇਆਂ ਚਾਰ ਦਿਨ ਹੋਏ ਸਨ। ਮੈਂ ਕਿਸੇ ਪਬ 'ਚ ਪਹਿਲੀ ਵਾਰ ਗਿਆ ਸੀ। ਅਸੀਂ ਸ਼ੀਸ਼ੇ ਵਾਲੀ ਖਿੜਕੀ ਕੋਲ ਪਏ ਮੇਜ਼ ਕੁਰਸੀਆਂ 'ਤੇ ਆਹਮੋ-ਸਾਹਮਣੇ ਬੈਠੇ ਸੀ। ਮੇਰਾ ਧਿਆਨ ਹਰਜੀਤ ਦੀਆਂ ਗੱਲਾਂ ਵੱਲ ਘੱਟ, ਸ਼ਰਾਬ ਦੀਆਂ ਬੋਤਲਾਂ ਅੱਗੇ ਖੜੀ ਗੋਰੀ ਵੱਲ ਜ਼ਿਆਦਾ ਸੀ। ਵਿਚ-ਵਿਚਾਲੇ ਮੈਂ, ਮੇਰੇ ਖੱਬੇ ਹੱਥ ਪੈਂਦੀ ਨਹਿਰ ਵੱਲ ਦੇਖ ਲੈਂਦਾ। ਨਹਿਰ ਦਾ ਪਾਣੀ ਹਰਿਆਲੀ ਦੀ ਝਲਕ ਮਾਰਦਾ ਸੀ। ਹਰਜੀਤ ਦੀਆਂ ਗੱਲਾਂ 'ਚ ਵਾਰ-ਵਾਰ ਸਵਰਨ ਚੰਦਨ ਦਾ ਜ਼ਿਕਰ ਆ ਰਿਹਾ ਸੀ। ਉਹ ਦੱਸ ਰਿਹਾ ਸੀ, "ਡਾਕਟਰ ਬਿਨਾਂ, ਇਥੇ ਮੇਰੇ ਕੋਲ ਕੋਈ ਸਿਆਣਾ ਲੇਖਕ ਹੈ ਨਹੀਂ। ਉਹਨੂੰ ਸਾਹਿਤ ਦੀ ਸਮਝ ਆ। ਸਾਹਿਤ ਦੀ ਰਾਜਨੀਤੀ ਦੀ ਸਮਝ ਆ। ਜਦੋਂ ਕੋਈ ਪੇਪਰ ਲਿਖਣ ਵਾਲਾ ਨਾ ਲੱਭੇ ਤਾਂ ਮੈਂ ਉਹਨੂੰ ਵਰਤ ਲੈਂਦਾ ਹਾਂ। ਉਹ ਸਿੰਗ ਫਸਾਉਣ ਨੂੰ ਸ਼ੇਰ ਆ। ਸਿੰਗ ਐਵੇਂ ਨਹੀਂ ਫਸਦੇ ਹੁੰਦੇ-ਕਿਸੇ ਦੇ ਕੁਸ਼ ਪਲੇ ਹੋਊ ਤਾਂ ਅਗਲਾ ਸਿੰਗ 'ਚ ਸਿੰਗ ਮਾਰੂੰਗਾ....।" ਹਰਜੀਤ ਨੂੰ ਛੇਤੀ ਹੀ ਪਤਾ ਲੱਗ ਗਿਆ ਸੀ ਕਿ ਮੈਂ ਉਸ ਦੀਆਂ ਗੱਲਾਂ ਧਿਆਨ ਨਾਲ ਨਹੀਂ ਸੁਣ ਰਿਹਾ। ਉਸ ਹੱਸਦਿਆਂ ਹੋਇਆਂ ਕਿਹਾ ਸੀ, "ਚਲ ਉੱਠ ਪਹਿਲਾਂ ਤੇਰਾ ਹੱਥ ਗੋਰੀ ਨਾਲ ਮਿਲਾ ਲਿਆਵਾਂ। ਜਫੀ ਪਵਾ ਲਿਆਵਾਂ। ਉਦਾਂ ਤੈਨੂੰ ਰਜ ਨਹੀਂ ਆਉਣਾ।" ਉਦੋਂ ਕੁ ਹੀ ਸਵਰਨ ਚੰਦਨ ਆ ਗਿਆ ਸੀ। ਸਾਡੇ ਗਿਲਾਸ ਅੱਧੇ ਕੁ ਖਾਲੀ ਹੋ ਗਏ ਸਨ। ਹਰਜੀਤ ਚੰਦਨ ਲਈ ਇਕ ਪਵਾਇੰਟ ਬੀਅਰ ਦਾ ਲੈ ਆਇਆ। ਇਸੇ ਵਿਚਕਾਰ ਅਸੀਂ ਰਸਮੀ ਜਿਹੀਆਂ ਗੱਲਾਂ ਕੀਤੀਆਂ। ਲੇਖਕਾਂ ਬਾਰੇ ਜ਼ਿਆਦਾ। ਨਵੀਂਆਂ ਛਪੀਆਂ ਕਿਤਾਬਾਂ ਬਾਰੇ ਘਟ। ਉਸ ਨੇ ਵਾਰ-ਵਾਰ ਮੈਥੋਂ ਦਿੱਲੀ ਦਰਬਾਰ ਬਾਰੇ ਪੁੱਛਿਆ ਸੀ। ਮੈਂ ਉਸਨੂੰ ਆਪ ਬੀਤੀ ਸੁਣਾਈ ਸੀ, "ਇਕ ਵਾਰ ਨੂਰ ਜਲੰਧਰ ਮਿਲਿਆ। ਉਹਨੇ ਮੈਨੂੰ ਕਿਹਾ ਕਿ ਮੈਂ ਉਹਨੂੰ ਇਕ ਹਫ਼ਤੇ 'ਚ ਹਿੰਦੀ 'ਚ ਕਹਾਣੀ ਅਨੁਵਾਦ ਕਰਕੇ ਭੇਜਾਂ। ਉਹ ਪੰਜਾਬੀ ਦੀਆਂ ਅੱਠ-ਦੱਸ ਕਹਾਣੀਆਂ 'ਸਮਕਾਲੀਨ ਭਾਰਤੀਯ ਸਾਹਿਤਯ' 'ਚ ਛਪਵਾਵੇਗਾ। ਮੈਂ ਕਿਸੇ ਕੋਲੋਂ ਕਹਾਣੀ ਅਨੁਵਾਦ ਕਰਾ ਕੇ ਭੇਜ ਦਿੱਤੀ। ਦੋ ਸਾਲ ਹੋ ਗਏ, ਕਹਾਣੀ ਨ੍ਹੀਂ ਛਪੀ। ਨੂਰ ਤਾਂ ਸਾਰਿਆਂ ਨੂੰ ਮੂੰਹ-ਜਬਾਨੀ ਪੁੱਤ ਦੇ ਦਿੰਦਾ ਆ।" ਫੇਰ ਚੰਦਨ ਸ਼ੁਰੂ ਹੋ ਗਿਆ। ਉਹਨੇ ਨੂਰ ਦੇ ਪੋਤੜੇ ਫੋਲੇ ਸੀ। ਖੂਬ ਨਿੰਦਿਆ ਕੀਤੀ ਸੀ। ਮੈਂ ਹੂੰ, ਹਾਂ ਕਰੀ ਗਿਆ ਸੀ ਕਿਉਂ ਜੁ ਮੈਂ ਉਨ੍ਹਾਂ ਦੀ ਰਾਜਨੀਤੀ 'ਚ ਨਹੀਂ ਪੈਣਾ ਚਾਹੁੰਦਾ ਸੀ। ਮੇਰੀ ਚੁੱਪ ਤੋਂ ਉਪਰਾਮ ਹੋ ਕੇ ਫੇਰ ਹਰਜੀਤ ਤੇ ਚੰਦਨ ਨੇ ਗੱਲਾਂ ਦੀ ਲੜੀ ਛੇੜ ਲਈ ਸੀ। ਉਨ੍ਹਾਂ ਦੀਆਂ ਗੱਲਾਂ ਦਾ ਕੇਂਦਰ-ਬਿੰਦੂ ਸਾਊਥਾਲ ਦਾ ਇਕ ਲੇਖਕ ਸੀ।

ਮੈਂ ਚੋਰ ਅੱਖ ਨਾਲ ਚੰਦਨ ਨੂੰ ਵਾਰ-ਵਾਰ ਦੇਖਿਆ ਸੀ। ਉਹ ਮੈਨੂੰ ਲੇਖਕ ਲੱਗਾ ਹੀ ਨਹੀਂ ਸੀ। ਉਸ ਦਾ ਦਰਮਿਆਨਾ ਜਿਹਾ ਕੱਦ ਸੀ। ਸਿਰ ਭਾਰਾ ਸੀ। ਸਰੀਰ ਵੀ ਸਿਰ ਵਰਗਾ ਹੀ ਸੀ। ਐਨਕਾਂ ਲਾਈਆਂ ਹੋਈਆਂ ਸੀ। ਸ਼ੀਸ਼ਿਆਂ ਵਿਚੋਂ ਦੀਆਂ ਦਿੱਸਦੀਆਂ ਅੱਖਾਂ 'ਚ ਇਕ ਆਪਣੇ ਹੀ ਤਰ੍ਹਾਂ ਦੀ ਚਮਕ ਸੀ। ਉਹ ਪੂਰੇ ਗੜਸ ਨਾਲ ਗੱਲਾਂ ਕਰ ਰਿਹਾ ਸੀ। ਇਉਂ ਜਿਵੇਂ ਉਹ ਸਰਬ-ਗਿਆਤਾ ਹੋਵੇ। ਕਈ ਵਾਰੀ ਤਾਂ ਉਸ ਹਰਜੀਤ ਨੂੰ ਅੱਗੋਂ ਜਵਾਬ ਦੇਣ ਜੋਗਾ ਨਹੀਂ ਛੱਡਿਆ ਸੀ। ਹਰਜੀਤ ਵਾਰ-ਵਾਰ ਡਾਕਟਰ ਸਾਹਿਬ-ਡਾਕਟਰ ਸਾਹਿਬ ਕਹਿ ਰਿਹਾ ਸੀ। ਮੈਨੂੰ ਚੰਦਨ ਦਿਲਚਸਪ ਕਿਸਮ ਦਾ ਬੰਦਾ ਲੱਗਦਾ ਸੀ। ਉਹ ਸ਼ੋਹਰਤ ਦਾ ਭੁੱਖਾ ਸੀ। ਉਸ ਗੱਲਾਂ ਦੇ ਨਾਲ-ਨਾਲ ਸਿਗਰੇਟ ਬੁਝਣ ਨਹੀਂ ਦਿੱਤੀ ਸੀ।

ਚੰਦਨ ਨੂੰ ਮੈਂ ਉਦੋਂ ਕੁ ਦਾ ਜਾਣਦਾ ਸੀ ਜਦੋਂ ਉਸ ਇੰਗਲੈਂਡ ਤੋਂ ਆ ਕੇ ਦਿਲੀਉਂ 'ਸਾਹਿਤਕ ਸੂਰਜ' ਨਾਂ ਦਾ ਮੈਗਜ਼ੀਨ ਕੱਢਿਆ ਸੀ। ਇਸ ਮੈਗਜ਼ੀਨ 'ਚ ਮੇਰੀਆਂ ਦੋ ਕਹਾਣੀਆਂ ਛਪੀਆਂ ਸਨ। ਮੈਂ ਜਦੋਂ ਉਸ ਦੇ ਬਚਪਨ ਬਾਰੇ ਪੜ੍ਹਿਆ ਸੀ ਤਾਂ ਮੇਰੀ ਲੂੰਈਂ-ਲੂੰਈਂ ਖੜ ਗਈ ਸੀ। ਉਸ ਦੱਸਿਆ ਸੀ, "ਮੈਂ ਪੂਰੀ ਤਰ੍ਹਾਂ ਯਤੀਮ ਹੋ ਚੁੱਕਾ ਸੀ। ਮੈਂ ਇਕੱਲਾ ਨੁਕਰਾਂ ਵਿਚ ਵੜ-ਵੜ ਕੇ ਰੋਂਦਾ, ਡੁਸਕਦਾ ਤੇ ਹਟਕੋਰੇ ਭਰਦਾ....ਸਕੂਲ ਜਾ ਕੇ ਸਿਰਫ



ਇਸ ਭੁਭ ਦੀ ਤ੍ਰਿਪਤੀ ਹੀ ਨਹੀਂ ਸੀ ਹੁੰਦੀ, ਸਗੋਂ ਮੈਂ ਘਰ ਵਿਚੋਂ ਪੈਂਦੀਆਂ ਫਿਟਕਾਰਾਂ ਤੋਂ ਵੀ ਕੁਝ ਘੰਟਿਆਂ ਲਈ ਬਚ ਜਾਂਦਾ ਸਾਂ। ਤਾਈ ਦੀ ਕੁੱਟ ਤੋਂ ਬਚ ਜਾਂਦਾ ਸਾਂ, ਮੇਰੇ ਮਾਪਿਆਂ ਨੂੰ ਬੇਵਜਾਹ ਦਿੱਤੀਆਂ ਉਸ ਦੀਆਂ ਗਾਲ੍ਹਾਂ ਤੋਂ ਕਿਨਾਰਾਕਸ਼ ਹੋ ਜਾਂਦਾ ਸਾਂ। ਸਭ ਤੋਂ ਮੁਸ਼ਕਿਲ ਗੱਲ ਇਹ ਸੀ ਕਿ ਮੈਂ ਸਾਰਾ ਦਿਨ ਢਿੱਡੋਂ ਭੁੱਖਾ ਹੀ ਤੁਰਿਆ ਫਿਰਦਾ ਰਹਿੰਦਾ। ਮੇਰੇ ਕੋਲ ਕੋਈ ਪੈਸਾ ਵੀ ਨਾ ਹੁੰਦਾ ਕਿ ਕੁਝ ਖਰੀਦ ਕੇ ਖਾ ਲੈਂਦਾ। ਤਾਈ ਕੋਲੋਂ ਤਾਂ ਮੈਂ ਕੀ ਮੰਗਣਾ ਸੀ ਕੁਝ ਆਪਣੇ ਪਿਉ ਦੇ ਸਕੇ ਭਰਾ ਕੋਲੋਂ ਵੀ ਮੰਗਦਿਆਂ ਡਰ ਲੱਗਦਾ। ਜੇ ਕਦੇ ਉਹ ਜੱਫੀ ਵਿਚ ਲੈ ਕੇ ਪਿਆਰ ਕਰਦਾ ਤੇ ਮੇਰੀ ਲੋੜ ਪੁੱਛਦਾ ਤਾਂ ਮੈਂ ਮੰਗਣੋਂ ਨਾ ਡਰਦਾ। ਪਰ ਯੇਹ ਨਾ ਥੀ ਹਮਾਰੀ ਕਿਸਮਤ।....ਜੇ ਬੱਚੇ ਨੂੰ ਪਰਿਵਾਰ ਦਾ ਇਕ ਮੈਂਬਰ ਮਾਰ ਕੁੱਟੇ ਤਾਂ ਉਹ ਹਮਦਰਦੀ ਵਾਸਤੇ ਜਾਂ ਰੋਣ ਵਾਸਤੇ ਕਿਸੇ ਦੂਜੇ ਦੇ ਮੋਢੇ ਦੀ ਭਾਲ ਕਰਦਾ ਹੈ, ਪਰ ਮੇਰੇ ਕੋਲ ਤਾਂ ਅਜਿਹਾ ਕੁਝ ਵੀ ਨਹੀਂ ਸੀ। ਕੋਈ ਇਕ ਮੋਢਾ ਵੀ ਨਹੀਂ ਸੀ। ਮੈਂ ਕਿੱਥੇ ਜਾਂਦਾ?" ਮੈਨੂੰ ਉਸ ਪ੍ਰਤੀ ਹਮਦਰਦੀ ਹੋ ਗਈ ਸੀ। ਅਜਿਹੀਆਂ ਹੀ ਸੋਚਾਂ 'ਚ ਮੈਂ ਵਿਚਰ ਰਿਹਾ ਸੀ ਜਦੋਂ ਚੰਦਨ ਨੇ ਪ੍ਰੇਮ ਪ੍ਰਕਾਸ਼ ਨੂੰ 'ਕੰਜਕਾਂ' ਨਾਵਲ ਭੇਜਿਆ ਸੀ। ਮੈਂ ਪ੍ਰੇਮ ਪ੍ਰਕਾਸ਼ ਹੋਰਾਂ ਕੋਲੋਂ ਇਹ ਨਾਵਲ ਲੈ ਆਇਆ ਸੀ। ਮੈਨੂੰ ਪਤਾ ਸੀ ਕਿ ਪ੍ਰੇਮ ਪ੍ਰਕਾਸ਼ ਹੋਰਾਂ ਇਹ ਨਾਵਲ ਕਦੇ ਪੜ੍ਹਨਾ ਹੀ ਨਹੀਂ ਸੀ। ਚੰਦਨ ਨੇ ਸਾਹਿਤ ਐਕਡਮੀ ਅਵਾਰਡ ਕਰਕੇ ਉਨ੍ਹਾਂ ਨੂੰ ਨਾਵਲ ਭੇਜਿਆ ਸੀ। ਮੈਥੋਂ ਲੰਬੇ-ਲੰਬੇ ਨਾਵਲ ਪੜ੍ਹੇ ਨਹੀਂ ਜਾਂਦੇ। ਪਰ 'ਕੰਜਕਾਂ' 'ਚ ਅਜਿਹੀ ਸ਼ਕਤੀ ਸੀ ਕਿ ਮੈਂ ਤਿੰਨ ਦਿਨ ਲਾ ਕੇ ਇਹ ਨੂੰ ਪੜ੍ਹ ਕੇ ਹੀ ਸਾਹ ਲਿਆ ਸੀ। ਫੇਰ ਉਹ ਮੇਰੇ ਲਈ 'ਵੱਡਾ ਲੇਖਕ' ਬਣ ਗਿਆ ਸੀ। ਮੈਂ ਉਸ ਬਾਰੇ ਹੋਰ ਜਾਣਨਾ ਸ਼ੁਰੂ ਕੀਤਾ। ਉਹਨੇ 1990 'ਚ ਮਾਰਕਸਵਾਦ 'ਤੇ ਪੀ-ਐਚ ਡੀ. ਕੀਤੀ ਸੀ। ਸਵਰਨ ਸਿੰਘ ਚੰਦਨ ਨੂੰ 'ਦੇਸ਼ ਪ੍ਰਦੇਸ਼' ਦੇ ਸੰਪਾਦਕ ਤਰਸੇਮ ਪੁਰੇਵਾਲ ਨੇ ਸਵਰਨ ਚੰਦਨ ਬਣਾ ਦਿੱਤਾ ਸੀ। ਮੈਂ ਉਸ ਦਾ ਫੈਨ ਬਣ ਗਿਆ ਸੀ। ਉਹ ਮੇਰਾ ਮਨਪਸੰਦੀ ਦਾ ਲੇਖਕ ਬਣ ਗਿਆ ਸੀ। ਫੇਰ ਮੈਂ ਉਸ ਦਾ ਨਾਵਲ 'ਨਵੇਂ ਰਿਸ਼ਤੇ' ਪੜ੍ਹਿਆ ਸੀ। ਕੁਝ ਕਹਾਣੀਆਂ ਪੜ੍ਹੀਆਂ। ਇਸ ਵਿਚਕਾਰ ਨਾ ਤਾਂ ਮੈਂ ਕਦੇ ਉਹਨੂੰ ਚਿੱਠੀ ਲਿਖੀ ਸੀ ਤੇ ਨਾ ਹੀ, ਮਿਲਣ ਦੀ ਉਚੇਚ ਕੀਤੀ ਸੀ। ਹਰਜੀਤ ਦਾ ਫੋਨ ਆਉਂਦਾ ਤਾਂ ਚੰਦਨ ਦੀ ਰਾਜ਼ੀ ਬਾਜ਼ੀ ਦਾ ਪਤਾ ਚਲ ਜਾਂਦਾ। 1997 'ਚ ਹਰਜੀਤ ਨੇ ਮੇਰੇ ਕਹਾਣੀ ਸੰਗ੍ਰਹਿ 'ਤੁਸੀਂ ਨਹੀਂ ਸਮਝ ਸਕਦੇ' 'ਤੇ ਸਾਊਥਾਲ 'ਚ ਇਕ ਗੋਸ਼ਟੀ ਕਰਵਾਈ ਸੀ। ਚੰਦਨ ਨੇ ਇਸ 'ਤੇ ਪੇਪਰ ਪੜ੍ਹਿਆ ਸੀ। ਹਰਜੀਤ ਨੇ ਪੇਪਰ ਤੇ ਗੋਸ਼ਟੀ ਦੀ ਰਿਕਾਰਡਿੰਗ ਦੀ ਕੈਸਿਟ ਭੇਜੀ ਸੀ। ਮੈਂ ਚੰਦਨ ਦਾ ਲਿਖਿਆ ਹੋਇਆ ਪੇਪਰ ਪੜ੍ਹ ਕੇ ਬਹੁਤ ਖੁਸ਼ ਹੋਇਆ ਸੀ। ਮੈਂ ਇਸ ਬਾਰੇ ਦੋ-ਚਾਰ ਦੋਸਤਾਂ ਨਾਲ ਗੱਲ ਕੀਤੀ ਸੀ। ਮੈਂ ਕਿਹਾ ਸੀ, "ਚੰਦਨ ਤਾਂ ਬੜਾ ਸਿਆਣਾ ਬੰਦਾ। ਉਹਨੂੰ ਸਾਹਿਤ ਦੀ ਸਮਝ ਆ। ਉਸ ਨੇ ਮੇਰੀਆਂ ਕਹਾਣੀਆਂ ਨੂੰ ਸਮਝ ਲਿਆ। ਫੇਰ ਐਡਾ ਵੱਡਾ ਲੇਖਕ ਮੇਰੇ ਬਾਰੇ ਲਿਖੇ, ਮੈਨੂੰ ਤਾਂ ਚੰਗਾ ਲੱਗਣਾ ਹੀ ਆ।" ਦੋ ਕੁ ਜਣਿਆਂ ਦਾ ਕਹਿਣਾ ਸੀ, "ਉਹਨੇ ਤੇਰੇ ਬਾਰੇ ਲਿਖਿਆ, ਇਸੇ ਲਈ ਤੂੰ ਉਸ ਦੀ ਪ੍ਰਸੰਸਾ ਕਰ ਰਿਹਾਂ। ਜਦੋਂ ਤੂੰ ਉਹਨੂੰ ਮਿਲਿਆਂ, ਫੇਰ ਤੈਨੂੰ ਅਸਲੀ ਚੰਦਨ ਦਾ ਪਤਾ ਲਗੂਗਾ।"

ਮੈਨੂੰ ਲੇਖਕਾਂ ਦੀ ਈਰਖਾ ਦਾ ਪਤਾ ਸੀ। ਮੈਨੂੰ ਲਗਾ ਸੀ ਕਿ ਇੰਗਲੈਂਡ 'ਚ ਨਾਵਲ ਦੇ ਖੇਤਰ 'ਚ ਸਵਰਨ ਚੰਦਨ, ਕਹਾਣੀ ਦੇ ਖੇਤਰ 'ਚ ਰਘੁਬੀਰ ਢੰਡ ਤੇ ਕਵਿਤਾ ਦੇ ਖੇਤਰ 'ਚ ਅਮਰਜੀਤ ਚੰਦਨ ਦੀ ਝੰਡੀ ਹੈ।

ਦੂਜੇ ਦਿਨ ਮੈਂ ਹਰਜੀਤ ਦੇ ਘਰ ਦੇ ਬਿਲਕੁਲ ਨੇੜੇ ਪੈਂਦੇ ਪਾਰਕ 'ਚ ਬੈਠਾ ਸੀ। ਦੁਪਹਿਰ ਦਾ ਸਮਾਂ ਸੀ। ਸਿਲੀ-ਸਿਲੀ ਹਵਾ ਵੱਗ ਰਹੀ ਸੀ। ਹਵਾ 'ਚ ਠੰਢਕ ਸੀ। ਅਸਮਾਨ 'ਚ ਟੁੱਟਵੀਂ ਬਦਲਵਾਈ ਸੀ। ਮੈਨੂੰ ਰਾਤ ਦੀ ਹੋਈ-ਬੀਤੀ ਯਾਦ ਆਉਣ ਲੱਗੀ ਸੀ। ਬੀਅਰ ਦੇ ਦੋ ਗਿਲਾਸ ਪੀਣ ਤੱਕ ਮੈਂ ਠੀਕ-ਠਾਕ ਰਿਹਾ ਸੀ। ਤੀਜਾ ਗਿਲਾਸ ਪੀਣ ਉਪਰੰਤ ਮੈਨੂੰ ਬਹੁਤੀ ਸੁਰਤ ਨਹੀਂ ਰਹੀ। ਇੰਨਾ ਕੁ ਪਤਾ ਸੀ ਕਿ ਜਾਣ ਲਗਿਆਂ ਚੰਦਨ ਨੇ ਹੱਥ ਨਹੀਂ ਮਿਲਾਇਆ ਸੀ, ਜਫੀ 'ਚ ਲੈ ਕੇ ਕਿਹਾ ਸੀ, "ਆਪਾਂ ਜਲਦੀ ਮਿਲਣਾਂ। ਤੇਰੇ ਨਾਲ ਬਹੁਤ ਗੱਲਾਂ ਕਰਨੀਆਂ ਛੋਟੇ ਭਾਈ।" ਉਦੋਂ ਚੰਦਨ ਨੇ ਅਜਿਹੀ ਕੋਈ ਗੱਲ ਨਹੀਂ ਕੀਤੀ ਸੀ ਜਿਸ ਨਾਲ ਮੈਨੂੰ 'ਅਸਲੀ ਚੰਦਨ' ਦੇ ਦਰਸ਼ਨ ਹੁੰਦੇ। ਉਸ ਦੀਆਂ ਗੱਲਾਂ 'ਚੋਂ ਵਿਦਵਤਾ ਝਲਕਦੀ ਸੀ। ਉਸਨੂੰ ਆਪਣੀ ਗੱਲ ਮੰਨਵਾਉਣ ਦੀ ਜਾਂਚ ਆਉਂਦੀ ਸੀ। ਮੈਂ ਉਸ ਤੋਂ ਪ੍ਰਭਾਵਤ ਹੋਇਆ ਸੀ। ਮਗਰੋਂ ਅਸੀਂ ਇਕ ਹੋਰ ਪੱਬ 'ਚ ਮਿਲੇ ਸੀ। ਉਸ ਦੇ ਘਰੇ ਗਏ ਸੀ। ਹਰਜੀਤ ਦੇ ਘਰੇ ਮਿਲੇ ਸੀ। ਇਕ ਦੋ ਫਕੰਸ਼ਨਾਂ 'ਚ ਇਕੱਠੇ ਗਏ ਸੀ। ਜਿੰਨੀ ਵਾਰ ਵੀ ਮੈਂ ਉਹਨੂੰ ਮਿਲਿਆ ਸੀ, ਉਸ ਤੋਂ ਪ੍ਰਭਾਵਤ ਹੋਣੋਂ ਨਹੀਂ ਰਿਹਾ ਸੀ। ਹਰਜੀਤ ਤਾਂ ਉਸ ਦਾ ਮੁਰੀਦ ਸੀ। ਜੇ ਹਰਜੀਤ ਉਸ ਦੀ ਨਿੰਦਿਆ ਵੀ ਕਰਦਾ ਤਾਂ ਮੈਨੂੰ ਲੱਗਦਾ ਜਿਵੇਂ ਉਹ ਚੰਦਨ ਦੀ ਪ੍ਰਸੰਸਾ ਕਰ ਰਿਹਾ ਹੋਵੇ। ਇੰਗਲੈਂਡ ਦੇ ਬਹੁਤੇ ਲੇਖਕ ਉਸਨੂੰ

ਨਫ਼ਰਤ ਕਰਦੇ ਸਨ। ਕਈ ਤਾਂ ਬਹੁਤ ਹੀ ਜ਼ਿਆਦਾ। ਪਰ ਅੰਦਰੋਂ ਉਹ ਉਸ ਤੋਂ ਡਰਦੇ ਵੀ ਸਨ। ਤ੍ਰਬਕਦੇ ਵੀ ਸਨ। ਮੈਨੂੰ ਪਹਿਲੀ ਵਾਰ 'ਚੰਦਨ' ਦੇ ਇਕ ਹੋਰ ਰੂਪ ਦੇ ਦਰਸ਼ਨ ਹੋਏ ਸਨ। ਮੇਰੀ ਪੁਸਤਕ 'ਕੁਆਸੀ ਰੋਟੀ' 'ਤੇ ਹਰਜੀਤ ਨੇ ਨਵੇਂ ਘਰ, 67 ਹਿਲਸਾਈਡ ਰੋਡ 'ਚ ਗੋਸ਼ਟੀ ਰੱਖਵਾਈ ਸੀ। ਗੋਸ਼ਟੀ ਦੌਰਾਨ ਖੂਬ ਬੀਅਰ ਚਲੀ ਸੀ। ਗੋਸ਼ਟੀ ਖਤਮ ਹੋਣ ਉਪਰੰਤ ਸ਼ਰਾਬ ਦਾ ਦੌਰ ਚਲਿਆ ਸੀ। ਮੈਨੂੰ ਯਾਦ ਹੈ ਕਿ ਸਭ ਤੋਂ ਪਹਿਲਾਂ ਬਲਦੇਵ ਸਿੰਘ ਲੰਡਨ ਗਿਆ ਸੀ। ਉਸ ਤੋਂ ਬਾਅਦ ਇਕ-ਇਕ ਕਰਕੇ ਲੇਖਕ ਚਲੇ ਗਏ ਸਨ। ਆਖਿਰ 'ਚ ਬਾਪੂ ਜੀ (ਹਰਜੀਤ ਦੇ ਪਿਤਾ ਜੀ) ਚੰਦਨ, ਮੈਂ ਤੇ ਹਰਜੀਤ ਰਹਿ ਗਏ ਸਨ। ਹਰਜੀਤ ਦਾ ਬਹੁਤਾ ਧਿਆਨ ਸਾਮਾਨ ਸਾਂਭਣ ਵੱਲ ਸੀ। ਚੰਦਨ ਹਾਕ ਮਾਰਦਾ ਤਾਂ ਉਹ ਆ ਜਾਂਦਾ। ਪੈੱਗ ਚੁੱਕਦਾ। ਉਸ ਨੂੰ ਕੋਈ ਚੀਜ਼ ਦਿੱਸਦੀ। ਉਹ ਉਸ ਪਾਸੇ ਤੁਰ ਪੈਂਦਾ। ਬਾਪੂ ਜੀ ਚੰਦਨ ਦੀ ਖੂਬ ਗੁੱਡੀ ਚੜ੍ਹਾ ਰਹੇ ਸਨ। ਉਹ ਵਾਰ-ਵਾਰ ਡਾਕਟਰ ਸਾਹਿਬ-ਡਾਕਟਰ ਸਾਹਿਬ ਕਹਿ ਰਹੇ ਸਨ। ਚੰਦਨ ਦੀਆਂ ਬਹੁਤੀਆਂ ਗੱਲਾਂ ਨੂੰ ਹੱਸ ਕੇ ਟਾਲ ਰਹੇ ਸਨ। ਫੇਰ ਚੰਦਨ ਨੇ ਇਕ ਹੋਰ ਭਰਵਾਂ ਪੈੱਗ ਲਿਆ ਸੀ ਤੇ ਸ਼ੁਰੂ ਹੋ ਗਿਆ ਸੀ।

-ਸੂਬੇਦਾਰ ਸਾਹਿਬ, ਮੈਂ ਤੁਹਾਡੀ ਬਾਏਉਗ੍ਰਾਫੀ ਲਿਖਣੀ ਆ।

-ਡਾਕਟਰ ਸਾਹਿਬ, ਤੁਸੀਂ ਹੀ ਇਹ ਕੰਮ ਕਰ ਸਕਦੇ ਹੋ।

-ਮੈਂ ਜਲਦੀ ਲਿਖੂੰਗਾ। ਬੱਸ ਤੁਸੀਂ ਝੂਠ ਨਹੀਂ ਬੋਲਣਾ।

-ਬਿਲਕੁਲ ਨਹੀਂ।

-ਆਪਣੇ ਇਸ਼ਕਾਂ ਬਾਰੇ ਵੀ ਦੱਸਣਾ ਪਊ।

-ਤੁਸੀਂ ਆਪਣੀ ਗ਼ਜ਼ਲ ਦਾ ਕੋਈ ਸ਼ੇਅਰ ਸੁਣਾਉ........।

-ਹੁਣ ਮੇਰੀ ਗੱਲ ਨੂੰ ਨਾ ਟਾਲੋ।

ਉਦੋਂ ਹੀ ਹਰਜੀਤ ਦਾ ਛੋਟਾ ਭਰਾ ਕੁਕੂ ਵੀ ਆ ਗਿਆ ਸੀ।

-ਮੈਂ ਇਸ਼ਕ ਕੀਤਾ ਹੀ ਨਹੀਂ।

-ਦੱਸ ਕੁਕੂ, ਕਦੇ ਐਦਾਂ ਹੋ ਸਕਦਾ ਕਿ ਕੋਈ ਬੰਦਾ ਐਨਾ ਸੁਹਣਾ ਹੋਵੇ। ਜੁਆਨ ਹੋਵੇ। ਉਹਨੇ ਕਦੇ ਇਸ਼ਕ ਨਾ ਕੀਤਾ ਹੋਵੇ।

-ਭਾਜੀ, ਪਾਪਾ ਜੀ ਨੇ ਹੋਰ ਵਥੇਰੇ ਕੰਮ ਕੀਤੇ ਹੋਣਗੇ। ਪਰ ਇਹ ਕੰਮ ਇਨ੍ਹਾਂ ਨੇ ਨਹੀਂ ਕੀਤਾ। ਇਹ ਸਾਡੇ ਲਈ ਛੱਡ ਦਿੱਤਾ। ਉਦੋਂ ਸਮੇਂ ਹੋਰ ਸੀ।

-ਸਮਿਆਂ ਦੀ ਮਾਂ ਨੂੰ ਜੈਹਣਾ। ਚਲ ਕੁਕੂ-ਇਕ ਵੱਡਾ ਪੈਗ ਪਾ ਆਪਣੇ ਬਾਪੂ ਲਈ। ਸੂਬੇਦਾਰ ਸਾਹਿਬ ਨਸ਼ੇ 'ਚ ਆ ਕੇ ਸੱਚ ਬੋਲਣਗੇ। ਅਹਿਮਦ ਫ਼ਰਾਜ਼ ਦੀ ਇਕ ਗ਼ਜ਼ਲ ਦਾ ਸ਼ੇਅਰ ਆ:

ਕੋਈ ਬਤਲਾਯੋ ਕਿ ਇਕ ਉਮਰ ਕਾ ਬਿਛੜਾ ਮਹਬੂਬ।

ਇਤੇਫ਼ਾਕਨ ਕਹੀਂ ਮਿਲ ਜਾਯੇ ਤੋ ਕਯਾ ਕਹਤੇ ਹੈਂ।

ਬਾਪੂ ਜੀ ਨੇ ਲੋਰ 'ਚ ਆ ਕੇ ਕਿਹਾ, "ਕਮਾਲ ਦਾ ਸ਼ੇਅਰ ਆ ਡਾਕਟਰ ਸਾਹਿਬ, ਤੁਹਾਡੀ ਸਿਆਣਪ ਦਾ ਕੋਈ ਮੁੱਲ ਨ੍ਹੀਂ। ਮੈਂ ਤੁਹਾਡਾ ਮੁਰੀਦ ਆਂ।"

ਹਰਜੀਤ ਵੀ ਸਾਮਾਨ ਦੀ ਸੰਭਾਲ-ਸੰਭਾਲੀ ਕਰ ਕੇ ਕੋਲ ਆ ਬੈਠਾ।

-ਸੂਬੇਦਾਰ ਸਾਹਿਬ, ਤੁਹਾਡਾ ਮੁੰਡਾ ਹਰਜੀਤ-ਕਯਾ ਗੱਲਾਂ ਨੇ। ਐਡਾ ਸੁਹਣਾ ਮੁੰਡਾ। ਜਮ੍ਹਾਂ ਹੀ ਤੁਹਾਡੇ 'ਤੇ ਗਿਆ। ਤੁਸੀਂ ਕੀ ਖਾ ਕੇ ਜਮਾਇਆ?

-ਇਹਦੇ 'ਚ ਆਪਣੀ ਮਾਂ ਦੇ ਜ਼ਿਆਦਾ ਗੁਣ ਆ।

-ਸੱਚ ਦੱਸਿਉ-ਜਿਸ ਦਿਨ ਇਹਦਾ ਨੀਂਹ ਪੱਥਰ ਰੱਖਿਆ, ਉਸ ਦਿਨ ਕਿਹੋ ਜਿਹਾ ਦਿਨ ਸੀ। ਕਿਹੋ ਜਿਹਾ ਮੌਸਮ ਸੀ। ਉਸ ਰਾਤ ਤੂਫਾਨ ਆਇਆ ਹੋਣਾ।

ਹਰਜੀਤ ਬੋਲਿਆ-ਉਦੋਂ ਭਾਦੋਂ ਦੀ ਝੜੀ ਲੱਗੀ ਸੀ।

-ਡਾਕਟਰ ਸਾਹਿਬ ਕੋਈ ਹੋਰ ਗੱਲ ਕਰੋ। ਤੁਸੀਂ ਤਾਂ ਬਹੁਤ ਸਿਆਣੇ ਹੋ। ਕੋਈ ਫਿਲਾਸਫੀ ਦੀ ਗੱਲ ਕਰੋ।

-ਨ੍ਹੀਂ। ਪਹਿਲਾਂ ਮੈਂ ਜੋ ਪੁੱਛਦਾਂ, ਉਹਦਾ ਜਵਾਬ ਦਿਉ। ਉਸ ਰਾਤ ਸਾਡੀ ਭਰਜਾਈ ਨੇ ਖੂਬ ਪਿਆਰ ਕੀਤਾ ਹੋਣਾ।



ਮੈਨੂੰ ਉਸ ਦੀਆਂ ਗੱਲਾਂ ਤੋਂ ਖਿਝ ਚੜ੍ਹ ਗਈ ਸੀ। ਮੈਂ ਉਸ ਦਾ ਧਿਆਨ ਹੋਰ ਪਾਸੇ ਲਿਜਾਣ ਲਈ 'ਸਾਹਿਤਕ ਸੂਰਜ' ਮੈਗਜ਼ੀਨ ਦੀ ਗੱਲ ਤੋਰ ਲਈ। ਉਸ ਲਾਲ-ਲਾਲ ਅੱਖਾਂ ਨਾਲ ਮੇਰੇ ਵੱਲ ਦੇਖਿਆ। ਸਿਗਰੇਟ ਦਾ ਲੰਬਾ ਘੁੱਟ ਖਿਚਿਆ। ਗੁੱਸੇ ਨਾਲ ਲਾਲ-ਪੀਲਾ ਹੁੰਦਿਆਂ ਹੋਇਆਂ ਉੱਚੀ ਆਵਾਜ਼ 'ਚ ਬੋਲਿਆ, "ਤੂੰ ਮੇਰਾ ਨਾਂ ਲੈ ਕੇ ਗੱਲ ਕੀਤੀ ਆ। ਤੈਨੂੰ ਪਤਾ, ਮੈਂ ਉਮਰ 'ਚ ਤੈਥੋਂ ਕਿੰਨਾ ਵੱਡਾ। ਸਾਹਿਤਕ ਕੱਦ 'ਚ ਵੀ। ਮੈਂ ਤਾਂ ਭੈਣ ਚੋਦ ਨੂਰ ਦੀ ਪ੍ਰਵਾਹ ਨ੍ਹੀਂ ਕੀਤੀ....ਤੂੰ ਆਪਣੇ ਆਪ ਨੂੰ ਕੀ ਸਮਝਦਾਂ। ਮੈਂ ਤੇਰੀ ਮਾਂ ਚੋਦ ਕੇ ਰੱਖ ਦਊਂਗਾ.....।'"

ਮੈਂ ਉਸ ਦੇ ਗੋਡੇ ਹੱਥ ਲਾਇਆ। ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਮੈਂ ਅਜਿਹਾ ਕੁਝ ਨਹੀਂ ਕਿਹਾ ਜਿਸ ਨਾਲ ਉਸ ਦਾ ਅਪਮਾਨ ਹੋਇਆ ਹੋਵੇ। ਪਰ ਉਹ ਆਪਣੀ ਗੱਲ 'ਤੇ ਅੜਿਆ ਰਿਹਾ। ਹਰਜੀਤ ਨੇ ਉਸ ਨੂੰ ਬਾਹੋਂ ਫੜ ਕੇ ਉਠਾਲਦਿਆਂ ਹੋਇਆਂ ਕਿਹਾ, "ਡਾਕਟਰ ਸਾਹਿਬ, ਉਪਰ ਬੈੱਡ-ਰੂਮ 'ਚ ਜਾ ਕੇ ਸੌਂ ਜਾਉ।" ਪਰ ਉਹ ਨਾ ਮੰਨਿਆ। ਹਰਜੀਤ ਨੇ ਗੁੱਸੇ 'ਚ ਆ ਕੇ ਕਿਹਾ, "ਚਲੋ-ਫੇਰ ਤੁਹਾਨੂੰ ਘਰ ਛੱਡ ਆਉਣਾ। ਇੰਡੀਆ 'ਚ ਮੇਰਾ ਇੱਕੋ ਇਕ ਬੰਦਾ ਆ। ਮੈਂ ਤੁਹਾਡੇ ਕਰਕੇ ਉਹਨੂੰ ਨਿਰਾਜ ਨ੍ਹੀਂ ਕਰਨਾ।" ਚੰਦਨ ਥੋੜ੍ਹਾ ਕੁ ਢਿੱਲਾ ਪੈ ਗਿਆ। ਉਸ ਬਾਪੂ ਜੀ ਦਾ ਗੁੱਟ ਫੜ ਲਿਆ, "ਸੂਬੇਦਾਰ ਸਾਹਿਬ, ਮੈਂ ਤੁਹਾਡੀ ਜੀਵਨੀ ਲਿਖਣੀ ਆ। ਇਹ ਵਰਲਡ ਦੀ ਮਸ਼ਹੂਰ ਜੀਵਨੀ ਹੋਵੇਗੀ। ਮੈਂ ਸਭ ਕੁਸ਼ ਲਿਖੂੰਗਾ। ਤੁਹਾਡੇ ਪੁੱਤ ਕੋਲੋਂ ਨ੍ਹੀਂ ਲਿਖੀ ਜਾਣੀ। ਇਹ ਮੈਥੋਂ ਛੋਟਾ ਲੇਖਕ ਆ। ਮੈਂ ਇਹਨੂੰ ਲਿਖਣਾ ਸਿਖਾਇਆ। ਤੁਸੀਂ ਆਪਣੇ ਇਸ਼ਕਾਂ ਬਾਰੇ ਦੱਸਣਾ। ਤੁਹਾਡਾ ਇਹ ਪੁੱਤ ਹੀਰਾ ਐ। ਮੇਰਾ ਯਾਰ। ਮੇਰਾ ਭਰਾ। ਜਿਸ ਦਿਨ ਤੁਸੀਂ ਇਹਨੂੰ ਜਮਾਇਆ-ਉਹ ਦਿਨ ਬੜਾ ਸ਼ੁੱਧ ਸੀ। ਸਾਡੀ ਭਰਜਾਈ ਚਲੇ ਗਈ। ਜੇ ਜਿਉਂਦੀ ਹੁੰਦੀ ਤਾਂ ਮੈਂ ਉਹਨੂੰ ਵੀ ਇਹੀ ਗੱਲਾਂ ਪੁੱਛਣੀਆਂ ਸੀ.....।"

ਹਰਜੀਤ ਮੈਨੂੰ ਆਪਣੇ ਪੁਰਾਣੇ ਘਰ ਛੱਡ ਆਇਆ ਸੀ। ਚੰਦਨ ਉਥੇ ਹੀ ਸ਼ਰਾਬੀ ਹੋਇਆ ਕਾਰਪਿਟ 'ਤੇ ਸੌਂ ਗਿਆ ਸੀ। ਦੂਜੇ ਜਾਂ ਤੀਜੇ ਦਿਨ ਆਪਣੇ ਹੇਜ ਵਾਲੇ ਘਰ 'ਚ ਗਿਆ ਸੀ। ਮੈਂ ਹਰਜੀਤ ਨੂੰ ਚੰਦਨ ਦੇ ਮਾੜੇ ਵਰਤਾਉ ਬਾਰੇ ਪੁੱਛਿਆ ਸੀ। ਉਸ ਚੰਦਨ ਦੇ ਬੋਲੇ-ਸੁਣੇ ਨੂੰ ਬਹੁਤੀ ਗੰਭੀਰਤਾ ਨਾਲ ਨਹੀਂ ਲਿਆ ਸੀ। ਉਸ ਕਿਹਾ ਸੀ, "ਐਨਾ ਕੁ ਸ਼ੁਗਲ ਚਲਦਾ ਰਹਿੰਦਾ। ਪਾਪਾ ਜੀ ਤੇ ਡਾਕਟਰ ਸਾਹਿਬ ਆਪਸ 'ਚ ਖੁੱਲ੍ਹੀਆਂ ਗੱਲਾਂ ਕਰ ਲੈਂਦੇ ਆ। ਜੇ ਡਾਕਟਰ ਸਾਹਿਬ ਪਾਪਾ ਜੀ ਨੂੰ ਨਾ ਮਿਲਣ ਆਉਣ ਤਾਂ ਉਹ ਟੈਲੀਫੋਨ ਕਰਕੇ ਸੱਦ ਲੈਂਦੇ ਆ। ਡਾਕਟਰ ਸਾਹਿਬ ਉਨ੍ਹਾਂ ਨੂੰ ਆਪਣੀਆਂ ਗ਼ਜ਼ਲਾਂ ਸੁਣਾ-ਸੁਣਾ ਕੇ ਨਿਹਾਲ ਕਰ ਦਿੰਦੇ ਆ। ਤੇਰੇ ਲਈ ਇਹ ਗੱਲਾਂ ਨਵੀਂਆਂ ਆ। ਮੈਂ ਤਾਂ ਇਹ ਰੂਪ ਪੈਂਤੀ ਸੌ ਵਾਰ ਦੇਖ ਚੁੱਕਿਆਂ। ਇਹਦੀ ਸ਼ਰਾਬ ਮਾੜੀ ਆਂ। ਕਦੇ-ਕਦੇ ਮੇਰੇ ਮਨ 'ਚ ਵੀ ਆ ਜਾਂਦਾ ਕਿ ਡਾਕਟਰ ਨੂੰ ਬੁਲਾਉਣਾ ਛੱਡ ਦਵਾਂ। ਪਰ ਇਸ ਨੂੰ ਛੱਡ ਕੇ ਮੇਰਾ ਸਰਦਾ ਨਹੀਂ। ਮੇਰੇ ਕੋਲ ਕੋਈ ਹੋਰ ਸਿਆਣਾ ਬੰਦਾ ਨਹੀਂ ਰਹਿੰਦਾ। ਮੈਂ ਇਹਦੇ ਕਰਕੇ ਕਈ ਘਾਟਾਂ ਖਾਧੀਆਂ। ਵੈਰ-ਵਿਰੋਧ ਸਹੇੜੇ। ਪਰ ਇਹ ਦਾ ਸਾਥ ਨਹੀਂ ਛੱਡਿਆ। ਆਪਣੀ ਤਾਂ ਉਹ ਗੱਲ ਆ-ਯਾਰ ਦੀ ਯਾਰੀ ਮਗਰ ਜਾਣਾ-ਉਸ ਦੇ ਵੈਲਾਂ ਮਗਰ ਨਹੀਂ।"

ਆਪਣੀ ਇੰਗਲੈਂਡ ਫੇਰੀ ਸਮੇਂ ਮੈਂ ਉਸ ਬਾਰੇ ਕੁਝ ਜਾਣ ਲਿਆ ਸੀ। ਉਹਨੇ ਬੀ.ਐਸ.ਸੀ. ਐਗਰੀਕਲਚਰ ਕੀਤੀ ਸੀ। ਕੁਝ ਸਾਲ ਜਲੰਧਰ 'ਚ ਖੇਤੀਬਾੜੀ ਇੰਸਪੈਕਟਰ ਲੱਗਾ ਸੀ। ਇਥੇ ਉਸ ਬਹੁਤ ਔਖੇ ਦਿਨ ਕੱਟੇ ਸਨ। ਉਹ 1964 'ਚ ਵੋਚਰ ਸਿਸਟਮ 'ਤੇ ਉਹ ਇੰਗਲੈਂਡ ਆ ਗਿਆ ਸੀ। ਉਹ ਨੇ 1981-82 'ਚ ਚਿੱਠੀ-ਪੱਤਰ ਰਾਹੀਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਪੰਜਾਬੀ ਦੀ ਐਮ.ਏ. ਕੀਤੀ ਸੀ। ਮੈਂ ਉਸ ਦੇ ਲਿਖੇ ਨੂੰ ਲਾਲ ਪੈਨ ਨਾਲ ਅੰਡਰਲਾਈਨ ਕੀਤਾ ਸੀ, "ਇਥੇ ਆ ਕੇ ਮੇਰਾ ਵਾਹ ਫੈਕਟਰੀਆਂ ਨਾਲ ਪਿਆ। ਪਹਿਲਾਂ-ਪਹਿਲਾਂ ਜਿਸਮਾਨੀ ਕੰਮ, ਗੈਰ-ਹੁਨਰਮੰਦ-ਕਾਮੇ ਵਜੋਂ। ਕੁਝ ਦਿਨਾਂ ਵਿਚੋਂ ਮੈਂ ਇਹ ਕੰਮ ਛੱਡ ਦਿੱਤਾ। ਫਿਰ ਇਕ ਥਾਉਂ ਖਰਾਦਾਂ ਦਾ ਕੰਮ ਸਿੱਖਿਆ, ਇਕ ਸਾਲ ਲਾ ਕੇ, ਅਤੇ ਖਰਾਦੀਆਂ ਹੋ ਨਿਬੜਿਆ। ਪੂਰਾ ਘਾਗ ਮਿਸਤਰੀ। ਫਿਰ ਮਜ਼ਦੂਰ ਯੂਨੀਅਨ ਦਾ ਸ਼ਾਪ-ਸਟੂਅਰਡ ਚੁਣ ਲਿਆ ਗਿਆ।...ਚਾਰ ਸਾਲ ਲੰਡਨ ਵਿੱਚ ਟੈਕਸੀ ਡਰਾਇਵਰ ਰਿਹਾ। ਲਾਇਬ੍ਰੇਰੀਅਨਸ਼ਿਪ ਦਾ ਕੋਰਸ ਕਰ ਕੇ ਲਾਇਬ੍ਰੇਰੀਅਨ ਲੱਗ ਗਿਆ......।"

ਵਾਪਸੀ ਵੇਲੇ ਹਰਜੀਤ ਦੇ ਨਾਲ ਚੰਦਨ ਵੀ ਮੈਨੂੰ ਹੀਥਰੋ ਏਅਰਪੋਰਟ 'ਤੇ ਜਹਾਜ਼ ਚੜ੍ਹਾਉਣ ਆਇਆ ਸੀ। ਅਸੀਂ ਅੱਧਾ ਕੁ ਘੰਟਾ ਵੇਟਿੰਗ-ਰੂਮ 'ਚ ਬੈਠੇ ਸੀ। ਸਿਗਰੇਟਾਂ ਵਾਲੇ ਪਾਸੇ। ਉਹਨੇ ਗੱਲਾਂ ਦੇ ਨਾਲ-ਨਾਲ

ਸਿਗਰੇਟ ਵੀ ਬੁਝਣ ਨਹੀਂ ਦਿੱਤੀ ਸੀ। ਤੁਰਨ ਲੱਗਿਆਂ ਮੈਨੂੰ ਇਕੀ ਪਾਊਂਡ ਤੇ ਆਪਣੇ ਨਾਵਲ ਦਾ ਖਰੜਾ ਦਿੱਤਾ ਸੀ ਜਿਹੜਾ ਕਿ ਆਰਸੀ ਪ੍ਰਕਾਸ਼ਨ ਦਿੱਲੀ ਵਾਲਿਆਂ ਨੂੰ ਦੇਣਾ ਸੀ। ਖਰੜੇ ਦੇ ਨਾਲ-ਨਾਲ ਦੋ ਸੌ ਪਾਊਂਡ ਵੀ ਸਨ। ਜਹਾਜ਼ 'ਚ ਬੈਠਿਆਂ ਮੈਂ ਚੰਦਨ ਦੀਆਂ ਸਾਰੀਆਂ ਊਣਤਾਈਆਂ ਨੂੰ ਭੁੱਲ ਗਿਆ ਸੀ। ਮੇਰੇ ਸਾਹਮਣੇ ਤਾਂ 'ਕੰਜਕਾਂ' ਤੇ 'ਨਵੇਂ ਰਿਸ਼ਤੇ' ਨਾਵਲ ਵਾਲਾ ਚੰਦਨ ਸੀ।

ਕੁਝ ਦਿਨਾਂ ਬਾਅਦ ਹਰਜੀਤ ਦਾ ਫੋਨ ਆਇਆ ਸੀ, "ਮੈਂ ਕਿੰਨੇ ਦਿਨਾਂ ਦਾ ਸੋਚ ਰਿਹਾਂ ਕਿ ਚੰਦਨ ਨੂੰ ਤੂੰ ਕਿਹੜੀ ਗਿਦੜਸਿੰਗੀ ਦਿਖਾ ਦਿੱਤੀ ਸੀ ਉਸ ਨੇ ਤੈਨੂੰ ਇਕੀ ਪਾਊਂਡ ਦਿੱਤੇ। ਉਹ ਤਾਂ ਮੋਈ ਮੱਖੀ ਛੱਡਣ ਵਾਲਾ ਨਹੀਂ। ਇਕ ਵਾਰ ਵਰਿਆਮ ਸੰਧੂ ਆਇਆ ਹੋਇਆ ਸੀ। ਚੰਦਨ ਨੇ ਉਹਨੂੰ ਕੋਈ ਗਿਫਟ ਦੇਣ ਬਾਰੇ ਸੋਚਿਆ। ਉਹ ਤਾਂ ਇਕ ਵੀ ਪਾਊਂਡ ਖਰਚਣਾ ਨਹੀਂ ਚਾਹੁੰਦਾ ਸੀ। ਉਹਨੂੰ ਘਰ 'ਚੋਂ ਕੋਈ ਪੈਨ ਲਭ ਪਿਆ। ਲੈ ਬਈ-ਉਹਦੀਆਂ ਬਾਂਛਾਂ ਖਿੜ ਗਈਆਂ। ਹੁਣ ਸਮੱਸਿਆ ਇਹ ਪੈਦਾ ਹੋ ਗਈ ਕਿ ਡੱਬੀ ਬਿਨਾਂ ਪੈਨ ਦਿੰਦਿਆਂ ਚੰਗਾ ਨਹੀਂ ਲੱਗਦਾ ਸੀ। ਉਹਦਾ ਦਿਮਾਗ ਬਹੁਤ ਕੰਮ ਕਰਦਾ। ਉਹ ਸਾਥੀ ਲੁਧਿਆਣਵੀ ਦੇ ਸਟੋਰ 'ਚ ਗਿਆ। ਸਾਥੀ ਕੋਲੋਂ ਖਾਲੀ ਡੱਬੀ ਲੈ ਆਇਆ। ਉਹ ਖੁਸ਼ ਹੋ ਗਿਆ.........।"

"ਮੈਨੂੰ ਪਤਾ ਕਿ ਉਸ ਇਕੀ ਪਾਊਂਡ ਕਿਉਂ ਦਿੱਤੇ?"

"ਕਿਉਂ ਦਿੱਤੇ?"

"ਜੇ ਉਹ ਖਰੜਾ ਤੇ ਦੋ ਸੌ ਪਾਊਂਡ ਆਰਸੀ ਵਾਲਿਆਂ ਨੂੰ ਬਾਈ ਪੋਸਟ ਭੇਜਦਾ ਤਾਂ ਜ਼ਿਆਦਾ ਖਰਚ ਆਉਣਾ ਸੀ।"

"ਅੱਛਾ ਇਹ ਗੱਲ ਸੀ। ਫੇਰ ਤਾਂ ਉਹ ਫਾਇਦੇ 'ਚ ਰਿਹਾ। ਉਹਨੂੰ ਇਕ ਹੋਰ ਫਾਇਦਾ ਹੋ ਗਿਆ। ਜਿਹੜੇ ਤੂੰ ਸੁੱਚੇ ਤਿਲੇ ਨਾਲ ਕੱਢੇ ਹੋਏ ਖੁੱਸੇ ਰੱਖ ਗਿਆ ਸੀ, ਇਹ ਉਹ ਲੈ ਗਿਆ।"

ਹਰਜੀਤ ਹਫਤੇ ਦਸੀਂ ਦਿਨੀਂ ਫੋਨ ਕਰਦਾ। ਮੈਂ ਕਿਸੇ ਹੋਰ ਦਾ ਪੁੱਛਾਂ ਨਾ ਪੁੱਛਾਂ ਚੰਦਨ ਬਾਰੇ ਅਵੱਸ਼ ਹੀ ਪੁੱਛਦਾ, "ਮੀਏਂ ਦਾ ਕੀ ਹਾਲ ਆ। ਉਹ ਕੀ ਕਰਦਾ।" ਮੈਨੂੰ ਉਸ ਬਾਰੇ ਜਾਨਣ ਦੀ ਜਗਿਆਸਾ ਹੋ ਗਈ ਸੀ।

ਮੈਨੂੰ ਕਈ ਹੋਰ ਦੋਸਤਾਂ ਤੋਂ ਉਸ ਬਾਰੇ ਸੂਚਨਾਵਾਂ ਮਿਲਦੀਆਂ ਰਹਿੰਦੀਆਂ।

-ਉਹਨੇ ਹੇਜ਼ ਵਾਲਾ ਘਰ ਵੇਚ ਦਿੱਤਾ। ਵੁਲਵਰਹੈਂਮਟਨ 'ਚ ਘਰ ਲੈ ਲਿਆ।

-ਉਸ ਦੀ ਆਪਣੇ ਮੁੰਡੇ ਨਾਲ ਨਹੀਂ ਬਣਦੀ। ਨੂੰਹ ਨਾਲ ਵੀ ਨਹੀਂ। ਉਹਨੇ ਉਹਦੀ ਮੱਦਦ ਨਹੀਂ ਕੀਤੀ।

-ਦਵਿੰਦਰ ਕੌਰ, ਚੰਦਨ ਨੂੰ ਛੱਡ ਗਈ।

-ਦਵਿੰਦਰ ਕੌਰ ਨੇ ਕੋਰਟ ਕੇਸ ਕਰ ਦਿੱਤਾ।

-ਚੰਦਨ ਪਾਗਲ ਹੋਣ ਨੂੰ ਫਿਰਦਾ।

-ਚੰਦਨ ਨੂੰ ਇਕੱਲਤਾ ਨੇ ਮਾਰ ਲੈਣਾ।

-ਦਵਿੰਦਰ ਕੌਰ, ਦਿੱਲੀ ਵਾਲੇ ਮਕਾਨ 'ਚੋਂ ਹਿੱਸਾ ਮੰਗਦੀ ਆ।

-ਚੰਦਨ ਨੇ ਵੁਲਵਰਹੈਂਮਟਨ ਵਾਲੀ ਸਭਾ ਦੋ-ਫਾੜ ਕਰ ਦਿੱਤੀ।

-ਚੰਦਨ ਨੇ ਸਹੁੰ ਖਾ ਲਈ ਕਿ ਉਹਨੇ ਪੰਜਾਬੀ 'ਚ ਨਹੀਂ ਲਿਖਣਾ। ਪੰਜਾਬੀ ਵਾਲਿਆਂ ਨੇ ਉਹਦਾ ਮੁੱਲ ਨਹੀਂ ਪਾਇਆ।

-ਉਹਨੇ ਆਪਣੇ ਇਕ ਨਾਵਲ ਦਾ ਇਕ ਕਾਂਡ ਆਪ ਅਨੁਵਾਦ ਕਰਕੇ ਕਿਸੇ ਪ੍ਰਕਾਸ਼ਕ ਨੂੰ ਭੇਜਿਆ। ਪ੍ਰਕਾਸ਼ਨ ਨੇ ਕਾਂਡ ਵਗਾਹ ਕੇ ਮਾਰਿਆ।

-ਚੰਦਨ ਨੇ 'ਦ ਵਾਲਕੋਨੋ' ਨਾਵਲ ਅੰਗਰੇਜ਼ੀ 'ਚ ਆਪ ਛਾਪਿਆ। ਆਪਣੇ ਪਲਉਂ ਸਤ ਹਜ਼ਾਰ ਪਾਊਂਡ ਖਰਚ ਕੇ। ਨਾਵਲ ਵਿਕਿਆ ਨਹੀਂ। ਇੰਗਲੈਂਡ 'ਚ ਪਬਲਿਸ਼ਰਾਂ ਦੀ ਯੂਨੀਅਨ ਬਣੀ ਹੈ। ਕੋਈ ਵੀ ਕਿਤਾਬ ਉਨ੍ਹਾਂ ਰਾਹੀਂ ਹੀ ਵਿਕਦੀ ਹੈ। ਜੇ ਕੋਈ ਲੇਖਕ ਆਪਣੀ ਕੋਈ ਕਿਤਾਬ ਸਿੱਧਾ ਹੀ ਕਿਸੇ ਦੁਕਾਨ 'ਤੇ ਰੱਖਦਾ ਹੈ ਤਾਂ ਦੁਕਾਨਦਾਰ ਨਾਂਹ ਕਰ ਦਿੰਦਾ ਹੈ। ਚੰਦਨ ਵੀ ਕਈ ਦੁਕਾਨਾਂ 'ਤੇ ਗਿਆ ਪਰ ਕੋਈ ਵੀ ਦੁਕਾਨਦਾਰ ਕਿਤਾਬ ਰੱਖਣ ਨੂੰ ਤਿਆਰ ਨਾ ਹੋਇਆ। ਉਹਨੇ ਆਪਣਾ ਨਾਵਲ ਗੁਰਦਵਾਰੇ ਦੇ ਬਾਹਰ ਖੜ ਕੇ ਵੇਚਿਆ। ਦੋ ਰੀਵਿਊ ਹੋਏ। ਨਾਵਲ ਦੀ ਗੱਲ ਨਹੀਂ ਬਣੀ। ਨਾ ਹੀ ਨਾਵਲ ਵਿਕਿਆ।



-ਚੰਦਨ ਨੇ ਪੰਜਾਬ 'ਚੋਂ ਡਾਕਟਰਾਂ ਦੀ ਟੀਮ ਬੁਲਾਈ। ਸਾਰਿਆਂ ਨੂੰ ਟਿਕਟ ਦਿੱਤੀ। ਪਰ ਕਿਸੇ ਨੂੰ ਘਰੋਂ ਬਾਹਰ ਨਹੀਂ ਜਾਣ ਦਿੱਤਾ। ਕਿਸੇ ਨੂੰ ਮਿਲਣ ਨਹੀਂ ਦਿੱਤਾ।

-ਉਨ੍ਹੀਂ ਦਿਨੀਂ ਰਾਮ ਸਰੂਪ ਅਣਖੀ ਵੀ ਇੰਗਲੈਂਡ ਗਿਆ ਹੋਇਆ ਸੀ। ਉਸ ਚੰਦਨ ਨੂੰ ਇਕ ਪਾਸੇ ਦਾ ਕਿਰਾਇਆ ਦੇਣ ਲਈ ਕਿਹਾ ਤਾਂ ਚੰਦਨ ਦਾ ਜਵਾਬ ਸੀ-ਅਸੀਂ ਲੇਖਕਾਂ ਨੂੰ ਕਿਰਾਇਆ ਨਹੀਂ ਦਿੰਦੇ।

ਸਾਡੀ ਜ਼ਿੰਦਗੀ 'ਚ ਕਈ ਵਾਰ ਅਜਿਹਾ ਵੀ ਵਾਪਰਦਾ ਹੈ ਕਿ ਅਸੀਂ ਕਿਸੇ ਬੰਦੇ ਨੂੰ ਪਸੰਦ ਨਹੀਂ ਕਰਦੇ ਪਰ ਉਸ ਦੇ ਚਰਿੱਤਰ 'ਚ ਕੁਝ ਅਹਿਮ ਗੁਣ ਵੀ ਹੁੰਦੇ ਹਨ ਜਿਨ੍ਹਾਂ ਨੂੰ ਅਸੀਂ ਇਗਨੋਰ ਵੀ ਨਹੀਂ ਕਰ ਸਕਦੇ। ਉਸ ਨੂੰ ਭੁਲਾ ਵੀ ਨਹੀਂ ਸਮਝਦੇ। ਚੰਦਨ ਵੀ ਉਨ੍ਹਾਂ 'ਚੋਂ ਇਕ ਹੈ। ਉਹਦੀ ਕੋਈ ਵੀ ਰਚਨਾ ਕਿਤੇ ਵੀ ਛਪਦੀ-ਮੈਂ ਸਾਰੇ ਕੰਮ ਛੱਡ ਕੇ ਪੜ੍ਹਦਾ। ਪਰ ਮੈਥੋਂ ਉਸ ਦੇ ਨਵੇਂ ਲਿਖੇ ਨਾਵਲ ਪੜ੍ਹੇ ਨਾ ਜਾਂਦੇ। ਮੈਂ ਸੋਚਦਾ ਕਿ ਚੰਦਨ ਕਿਥੇ ਗੁਆਚ ਗਿਆ ਸੀ। ਕੀ ਉਸਨੂੰ ਇਕੱਲਤਾ ਨੇ ਮਾਰ ਲਿਆ ਸੀ। ਉਹਨੂੰ ਦਵਿੰਦਰ ਕੌਰ ਛੱਡ ਗਈ ਸੀ। ਉਹ ਨੇ ਕੇਸ ਜਿੱਤ ਲਿਆ ਸੀ। ਚੰਦਨ ਕੋਲ ਮਕਾਨ ਵੀ ਨਹੀਂ ਰਹਿਣਾ ਸੀ। ਮੁੰਡੇ ਨਾਲ ਬਣਦੀ ਨਹੀਂ ਸੀ। ਲੇਖਕਾਂ ਨੂੰ ਉਹ ਟਿਚ ਸਮਝਦਾ ਸੀ। ਬੋਲਣ ਲੱਗਾ ਅੱਗਾ-ਪਿੱਛਾ ਨਹੀਂ ਦੇਖਦਾ ਸੀ। ਸਿੰਗ ਫਸਾਉਣ ਲੱਗਾ ਇਹ ਨਹੀਂ ਸੋਚਦਾ ਸੀ ਕਿ ਉਸ 'ਚ ਕਿੰਨੀ ਤਾਕਤ ਹੈ। ਆਲੋਚਕ ਉਸ ਬਾਰੇ ਲਿਖਣੋਂ ਕੰਨੀਂ ਕਤਰਾਉਣ ਲੱਗ ਪਏ ਸਨ। ਫੇਰ ਉਸ 'ਪ੍ਰਵਚਨ' ਮੈਗਜ਼ੀਨ ਸ਼ੁਰੂ ਕਰਨ ਬਾਰੇ ਐਲਾਨ ਕੀਤਾ ਸੀ। ਉਨ੍ਹੀਂ ਦਿਨੀਂ ਮੈਂ ਇੰਗਲੈਂਡ ਗਿਆ ਹੋਇਆ ਸੀ। ਇਕ ਰਾਤ ਮੈਂ ਉਸ ਕੋਲ ਵੁਲਵਰਹੈਮਪਟਨ ਠਹਿਰਿਆ ਸੀ। ਮੈਂ ਸ਼ਾਮ ਨੂੰ ਉਹਨੂੰ ਕਿਹਾ ਸੀ, "ਡਾਕਟਰ ਸਾਹਿਬ, ਅੱਜ ਤੁਸੀਂ ਪੈੱਗ ਨਹੀਂ ਲਾਉਣਾ। ਮੈਂ ਤੁਹਾਡੇ ਨਾਲ ਗੱਲਾਂ ਕਰਨੀਆਂ।" ਉਸ ਪੀਤੀ ਨਹੀਂ ਸੀ। ਉਹ ਆਪਣੀ ਸ਼ਾਹੀ ਕੁਰਸੀ 'ਤੇ ਬੈਠਾ ਸੀ। ਅੱਗੇ ਮੇਜ਼ ਪਿਆ ਸੀ। ਮੈਂ ਕਿਹਾ ਸੀ, "ਆਪਣੇ ਕੋਲ 'ਸ਼ਬਦ' ਹੈਗਾ। ਤੁਸੀਂ ਇਸ ਦੇ ਸੰਪਾਦਕੀ ਮੰਡਲ 'ਚ ਸ਼ਾਮਿਲ ਹੋ ਜਾਉ।" ਉਹਨੇ ਦ੍ਰਿੜਤਾ ਨਾਲ ਕਿਹਾ ਸੀ, "ਮੈਂ ਫੈਸਲਾ ਕਰ ਲਿਆ-ਮੈਂ ਤੇ ਰ.ਬ. ਸਿੰਘ ਪਰਚਾ ਕੱਢਾਂਗੇ। ਤੂੰ ਕੋਈ ਹੋਰ ਗੱਲ ਕਰ।" ਮੈਨੂੰ ਹਰਜੀਤ ਦਾ ਕਿਹਾ ਹੋਇਆ ਯਾਦ ਆ ਗਿਆ ਸੀ, "ਇਹਨੂੰ ਕੋਈ ਗੱਲ ਸਟਰਿਸ ਦੇ ਕੇ ਨਾ ਕਹੀਂ। ਇਹ ਆਪਣੇ ਇਰਾਦਿਆਂ ਨੂੰ ਨਹੀਂ ਬਦਲਦਾ ਹੁੰਦਾ। ਜਿਥੇ ਅੜ ਗਿਆ ਉਥੇ ਅੜ ਗਿਆ। ਇਹਨੇ ਤਾਂ ਅਮਰਜੀਤ ਚੰਦਨ ਨਾਲ ਵੀ ਟੱਕਰ ਲੈ ਲਈ ਸੀ। ਐਦਾਂ ਦੇ ਕੰਮਾਂ ਨੂੰ ਇਹ ਸ਼ੇਰ ਆ। ਇਹਨੂੰ ਫੂਲੀਆਂ ਪਾ ਕੇ ਜੋ ਮਰਜ਼ੀ ਕਰਵਾ ਲਉ........।"

30 ਜੂਨ, 2007 ਹਰਜੀਤ ਅਟਵਾਲ ਦੇ ਘਰ ਦਾ ਫਰੰਟ ਰੂਮ। 'ਅਦਾਰਾ ਸ਼ਬਦ' ਦਾ ਅੰਬੇਦਕਰ ਭਵਨ 'ਚ ਰੱਖਿਆ ਪ੍ਰੋਗਰਾਮ ਵਧੀਆ ਹੋਇਆ ਸੀ। ਹਰਜੀਤ ਦੀ ਆਸ ਤੋਂ ਜ਼ਿਆਦਾ ਲੇਖਕ-ਮਿੱਤਰ ਆਏ ਸਨ। ਚੰਦਨ ਤੇ ਉਹ ਪ੍ਰੋਗਰਾਮ ਤੋਂ ਹੀ ਵਾਹਵਾ ਪੀ ਆਏ ਸਨ। ਘਰ ਆ ਕੇ ਵੀ ਹਰਜੀਤ ਨੇ ਚੰਦਨ ਅੱਗੇ ਬੋਤਲ ਖੋਲ੍ਹ ਦਿੱਤੀ ਸੀ। ਉਨ੍ਹਾਂ ਭਰਵੇਂ ਪੈੱਗ ਲਾਏ ਸਨ। ਭਾਬੀ ਜੀ ਤੇ ਬੱਚੇ ਆਪੋ-ਆਪਣੇ ਕਮਰਿਆਂ 'ਚ ਚਲੇ ਗਏ ਸਨ। ਮੈਂ ਟੈਲੀਵੀਜ਼ਨ ਸਾਹਮਣੇ ਪਏ ਸੈਟੀ 'ਤੇ ਕੰਬਲ ਲੈ ਕੇ ਪੈ ਗਿਆ ਸੀ। ਚੰਦਨ ਨੇ ਮੈਨੂੰ ਵਾਰ-ਵਾਰ ਸੱਦਿਆ ਸੀ। ਗਾਲ੍ਹਾਂ ਵੀ ਕੱਢੀਆਂ ਸਨ। ਪਰ ਮੈਂ ਉਨ੍ਹਾਂ ਕੋਲ ਗਿਆ ਨਹੀਂ ਸੀ। ਹਰਜੀਤ ਨੇ ਕਿਹਾ ਸੀ, "ਜਿੰਦਰ ਨੂੰ ਸੌਂ ਲੈਣ ਦਿਉ।" ਜਦੋਂ ਚੰਦਨ ਅਵਲ-ਟਪਲੀਆਂ ਮਾਰਨ ਲੱਗਾ ਸੀ ਤਾਂ ਹਰਜੀਤ ਆਪਣੇ ਬੈੱਡ ਰੂਮ 'ਚ ਚਲੇ ਗਿਆ ਸੀ। ਚੰਦਨ ਜਲਦੀ ਹੀ ਸੌਂ ਗਿਆ ਸੀ। ਮੈਨੂੰ ਉਸ ਦੇ ਘੁਰਾੜਿਆਂ ਨੇ ਸੌਣ ਨਹੀਂ ਦਿੱਤਾ ਸੀ। ਮੈਂ ਕੰਨਾਂ 'ਚ ਉਂਗਲਾਂ ਲਈਆਂ ਸਨ ਪਰ ਘੁਰਾੜਿਆਂ ਦੀ ਆਵਾਜ਼ ਐਨੀ ਉੱਚੀ ਸੀ ਕਿ ਮੇਰੀ ਹਰ ਕੋਸ਼ਿਸ਼ ਨਾਕਾਮਯਾਬ ਹੋਈ ਸੀ। ਵਿਚ-ਵਿਚਾਲੇ ਉਹ ਬੁੜਬੁੜਾਉਣ ਲੱਗ ਪੈਂਦਾ, "ਸਾਨੂੰ ਕਿਸ ਭੈਣ ਚੋਦ ਨੇ ਪਾੜਿਆ। ਹਰਜੀਤ ਬਿਨਾਂ ਤਾਂ ਮੈਂ ਸਾਹ ਨਹੀਂ ਲੈਂਦਾ ਸੀ। ਆਹ ਦਰਸ਼ਨ ਸਿੰਘ ਅਟਵਾਲ ਮੇਰਾ ਵੱਡਾ ਭਰਾ ਆ.......।"

ਜਿਸਕੋ ਭੀ ਚਾਹਾ ਹੈ ਉਸੇ ਸ਼ਿੱਦਤ ਸੇ ਚਾਹਾ ਹੈ ਫ਼ਰਾਜ਼।

ਸਿਲਸਿਲਾ ਟੂਟਾ ਨਹੀਂ ਹੈ ਦਰਦ ਕੀ ਜੰਜ਼ੀਰ ਕਾ।

ਸਵੇਰ ਨੂੰ ਹਰਜੀਤ ਨੇ ਚੰਦਨ ਨੂੰ ਮਸਾਂ-ਮਸਾਂ ਉਠਾਲਿਆ, ਕਾਰ 'ਚ ਬੈਠਾਇਆ ਤੇ ਫੇਰ ਆਪਣੇ ਸਟੋਰ ਦੇ ਪਿਛੇ ਪੈਂਦੇ ਕਮਰੇ 'ਚ ਲੈ ਜਾ ਕੇ ਲੰਮਾ ਪਾ ਦਿੱਤਾ। ਸਿਗਰੇਟਾਂ ਦੀ ਡੱਬੀ ਰੱਖ ਦਿੱਤੀ। ਬੋਤਲ ਤੇ ਖਾਣ-ਪੀਣ ਦਾ ਸਾਮਾਨ ਵੀ।

ਮੈਂ ਔਖ ਜਿਹੀ ਮੰਨਦਿਆਂ ਹੋਇਆਂ ਕਿਹਾ, "ਇਹਨੂੰ ਹੋਰ ਨਾ ਪੀਣ ਦੇ।"

ਹਰਜੀਤ ਨੇ ਸਮਝਾਉਣ ਦੇ ਲਹਿਜੇ 'ਚ ਕਿਹਾ ਸੀ, "ਸਾਡੇ ਪਿੰਡ ਮੇਰਾ ਇਕ ਦੂਰੋਂ ਲਗਦਾ ਚਾਚਾ ਹੁੰਦਾ ਸੀ। ਜਦੋਂ ਉਹ ਸੋਫੀ ਹੁੰਦਾ ਤਾਂ ਲੋਕਾਂ ਨਾਲ ਲੜਦਾ ਫਿਰਦਾ ਸੀ। ਘਰ ਦੇ ਉਹਨੂੰ ਸ਼ਰਾਬੀ ਹੀ ਰੱਖਦੇ ਸੀ-ਇਸ ਲਈ ਕਿ ਜੇ ਸੋਫੀ ਹੋਊਗਾ ਤਾਂ ਐਵੇਂ ਪੰਗੇ ਲਊਗਾ। ਡਾਕਟਰ ਨੂੰ ਪਿਲਾ ਕੇ ਹੀ ਸਰਨਾ। ਇਹਨੂੰ ਪੀ ਕੇ ਸੌਣ ਦੇ। ਮੈਂ ਇਹਨੂੰ ਅੱਜ ਘਰ ਨਹੀਂ ਲੈ ਜਾਣਾ।"

ਰਾਤ ਨੂੰ ਜਾਣ ਲੱਗਿਆਂ ਹਰਜੀਤ ਨੇ ਕਿਹਾ ਸੀ, "ਡਾਕਟਰ ਸਾਹਿਬ, ਤੁਸੀਂ ਅੱਜ ਇਥੇ ਹੀ ਸੌਂਵੋਂ। ਰਾਤੀਂ ਤੁਸੀਂ ਪੀ ਕੇ ਸਾਰੀ ਰਾਤ ਗਾਲ੍ਹਾਂ ਕੱਢਦੇ ਰਹੇ। ਬੱਚੇ ਡਿਸਲਾਇਕ ਕਰਦੇ।"

ਦੂਜੇ ਦਿਨ ਦੁਪਹਿਰ ਤੱਕ ਉਸਨੂੰ ਕੋਈ ਹੋਸ਼ ਨਹੀਂ ਰਹੀ ਸੀ। ਉਹਨੇ ਦੋ ਦਿਨਾਂ ਤੋਂ ਬਰੁਸ਼ ਨਹੀਂ ਕੀਤਾ ਸੀ। ਜਿਥੇ ਹਰਜੀਤ ਚਾਹ ਬਣਾ ਕੇ ਰੱਖ ਗਿਆ ਸੀ, ਉੱਥੇ ਜਿਉਂ ਦੀ ਤਿਉਂ ਪਈ ਰਹੀ ਸੀ। ਸ਼ਾਮੀਂ ਮੈਂ ਉਹਨੂੰ ਸਮੋਸਾ ਗਰਮ ਕਰਕੇ ਦਿੱਤਾ ਸੀ। ਪਨੀਰ ਦੀ ਸਬਜ਼ੀ ਦਿੱਤੀ ਸੀ। ਨਾਨ ਗਰਮ ਕਰਕੇ ਉਸ ਅੱਗੇ ਰੱਖਿਆ ਸੀ। ਉਸ ਨੇ ਸਿਰਫ਼ ਦੋ ਬੁਰਕੀਆਂ ਖਾਧੀਆਂ ਸੀ। ਫੇਰ ਉਹ ਉੱਚੀ ਉੱਚੀ ਰੋਣ ਲੱਗ ਪਿਆ ਸੀ।

-ਉਹ ਕਿਉਂ ਸਾਰਾ ਘਰ ਲੈਣਾ ਚਾਹੁੰਦੀ ਆ। ਦਿੱਲੀ ਵਾਲਾ ਵੀ। ਇਥੋਂ ਵਾਲਾ ਵੀ। ਮੇਰੇ ਲਈ ਟੂ-ਬੈੱਡ ਰੂਮ ਛੱਡ ਦੇਵੇ।

ਉਹਨੂੰ ਜ਼ੋਰ ਦੀ ਖੰਘ ਛਿੜੀ ਸੀ।

-ਮੇਰੀ ਮੌਤ ਸੌਖੀ ਕਰ ਦਿਉ...ਮੈਂ ਬਹੁਤ ਖਿਝਿਆ ਹੋਇਆ ਆਂ।

-ਦਵਿੰਦਰ ਨੂੰ ਪੁੱਛੋ ਕਿ ਉਹ ਮੈਨੂੰ ਕਿਉਂ ਮਾਰ ਰਹੀ ਆ।

-ਜੇ ਮੇਰੇ ਜਿਉਣ ਦਾ ਕੋਈ ਮਕਸਦ ਨਹੀਂ ਤਾਂ ਮੈਨੂੰ ਨਹੀਂ ਜਿਉਣਾ ਚਾਹੀਦਾ। ਮੈਂ ਕਿਸੇ ਸੌਖੇ ਤਰੀਕੇ ਨਾਲ ਮਰਣਾ ਚਾਹੁੰਣਾਂ। ਮੇਰੀ ਮੌਤ ਸੌਖੀ ਕਰ ਦਿਉ।

ਚੰਦਨ ਦੀ ਬੇਟੀ ਅਲਕਾ ਦਾ ਫੋਨ ਆਇਆ ਸੀ।

-ਪੁੱਤ ਮੈਂ ਮਰ ਰਿਹਾਂ। ਮੈਂ ਨਹੀਂ ਜਿਉਣਾ ਚਾਹੁੰਦਾ। ਮੈਂ ਹਰਜੀਤ ਕੋਲ ਬੈਠਾਂ। ਤੈਨੂੰ ਲੇਟਰ ਔਨ ਫੋਨ ਕਰਾਂਗਾ।"

ਦੋਸਤੀ ਕੇ ਮਾਯਨੇ ਕਯਾ ਖ਼ਾਕ ਸਮਝਾਏਂ ਉਸੇ

ਪੀਠ ਮੇਂ ਪੀਛੇ ਸੇ ਆਕਰ ਜੋ ਕਿ ਖ਼ੰਜ਼ਰ ਦੇ ਗਯਾ

ਉਹ ਫੇਰ ਰੋਣ ਲੱਗ ਪਿਆ ਸੀ। ਉਹਨੇ ਪਾਣੀ ਪੀਤਾ। ਸਿਗਰੇਟ ਲਾਈ।

-ਮੈਨੂੰ ਮਰ ਜਾਣਾ ਚਾਹੀਦਾ। ਮੈਂ ਕਿਉਂ ਜੀਅ ਰਿਹਾ। ਭੈਣ ਚੋਦ.....।

-ਮੇਰੇ ਜੀਉਣ ਦਾ ਕੋਈ ਇਕ ਕਾਰਨ ਵੀ ਦੱਸੋ।

-ਮੈਨੂੰ ਕਾਹਦੇ ਲਈ ਜਿਉਣਾ ਚਾਹੀਦਾ। ਮੇਰੇ ਜੀਉਣ ਦਾ ਕੋਈ ਕਾਰਨ ਨਹੀਂ। ਮੈਂ ਕਿਉਂ ਜੀਵਾਂ। ਮੈਨੂੰ ਕੋਈ ਇਕ ਵੀ ਆਰਗੂਮੈਂਟ ਮਿਲੇ ਤਾਂ ਮੈਂ ਜੀਵਾਂ..ਮੈਨੂੰ ਜਿਉਣ ਦਾ ਕੋਈ ਹੱਕ ਨਹੀਂ। ਮੈਨੂੰ ਮੌਤ ਨਹੀਂ ਆ ਰਹੀ।

-ਮੈਂ ਮਰ ਚੁੱਕਾ ਆਦਮੀ ਆਂ।

-ਆਈ ਡੌਂਟ ਵਾਨਟ ਟੂ ਲਿਵ।

-ਮੈਂ ਮਰਨਾ ਚਾਹੁੰਦਾ ਹਾਂ ਦਵਿੰਦਰ। ਸਾਰੇ ਕੁਝ ਦਾ ਮੇਨ ਕਾਰਨ ਦਵਿੰਦਰ ਆ। ਉਹਨੂੰ ਕੋਈ ਫਰਕ ਨਹੀਂ ਪੈਂਦਾ। ਉਹਦੇ ਕੋਲ ਦਿਲ-ਦਿਮਾਗ ਨਹੀਂ। ਉਸ 'ਤੇ ਕੋਈ ਅਸਰ ਨਹੀਂ ਹੋ ਰਿਹਾ। ਮੇਰਾ ਸਤਿਆਨਾਸ ਹੋ ਰਿਹਾ। ਮੈਂ ਜਿਉਂਦੀ ਬਾਡੀ ਆਂ। ਮੈਨੂੰ ਦਫਨ ਕਰ ਦਿਉ। ਮੈਨੂੰ ਬਹੁਤ ਚਿਰ ਪਹਿਲਾਂ ਮਰ ਜਾਣਾ ਚਾਹੀਦਾ ਸੀ। ਉਹ ਵੱਡੇ-ਵੱਡੇ ਸੁਪਨੇ ਲੈ ਰਹੀ ਆ-ਮੈਂ ਮਰ ਰਿਹਾਂ।

-ਜੇ ਮੇਰੀ ਧੀ ਅਲਕਾ ਨਾ ਹੁੰਦੀ ਜਾਂ ਮੇਰੀ ਮਾਂ......ਮੇਰਾ ਔਰਤ ਜਾਤ ਤੋਂ ਵਿਸ਼ਵਾਸ ਉੱਠ ਜਾਣਾ ਸੀ।

ਸਿਤਮਗਰੋਂ ਕਾ ਹੈ ਫਰਮਾਨ ਘਰ ਭੀ ਜਾਏਗਾ,

ਅਗਰ ਮੈਂ ਝੂਠ ਨਾ ਬੋਲਾ ਤੋ ਮਰ ਭੀ ਜਾਏਗਾ।

ਮੈਂ ਉਸ ਦੀ ਹਾਲਤ ਦੇਖ ਕੇ ਪ੍ਰੇਸ਼ਾਨ ਹੋ ਗਿਆ ਸੀ। ਕਾਉਂਟਰ 'ਤੇ ਬੈਠੇ ਹਰਜੀਤ ਨੂੰ ਵਾਰ ਵਾਰ ਦੱਸਿਆ ਸੀ। ਅੱਗੋਂ ਉਸ ਦਾ ਕਹਿਣਾ ਸੀ, "ਅਜੇ ਦੋ-ਤਿੰਨ ਦਿਨ ਉਸ ਦੀ ਅਜਿਹੀ ਹਾਲਤ ਰਹਿਣੀ ਆ। ਉਹਨੂੰ ਨੌਰਮਲ ਹੋਣ ਲਈ ਟਾਈਮ ਚਾਹੀਦਾ।" ਚੰਦਨ ਦਾ ਕਿਹਾ ਮੈਨੂੰ ਯਾਦ ਆਇਆ ਸੀ, "ਮਨੁੱਖ ਜਦੋਂ ਵੀ ਮਰਦਾ ਹੈ,



ਪਹਿਲਾਂ ਅੰਦਰੋਂ ਮਰਦਾ ਹੈ-ਬਾਹਰੋਂ ਨਹੀਂ। ਮਨੁੱਖ ਦਾ ਸਰੀਰਕ ਤੌਰ 'ਤੇ ਮਰ ਜਾਣਾ ਕੋਈ ਮਹੱਤਵ ਨਹੀਂ ਰੱਖਦਾ ਕਿਉਂਕਿ ਮਰਦਾ ਹੀ ਕੁਝ ਨਹੀਂ।"

ਮੈਂ ਕਮਰੇ 'ਚ ਉਡਦੀ ਜਿਹੀ ਨਜ਼ਰ ਮਾਰੀ ਸੀ। ਮੇਜ਼ 'ਤੇ ਵੱਡੇ ਚਿੱਟੇ ਕਾਗਜ਼ ਵਿਛਾਏ ਸਨ। ਚੰਦਨ ਦੀਆਂ ਐਨਕਾਂ ਪਈਆਂ ਸਨ। ਇਕ ਸ਼ੀਸ਼ਾ ਪਤਾ ਨਹੀਂ ਕਿਧਰ ਡਿੱਗ ਪਿਆ ਸੀ। ਡਨਹਿਲ ਇੰਟਰਨੈਸ਼ਨਲ ਸਿਗਰੇਟਾਂ ਦੀ ਡੱਬੀ। ਗੂੜ੍ਹੇ ਲਾਲ ਰੰਗ ਦੀ। ਭੁਜੀਏ ਦੀ ਪਲੇਟ। ਸਲਾਦ। ਸਬਜ਼ੀ। ਪੌਣੀ ਰੋਟੀ। ਟਿਸ਼ੂ ਪੇਪਰ। ਪਲੇਟ 'ਚ ਦੋ ਸਿਗਰੇਟਾਂ ਦੇ ਟੋਟੇ। ਚਮਚਾ। ਫੈਂਟਾ, ਲੈਮਨ। ਕੱਪ 'ਚ ਸਿਗਰੇਟਾਂ ਦੇ ਟੋਟੇ। ਇਸ ਸਭ ਕੁਝ ਉਪਰ ਫੈਲੇ ਚੰਦਨ ਦੇ ਘੁਰਾੜੇ। ਮੈਨੂੰ ਕਚਿਆਣ ਜਿਹੀ ਆਈ ਸੀ। ਚੰਦਨ ਦਾ ਅੱਧਾ ਧੜ ਸੈਟੀ 'ਤੇ ਸੀ। ਅੱਧਾ ਹੇਠਾਂ ਨੂੰ ਲਮਕਿਆ ਹੋਇਆ। ਮੂੰਹ 'ਚੋਂ ਰਾਲਾਂ ਵਗ ਰਹੀਆਂ ਸਨ। ਵਿਚ-ਵਿਚਾਲੇ ਉਹ ਬੁੜਬੜਾਉਣ ਲਗਦਾ। ਮੈਨੂੰ ਲਗਾ ਸੀ ਕਿ ਉਹ ਅੱਧਾ ਕੁ ਸੁਚੇਤ ਸੀ। ਮੈਥੋਂ ਕਮਰੇ 'ਚ ਬਹੁਤਾ ਚਿਰ ਖੜ੍ਹਿਆ ਨਹੀਂ ਗਿਆ ਸੀ। ਮੈਂ ਦਰਵਾਜ਼ੇ 'ਚੋਂ ਹੀ ਮੁੜ ਆਇਆ ਸੀ। ਕਲ੍ਹ ਵੀ ਉਹਦੀ ਇਹੋ ਜਿਹੀ ਹਾਲਤ ਸੀ। ਮੈਂ ਉਸਨੂੰ ਸਿੱਧਾ ਪਾਉਣ ਦੀ ਕੋਸ਼ਿਸ਼ ਕੀਤੀ ਸੀ। ਅੱਗੋਂ ਉਹ ਗਾਲ੍ਹਾਂ ਕੱਢਣ ਲੱਗ ਪਿਆ ਸੀ। ਮੈਨੂੰ, ਦਵਿੰਦਰ ਕੌਰ, ਦਰਸ਼ਨ ਧੀਰ ਜਾਂ ਕਿਸੇ ਹੋਰ ਨੂੰ, ਇਸ ਦਾ ਮੈਨੂੰ ਬਹੁ ਪਤਾ ਨਹੀਂ ਲੱਗਾ ਸੀ। ਜਿਵੇਂ ਕਿ ਉਹ ਕਹਿੰਦਾ ਹੁੰਦਾ ਹੈ ਕਿ ਉਹ ਆਪਣੇ ਚਾਚੇ (ਪਿਤਾ ਜੀ) ਨੂੰ ਬਹੁਤ ਯਾਦ ਕਰਦਾ ਹੁੰਦਾ ਹੈ ਪਰ ਉਸ ਅਜਿਹੀ ਸਥਿਤੀ 'ਚ ਨਾ ਤਾਂ ਚਾਚੇ ਨੂੰ ਤੇ ਨਾ ਹੀ ਮਾਂ ਨੂੰ ਯਾਦ ਕੀਤਾ ਸੀ। ਮੇਰੀਆਂ ਨਜ਼ਰਾਂ ਅੱਗੇ ਯਤੀਮ ਚੰਦਨ ਪ੍ਰਗਟ ਹੋਇਆ ਸੀ। ਪਰ ਮੈਂ ਜਲਦੀ ਹੀ ਉਸਦੇ ਇਸ ਰੂਪ ਨੂੰ ਆਪਣੇ ਤੋਂ ਦੂਰ ਭਜਾ ਦਿੱਤਾ ਸੀ।

ਤੀਜਾ ਦਿਨ ਚੜ੍ਹ ਗਿਆ ਸੀ।

ਚੰਦਨ-ਤੂੰ ਮੇਰੇ ਸਾਹਮਣੇ ਬੈਠ।

ਹਰਜੀਤ-ਮੈਂ ਸ਼ੌਪ ਵਿਚਲੇ ਕੰਮ ਕਰਨੇ। ਮੈਂ ਕਾਲੇ ਨੂੰ ਦਸ ਪਾਊਂਡ ਦੇ ਕੇ ਗੱਡੀ ਬਚਾਈ ਸੀ। ਮਗਰੇ ਇਕ ਹੋਰ ਕਾਲਾ ਆ ਗਿਆ। ਮੈਂ ਉਹਨੂੰ ਕਿਹਾ-ਤੇਰਾ ਗਵਨਾ ਦਸ ਪਾਊਂਡ ਲੈ ਗਿਆ।.... ਮੈਂ ਘੰਟਾ ਕੁ ਦੁਕਾਨ 'ਚ ਲਾ ਲਵਾਂ। ਨੇਕੇ ਨੇ ਆ ਜਾਣਾ। ਤੁਸੀਂ ਤਿਆਰ ਹੋਵੋ। ਆਪਾਂ ਟਾਈਮ ਸਿਰ ਨਿਕਲਣਾ। ਨਹੀਂ ਤਾਂ ਗੱਡੀ ਦਾ ਚਲਾਨ ਹੋ ਜਾਣਾ।

ਗੱਡੀ ਦੇ ਚਲਾਨ ਦਾ ਸੁਣ ਕੇ ਚੰਦਨ ਕਾਇਮ ਹੋ ਗਿਆ। ਹਰਜੀਤ ਦਾ ਟਰਿਕ ਚਲ ਗਿਆ ਸੀ। ਮੈਂ ਜਸਵਿੰਦਰ ਮਾਨ ਕੋਲ ਡਰਬੀ ਜਾਣਾ ਸੀ। ਹਰਜੀਤ ਨੇ ਮੈਨੂੰ ਸਲਾਹ ਦਿੱਤੀ ਕਿ ਮੈਂ ਚੰਦਨ ਨਾਲ ਵੁਲਵਰਹੈਮਟਨ ਚਲਾ ਜਾਵਾਂ। ਉਥੋਂ ਜਸਵਿੰਦਰ ਮਾਨ ਮੈਨੂੰ ਲੈ ਜਾਵੇਗਾ। ਮੈਂ ਡਰਦਾ ਸੀ ਕਿ ਚੰਦਨ ਕਿਤੇ ਗੱਡੀ ਨਾ ਮਾਰ ਦੇਵੇ। ਹਰਜੀਤ ਨੇ ਮੇਰੀ ਚਿੰਤਾ ਮੁਕਾ ਦਿੱਤੀ, "ਇਹ ਆਪ ਭਾਵੇਂ ਮਰ ਜਾਊ ਪਰ ਗੱਡੀ ਨਹੀਂ ਕਿਸੇ ਦੇ ਵਿਚ ਮਾਰਦਾ।" ਚੰਦਨ ਵੁਲਵਰਹੈਮਟਨ ਜਾਣ ਦੀ ਥਾਂ 'ਤੇ ਹੇਜ਼ ਮੁਸਤਾਕ ਕੋਲ ਚਲਾ ਗਿਆ। ਜਾਂਦਿਆਂ ਨੂੰ ਮੁਸਤਾਕ ਘਰੇ ਸੀ। ਉਹਨੇ ਚਾਹ-ਪਾਣੀ ਪੁੱਛਿਆ ਤਾਂ ਚੰਦਨ ਬੋਲਿਆ, "ਪੀਣ ਵਾਲੀ ਚੀਜ਼ ਲਿਆ।"

"ਤੇਰੀ ਤਾਂ ਪਹਿਲਾਂ ਪੀਤੀ ਲੱਗਦੀ ਆ।"

"ਮੇਰਾ ਸਿਰ ਮੋਟਾ।"

"ਖੋਤੇ ਦਾ ਸਿਰ।"

"ਵੁਲਵਰਹੈਮਟਨ 'ਚ ਮੋਟੇ ਸਿਰ ਵਾਲੇ ਬੰਦੇ ਰਹਿੰਦੇ ਆ। ਇਨ੍ਹਾਂ ਕੋਲ ਦਿਮਾਗ ਨਹੀਂ। ਮੈਂ ਉਹ ਘਰ ਛੱਡ ਕੇ ਇਧਰ ਆ ਜਾਣਾ।"

"ਬਾਬਾ, ਤੂੰ ਉਧਰ ਹੀ ਠੀਕ ਆਂ।"

ਚੰਦਨ ਦੀ ਜ਼ਿੱਦ ਅੱਗੇ ਮੁਸਤਾਕ ਨੂੰ ਝੁਕਣਾ ਪਿਆ ਸੀ। ਮੈਂ ਕਈ ਰਾਤਾਂ ਦਾ ਉਨੀਂਦਰਾ ਸੀ। ਮੈਂ ਮੁਸਤਾਕ ਨੂੰ ਕਿਹਾ ਸੀ, "ਭਾਜੀ-ਮੈਂ ਤਾਂ ਦੋ ਘੰਟੇ ਸੌਣਾ। ਨਹੀਂ ਤਾਂ ਬੀਮਾਰ ਹੋ ਜਾਊਂਗਾ।" ਮੁਸਤਕਾ ਮੈਨੂੰ ਬੈੱਡ-ਰੂਮ 'ਚ ਛੱਡ ਆਇਆ ਸੀ।

ਚਹੁੰ ਘੰਟਿਆਂ ਬਾਅਦ ਮੁਸਤਾਕ ਨੇ ਮੈਨੂੰ ਆਣ ਉਠਾਲਿਆ ਸੀ ਇਹ ਕਹਿੰਦਿਆਂ, "ਉਠ ਜਵਾਨਾ। ਕੁਝ ਖਾ ਪੀ ਲੈ। ਵਲੈਤ 'ਚ ਆਇਆਂ। ਸਿਹਤ ਬਣਾ ਲੈ।"

ਮੇਰਾ ਕੁਝ ਵੀ ਖਾਨ-ਪੀਨ ਨੂੰ ਮੰਨ ਨਹੀਂ ਕਰਦਾ ਸੀ। ਮੈਂ ਬਾਥਰੂਮ 'ਚ ਜਾ ਕੇ ਅੱਖਾਂ 'ਤੇ ਛਿੱਟੇ ਮਾਰੇ ਸੀ ਤੇ ਮੁੜ ਬੈੱਡ 'ਤੇ ਬੈਠਦਿਆਂ ਚੰਦਨ ਦੀਆਂ ਗੱਲਾਂ ਛੇੜ ਲਈਆਂ ਸਨ।

ਮੁਸਤਾਕ ਨੇ ਦੱਸਿਆ ਸੀ।

– ਇਹ ਸਵੇਰ ਨੂੰ ਉੱਠਦਾ। ਸਿਗਰੇਟ ਪੀਂਦਾ। ਇਹਦੇ ਵੱਡੇ ਸਾਰੇ ਸਿਰ 'ਚ ਕਈ ਬੰਦੇ ਅਸਵਾਰ ਹੋ ਜਾਂਦੇ। ਇਹ ਉਨ੍ਹਾਂ ਬਾਰੇ ਸੋਚਣ ਲੱਗ ਜਾਂਦਾ। ਸਾਰਾ ਦਿਨ ਉਨ੍ਹਾਂ 'ਚ ਘਿਰਿਆ ਰਹਿੰਦਾ। ਇਥੋਂ ਬਾਹਰ ਨਿਕਲੇ ਤਾਂ ਕਿਸੇ ਹੋਰ ਬਾਰੇ ਸੋਚੇ।

-ਇਹ ਕਿਸੇ ਭੈਣ-ਭਰਾ ਨਾਲ ਵਰਤਿਆ ਹੋਵੇ ਤਾਂ ਇਹਨੂੰ ਰਿਸ਼ਤਿਆਂ ਦੀ ਸਾਂਝ ਦਾ ਪਤਾ ਹੋਵੇ।

– ਇਹਨੂੰ ਇਹਦੀ ਈਗੋ ਨੇ ਮਾਰਿਆ। ਇਹਨੇ ਆਪਣਾ ਪੁੱਤ ਗਵਾ ਲਿਆ। ਸਿਆਣਾ ਬਾਪ ਤਾਂ ਉਹੀ ਹੁੰਦਾ ਜਿਹੜਾ ਆਪਣੇ ਬੱਚਿਆਂ ਨਾਲ ਕਲੈਸ਼ ਪੈਦਾ ਨਾ ਕਰੇ। ਜਿਵੇਂ ਬੱਚੇ ਚਾਹੁੰਦੇ ਆ-ਉਵੇਂ ਹੀ ਕਰਨ ਦੇਵੇ। ਅਸੀਂ ਬੱਚਿਆਂ ਲਈ ਬੜੀਆਂ ਕੁਰਬਾਨੀਆਂ ਕੀਤੀਆਂ।

ਸੌਣ ਤੋਂ ਪਹਿਲਾਂ ਮੈਂ ਕਿੰਨਾ ਹੀ ਚਿਰ ਚੰਦਨ ਬਾਰੇ ਸੋਚਦਾ ਰਿਹਾ ਸੀ। ਚੰਦਨ ਦਾ ਪਿਉ 1947 ਦੇ ਦੰਗਿਆਂ 'ਚ ਮਾਰਿਆ ਗਿਆ ਸੀ। ਛੇ ਕੁ ਮਹੀਨਿਆਂ ਬਾਅਦ ਮਾਂ ਵੀ ਮਰ ਗਈ ਸੀ। ਉਸ ਦੇ ਦਸ ਭੈਣ ਭਰਾ ਸੀ ਪਰ ਉਹ ਇਕੱਲਾ ਹੀ ਵੱਡਾ ਹੋਇਆ ਸੀ। ਭੈਣ-ਭਰਾ ਤਾਂ ਜਨਮ ਲੈਣ ਸਮੇਂ ਜਾਂ ਬਚਪਨ 'ਚ ਹੀ ਰੱਬ ਨੂੰ ਪਿਆਰੇ ਹੋ ਗਏ ਸਨ। ਪਹਿਲੀ ਪਤਨੀ ਸੁਰਜੀਤ ਕੌਰ ਵੀ ਉਸ ਦਾ ਸਾਥ ਜਲਦੀ ਛੱਡ ਗਈ ਸੀ। ਦੂਜੀ ਦਵਿੰਦਰ ਕੌਰ ਨਾਲ ਉਸ ਦੀ ਬਣੀ ਨਹੀਂ ਸੀ। ਉਹ ਬਚਪਨ 'ਚ ਵੀ ਇਕੱਲਾ ਸੀ। ਹੁਣ ਬੁਢਾਪੇ 'ਚ ਵੀ ਇਕੱਲਾ ਰਹਿ ਗਿਆ ਸੀ। ਮੈਨੂੰ ਲੱਗਾ ਸੀ ਕਿ ਉਹ ਹਮੇਸ਼ਾ ਹੀ ਇਕੱਲਾ ਰਿਹਾ ਹੈ। ਇਸੇ ਇਕੱਲਤਾ ਕਰਕੇ ਉਸ ਦਾ ਸੁਭਾਅ ਚਿੜਚਿੜਾ ਹੋ ਗਿਆ ਹੈ। ਚਿੜ ਚਿੜੇਪਨ 'ਚੋਂ ਹੀ ਉਸ ਦੀ ਖਿਝ ਨਿਕਲਦੀ ਹੈ। ਫੇਰ ਉਹ ਬੋਲਣ ਲੱਗਾ ਅੱਗਾ ਪਿੱਛਾ ਨਹੀਂ ਦੇਖਦਾ। ਕਿਸੇ ਦੀ ਪ੍ਰਵਾਹ ਨਹੀਂ ਕਰਦਾ। ਉਸ ਦਾ ਆਖਿਰੀ ਸਾਥੀ ਸ਼ਰਾਬ ਹੁੰਦੀ ਹੈ। ਉਹ ਰੱਜ ਕੇ ਸ਼ਰਾਬ ਪੀਂਦਾ ਹੈ। ਅਰਧ ਬੇਹੋਸ਼ੀ 'ਚ ਵਿਚਰਦਾ ਹੈ। ਬੱਸ, ਫਿਕਰ ਦਾ ਕਾਰਨ ਇਹ ਹੀ ਹੈ ਕਿ ਇਸ ਅਰਧ-ਬੇਹੋਸ਼ੀ 'ਚ ਉਸ ਕੋਲੋਂ ਵੱਡੀ ਰਚਨਾ ਨਹੀਂ ਲਿਖ ਹੋਈ। ਵੱਡੀਆਂ ਸ਼ਰਾਰਤਾਂ ਅਵੱਸ਼ ਹੀ ਹੋ ਗਈਆਂ ਜਿਵੇਂ ਗੁਰਪਾਲ ਸੰਧੂ ਨੇ ਪਹਿਲੀ ਵਾਰ ਇੰਗਲੈਂਡ ਜਾਣਾ ਸੀ। ਚੰਦਨ ਨੇ ਕਿਸੇ ਗੱਲੋਂ ਚਿੜ ਕੇ ਬ੍ਰਿਟਿਸ਼ ਹਾਈ-ਕਮੀਸ਼ਨਰ, ਹੀਥਰੋ ਏਅਰਪੋਰਟ ਅਥਾਰਟੀ ਨੂੰ ਲਿਖ ਕੇ ਭੇਜ ਦਿੱਤਾ ਸੀ ਕਿ ਸੰਧੂ ਦਾ ਆਚਰਨ ਠੀਕ ਨਹੀਂ। ਉਸ ਦਾ ਇੰਗਲੈਂਡ ਆਉਣਾ ਇਸ ਦੇਸ਼ ਲਈ ਖਤਰਨਾਕ ਹੋ ਸਕਦਾ।

ਸਵੇਰ ਨੂੰ ਦਸ ਕੁ ਵਜੇ ਅਸੀਂ ਵੂਲਵਰਹੈਂਮਟਨ ਵੱਲ ਨੂੰ ਤੁਰ ਪਏ। ਮੁਸ਼ਤਾਕ ਨੇ ਮੈਨੂੰ ਸਮਝਾਇਆ ਸੀ ਕਿ ਚੰਦਨ ਨੂੰ ਗੱਲੀਂ ਲਾਈਂ ਰੱਖੀਂ। ਸੌਣ ਨਾ ਦੇਈਂ। ਮੈਂ ਅਲੀ-ਅਲੀ ਕਰਦਿਆਂ ਸਫ਼ਰ ਤੈਅ ਕੀਤਾ ਸੀ। ਮੈਨੂੰ ਹਰਜੀਤ 'ਤੇ ਗੁੱਸਾ ਆਇਆ ਸੀ ਕਿ ਉਸ ਮੈਨੂੰ ਕਿਥੇ ਫਸਾ ਦਿੱਤਾ। ਉਸ ਮੈਨੂੰ ਸਾਊਥਾਲ ਤੋਂ ਡਰਬੀ ਦੀ ਬਸ 'ਚ ਕਿਉਂ ਨਹੀਂ ਬੈਠਾਇਆ। ਘਰ ਗਏ ਤਾਂ ਘਰ ਭਾਂ-ਭਾਂ ਕਰਦਾ ਮਿਲਿਆ। ਮੇਰੇ ਕਹਿਣ 'ਤੇ ਚੰਦਨ ਨੇ ਚਾਹ ਬਣਾਈ। ਮੇਰੀ ਮਨਪਸੰਦ ਚਾਹ। ਇਸੇ ਸਮੇਂ ਮੈਂ ਉਸਦੀਆਂ ਕੈਸਿਟਾਂ ਫੋਲ ਮਾਰੀਆਂ ਤੇ ਫਿਲਮ 'ਖ਼ਾਮੋਸ਼ ਪਾਨੀ' ਦੇਖਣੀ ਸ਼ੁਰੂ ਕਰ ਦਿੱਤੀ। ਫੇਰ 'ਨਿਸ਼ਬਦ' ਦੇਖੀ। ਤੀਜੀ ਫਿਲਮ ਨਾਨਾ ਪਾਟੇਕਰ ਦੀ 'ਯਾਤਰਾ'। ਚੰਦਨ ਕੁਝ ਚਿਰ ਮੇਰੇ ਕੋਲ ਬੈਠਾ ਰਿਹਾ। ਜਦੋਂ ਫ਼ਿਲਮਾਂ ਖਤਮ ਹੋ ਗਈਆਂ ਤਾਂ ਮੈਂ ਚੰਦਨ ਦੀ ਭਾਲ ਕੀਤੀ। ਉਹ ਆਪਣੇ ਪੜ੍ਹਣ ਲਿਖਣ ਵਾਲੇ ਕਮਰੇ 'ਚ ਕੁਰਸੀ 'ਤੇ ਬੈਠਾ ਸੀ। ਮੈਂ ਉਹਨੂੰ ਪੁੱਛਿਆ ਕਿ ਉਹ ਲਿਖਦਾ ਕਿਉਂ ਨਹੀਂ। ਉਹ ਸ਼ੁਰੂ ਹੋ ਗਿਆ।

– ਮੈਨੂੰ ਨੌਰਮਲ ਹੋਣ ਨੂੰ ਟਾਈਮ ਲੱਗਦਾ। ਮੈਂ ਨੌਰਮਲ ਹੋਵਾਂਗਾ ਤਾਂ ਲਿਖਾਂਗਾ। ਮੇਰਾ ਕੁਝ ਵੀ ਕਰਨ ਨੂੰ ਮਨ ਨਹੀਂ ਕਰਦਾ। ਤੂੰ ਕਲ੍ਹ ਨੂੰ ਚਲੇ ਜਾਣਾ-ਮੈਂ ਫੇਰ ਇਕੱਲੇ ਨੇ ਰਹਿ ਜਾਣਾ। ਮੈਨੂੰ ਇਹ ਘਰ ਖਾਣ ਨੂੰ ਫਿਰਦਾ....ਜਦੋਂ ਸ਼ੇਰ ਜੰਗ ਜਾਂਗਲੀ ਮਰਿਆ ਸੀ ਤਾਂ ਉਸਦੇ ਮੁੰਡੇ ਨੇ ਕਾਲੇ ਲਿਫ਼ਾਫ਼ਿਆਂ 'ਚ ਕਿਤਾਬਾਂ ਪਾ ਕੇ ਬਾਹਰ ਸੁੱਟ ਆਂਦੀਆਂ ਸੀ। ਮੇਰਾ ਵੀ ਇਹੀ ਹਸ਼ਰ ਹੋਣਾ........ਮੈਨੂੰ ਆਪਣੇ ਫੀਲਡ ਦੀ ਜ਼ਨਾਨੀ ਨਾਲ ਵਿਆਹ ਨਹੀਂ ਕਰਵਾਉਣਾ ਚਾਹੀਦਾ ਸੀ। ਬਦਨਾਮੀ ਦਾ ਜਲਦੀ ਪਤਾ ਲੱਗ ਜਾਂਦਾ...ਮੇਰਾ ਮੁੰਡਾ ਮੈਨੂੰ ਨਹੀਂ ਝਲਦਾ....ਜਦੋਂ ਔਰਤ 'ਚ ਸੈਕਸ ਨਾ ਰਹੇ ਤਾਂ ਕਾਹਦੀ ਜ਼ਿੰਦਗੀ...ਦਵਿੰਦਰ ਨੇ ਮੈਨੂੰ ਸੈਕਸ ਦੀ ਖੁੱਲ੍ਹ ਦੇ ਦਿੱਤੀ ਸੀ ਕਿ ਮੈਂ ਜਿਸ



ਕਿਸੇ ਨਾਲ ਮਰਜ਼ੀ ਸੈਕਸ ਕਰਾਂ...ਬੰਦਾ ਘਰ ਤੋਂ ਬਾਹਰ ਕਿੰਨਾ ਕੁ ਸੈਕਸ ਕਰ ਸਕਦਾ।

ਮੈਂ ਸੋਚ ਰਿਹਾ ਸੀ ਕਿ ਉਹ ਚੰਦਨ ਕਿਥੇ ਚਲਾ ਗਿਆ ਜਿਸ ਕਦੇ ਕਿਹਾ ਸੀ, "ਮੈਂ ਅੱਜ ਵੀ ਲੜਾਈ ਲੜ ਰਿਹਾ ਹਾਂ। ਇਹ ਲੜਾਈ, ਇਹ ਯੁੱਧ, ਇਹ ਘੋਲ ਕਦੇ ਵੀ ਮੇਰੀ ਜ਼ਿੰਦਗੀ ਵਿਚੋਂ ਮਨਫ਼ੀ ਨਹੀਂ ਹੋਇਆ। ਕੁਦਰਤ ਨੇ, ਹਾਦਸਿਆਂ ਨੇ, ਬੇਤਰਹ ਸੰਕਟਾਂ ਨੇ ਕਦੇ ਵੀ ਮੇਰਾ ਪਿੱਛਾ ਨਹੀਂ ਛੱਡਿਆ। ਮੇਰਾ ਨਹੀਂ ਖਿਆਲ ਇਹ ਮੌਤ ਤੱਕ ਮੇਰਾ ਪਿੱਛਾ ਛੱਡਣਗੇ। ਨਹੀਂ ਜੇ ਬੋਲਿਆ ਉਹ ਰਾਤ ਭਰ, ਰੋਂਦਾ ਰਿਹਾ 'ਕੱਲਾ, ਨਵਾਂ ਕੁਈ ਹਾਦਸਾ ਫਿਰ ਜੀਭ ਉਸ ਦੀ ਟੁੱਕ ਗਿਆ ਹੋਣੈਂ।

ਇਸੇ ਵਿਚਕਾਰ ਕੇਵਲ ਪੁਰੀ ਦਾ ਫੋਨ ਆਇਆ ਸੀ। ਚੰਦਨ ਪਹਿਲਾਂ ਵਾਲੇ ਰੌਅ 'ਚ ਆ ਗਿਆ ਸੀ। ਉਹ ਦੱਸਣ ਲੱਗਾ ਸੀ, "ਜੋ ਹੋਵੇਗਾ ਵਕੀਲਾਂ ਥਰੂ ਹੀ ਹੋਏਗਾ...ਇਕੱਲਾ ਹਾਂ ....ਪੌਣੇ ਤਿੰਨ ਸਾਲ ਹੋ ਗਏ ਇਸ ਔਰਤ ਨੇ ਜਿਬਾਅ ਕਰਕੇ ਰੱਖ ਦਿੱਤਾ ਮੈਨੂੰ...ਵੱਡਾ ਇਨਸਾਨ ਕਾਹਦਾ ਮੈਂ ਪੁਰੀ ਸਾਹਿਬ। ਜੇ ਕਿਸਮਤ ਹੀ ਐਦਾਂ ਦੀ ਲਿਖੀ ਆ ਤਾਂ ਮੈਂ ਕੀ ਕਰ ਸਕਦਾਂ।"

ਫੋਨ ਬੰਦ ਹੋਇਆ ਤਾਂ ਚੰਦਨ ਦੀਆਂ ਅੱਖਾਂ ਅੱਥਰੂਆਂ ਨਾਲ ਭਰੀਆਂ ਪਈਆਂ ਸਨ। ਉਸ ਨੇ ਆਪਣੀ ਬੇਟੀ ਅਲਕਾ ਦਾ ਨੰਬਰ ਮਿਲਾਉਣਾ ਸ਼ੁਰੂ ਕੀਤਾ ਸੀ। ਕਾਫੀ ਕੋਸ਼ਿਸ਼ ਕਰਨ ਤੋਂ ਬਾਅਦ ਅਲਕਾ ਦਾ ਨੰਬਰ ਮਿਲਿਆ ਸੀ। ਚੰਦਨ ਨੇ ਦੱਸਣਾ ਸ਼ੁਰੂ ਕੀਤਾ ਸੀ, "ਮੇਰੇ ਕੋਲ ਪੰਜਾਬ ਤੋਂ ਕਹਾਣੀਕਾਰ ਜਿੰਦਰ ਆਇਆ ਹੋਇਆ.....ਇਹ ਮੇਰੀ ਇਕੱਲਤਾ ਦੇਖ ਕੇ ਪ੍ਰੇਸ਼ਾਨ ਹੋਇਆ ਪਿਆ...ਸਮਝ ਨਹੀਂ ਆਉਂਦੀ ਕਿ ਮੈਂ ਕੀ ਕਰਾਂ...ਦਵਿੰਦਰ ਕੌਰ ਮੈਨੂੰ ਜਿਉਣ ਨਹੀਂ ਦਿੰਦੀ...ਮੇਰੀ ਇਸ ਇਕੱਲਤਾ ਦਾ ਕੋਈ ਇਲਾਜ ਨਹੀਂ...ਜਿੰਦਰ ਨੇ ਕਲ੍ਹ ਨੂੰ ਚਲੇ ਜਾਣਾ, ਮੈਂ ਫੇਰ ਇਕੱਲਾ ਰਹਿ ਜਾਣਾ.....ਮੇਰਾ ਕੇਸ ਵੀ ਨਹੀਂ ਮੁੱਕ ਰਿਹਾ ਕਿ ਮੈਂ ਕਿਸੇ ਪਾਸੇ ਲੱਗਾਂ। ਕਈ ਪੰਗੇ ਪਏ ਹੋਏ ਨੇ। ਜੇ ਮੈਂ ਪਿਆ-ਪਿਆ ਮਰ ਗਿਆ ਤਾਂ ਮੈਨੂੰ ਕਿਸੇ ਨੇ ਪੁੱਛਣਾ ਨਹੀਂ। ਇੰਡੀਆ ਜਾ ਕੇ ਵੀ ਮੇਰਾ ਮਨ ਨਹੀਂ ਲਗਦਾ। ਉਥੇ ਜਾ ਕੇ ਵੀ ਮੈਂ ਬੜਾ ਇਕੱਲਾ ਹੁਣਾਂ। ਮੇਰਾ ਘਰ ਭਾਂਅ-ਭਾਂਅ ਕਰਦਾ। ਵੈਸੇ ਵੀ ਮੈਂ ਠੀਕ ਠਾਕ ਹੋਵਾਂ ਤਾਂ ਟਾਈਮ ਪਾਸ ਨਹੀਂ ਹੁੰਦਾ...ਪੁੱਤ-ਪਤਾ ਨਹੀਂ ਸਮਾਂ ਹੀ ਮੇਰੇ ਲਈ ਮਾੜਾ ਜਾਂ ਕਿਸਮਤ......।"

ਚੰਦਨ ਭੁੱਬੀਂ ਰੋ ਪਿਆ ਸੀ। ਮੇਰਾ ਆਪ ਰੋਣ ਨਿਕਲ ਗਿਆ ਸੀ। ਮੈਂ ਰਸੋਈ 'ਚੋਂ ਪਾਣੀ ਦਾ ਗਿਲਾਸ ਲਿਆ ਕੇ ਮੱਲੋਜੋਰੀ ਉਹਨੂੰ ਪਿਲਾਇਆ ਸੀ ਤੇ ਕਿਹਾ ਸੀ, "ਤੁਸੀਂ ਇੰਡੀਆ ਤੋਂ ਕਿਸੇ ਰਿਸ਼ਤੇਦਾਰ ਨੂੰ ਮੰਗਾ ਲਉ।"

"ਮੇਰੀ ਕਿਹੜੀ ਇਕ ਦਿਨ ਦੀ ਸਮੱਸਿਆ ਆ। ਤੂੰ ਮੇਰੀ ਸਮੱਸਿਆ ਨੂੰ ਨਹੀਂ ਸਮਝ ਸਕਦਾ। ਮੈਂ ਕਿਸੇ ਨਾਲ ਸਮਝੌਤਾ ਨਹੀਂ ਕਰ ਸਕਦਾ। ਮੈਥੋਂ ਸਮਝੌਤੇ ਹੁੰਦੇ ਹੀ ਨਹੀਂ। ਮੈਂ ਸਵਰਨ ਚੰਦਨ ਹਾਂ। ਡਾਕਟਰ ਸਵਰਨ ਚੰਦਨ। ਪਰ ਮੈਂ ਇਕੱਲਾ ਹਾਂ-ਹਾਏ ਉਏ ਮੇਰਿਆ ਰੱਬਾ, ਮੈਂ ਇਕੱਲੇ ਨੇ ਹੀ ਮਰ ਜਾਣਾ....।" ਉਹਦੀ ਲੇਰ ਨਿਕਲ ਗਈ ਸੀ।

1947 ਦੇ ਦੰਗਿਆਂ ਵੇਲੇ ਉਸ ਦੇ ਪਿਉ ਨੇ ਕਿਹਾ ਸੀ, "ਪੁੱਤ, ਜੇ ਮੈਂ ਮਰ ਗਿਆ ਤਾਂ ਤੂੰ ਰੋਟੀ ਕਿਥੋਂ ਖਾਏਂਗਾ?"

ਹੁਣ ਜੇ ਉਸ ਦਾ ਪਿਉ ਆ ਕੇ ਦੇਖੇ ਤਾਂ ਉਸ ਦਾ ਘਰ, ਰਸੋਈ ਦੇਖ ਕੇ ਅਸ਼-ਅਸ਼ ਕਰ ਉੱਠੇ। ਉਸ ਦੀ ਭੁੱਖ ਦੀ ਸਮੱਸਿਆ ਤਾਂ ਰਹੀ ਹੀ ਨਹੀਂ ਹੈ। ਹੁਣ ਸਮੱਸਿਆ ਇਕੱਲਤਾ ਦੀ ਹੈ। ਜਿਥੋਂ ਉਹ ਤੁਰਿਆ ਸੀ, ਮੁੜ ਉਥੇ ਆ ਗਿਆ ਹੈ। ਉਸ ਕੋਲ ਕੋਈ ਅਜਿਹਾ ਸਾਥੀ ਨਹੀਂ ਹੈ ਜਿਸ ਦੇ ਮੋਢੇ 'ਤੇ ਸਿਰ ਰੱਖ ਕੇ ਉਹ ਦੋ ਘੜੀਆਂ ਚੈਨ ਲੈ ਸਕੇ। ਕੋਈ ਔਰਤ ਮਿੱਤਰ ਨਹੀਂ ਹੈ ਜਿਸ ਨਾਲ ਉਹ ਕੁਝ ਪਲ ਹੱਸ ਕੇ ਬਿਤਾ ਸਕੇ। ਉਹ ਤਾਂ ਮੁੜ ਯਤੀਮ ਹੋ ਗਿਆ ਹੈ। ਮੈਨੂੰ ਆਲੇ ਅਹਿਮਦ ਸਰੂਰ ਦਾ ਇਕ ਸ਼ੇਅਰ ਯਾਦ ਆਉਂਦਾ ਹੈ : ਜੋ ਪਾਯਾ ਹੈ ਖ਼ੁਸ਼ੀ ਉਸਕੀ ਤੋ ਕਮ ਹੈ। ਜੋ ਖੋਯਾ ਹੈ ਉਸੀ ਕਾ ਮੁਝਕੋ ਗ਼ਮ ਹੈ। ਉਸ ਕੋਲ ਤਾਂ ਉਸ ਦੀਆਂ ਆਪਣੀਆਂ ਸੋਚਾਂ ਹਨ ਜਿਨ੍ਹਾਂ 'ਚੋਂ ਬਾਹਰ ਨਿਕਲਣ ਦਾ ਉਸ ਕੋਲ ਕੋਈ ਰਾਹ ਨਹੀਂ ਹੈ। ਸ਼ਾਇਦ ਆਉਣ ਵਾਲੇ ਸਮੇਂ 'ਚ ਉਸ ਨੂੰ ਕੋਈ ਆਪਣਾ ਮਿਲ ਜਾਵੇ ਤੇ ਉਹ ਆਪਣੇ ਪਿਉ ਨੂੰ ਯਾਦ ਕਰਦਿਆਂ ਹੋਇਆਂ ਕਹੇ, "ਦੇਖ ਚਾਚਾ, ਹੁਣ ਆ ਕੇ ਦੇਖ ਆਪਣੇ ਯਤੀਮ ਛਿੰਦੇ ਪੁੱਤ ਨੂੰ.........।"

(10 ਜਨਵਰੀ, 2010)

# ਦਲਿਤ ਵਰਗ ਨੂੰ ਸਮਰਪਿਤ ਕਹਾਣੀਕਾਰ: ਗੁਰਮੀਤ ਕੜਿਆਲਵੀ

**ਪਰਮਪਾਲ ਸਿੰਘ**

ਸਮਕਾਲੀ ਪੰਜਾਬੀ ਕਹਾਣੀ ਬਹੁ-ਰੰਗੀ, ਬਹੁ ਢੰਗੀ, ਬਹੁ-ਦਿਸ਼ਾਵੀ, ਬਿਰਤਾਂਤ ਦੀਆਂ ਵਿਧਾਗਤ ਅਤੇ ਵਿਸ਼ਾਗਤ ਵਿਲੱਖਣਤਾਵਾਂ ਸਦਕਾ ਪਾਠਕ ਦੀ ਖਿੱਚ ਦਾ ਕੇਂਦਰ ਬਿੰਦੂ ਬਣੀ ਹੋਈ ਹੈ। ਪਿਛਲੇ ਕੁਝ ਕੁ ਦਹਾਕੇ ਪਹਿਲਾਂ ਪੰਜਾਬੀ ਕਹਾਣੀ ਕਿਸੇ ਵਿਸ਼ੇਸ਼ ਧਾਰਾ ਜਾਂ ਪ੍ਰਵਿਰਤੀ ਨਾਲ ਜੋੜ ਕੇ ਲਿਖੀ ਜਾਂਦੀ ਸੀ, ਪਰ ਅੱਜ ਦੇ ਦੌਰ ਵਿੱਚ ਪੰਜਾਬੀ ਕਹਾਣੀ ਦੇ ਬਿਰਤਾਂਤ ਦਾ ਮੂੰਹ ਮੁਹਾਂਦਰਾ ਪੂਰੀ ਤਰ੍ਹਾਂ ਬਦਲ ਗਿਆ ਹੈ। ਸਮਕਾਲੀ ਪੰਜਾਬੀ ਕਹਾਣੀ ਨੇ ਆਪਣੇ ਬਹੁ ਭਿੰਨੇ ਬਿਰਤਾਂਤ ਦੀਆਂ ਕਲਾਤਮਕ ਜੁਗਤਾਂ ਸਦਕਾ ਰੋਜ਼-ਮਰ੍ਹਾਂ ਦੀ ਜ਼ਿੰਦਗੀ ਨਾਲ ਅਤਿ ਨੇੜਤਾ ਦਾ ਰਿਸ਼ਤਾ ਸਥਾਪਤ ਕਰ ਲਿਆ ਹੈ। ਭਾਰਤੀ, ਪਾਕਿਸਤਾਨੀ ਅਤੇ ਪਰਵਾਸੀ ਪੰਜਾਬੀ ਕਹਾਣੀ ਦੇ ਬਿਰਤਾਂਤਕ ਵਾਯੂਮੰਡਲ ਵਿੱਚ ਸਭ ਤੋਂ ਵੱਧ ਥਾਂ ਘੇਰਣ ਵਾਲਾ ਵਿਸ਼ਾ ਸਮਕਾਲੀ ਸਮੱਸਿਆਵਾਂ ਅਤੇ ਮਨੁੱਖ ਦੀ ਮਾਨਸਿਕ ਟੁੱਟ ਭੱਜ ਨਾਲ ਜੁੜਿਆ ਹੋਇਆ ਹੈ।

ਅਜੋਕੀ ਪੰਜਾਬੀ ਕਹਾਣੀ ਵਿਚ ਸਮਕਾਲੀ ਸਰੋਕਾਰਾਂ ਦੀ ਪੇਸ਼ਕਾਰੀ ਆਮ ਤੌਰ 'ਤੇ ਦੋ ਰੂਪਾਂ ਵਿਚ ਹੋ ਰਹੀ ਹੈ। ਪਹਿਲੀ ਉਹ ਕਹਾਣੀ ਹੈ ਜਿਹੜੀ ਸਿੱਧੇ ਰੂਪ ਵਿੱਚ ਸਮਕਾਲ ਨੂੰ ਦਰਪੇਸ਼ ਰਾਸ਼ਟਰੀ ਆਰਥਿਕ ਸਮਾਜ ਸਭਿਆਚਾਰਕ ਵੰਗਾਰਾਂ ਨੂੰ ਆਪਣੇ ਕੇਂਦਰੀ ਵਿਸ਼ੇ ਵਜੋਂ ਅਗਰਭੂਮਿਤ ਕਰਦੀ ਹੈ। ਦੂਜੀ ਉਹ ਕਹਾਣੀ ਹੈ, ਜਿਹੜੀ ਬਾਹਰਮੁਖੀ ਸਮਾਜਕ ਵਰਤਾਰੇ ਦੀ ਥਾਂ ਜਟਿਲ ਬਣਦੇ ਜਾ ਰਹੇ ਮਨੁੱਖ ਦੀਆਂ ਮਾਨਸਿਕ ਪਰਤਾਂ ਨੂੰ ਬਹੁ ਕੋਣਾਂ ਤੋਂ ਚਿਤਰਨ ਦਾ ਆਹਰ ਕਰਦੀ ਨਜ਼ਰ ਆਉਂਦੀ ਹੈ। ਜਟਿਲਮਈ ਬਿਰਤਾਂਤ ਵਿੱਚ ਗੁੰਦੀ ਇਹ ਕਹਾਣੀ ਸਮਕਾਲੀ ਬੰਦੇ ਅਤੇ ਉਸਦੀ ਜ਼ਿੰਦਗੀ ਦੇ ਵਿਭਿੰਨ ਸਰੋਕਾਰਾਂ ਸਮਾਜਿਕ ਸਭਿਆਚਾਰਕ ਸੰਕਟਾਂ ਝੋਰਿਆਂ ਫਿਕਰਾਂ ਵਿਗੋਚਿਆਂ ਅਤੇ ਜੈਵਿਕ ਪਛਾਣਾਂ ਦੇ ਬਹੁਪਰਤੀ ਯਥਾਰਥ ਨੂੰ ਆਪਣੇ ਕਲੇਵਰ ਵਿੱਚ ਲੈ ਕੇ ਵਿਕਾਸ ਕਰਦੀ ਹੈ। ਅਨੇਕਾਂ ਵਿਸ਼ਿਆਂ ਅਤੇ ਕਲਾਤਮਕ ਜੁਗਤਾਂ ਤਹਿਤ ਵਿਕਾਸ ਕਰਦੀ ਇਸ ਕਹਾਣੀ ਵਿੱਚ ਦਲਿਤ ਲੋਕਾਈ ਦੇ ਮੂਲ ਮਸਲੇ, ਦਵੰਦ, ਸੰਕਟ, ਭੁੱਖਾਂ, ਤੇਹਾਂ, ਪੀੜਾਂ ਅਤੇ ਮੂਕ ਮਾਨਸਿਕ ਕਸਟਾਂ ਦੇ ਬਿਰਤਾਂਤਕ ਵੇਰਵੇ ਬਹੁਰੰਗੇ ਜਲੌਅ ਵਿੱਚ ਪੇਸ਼ ਹੋ ਰਹੇ ਹਨ।

ਦਲਿਤ ਵਰਗ ਦੀਆਂ ਸਮਾਜਿਕ ਆਰਥਿਕ, ਧਾਰਮਿਕ ਸੱਭਿਆਚਾਰਕ ਅਤੇ ਮਾਨਸਿਕ ਸਮੱਸਿਆਵਾਂ ਨੂੰ ਅਨੇਕਾਂ ਕਹਾਣੀਕਾਰ (ਦਲਿਤ ਤੇ ਗ਼ੈਰ ਦਲਿਤ) ਆਪਣੀਆਂ ਕਹਾਣੀਆਂ ਦੇ ਬਿਰਤਾਂਤ ਵਿੱਚ ਪਰੋਸ ਰਹੇ ਹਨ। ਇਨ੍ਹਾਂ ਸਮਕਾਲੀ ਪੰਜਾਬੀ ਕਹਾਣੀਕਾਰਾਂ ਵਿੱਚੋਂ ਗੁਰਮੀਤ ਕੜਿਆਲਵੀ ਦਲਿਤ ਲੋਕਾਈ ਨੂੰ ਸਮਰਪਿਤ ਕਹਾਣੀਕਾਰ ਹੈ। ਉਸ ਦੀਆਂ ਕਹਾਣੀਆਂ ਦੇ ਬਿਰਤਾਂਤ ਭਾਵੇਂ ਹੋਰ ਵਿਸ਼ਿਆ ਦੁਆਲੇ ਵੀ ਘੁੰਮਦੇ ਹਨ ਪਰ ਦਲਿਤ ਚੇਤਨਾ ਨੂੰ ਨਿਵੇਕਲੇ ਅੰਦਾਜ਼ ਵਿੱਚ ਪੇਸ਼ ਕਰਨ ਦੀ ਉਸ ਕੋਲ ਵਿਸ਼ੇਸ਼ ਮੁਹਾਰਤ ਹੈ। ਇਹ ਮੁਹਾਰਤ ਉਸ ਨੇ ਆਪਣੇ ਹੱਡੀਂ ਭੋਗੇ ਦਲਿਤ ਅਨੁਭਵ ਵਿੱਚੋਂ ਗ੍ਰਹਿਣ ਕੀਤੀ ਹੈ। ਉਸ ਦਾ ਸਾਹਿਤਕ ਸਫ਼ਰ 'ਅੱਕ ਦਾ ਬੂਟਾ (1993) ਕਹਾਣੀ ਸੰਗ੍ਰਹਿ ਤੋਂ ਸ਼ੁਰੂ ਹੁੰਦਾ ਹੈ। ਉਸ ਤੋਂ ਬਾਅਦ 'ਊਣੇ' (2001) ਅਤੇ 'ਆਤੂ ਖੋਜੀ' (2006) ਪੰਜਾਬੀ ਜੀਵਨ ਦੇ ਮਹੱਤਵਪੂਰਨ ਮਸਲਿਆਂ ਦੀ ਨਿਸ਼ਾਨਦੇਹੀ ਕਰਦਾ ਹੈ। ਉਸਦੀਆਂ ਸਮੁੱਚੀਆਂ ਕਹਾਣੀਆਂ ਦਾ ਬਿਰਤਾਂਤਕ ਚੌਖਟਾ ਮਾਲਵੇ ਦੇ ਪੇਂਡੂ ਸਮਾਜਕ ਜੀਵਨ ਯਥਾਰਥ ਵਿੱਚੋਂ ਆਪਣੀ ਦਿਸ਼ਾ ਨਿਰਧਾਰਿਤ ਕਰਦਾ ਹੋਇਆ ਦਲਿਤ ਲੋਕਾਈ ਦੀਆਂ ਵਿਭਿੰਨ ਸਮੱਸਿਆਵਾਂ, ਗੁੰਝਲਾਂ ਅਤੇ ਮੂਕ ਮਾਨਸਿਕ ਪਰਤਾਂ ਨੂੰ ਆਪਣੇ ਕਲੇਵਰ ਵਿੱਚ ਲੈਂਦਾ ਹੈ। ਉਸ ਦੀਆਂ ਕਹਾਣੀਆਂ ਦੇ ਦਲਿਤ ਪਾਤਰ ਸੰਘਰਸ਼ਮਈ ਅਤੇ ਇਮਾਨਦਾਰੀ ਦਾ ਜੀਵਨ ਬਤੀਤ ਕਰਦੇ ਹੋਏ ਦਲਿਤ ਵਿਵਹਾਰ ਦੀ ਅਜਿਹੀ ਮਾਨਵੀ ਸਥਿਤੀ ਨੂੰ ਸਾਹਮਣੇ ਲਿਆਉਂਦੇ ਹਨ ਜੋ ਦੁੱਖਾਂ, ਨਿਰਾਸ਼ਾ, ਅਨਿਆ, ਆਰਥਿਕ ਨਾ ਬਰਾਬਰੀ, ਸਮਾਜਿਕ ਪਾੜੇ ਤੇ ਬੇਇਨਸਾਫੀ ਤੇ ਵਿਤਕਰਿਆਂ ਨਾਲ ਭਰਿਆ ਹੋਇਆ ਹੈ।



ਜਾਤੀਗਤ ਧੌਂਸਬਾਜੀ ਅਤੇ ਭਰਿਸ਼ਟ ਸਮਾਜਿਕ ਬਣਤਰ ਵਿੱਚ ਦੁੱਖਾਂ ਅਤੇ ਧੁੜਾਂ ਦੇ ਮਾਰੇ ਇਹ ਤ੍ਰਿਸਕਾਰੇ ਦਲਿਤ ਲੋਕ ਇਨਕਲਾਬ ਦੇ ਰਾਹ ਪੈਣ ਦੀ ਬਦੋਲਤ ਸਮਾਜਿਕ ਵਿਤਕਰਿਆ ਦੇ ਦਰਦਾਂ ਨੂੰ ਆਪਣੇ ਪਿੰਡੇ ਉੱਪਰ ਹੰਢਾਉਂਦੇ ਨਜ਼ਰ ਆਉਂਦੇ ਹਨ। 'ਆਤੂ ਖੋਜੀ' ਕਹਾਣੀ ਕੁਝ ਇਸੇ ਤਰ੍ਹਾਂ ਹੀ ਜਾਪਦੀ ਹੈ। ਕਹਾਣੀ ਦੇ ਬਿਰਤਾਂਤਕ ਵਾਯੂਮੰਡਲ ਵਿੱਚ ਕਹਾਣੀਕਾਰ ਨੇ ਦੋ ਧਿਰਾਂ ਰਾਹੀਂ 'ਬੌਰੀਆ' ਕਬੀਲੇ ਦੇ ਜੀਵਨ ਬਿਰਤਾਂਤ ਨੂੰ, ਇਤਿਹਾਸਕ ਹਵਾਲਿਆਂ ਦੀ ਪੁੱਠ ਚਾੜ੍ਹਕੇ ਸੂਚਨਾਤਮਕ ਟਿੱਪਣੀਆਂ ਅਤੇ ਬੋਰੀਆ ਭਾਸ਼ਾ ਦੀ ਵਰਤੋਂ ਦੇ ਵਿਧੀ ਵਿਧਾਨ ਰਾਹੀਂ ਨਿਵੇਕਲੇ ਢੰਗ ਨਾਲ ਚਿਤਰਿਆ ਹੈ। ਕਹਾਣੀ ਦੀ ਬਿਰਤਾਂਤਕ ਤੇ ਥੀਮਕ ਚੌਖਟਾ ਨੇਕੀ। ਬਦੀ ਦੇ ਮੋਟਿਫ਼ਾਂ ਉੱਪਰ ਟਿਕਿਆ ਨਿਮਨ ਵਰਗ ਦੀ ਯਥਾਰਥਕ ਸਮਾਜਿਕ ਤ੍ਰਾਸਦੀ ਨੂੰ ਉਘਾੜਦਾ ਹੈ। ਕਹਾਣੀ ਵਿੱਚ ਕਾਰਜਸ਼ੀਲ ਦੋ ਪਾਤਰ ਮਾਸਟਰ ਅਤੇ 'ਆਤੂ ਖੋਜੀ' (ਆਤਮਾ ਰਾਮ) ਜੀਵਨ ਦੇ ਨਿੱਗਰ ਮੁੱਲਾਂ ਨਾਲ ਜੁੜੇ ਹੋਏ ਨੇਕੀ ਕਰਨ ਦੀ ਭੂਮਿਕਾ ਨਿਭਾਉਂਦੇ ਹਨ ਅਤੇ ਦੂਸਰੇ ਪਾਸੇ ਨੌਹਰੀਆ ਗੁਲਵੰਤ ਸਿੰਘ, ਮਾਸਟਰ ਮੱਖਣ ਸਿੰਘ ਮਾਨ 'ਬਦੀ' ਕਰਨ ਦੀ ਭੂਮਿਕਾ ਨਿਭਾਉਂਦੇ ਹਨ। ਨੇਕੀ ਦੇ ਰੂਪ ਵਿੱਚ ਆਤਮਾ ਰਾਮ ਆਪਣੇ ਕਿਸਬ ਦੀ ਯੋਗ ਵਰਤੋ ਕਰਦਾ ਚੋਰੀ ਹੋਈ ਮੱਝ ਦੇ ਚੋਰ ਦੀ ਸਹੀ ਪੈੜ ਪਛਾਣਦਾ ਸਚਾਈ ਅਤੇ ਈਮਾਨਦਾਰੀ ਦੇ ਰਸਤੇ ਉੱਪਰ ਚੱਲਦਾ ਰਿਸ਼ਤਿਆਂ ਦੇ ਮੋਹ ਤੋਂ ਉਪਰ ਉੱਠ ਕੇ ਆਪਣੇ ਦੋਸ਼ੀ ਜੁਆਈ ਦੀ ਅਹੁਤੀ ਦਿੰਦਾ ਮਾਨਸਿਕ ਪੀੜਾ ਭੋਗਦਾ ਹੈ,

"ਮਛਟਰਾ! ਮਾੜਾ ਜਿਹਾ ਧਰਮ ਛੱਡਣ ਦੀ ਲੋੜ ਸੀ ਰੁਪਈਏ ਭਾਮੇ ਫਹੁੜੀ ਨਾਲ ਕੱਠੇ ਕਰ ਲੈਂਦਾ। ... ਪਰ ਧਰਮ ਨੀ ਛੱਡਿਆ ਆਤੂ ਖੋਜੀ ਨੇ... ਮੈਂ ਧਿਆਨ ਨਾਲ ਪੈੜ ਦੇਖੀ... ਮੈਂ ਪ੍ਰਾਹੁਣੇ ਨੂੰ ਗਲਮਿਓਂ ਫੜ ਕੇ ਨੌਹਰੀਏ ਵੱਲ ਧੱਕ ਦਿੱਤਾ ਤੇ... ਮਛਟਰਾ! ਪ੍ਰਾਹੁਣੇ ਕੋਲੋਂ ਚੋਰੀ ਬਰਾਮਦ ਹੋਗੀ। [1]

ਇਸੇ ਤਰ੍ਹਾਂ ਦੀ ਨੇਕੀ ਕਰਨ ਦੇ ਰੂਪ ਵਿੱਚ ਆਤੂ ਖੋਜੀ ਦੇ ਜੀਵਨ ਬਿਰਤਾਂਤ ਨੂੰ ਸੁਣ ਰਿਹਾ ਮਾਸਟਰ ਵੀ ਆਪਣੀ ਮਾਸਟਰੀ ਪ੍ਰਤੀ ਵਫਾਦਾਰੀ ਅਤੇ ਈਮਾਨਦਾਰੀ ਵਰਤਦਾ ਹੋਇਆ ਉਚ ਵਰਗ ਦੇ ਮਾਸਟਰ ਗੁਲਵੰਤ ਸਿੰਘ ਦੀਆਂ ਜ਼ਿਆਦਤੀਆਂ ਸਹਿੰਦਾ ਆਪਣੇ ਸਾਥੀ ਅਧਿਆਪਕਾਂ ਨਾਲ ਸੰਤਾਪ ਭੋਗਦਾ ਹੈ,

"ਅਸੀਂ ਬਦਲੀ ਦਾ ਕਾਰਨ ਜਾਨਣ ਲਈ ਡੀ. ਈ. ਓ. ਦਫ਼ਤਰ ਜਾ ਵੱਜੇ। ਸਾਡੇ ਚਾਰਾਂ ਤੇ ਸਕੂਲ ਵਿੱਚ ਸ਼ਰਾਬ ਪੀਣ, ਲੜਕੀਆਂ ਨੂੰ ਗੁੰਮਰਾਹ ਕਰਨ ਅਤੇ ਮਾਸਟਰਾਣੀਆਂ ਨੂੰ ਅਸ਼ਲੀਲ ਇਸ਼ਾਰੇ ਕਰਨ ਦਾ ਦੋਸ਼ ਲਾਇਆ ਸੀ।" [2]

ਕਹਾਣੀ ਬਿਰਤਾਂਤ ਦੇ ਦੂਜੇ ਪਾਸੇ ਬਦੀ ਦੀ ਭੂਮਿਕਾ ਨਿਭਾ ਰਿਹਾ ਮਾਸਟਰ ਮੱਖਣ ਸਿੰਘ ਮਾਨ ਆਪਣੇ ਮਾਸਟਰੀ ਕਿੱਤੇ ਪ੍ਰਤੀ ਵਫਾਦਾਰ ਨਾ ਰਹਿੰਦਾ ਹੋਇਆ ਧੋਖੇਬਾਜ਼ੀ ਦੀ ਵਰਤੋਂ ਕਰਕੇ ਸਟੇਟੇ ਐਵਾਰਡ ਸਨਮਾਨ ਵੀ ਪ੍ਰਾਪਤ ਕਰਦਾ ਹੈ ਅਤੇ ਦਲਿਤ ਰਿਜ਼ਰਵੇਸ਼ਨ ਪਾਲਿਸੀ ਦਾ ਮਜ਼ਾਕ ਉਡਾ ਕੇ ਖੁਸ਼ੀ ਵੀ ਮਹਿਸੂਸ ਕਰਦਾ ਹੈ।

"ਸੰਧੂ ਸੈਬ੍ਹ... ਐਸ਼ ਕਰਿਆ ਕਰੋ ਐਸ਼! ਐਵੇਂ ਨਾ ਮੱਥਾ ਮਾਰਿਆ ਕਰੋ ਕੋਟੇ ਆਲਿਆ ਨਾਲ... ਇਨ੍ਹਾਂ ਪੜ੍ਹਕੇ ਆਪਣੇ ਹੈੱਡਮਾਸਟਰ ਵਾਂਗੂ ਆਪਣੇ ਜੁਆਕਾਂ 'ਤੇ ਈ ਅਫ਼ਸਰ ਆ ਲੱਗਣਾ। ਆਪਣੇ ਐਕਸ਼ਨ ਦਾ ਉਲਟਾ ਰੀਐਕਸ਼ਨ ਹੋਣਾ... ਇਹ ਸਾਲਾ ਚੀਂਗਰਪੋਟ ਅਨਪੜ੍ਹ ਈ ਠੀਕ ਐ। ਨਾ ਪੜ੍ਹਨ ਨਾ ਕੁਰਸੀਆਂ ਸਾਂਭਣ। [3]

ਇਸ ਤਰ੍ਹਾਂ ਦੀ ਸੌੜੀ ਬਿਰਤੀ ਰੱਖਣ ਵਾਲੇ ਉੱਚ ਵਰਗ ਮਾਸਟਰਾਂ ਦੇ ਹੱਥਾਂ ਵਿੱਚ ਦਲਿਤ ਲੋਕਾਈ ਦੇ ਬੱਚਿਆਂ ਦਾ ਭਵਿੱਖ ਵੀ ਤਬਾਹ ਹੁੰਦਾ ਹੈ ਅਤੇ ਉਨ੍ਹਾਂ ਨੂੰ ਸਕੂਲ ਵਿਚ ਵੀ ਮਾਨਸਿਕ ਤੌਰ ਤੇ ਪ੍ਰਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ। ਕਹਾਣੀ ਬਿਰਤਾਂਤ ਵਿਚ ਬਦੀ ਦੇ ਰਸਤੇ ਉੱਪਰ ਚਲਦਾ ਨੌਹਰੀਏ ਦਾ ਪਰਿਵਾਰ ਧੋਖਾਧੜੀ ਵਿੱਚ ਗੁੱਦੜ ਮਜ਼੍ਹਬੀ ਦੀ ਸੱਜਰ ਸੂਈਂ ਮੱਝ ਪ੍ਰਾਪਤ ਕਰਦਾ ਹੈ ਅਤੇ ਫੇਰ ਆਤੂ ਖੋਜੀ ਦੀ ਮੱਦਦ ਨਾਲ ਬਿਨਾ ਖਰਚ ਕੀਤੇ ਚੋਰੀ ਹੋਈ ਮੱਝ ਵੀ ਮੁੜ ਪ੍ਰਾਪਤ ਕਰਦਾ ਹੈ। ਅੱਤ ਦੀ ਗਰੀਬੀ ਵਿੱਚ ਮਾਨਸਿਕ ਅਤੇ ਸਮਾਜਿਕ ਪੀੜਾ ਭੋਗਦਾ ਇਹ ਦਲਿਤ ਵਰਗ ਆਪਣੇ ਕਿੱਤੇ ਪ੍ਰਤੀ ਵਫਾਦਾਰੀ ਅਤੇ ਈਮਾਨਦਾਰੀ ਵਰਤਦਾ ਆ ਰਿਹਾ ਹੈ। ਜਿਸ ਦਾ ਨਜ਼ਾਇਜ ਫਾਇਦਾ ਪੈਸਾ ਬਟੋਰਨ ਵਾਲੀ ਉੱਚ ਵਰਗ ਲੋਟੂ ਜੁੰਡਲੀ ਲੈ ਰਹੀ ਹੈ। 'ਤਾਰਾ ਚਿੱਬ ਕੱਢ' ਕਹਾਣੀ ਦਾ ਪਾਤਰ ਸਾਲਗ ਰਾਮ ਵੀ ਇਸੇ ਸਮੱਸਿਆ ਦਾ

ਹੀ ਸ਼ਿਕਾਰ ਹੈ। ਇਸ ਕਹਾਣੀ ਦਾ ਬਿਰਤਾਂਤਕ ਢਾਂਚਾ ਘੁਮਿਆਰ ਜਾਤੀ ਨਾਲ ਸੰਬੰਧਤ ਤਾਰਾ ਚਿੱਬ ਕੱਢ ਦੇ ਜੀਵਨ ਉੱਪਰ ਉਸਰਿਆ ਹੋਇਆ ਹੈ। ਇਸ ਕਹਾਣੀ ਦੀਆਂ ਬਿਰਤਾਂਤਿਕ ਤੰਦਾਂ ਵਿੱਚ ਸਾਧਨਹੀਣ ਕਿਰਤੀ ਵਰਗ ਦੂਹਰੇ (ਸਮਾਜਿਕ-ਆਰਥਿਕ) ਸ਼ੋਸ਼ਣ ਦਾ ਸ਼ਿਕਾਰ ਹੋਇਆ ਮਾਨਸਿਕ ਪੀੜਾ ਭੋਗਦਾ ਹੈ। ਕਹਾਣੀ ਵਿੱਚ ਤਾਰੇ ਦਾ ਪਿਓ ਸਾਲਗ ਰਾਮ ਆਪਣੀ ਕਬੀਲਦਾਰੀ ਦਾ ਗੱਡਾ ਤੋਰਨ ਖਾਤਰ ਆਪਣੀ ਹੱਡ ਭੰਨਵੀ ਮਿਹਨਤ ਦਾ ਵਾਜ਼ਬ ਮੁੱਲ ਲੈਣ ਲਈ ਉੱਚ ਵਰਗ ਦੇ ਰਹਿਮੋ ਕਰਮ ਉੱਤੇ ਨਿਰਭਰ ਕਰਦਾ ਹੋਇਆ, ਸਾਂਸਕ੍ਰਿਤਕ-ਸਦਾਚਾਰਕ ਮੁੱਲਾਂ ਦੇ ਮੋਹ ਵਿੱਚ ਗਰੱਸਿਆ ਗੁਲਾਮੀ ਨੂੰ ਹੰਢਾਉਂਦਾ ਆਪਣੀ ਤਰਸਯੋਗ ਮੌਜੂਦਾ ਹਾਲਤ ਨੂੰ ਆਪਣੀ ਹੋਣੀ ਹੀ ਸਮਝਦਾ ਹੈ। ਇਸੇ ਲਈ ਉਹ ਆਪਣੀ ਮਿਹਤਨ ਦਾ ਮੁੱਲ ਵਸੂਲਣ ਲਈ ਉੱਚ ਵਰਗ ਦੇ ਤਰਲੇ ਕੱਢਦਾ ਹੈ।

"ਹਾੜ੍ਹੀ ਸਾਉਣੀ ਦੇ ਦਿਨੀਂ ਸਾਲਗ ਰਾਮ ਹੋਰਾਂ... ਖੇਤਾਂ ਖਲਿਆਣਾਂ ਵੱਲ ਨਿਕਲ ਜਾਂਦੇ। ਜੱਟ ਪਾਣੀ ਪਾਉਣ ਲਈ ਘੜਾ ਜਾਂ ਵਰਤਿਆ ਜਾਣ ਵਾਲਾ ਹੋਰ ਬਰਤਨ ਲੈ ਕੇ ਬਦਲੇ ਵਿੱਚ ਕਣਕ ਛੋਲਿਆਂ ਦੇ ਲਾਂਗੇ ਦੀ ਸੱਥਰੀ ਦੇ ਦਿੰਦੇ। ਤਾਰਾ ਵੇਖਦਾ, ਬਾਪੂ ਝੁਕ ਝੁਕ ਕੇ ਸਰਦਾਰ ਜੀ, ਸਰਦਾਰ ਜੀ ਕਰਦਾ... ਵਿਛ ਹੀ ਜਾਂਦਾ... "ਮਾਰੀ ਤੋਂ ਰੋਜ਼ੀ ਰੋਟੀ ਉਨਕੇ ਆਸਰੇ ਚਾਲ੍ਹੇ। ਸਰਦਾਰਨ ਕੇ ਆਗੇ ਹਾਥ ਜੋੜਤ, ਕੋਊ ਮੌਤ ਦਾ ਆਵਤ।"[4]

ਇਸ ਤਰ੍ਹਾਂ ਦੇ ਕਲਾਤਮਕ ਮੋਟਿਫ਼ ਸਿਰਜ ਕੇ ਕਹਾਣੀਕਾਰ ਨਿਮਨ ਵਰਗ ਦੀ ਗੁਲਾਮ ਮਾਨਸਿਕਤਾ ਨੂੰ ਅਗਰਭੂਮਿਤ ਕਰਦਾ ਹੈ। ਗੁਰਮੀਤ ਕੜਿਆਲਵੀ ਆਪਣੀਆਂ ਕਹਾਣੀਆਂ ਵਿੱਚ ਇਕ ਪਾਸੇ ਦਲਿਤ ਵਰਗ ਦੀ ਗੁਲਾਮ ਮਾਨਸਿਕਤਾ ਨੂੰ ਦੂਹਰੇ ਤੀਹਰੇ ਪੱਖ ਤੋਂ ਪੇਸ਼ ਕਰਦਾ ਹੈ ਅਤੇ ਦੂਸਰੇ ਪਾਸੇ ਉਸ ਦੀਆਂ ਕਹਾਣੀਆਂ ਦਾ ਇਕ ਪਾਸਾਰ ਹਾਸ਼ੀਏ ਤੋਂ ਕੇਂਦਰ ਵੱਲ ਸ਼ਰਕ ਰਹੀ ਦਲਿਤ ਪਛਾਣ ਨਾਲ ਵੀ ਜੁੜਿਆ ਹੋਇਆ ਹੈ। ਜੋ ਦਲਿਤ ਹੋਂਦ ਅਤੇ ਹੋਣੀ ਦੇ ਨਾਲ ਨਾਲ ਦਲਿਤ ਮੁਕਤੀ ਦਾ ਪੈਰਾਡਾਈਮ ਵੀ ਸਿਰਜਦਾ ਹੋਇਆ ਨਜ਼ਰ ਆਉਂਦਾ ਹੈ। ਇਸ ਲਈ ਉਸਦੀਆਂ ਕਹਾਣੀਆਂ ਵਿੱਚ ਨਵੀਂ ਪੀੜ੍ਹੀ ਦੇ ਦਲਿਤ ਪਾਤਰ ਕਿਸੇ ਹਮਦਰਦੀ ਦੇ ਪਾਤਰ ਬਣਨ ਦੀ ਥਾਂ ਮਾਨਵੀ ਗੌਰਵਤਾ ਹਾਸਲ ਕਰਨ ਲਈ ਕ੍ਰਾਂਤੀਕਾਰੀ ਰੋਲ ਸਿਰਜਦੇ ਹਨ। ਜਿਵੇਂ ਤਾਰਾ ਚਿੱਬ ਕੱਢ' ਕਹਾਣੀ ਦਾ ਮੁੱਖ ਪਾਤਰ ਤਾਰਾ' ਅਤੇ 'ਚੀਕ' ਕਹਾਣੀ ਦੀ ਪਾਤਰ ਮਹਿੰਦਰੋ! 'ਤਾਰਾ ਚਿੱਬ ਕੱਢ' ਕਹਾਣੀ ਦਾ ਮੁੱਖ ਪਾਤਰ ਜਦੋਂ ਆਪਣੇ ਪਿਓ ਸਾਲਗ ਰਾਮ ਵਲੋਂ ਆਪਣੇ ਮਿੱਟੀ ਦੇ ਭਾਂਡੇ ਵੇਚਣ ਲਈ ਸਰਦਾਰਾਂ ਦੀਆਂ ਮਿੰਨਤਾਂ-ਤਰਲੇ ਕੱਢਦੇ ਵੇਖਦਾ ਹੈ ਤਾਂ ਉਸ ਦੀ ਰੂਹ ਕੁਰਲਾ ਉੱਠਦੀ ਹੈ। ਉਹ ਆਪਣੀ ਮਿਹਨਤ ਦਾ ਯੋਗ ਮੁੱਲ ਵਸੂਲਣ ਲਈ ਕ੍ਰਾਂਤੀਕਾਰੀ ਰੋਲ ਨਿਭਾਉਂਦਾ ਹੈ ਜਿਵੇਂ,

"ਸਾਰੇ ਟੱਬਰ ਨੇ ਮਿੱਟੀ ਨਾਲ ਮਿੱਟੀ ਹੋ ਕੇ ਬਰਤਨ ਬਣਾਇਆ। ਐਨੀ ਮਿਹਨਤ ਨਾਲ ਬਣਾਏ ਭਾਂਡੇ ਦੀ ਬਣਦੀ ਉਜ਼ਰਤ ਲੈਂਦੇ ਹਾਂ, ਇਹਦੇ 'ਚ ਤਰਲੇ ਜਿਹੇ ਕਰਨ ਵਾਲੀ ਕੀ ਗੱਲ ਹੋਈ..." "...ਅਹਿ ਸਾਲੀ ਕੋਈ ਜ਼ਿੰਦਗੀ ਐ? ਹਰ ਵੇਲੇ... ਤਰਲਿਆਂ 'ਚ ਕੱਟੀ ਜਾਣੀ ਤਾਰੇ ਚਿੱਬ ਤੋਂ ਨੀ ਕੱਟੀ ਦੀ ਐਕਣ।"[5]

'ਚੀਕ' ਕਹਾਣੀ ਵਿੱਚ 'ਮਹਿੰਦਰੋ' ਪਾਤਰ ਵੀ ਕੁਝ ਅਜਿਹਾ ਹੀ ਰੋਲ ਨਿਭਾਉਂਦੀ ਹੈ। ਕਹਾਣੀ ਬਿਰਤਾਂਤ ਵਿੱਚ ਪਿਛਲਝਾਤ ਦੀ ਜੁਗਤ ਵਜੋਂ ਮਜ਼ਬੀ ਸਿੱਖ ਬਹਾਦਰੀ ਨਾਲ ਸੰਬੰਧਤ ਅੰਮ੍ਰਿਤਧਾਰੀ ਪਾਤਰ ਮਹਿੰਦਰੋ ਗੁਰਦੁਆਰਾ ਸਾਹਿਬ ਵਿੱਚ ਸੁੱਚ-ਭਿੱਟ ਦਾ ਸ਼ਿਕਾਰ ਹੁੰਦੀ ਹੋਈ ਅੱਗ ਬਬੂਲਾ ਹੋ ਕੇ ਉੱਚ ਵਰਗ ਦੀਆਂ ਤੀਵੀਆਂ ਦਾ ਕ੍ਰਾਂਤੀਕਾਰੀ ਲਹਿਜੇ ਨਾਲ ਵਿਰੋਧ ਕਰਦੀ ਹੈ। ਜਿਸ ਸਦਕਾ ਛੂਤ-ਛਾਤ ਤੇ ਸੁੱਚ-ਭਿੱਟ ਦੇ ਦਰਦ ਦਾ ਕੁੱਝ ਜ਼ਹਿਰ ਉਲਟੇ ਰੂਪ ਵਿੱਚ ਚੜ੍ਹ ਕੇ ਉੱਚ ਵਰਗ ਨੂੰ ਵੀ ਬੇਸਰਮ ਕਰਦਾ ਹੈ,

"ਮਹਿੰਦਰੋ... ਸ਼ੇਰਨੀ ਵਾਂਗ ਬਿਫ਼ਰ ਪਈ ਸੀ। ... ਨੀ ਵੱਢੀਓ ਸਿੰਘਵੀਓ ... ਤੁਸੀਂ ਤਾਂ ਗੁਰਦੁਆਰੇ ਆ ਕੇ ਵੀ ਸੁੱਚ ਭਿੱਟ ਨੀ ਛੱਡਦੀਆਂ। ਥੋਡੇ ਅੰਦਰੋਂ ਮੈਲ਼ ਜਾਂਦੀ ਈ ਨ੍ਹੀਂ। ਲਓ ਸਾਂਭੋ ਆਵਦੇ ਮਾਰ੍ਹਾਜ ਨੂੰ... ਚੌੜੀਆਂ ਹੋ ਕੇ ਬੈਠੋ... ਮੈਂ ਨੀ ਆਉਂਦੀ ਗੁਰਦੁਆਰੇ... ਉਦੋਂ ਮਹਿੰਦਰੋ ਦੀ ਇਸ ਭਬਕ ਨਾਲ ਮਾਂ ਵਰਗੀਆਂ ਬੁੜੀਆਂ ਬਰਫ਼ ਵਿੱਚ ਲੱਗ ਗਈਆਂ। ਸਨ। ... ਮਾਂ ਨੂੰ ਤਾਂ ਖਹਿੜਾ ਛੁਡਾਉਣਾ ਹੀ ਔਖਾ ਹੋ ਗਿਆ



ਸੀ।"[6]

ਦਲਿਤ ਵਰਗ ਦੇ ਜੀਵਨ ਬਿਰਤਾਂਤ ਦੀਆਂ ਦੁਖਦ 'ਤੇ ਸ਼ਰਮਨਾਕ ਪ੍ਰਸਥਿਤੀਆਂ ਨੂੰ ਪੇਸ਼ ਕਰਦੀਆਂ ਇਹ ਕਹਾਣੀਆਂ ਉਨ੍ਹਾਂ ਦੀਆਂ ਸਮੱਸਿਆਵਾਂ ਬਾਰੇ ਪਾਠਕ ਨੂੰ ਸੋਚਣ ਅਤੇ ਇਨ੍ਹਾਂ ਦੇ ਸੰਭਾਵੀ ਹੱਲ ਲੱਭਣ ਦੀ ਵਕਾਲਤ ਵੀ ਹੱਢਾ ਰੋੜੀ ਤੇ ਰੇਹੜੀ' ਅਤੇ 'ਤਾਰਾ ਚਿੱਬ ਕੱਢ' ਕਹਾਣੀਆਂ ਵਿੱਚ ਕਹਾਣੀਕਾਰ ਨੇ ਨਵੀਂ ਪੀੜ੍ਹੀ ਅਤੇ ਪੁਰਾਣੀ ਪੀੜ੍ਹੀ ਦੀ ਦੂਹਰੀ ਤੀਹਰੀ ਮਾਨਸਿਕ ਪੀੜਾ ਨੂੰ ਅਗਰਭੂਮੀ ਤੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ। ਨਵੀਂ ਪੀੜ੍ਹੀ ਜਾਤੀਗਤ ਗੌਰਵਤਾ ਹਾਸਿਲ ਕਰਨ ਲਈ ਆਪਣੀ ਪਿਤਾ ਪੁਰਖੀ ਜਾਤ ਅਤੇ ਕਿੱਤਿਆਂ ਨੂੰ ਛੱਡਕੇ-ਛੁਪਾਕੇ ਸਤਿਕਾਰਤ ਵਰਗ (ਉੱਚ ਵਰਗ) ਵਿੱਚ ਸਾਮਿਲ ਹੋਣਾ ਲੋਚਦੀ ਹੈ ਪਰ ਪੁਰਾਣੀ ਪੀੜ੍ਹੀ ਆਪਣੀ ਨਿਮਨ ਜਾਤੀ ਅਤੇ ਪਿਤਾ ਪੁਰਖੀ ਕਿੱਤੇ ਨੂੰ ਬਰਕਰਾਰ ਰੱਖਣਾ ਚਾਹੁੰਦੀ ਹੈ। ਇਸੇ ਸਥਿਤੀ ਵਿੱਚੋਂ ਨਵੀਂ ਅਤੇ ਪੁਰਾਣੀ ਪੀੜ੍ਹੀ ਮਾਨਸਿਕ ਪੀੜਾ ਭੋਗਦੀ ਨਜ਼ਰ ਆਉਂਦੀ ਹੈ। 'ਹੱਡਾ ਰੋੜੀ ਤੇ ਰੇਹੜੀ' ਤਾਰਾ ਚਿੱਬ ਕੱਢ ਕਹਾਣੀਆਂ ਵਿੱਚ ਇਸੇ ਤਰ੍ਹਾਂ ਦੀ ਸਥਿਤੀ ਹੀ ਸਾਹਮਣੇ ਆਉਂਦੀ ਹੈ। 'ਹੱਡਾ ਰੋੜੀ ਤੇ ਰੇਹੜੀ' ਕਹਾਣੀ ਦਾ ਮੁੱਖ ਪਾਤਰ 'ਪਰਗਾਸਾ' ਨਵੀਂ ਪੀੜ੍ਹੀ ਦੇ ਖਿਆਲਾਂ ਵਿੱਚ ਮਦਮਸਤ ਹੋਇਆ ਨਵੇਂ ਪ੍ਰਬੰਧ ਵਿੱਚ ਦਾਖਲ ਹੋ ਕੇ ਪ੍ਰਤਿਸ਼ਠ ਵਰਗ ਦਾ ਹਿੱਸਾ ਬਣਨਾ ਚਾਹੁੰਦਾ ਹੈ ਅਤੇ ਆਪਣੇ ਪਿਤਾ ਪੁਰਖੀ ਕਿੱਤੇ ਨੂੰ ਤਿਆਗਣਾ ਲੋਚਦਾ ਹੈ। ਕਿਉਂ ਜੋ ਉਸ ਨੂੰ ਆਪਣੇ ਮਕਸਦ ਵਿੱਚ ਆਪਣਾ ਜੱਦੀ ਕਿੱਤਾ ਰੁਕਾਵਟ ਬਣਦਾ ਨਜ਼ਰ ਆਉਂਦਾ ਹੈ। ਕਹਾਣੀ ਬਿਰਤਾਂਤ ਦੇ ਦੂਸਰੇ ਪਾਸੇ ਪਰਗਾਸੇ ਦਾ ਪਿਓ ਪਰੰਪਰਾਗਤ ਕਿੱਤੇ ਨਾਲ ਤਨੋਂ ਮਨੋਂ ਜੁੜਿਆ ਹੋਇਆ ਹੋਣ ਕਰਕੇ ਇਸ ਨੂੰ ਛੱਡਣਾ ਨਹੀਂ ਚਾਹੁੰਦਾ। ਪਰਗਾਸੇ ਅਤੇ ਉਸ ਦੇ ਪਿਓ ਦੀ ਸੋਚ ਵਿਚਲਾ ਟਕਰਾਅ ਪਰੰਪਰਕ ਅਤੇ ਆਧੁਨਿਕ ਦੀ ਸੋਚ ਦੇ ਦਵੰਦ ਉੱਪਰ ਉਸਰਿਆ ਹੋਇਆ ਹੈ ਜੋ ਉਨ੍ਹਾਂ ਲਈ ਮਾਨਸਿਕ ਪੀੜਾ ਦਾ ਕਾਰਨ ਬਣਦਾ ਹੈ,

"ਪੁੱਤ ਪ੍ਰਗਾਸਿਆ ਤੂੰ ਮੈਨੂੰ ਉਹ ਕੰਮ ਛੱਡ ਦੇਣ ਨੂੰ ਕਹਿਨੈ, ਜੀਹਦੇ ਕਰਕੇ ਸਾਨੂੰ ਹੁਣ ਤੱਕ ਬੁਰਕੀ ਮਿਲਦੀ ਰਹੀ... "ਓਏ ਗਾਸ਼ਿਆ! ਤੇਰੀ ਭੜਾਈ ਏਸੇ ਕਰਕੇ ਈ ਸਿਰੇ ਚੜ੍ਹੀ ਆ... ਉਏ ਕੋਹੜਿਆ ਕੰਮ ਨੀ ਮਾੜਾ ਹੁੰਦਾ ਕੋਈ ਵੀ। ਮਾੜੀ ਤਾਂ ਬੰਦੇ ਦੇ ਡਮਾਕ ਦੀ ਸੋਚ ਹੁੰਦੀ।"[7]

ਇਸੇ ਤਰ੍ਹਾਂ 'ਤਾਰਾ ਚਿੱਬ ਕੱਢ' ਕਹਾਣੀ ਦਾ ਮੁੱਖ ਪਾਤਰ ਤਾਰੇ ਦਾ ਪੁੱਤਰ ਰਵੇਲ ਚੰਦ ਜਾਤੀਗਤ ਹੀਣਭਾਵਨਾ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਂ ਰਵੇਲ ਸਿੰਘ ਬਾਜਵਾ ਰੱਖ ਲੈਂਦਾ ਹੈ ਤਾਂ ਤਾਰਾ ਚਿੱਬ ਕੱਢ ਆਪਣੇ ਪੁੱਤਰ ਦੀ ਇਸ ਝੂਠੀ ਸ਼ਾਨ ਨੂੰ ਨਾ ਸਹਾਰਦਾ ਹੋਇਆ ਉਸ ਨੂੰ ਆਪਣਾ ਪੁੱਤਰ ਨਾ ਮੰਨਣ ਤੋਂ ਇਨਕਾਰੀ ਤਾਂ ਹੁੰਦਾ ਹੀ ਹੈ ਸਗੋਂ ਉਸ ਨੂੰ ਹਰਾਮੀ ਕਹਿਣ ਦਾ ਹੀਆ ਵੀ ਕਰਦਾ ਹੈ,

"ਤੇਰੇ ਅੰਦਰ ਤਾਂ ਬੰਦੇ ਆਲੀ ਕਣੀ ਹੈ ਨੀ... ਜਮ੍ਹਾਂ ਪਿੱਲਾ ਭਾਂਡਾ ਨਿਕਲਿਆ ਤੂੰ... ਦਫ਼ਤਰ ਆਲਿਓ... ਆਹ ਜਿਹੜਾ ਕੁਰਸੀ 'ਚ ਵੜਿਆ ਬੈਠਾ ਸਰਦਾਰ ਰਵੇਲ ਸਿਹੁੰ ਬਿੱਜੂ ਜਿਆ ਬਣ ਕੇ... ਇਹ ਮੇਰੀ ਸੱਟ ਨੀ... ਹਰਾਮ ਦੀ ਲਾਦ ਐ... ਜਮ੍ਹਾਂ ਇੱਟ ਵਰਗੀ।'[8]

ਘਟੀਆ ਲੋਕ, ਡੋਬਾ ਅਤੇ ਆਫਤ ਕਹਾਣੀਆਂ ਵਿੱਚ ਕਹਾਣੀਕਾਰ ਨੇ ਤੁਲਨਾਤਮਕ ਮੋਟਿਫ਼ਾਂ ਦੀ ਵਰਤੋਂ ਕਰਦੇ ਹੋਏ ਇਹ ਪ੍ਰਭਾਵ ਅਗਰਭੂਮਿਤ ਕੀਤਾ ਹੈ ਕਿ ਉੱਚ ਵਰਗ ਨੇ ਆਪਣੇ ਜਾਤੀਗਤ ਹੰਕਾਰ ਸਕਦਾ ਨਿਮਨ ਵਰਗ ਦਾ ਤ੍ਰਿਸਕਾਰ ਹਮੇਸ਼ਾ ਹੀ ਕੀਤਾ ਹੈ। ਜਾਤੀਗਤ ਧੌਂਸਬਾਜੀ ਵਿਚ ਮੱਦਮਸਤ ਇਹ ਵਰਗ ਭਾਵੇਂ ਆਰਥਿਕ ਤੌਰ ਉੱਤੇ ਨਿਮਨ ਜਾਤੀ ਤੋਂ ਕਮਜ਼ੋਰ ਹੀ ਕਿਉਂ ਨਾ ਹੋਵੇ। ਜਿਵੇਂ 'ਡੋਬਾ' ਕਹਾਣੀ ਵਿੱਚ ਉੱਚ ਜਾਤੀ ਨਾਲ ਸੰਬੰਧਤ ਪਾਤਰ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਸਦਕਾ ਵੀ ਕਈ ਪ੍ਰਕਾਰ ਦੀਆਂ ਮਜ਼ਬੂਰੀਆਂ, ਮੁਸ਼ਕਿਲਾਂ, ਜ਼ਿਲਤਾਂ ਆਦਿ ਨੂੰ ਭੋਗਦੇ ਹੋਏ ਵੀ ਆਪਣੀ ਜਾਤੀਗਤ ਹੈਂਕੜਤਾ ਨੂੰ ਬਰਕਰਾਰ ਰਖਦੇ ਹਨ। ਹੇਠਲੇ ਕਥਨਾਂ ਤੋਂ ਉਨ੍ਹਾਂ ਦੀ ਜਾਤੀਗਤ ਹਾਊਮੈ ਦੇ ਝਲਕਾਰੇ ਬਾਖੂਬੀ ਪੈਂਦੇ ਹਨ,

"ਇਹਦੀ ਤਾਂ ਬਹਿਣੀ ਉਠਣੀ ਚੂਹੜਿਆਂ ਚੱਪੜਿਆਂ ਨਾਲ ਐ। ਸਾਰੇ ਪਿੰਡ 'ਚ ਏਹਨੂੰ ਹੋਰ ਕੋਈ ਜੁਆਕ ਈ ਨੀ ਦੀਂਹਦਾ ਖੇਡਣ ਲਈ, ਢੱਠੇ ਖੂਹ 'ਚ ਪਾਈ ਜਾਂਦਾ ਪੜ੍ਹੀਆਂ ਲਿਖੀਆਂ।[9]

ਦਲਿਤਾਂ ਪ੍ਰਤੀ ਇਸੇ ਤਰ੍ਹਾਂ ਦੀ ਸੌੜੀ ਬਿਰਤੀ 'ਘਟੀਆ ਲੋਕ' ਕਹਾਣੀ ਵਿੱਚ ਗੁਲਜਾਰ ਸਿੰਘ ਦੀ ਹੈ ਅਤੇ 'ਆਫਤ' ਕਹਾਣੀ ਵਿੱਚ ਜੱਟ ਚੋਧਰੀਆ ਦੀ ਹੈ। ਗੁਰਮੀਤ ਕੜਿਆਲਵੀ ਭਾਵੇਂ ਸਮਾਜਿਕ ਵਿਤਕਰੇ

ਦੀ ਗੱਲ ਕਰ ਰਿਹਾ ਹੋਵੇ ਭਾਵੇਂ ਰਾਜਨੀਤਿਕ ਨਿਘਾਰ ਦੀ, ਦਲਿਤ ਸਮੱਸਿਆ ਉਸ ਦੀ ਹਰ ਕਹਾਣੀ ਵਿੱਚੋ ਬਾਖੂਬੀ ਉੱਭਰਕੇ ਸਾਹਮਣੇ ਆਉਂਦੀ ਹੈ। ਭੰਡਾ ਭੰਡਾਰੀਆ, ਊਣੇ, ਨਮੋਲੀਆ ਆਦਿ ਕਹਾਣੀਆਂ ਨਿਮਨ ਵਰਗ ਦੀਆਂ ਕਰੂਰ ਯਥਾਰਥਕ, ਸਮਾਜਿਕ, ਆਰਥਿਕ ਸਮੱਸਿਆਵਾਂ ਅਤੇ ਮਾਨਸਿਕ ਗੁੰਝਲਾਂ ਦਾ ਨਵਾਂ ਰਚਨਾਤਮਕ ਵਿਵੇਕ ਲੈ ਕੇ ਆਉਂਦੀਆਂ ਹਨ। ਆਧੁਨਿਕ ਪੂੰਜੀਵਾਦੀ ਭ੍ਰਿਸ਼ਟ ਸਮਾਜ ਅੰਦਰ ਕੁੜਤਣ ਜ਼ਿਲਤ ਅਤੇ ਬੇਰੁਜ਼ਗਾਰੀ ਦੀ ਪੀੜਾ ਭੋਗਦੇ ਦਲਿਤ ਪਾਤਰ ਇਨ੍ਹਾਂ ਕਹਾਣੀਆਂ ਵਿੱਚ ਆਪਣਾ ਯਥਾਰਥਕ ਰੁਦਨ ਬਿਆਨਦੇ ਹਨ। ਅਜਿਹੀ ਹੋਣੀ ਨੂੰ ਭੋਗਦੇ ਇਹ ਦਲਿਤ ਲੋਕ ਨਾ ਤਾਂ ਕਿਸੇ ਇਨਕਲਾਬ ਦਾ ਪੱਲਾ ਫੜ੍ਹਦੇ ਹਨ ਅਤੇ ਨਾ ਹੀ ਕੋਈ ਜੀਵਨ ਪ੍ਰਤੀ ਆਕਰਸ਼ਕ ਹੋਂਦ ਨੂੰ ਅਪਣਾਉਂਦੇ ਹਨ। ਜਿਸ ਕਰਕੇ ਇਨ੍ਹਾਂ ਦੀ ਸਮੱਸਿਆ ਜਿਓ ਦੀ ਤਿਓਂ ਹੀ ਬਣੀ ਰਹਿੰਦੀ ਹੈ। 'ਚੀਕ' ਕਹਾਣੀ ਵਿੱਚ ਇਹ ਸਥਿਤੀ ਬਿਲਕੁੱਲ ਉੱਲਟੇ ਰੂਪ ਵਿੱਚ ਸਾਹਮਣੇ ਆਉਂਦੀ ਹੈ। ਕਹਾਣੀ ਬਿਰਤਾਂਤ ਵਿੱਚ ਜਿੱਥੇ ਨਿਮਨ ਵਰਗ ਨਾਲ ਸੰਬੰਧਤ ਪਾਤਰ ਕੁਲਵੰਤ ਸਿੰਘ ਵਰਗੇ ਉੱਚ ਜਾਤੀ ਦੀ ਪਾਤਰ 'ਪਰਮ' ਨਾਲ ਜਾਤੀਪਾਤੀ ਬੰਧਨਾਂ ਦੀਆਂ ਧੱਜੀਆਂ ਉਡਾਉਂਦੇ ਪ੍ਰੇਮ ਵਿਆਹ ਕਰਵਾਉਣ ਦਾ ਕਾਰਜ ਕਰਦੇ ਹਨ ਉੱਥੇ ਮਜ਼੍ਹਬੀ ਸਿੱਖ ਭਾਈਚਾਰੇ ਨਾਲ ਸੰਬੰਧਤ ਅੰਮ੍ਰਿਤਧਾਰੀ ਪਾਤਰ ਮਹਿੰਦਰੋ ਵਰਗੀਆਂ ਸੁੱਚ ਭਿੱਟ ਦਾ ਸ਼ਿਕਾਰ ਹੁੰਦੀਆਂ ਹੋਈਆਂ ਇਨਕਲਾਬੀ ਤਰੀਕੇ ਨਾਲ ਅੱਗ ਬਬੂਲਾ ਹੋ ਕੇ ਉੱਚ ਵਰਗ ਦੀਆਂ ਤੀਵੀਆਂ ਦਾ ਵਿਰੋਧ ਕਰਦੀਆਂ ਹਨ। ਮਹਿੰਦਰੋ ਦਾ ਦਲਿਤ ਲੋਕਾਈ ਨੂੰ ਏਕਤਾ ਵਿੱਚ ਪਰੋ ਕੇ ਉੱਚ ਵਰਗ ਪ੍ਰਤੀ ਸੰਘਰਸ਼ ਵਿੱਢਣ ਦੀ ਵਕਾਲਤ ਕਰਦਾ ਹੈ। ਮਹਿੰਦਰੋ ਦਾ ਅਜਿਹਾ ਕ੍ਰਾਂਤੀਕਾਰੀ ਰੋਲ ਦਲਿਤ ਵਰਗ ਨੂੰ ਜਾਤੀਵਾਦੀ ਭਿੱਟ-ਭਾਵਨਾ ਤੋਂ ਮੁਕਤ ਹੋਣ ਦਾ ਪੈਰਾਡਾਈਮ ਸਿਰਜਦਾ ਹੈ,

ਇਸ ਕਹਾਣੀ ਦੀਆਂ ਬਿਰਤਾਂਤਕ ਤੰਦਾਂ ਵਿੱਚ ਦਲਿਤ ਲੋਕਾਈ ਇਕ ਪਾਸੇ ਹਮਦਰਦੀ ਦਾ ਪਾਤਰ ਬਣਦੀ ਹੈ ਅਤੇ ਦੂਸਰੇ ਪਾਸੇ ਜਾਤੀ-ਪਾਤੀ ਵੰਡ ਦੀ ਖਿੱਲੀ ਉਡਾਉਂਦੀ ਹੋਈ ਸਮਾਜਿਕ ਅਤੇ ਸਭਿਆਚਾਰਕ ਜਕੜਬੰਦੀਆਂ ਤੋਂ ਪਾਰ ਜਾਣ ਲਈ ਨਾਬਰ ਵੀ ਹੁੰਦੀ ਹੈ। ਕਹਾਣੀ ਦਾ ਸਮੁੱਚਾ ਬਿਰਤਾਂਤਿਕ ਚੌਖਟਾ ਅੰਤਰਜਾਤੀ ਵਿਆਹ ਦੀ ਘਟਨਾ ਉਪਰ ਉਸਰਿਆ ਹੋਇਆ ਹੈ। ਇਹ ਅੰਤਰਜਾਤੀ ਵਿਆਹ ਉੱਚ ਵਰਗ ਦੀ ਪਾਤਰ 'ਪਰਮ' ਅਤੇ ਨਿਮਨ ਵਰਗ ਦੇ ਪਾਤਰ ਕੁਲਵੰਤ ਸਿੰਘ ਵੱਲੋਂ ਕਰਵਾਇਆ ਜਾਂਦਾ ਹੈ। ਰਾਮਦਾਸੀਏ ਸਿੱਖ ਜਾਤੀ ਨਾਲ ਸੰਬੰਧਤ ਪਾਤਰ ਕੁਲਵੰਤ ਅਤੇ ਜੱਟ ਸਿੱਖ ਜਾਤੀ ਨਾਲ ਸੰਬੰਧਤ ਪਾਤਰ 'ਪਰਮ' ਜਦੋਂ ਪ੍ਰੇਮਿਕ ਮੋਹ ਜਾਲ ਵਿੱਚ ਬੰਨੇ ਜਾਤੀ-ਪਾਤੀ ਵੰਡ ਦੀਆਂ ਜਕੜਬੰਦੀਆਂ ਨੂੰ ਤੋੜਦੇ ਹੋਏ ਅੰਤਰਜਾਤੀ ਪ੍ਰੇਮ ਵਿਆਹ ਕਰਵਾ ਲੈਂਦੇ ਹਨ ਤਾਂ ਇਸ ਵਿੱਚੋਂ ਹੀ ਕਹਾਣੀ ਦਾ ਸਮੁੱਚਾ ਬਿਰਤਾਂਤ ਉੱਭਰਦਾ ਅਤੇ ਵਿਕਾਸ ਕਰਦਾ ਹੈ। ਉਪ ਬਿਰਤਾਂਤ ਕਹਾਣੀ ਨੂੰ ਹੋਰ ਸੰਘਣਾ ਅਤੇ ਗਹਿਰਾ ਕਰਦੇ ਹਨ। ਅੰਤਰਜਾਤੀ ਵਿਆਹਾਂ ਵਿੱਚ ਬੱਧੇ ਪ੍ਰੇਮੀ ਜੋੜੇ ਆਦਿ ਕਾਲ ਤੋਂ ਹੀ ਸਮਾਜਿਕ, ਸਰੀਰਕ, ਮਾਨਸਿਕ ਅਤੇ ਸਭਿਆਚਾਰਕ ਕਸ਼ਟ ਭੋਗਦੇ ਆਏ ਹਨ। ਪਰ ਇਸ ਕਹਾਣੀ ਵਿਚ ਉਲਟਾ ਕਿਰਿਆ ਕ੍ਰਮ ਇਹ ਵਾਪਰਦਾ ਹੈ ਕਿ ਅੰਤਰਜਾਤੀ ਪ੍ਰੇਮ ਵਿਆਹ ਕਰਵਾਉਣ ਵਾਲਾ ਪ੍ਰੇਮੀ ਜੋੜਾ ਸੰਤਾਪ ਨਹੀਂ ਭੋਗਦਾ ਸਗੋਂ ਉੱਚ ਜਾਤੀ ਨਾਲ ਸੰਬੰਧਤ ਪ੍ਰੇਮਿਕਾ ਦੀ ਭੈਣ ਪਰਮੀਤ ਜਾਤੀਗਤ ਹੈਂਕੜਤਾ ਵਿੱਚ ਗਰੱਸੇ ਆਪਣੇ ਸਹੁਰਾ ਪਰਿਵਾਰ ਦੇ ਤਾਨੇ-ਮੇਹਨਿਆਂ ਸਦਕਾ ਭੋਗਦੀ ਹੈ। ਉੱਚ ਜਾਤੀ ਦੀ ਧੌਂਸ ਦੇ ਮੱਕੜ ਜਾਲ਼ ਵਿੱਚ ਫਸਿਆ ਉਸਦਾ ਸਹੁਰਾ ਪਰਿਵਾਰ ਉਸਦੀ ਭੈਣ ਵੱਲੋਂ ਰਾਮਦਾਸੀਏ ਸਿੱਖਾਂ ਦੇ ਮੁੰਡੇ ਨਾਲ ਪ੍ਰੇਮ ਵਿਆਹ ਕਰਵਾਉਣ ਸਦਕਾ ਉਸਨੂੰ ਕੋਝਾਂ, ਟਕੋਰਾਂ ਅਤੇ ਵਿਅੰਗ ਲਗਾਉਂਦਾ ਰਹਿੰਦਾ ਹੈ। ਜਿਸ ਸਦਕਾ ਉਹ ਮਾਨਸਿਕ ਪੀੜਾ ਭੋਗਦੀ ਹੋਈ ਨਜ਼ਰ ਆਉਂਦੀ ਹੈ। ਸਹੁਰਾ ਪਰਿਵਾਰ ਵੱਲੋਂ ਦਲਿਤ ਵਰਗ ਪ੍ਰਤੀ ਉਚਾਰੇ ਵਿਅੰਗ 'ਪਰਮੀਤ' ਅੰਦਰ ਦਲਿਤਾਂ ਪ੍ਰਤੀ ਹਮਦਰਦੀ ਦੀ ਭਾਵਨਾ ਪੈਦਾ ਕਰਦੇ ਹਨ। ਇਸੇ ਲਈ ਉਹ ਦਲਿਤਾਂ ਦਾ ਪੱਖ ਵੀ ਪੂਰਦੀ ਹੈ ਅਤੇ ਦਲਿਤਾਂ ਦੇ ਦਰਦ ਨੂੰ ਧੁਰ ਅੰਦਰੋਂ ਵੀ ਮਹਿਸੂਸ ਕਰਦੀ ਹੈ। ਪਰਮੀਤ ਦੀ ਇਸ ਦਰਦਮਈ ਸਥਿਤੀ ਵਿਚੋਂ ਹੀ ਦਲਿਤ ਵਰਗ ਦੀ ਤ੍ਰਿਸਕਾਰ ਭਰੀ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਵਰਤਮਾਨ ਤੇ ਅਤੀਤ ਕਾਲਕ ਵੇਰਵਿਆ ਨੂੰ ਇਕੋ ਸਮੇਂ ਪੇਸ਼ ਕਰਨ ਦੀ ਵਿਧੀ ਨੂੰ ਅਪਣਾਉਂਦਾ ਇਸ ਕਹਾਣੀ ਦਾ ਜਟਿਲਮਈ ਬਿਰਤਾਂਤ ਮੁੱਖ ਕਥਾ ਦੇ ਨਾਲ ਨਾਲ ਉਪ ਕਥਾਵਾਂ ਦੇ ਇਰਦ ਗਿਰਦ ਘੁੰਮਦਾ ਹੋਇਆ ਇਕ



ਅਜਿਹਾ ਢਾਂਚਾ ਤਿਆਰ ਕਰਦਾ ਹੈ ਜਿਸ ਨੂੰ ਆਪਣਾ ਕੇ ਦਲਿਤ ਲੋਕਾਈ ਜਾਤੀ-ਪਾਤੀ ਧੌਂਸ ਤਹਿਤ ਪੈਦਾ ਹੁੰਦੀਆਂ ਸਮਾਜਿਕ ਤੇ ਮਾਨਸਿਕ ਸਮੱਸਿਆਵਾਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਹੱਲ ਪ੍ਰਾਪਤ ਕਰ ਸਕਦੀ ਹੈ।

ਮੈਂ ਹੈਰਾਨ ਹੁੰਦੀ ਹਾਂ, ਐਨਾ ਵਿਤਕਰਾ ਕਿਵੇਂ ਬਰਦਾਸ਼ਤ ਕਰ ਲੈਂਦੇ ਨੇ ਇਹ ਲੋਕ? ਚੀਕ ਕਿਉਂ ਨੀ ਮਾਰਦੇ? ਸੋਚਦੀ ਹਾਂ, ਜੇਕਰ ਹੈੱਡ ਸਾਹਿਬ, ਨਿਰਮਲ, ਗੁਰਦੀਸ਼, ਪ੍ਰਵੀਨ ਬਾਲਾ ਅਤੇ ਦਿਆਲ, ਗੁਰਨੇਕ ਵਰਗੇ ਹਿੰਮਤ ਕਰਨ ਤਾਂ ਮਾਂ ਵਾਂਗੂ, ਢੰਡ ਪਵਿੱਤਰ ਜੁੰਡਲੀ ਨੂੰ ਵੀ ਖਹਿੜਾ ਛਡਾਉਣਾ ਔਖਾ ਹੋਜੇ। ਇਹ ਗੱਲ ਮੇਰੀ ਸਮਝੋ ਬਾਹਰ ਹੈ ਕਿ ਇਹ ਲੋਕ ਚੀਕ ਸੰਘ ਵਿੱਚ ਹੀ ਕਿਉਂ ਘੁੱਟੀ ਫਿਰਦੇ ਨੇ?[10]

ਇਸ ਕਹਾਣੀ ਵਿੱਚ ਦਲਿਤ ਮੁਕਤੀ ਦੀ ਕ੍ਰਾਂਤੀਕਾਰੀ ਚੀਕ ਤਾਂ ਵੱਜਦੀ ਹੈ। ਪਰ ਇਹ ਚੀਕ ਏਕਤਾ ਦੀ ਚੀਕ ਨਹੀਂ ਸਗੋਂ ਇਕੱਲਤਾ ਦੀ ਚੀਕ ਹੈ। ਇਸ ਇਕੱਲਤਾ ਦੀ ਕ੍ਰਾਂਤੀਕਾਰੀ ਚੀਕ ਅੰਦਰ ਵੀ ਦਲਿਤ ਵਰਗ ਲਈ ਜਾਤੀਪਾਤੀ ਭਿੱਟ ਭਾਵਨਾ ਤੋਂ ਮੁਕਤ ਹੋਣ ਲਈ ਆਜ਼ਾਦੀ ਦੀ ਚੰਗਿਆੜੀ ਮੌਜੂਦ ਹੈ, ਪਰ ਇਸ ਚੰਗਿਆੜੀ ਦਾ ਸੇਕ ਜ਼ਰਾ ਘੱਟ ਹੈ। ਸੇਕ ਨੂੰ ਜਿਆਦਾ ਤੇਜ਼ ਅਤੇ ਵਿਸਫੋਟਕ ਕਰਨ ਲਈ ਦਲਿਤ ਏਕਤਾ ਦੀ ਲੋੜ ਹੈ। ਇਸ ਦਲਿਤ ਏਕਤਾ ਦੇ ਭਾਂਬੜ ਵਿੱਚੋਂ ਹੀ ਦਲਿਤ ਲੋਕਾਈ ਨੂੰ ਸਮਾਜਿਕ ਅਤੇ ਸਭਿਆਚਾਰਕ ਆਦਰ ਸਤਿਕਾਰ ਪ੍ਰਾਪਤ ਹੋ ਸਕਦਾ ਹੈ।

ਸੋ ਗੁਰਮੀਤ ਕੜਿਆਲਵੀ ਦੀ ਨਰੋਈ ਤੇ ਨਿਆਂਸ਼ੀਲ ਦ੍ਰਿਸ਼ਟੀ ਦਲਿਤ ਲੋਕਾਈ ਨੂੰ ਹਮਦਰਦੀ ਦਾ ਪਾਤਰ ਬਣਨ ਦੀ ਬਜਾਏ ਮਾਨਵੀ ਗੌਰਵ ਹਾਸਿਲ ਕਰਨ ਲਈ ਪ੍ਰੇਰਿਤ ਕਰਦੀ ਹੈ, ਇਸ ਲਈ ਉਸ ਦੀਆਂ ਕਹਾਣੀਆਂ ਦੇ ਦਲਿਤ ਪਾਤਰ ਆਪਣੇ ਜੀਵਨ ਦੀਆਂ ਹੱਡ ਬੀਤੀਆਂ, ਜੱਗ ਬੀਤੀਆਂ, ਆਪ ਬੀਤੀਆਂ ਯਥਾਰਥਕ ਸਮੱਸਿਆਵਾਂ ਅਤੇ ਮਾਨਸਿਕ ਗੁੰਝਲਾ ਦਾ ਬਿਰਤਾਂਤ ਬਿਆਨਦੇ ਹੋਏ ਮਾਨਸਿਕ ਪੀੜਾ ਤਾਂ ਭੋਗਦੇ ਹੀ ਹਨ, ਪਰ ਆਪਣੇ ਦੁੱਖਾਂ ਕਸ਼ਟਾਂ ਝੋਰਿਆਂ ਅਤੇ ਮੂਕ ਰੋਸਿਆਂ ਦਾ ਪ੍ਰਗਟਾਵਾ ਕਰਦੇ ਹੋਏ 'ਆਤੂ ਖੋਜੀ', 'ਤਾਰਾ ਚਿੱਥ ਕੱਢ', 'ਕੁਲਵੰਤ ਸਿੰਘ ਅਤੇ ਮਹਿੰਦਰੋ ਵਾਂਗੂ ਚੜ੍ਹਦੀ ਕਲਾ ਵਿੱਚ ਵੀ ਰਹਿੰਦੇ ਹਨ। ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਗੁਰਮੀਤ ਕੜਿਆਲਵੀ ਦੀਆਂ ਕਹਾਣੀਆਂ ਜਿੱਥੇ 'ਵਿਸ਼ਵੀਕਰਨ, ਨਿੱਜੀਕਰਨ, ਉਦਾਰੀਕਰਨ, ਵਿਦਿਆ ਦੇ ਪ੍ਰਭਾਵ, ਰਾਖਵੇਂਕਰਨ, ਸ਼ਹਿਰੀਕਰਨ ਆਦਿ ਸੰਕਲਪਾਂ ਦੀ ਮਾਰ ਹੇਠ ਆਈ ਦਲਿਤ ਲੋਕਾਈ ਦੀਆਂ ਗੁੰਝਲਦਾਰ ਤੇ ਜਟਿਲ ਹੋ ਰਹੀਆਂ ਕਸ਼ਟਦਾਇਕ ਪ੍ਰਸਥਿਤੀਆਂ ਨੂੰ ਯਥਾਰਥਕ ਰੂਪ ਵਿੱਚ ਪੇਸ਼ ਕਰਦੀਆਂ ਹਨ ਉਥੇ ਇਨ੍ਹਾਂ ਪ੍ਰਸਥਿਤੀਆਂ ਨੂੰ ਪਰਿਵਰਤਿਤ ਕਰਨ ਲਈ ਧਰਾਤਲ ਵੀ ਤਿਆਰ ਕਰਦੀਆਂ ਹਨ।

***ਹਵਾਲੇ ਤੇ ਟਿੱਪਣੀਆਂ-***


1. ਗੁਰਮੀਤ ਕੜਿਆਲਵੀ, ਆਤੂ ਖੋਜੀ, ਪੰਨਾ 44
2. ਉਹੀ, ਪੰਨਾ 41
3. ਉਹੀ, ਪੰਨਾ-43
4. ਉਹੀ, ਪੰਨਾ-13
5. ਉਹੀ, ਪੰਨੇ 13-14
6. ਹੁਣ, ਅੰਕ-16, ਪੰਨਾ 99
7. ਗੁਰਮੀਤ ਕੜਿਆਲਵੀ, ਅੱਕ ਦਾ ਬੂਟਾ, ਪੰਨਾ 127
8. ਗੁਰਮੀਤ ਕੜਿਆਲਵੀ, ਆਤੂ ਖੋਜੀ, ਪੰਨੇ 22-23
9. ਉਹੀ, ਪੰਨਾ-82 , 1. ਹੁਣ, ਅੰਕ-16 ਪੰਨਾ 99


ਪਤਾ ਪਿੰਡ ਬਾਦਲ, ਜ਼ਿਲ੍ਹਾ ਮੁਕਤਸਰ, ਮੁਬਾਇਲ 98158-95184

# ਦਿਲ ਦੀ ਵੇਦਨਾ ਦਾ ਕਥਾਕਾਰ ਜਤਿੰਦਰ ਹਾਂਸ

**ਡਾ. ਤਜਿੰਦਰ ਪਾਲ ਕੌਰ**

ਜਤਿੰਦਰ ਹਾਂਸ ਪੰਜਾਬੀ ਸਾਹਿਤ ਜਗਤ ਦਾ ਨੌਜਵਾਨ ਕਹਾਣੀਕਾਰ ਹੈ। ਹਾਂਸ ਦੀਆਂ ਦੋ ਪੁਸਤਕਾਂ ਪੰਜਾਬੀ ਕਹਾਣੀ ਜਗਤ ਵਿਚ ਆਪਣੀ ਹਾਜ਼ਰੀ ਲਵਾ ਚੁੱਕੀਆਂ ਹਨ। ਹਾਂਸ ਆਪਣੀ ਪਹਿਲੀ ਪੁਸਤਕ ਦੇ ਨਾਲ ਚਰਚਾ ਵਿਚ ਆ ਗਿਆ ਸੀ ਅਤੇ ਦੂਸਰੀ ਪੁਸਤਕ ਦੀ ਬੇਸਬਰੀ ਨਾਲ ਉਡੀਕ ਸੀ। ਦੋ ਪੁਸਤਕਾਂ ਤੋਂ ਇਲਾਵਾ ਅਖ਼ਬਾਰਾਂ ਅਤੇ ਮੈਗਜ਼ੀਨ ਵੀ ਇਸ ਦੀਆਂ ਕਹਾਣੀਆਂ ਪ੍ਰਕਾਸ਼ਿਤ ਹੁੰਦੀਆਂ ਹਨ।

ਹਾਂਸ ਦੀਆਂ ਕਹਾਣੀਆਂ ਦੀ ਚਰਚਾ ਇਸ ਕਰਕੇ ਹੋਈ ਹੈ ਕਿਉਂਕਿ ਇਨ੍ਹਾਂ ਕਹਾਣੀਆਂ ਵਿਚ ਆਮ ਸਾਧਾਰਨ ਪੇਂਡੂ ਲੋਕਾਂ ਦੀ ਗੱਲ ਨੂੰ ਜ਼ੁਬਾਨ ਮਿਲੀ ਹੈ। ਹਾਂਸ ਦੀਆਂ ਕਹਾਣੀਆਂ ਦੀ ਵਿਧਾ ਨਵੀਨ ਰਚੀ ਗਈ ਹੈ ਜਿਵੇਂ ਕੋਈ ਪੁਰਾਣੀ ਗੱਲ ਯਾਦ ਆਈ ਹੈ, ਜਿਵੇਂ ਕੋਈ ਗੱਲ ਨੂੰ ਯਾਦ ਕਰ ਰਿਹਾ ਹੋਵੇ ਅਤੇ ਉਸ ਦੇ ਸਿਰੇ ਤੋਂ, ਅੱਧ ਤੋਂ, ਮਧ ਜਾਂ ਅੰਤ ਤੋਂ ਉਧੜਦਾ ਹੋਇਆ ਫਿਰ ਆਰੰਭ ਵੱਲ ਨੂੰ ਜਾਂਦਾ ਹੋਵੇ। ਇਹ ਵਿਧੀ ਏਨੀ ਕਾਰਗਰ ਹੈ ਕਿ ਪਾਠਕ ਕਦੀ ਵੀ ਉਕਤਾਉਂਦਾ ਨਹੀਂ ਹੈ ਅਖੀਰ ਤੱਕ ਉਤਸੁਕਤਾ ਬਰਕਰਾਰ ਰਹਿੰਦੀ ਹੈ।

ਹਾਂਸ ਦੀਆਂ ਕਹਾਣੀਆਂ ਵਿਚ ਪੰਜਾਬੀ ਪੇਂਡੂ ਮਨੁੱਖ ਦੀ ਝਲਕ ਬੜੀ ਖ਼ੂਬਸੂਰਤੀ ਨਾਲ ਨਿੱਖਰ ਕੇ ਪਾਠਕਾਂ ਦੇ ਰੂ ਬ ਰੂ ਹੁੰਦੀ ਹੈ ਭਾਵੇਂ ਕਿ ਸ਼ਹਿਰਾਂ ਵੱਲ ਪੇਂਡੂਆਂ ਦਾ ਰੁਝਾਨ ਵੱਧ ਰਿਹਾ ਹੈ ਪਰੰਤੂ ਉਨ੍ਹਾਂ ਦੀ ਮਾਨਸਿਕਤਾ ਵਿਚ ਧੁਰ ਅੰਦਰ ਸੰਸਕ੍ਰਿਤਕ ਬੀਜ ਉਵੇਂ ਹੀ ਪਏ ਹੋਏ ਹਨ। ਅਚੇਤ ਜਾਂ ਸੁਚੇਤ ਪੱਧਰ 'ਤੇ ਇਸ ਦਾ ਪ੍ਰਯੋਗ ਵੀ ਕਰ ਰਹੇ ਹਨ। ਪਿੰਡ ਅੱਜ ਵੀ ਲੋਕਾਂ ਨੂੰ ਉਨ੍ਹਾਂ ਦੀ ਜਾਤਾਂ ਗੋਤਾਂ ਕਰਕੇ ਜਾਂ ਉਨ੍ਹਾਂ ਦੀ ਅੱਲ ਕਰਕੇ ਜਾਣਿਆ ਜਾਂਦਾ ਹੈ। ਅਤੇ ਇਸ ਨਾਲ ਸਬੰਧਤ ਅਨੇਕਾਂ ਕਹਾਣੀਆਂ ਜੁੜੀਆਂ ਹੋਈਆਂ ਹਨ। ਇਹ ਦੰਤ ਕਥਾਵਾਂ ਮੂੰਹੋਂ-ਮੂੰਹੀਂ ਅੱਗੇ ਚੱਲਦੀਆਂ ਹੋਈਆਂ ਵਰਤਮਾਨ ਪੀੜ੍ਹੀ ਦੇ ਮਨ ਵਿਚ ਆਪਣਾ ਘਰ ਬਣਾਈ ਬੈਠੀਆਂ ਹਨ ਅਤੇ ਇਸ ਦੀ ਤਰਜਮਾਨੀ ਹਾਂਸ ਦੀਆਂ ਕਹਾਣੀਆਂ ਵਿਚ ਵੀ ਵੇਖ ਜਾ ਸਕਦੀ ਹੈ। 'ਤੱਖੀ' ਕਹਾਣੀ ਵਿੱਚ ਜੱਗੂ ਮਰ ਜਾਂਦਾ ਹੈ ਤਾਂ ਉਸ ਦਾ ਬਾਪ ਬਹੁਤ ਮਾਯੂਸ ਹੋ ਜਾਂਦਾ ਹੈ। ਜੱਗੂ ਨਮੋਸ਼ੀ ਦਾ ਮਾਰਿਆ ਕਿਸੇ ਦੇ ਮੱਥੇ ਲੱਗਣ ਤੋਂ ਵੀ ਗੁਰੇਜ਼ ਕਰਦਾ ਹੈ ਕਿ ਮੇਰੇ ਕੋਲੋਂ ਸੱਪ ਦਾ ਜ਼ਹਿਰ ਕਢਵਾਉਣ ਲਈ ਲੋਕ ਆਉਂਦੇ ਹਨ ਤੇ ਮੇਰਾ ਪੁੱਤ ਸੱਪ ਦੇ ਡੰਗਣ ਨਾਲ ਮਰ ਗਿਆ। ਇਨ੍ਹਾਂ ਲੋਕਾਂ ਦੇ ਵਰ ਨਾਲ ਸਬੰਧਿਤ ਇਕ ਲੋਕ-ਕਹਾਣੀ ਵੀ ਆਰੰਭੀ ਦਰਸਾਈ ਗਈ ਹੈ। ਜੱਗੂ ਦੇ ਮਰਨ ਦਾ ਅਫਸੋਸ ਕਰਨ ਬਹੁਤ ਸਾਰੇ ਆਉਂਦੇ ਹਨ ਪਰੰਤੂ ਜਦੋਂ ਜੱਗੂ ਦੇ ਯਾਰ ਦਾ ਬਾਪ ਉਸ ਦੀ ਮੌਤ ਦਾ ਅਫਸੋਸ ਕਰਨ ਆਉਂਦਾ ਹੈ ਤਾਂ ਜੱਗੂ ਦੇ ਬਾਪ ਦਾ ਸਿਰ ਉੱਚਾ ਹੋ ਜਾਂਦਾ ਹੈ।

"ਹਸਪਤਾਲ ਵਾਲੇ ਜੱਗੂ ਦੀ ਲਾਸ਼ ਨਾ ਦੇਣ। ਹਵੇਲੀ ਵਾਲਿਆਂ ਕਈ ਕਾਗਜ਼ਾਂ ਤੇ ਮੇਰੇ ਅੰਗੂਠੇ ਲਗਵਾਏ ਹਸਪਤਾਲ ਦੇ ਪੈਸੇ ਭਰਾਏ। ਕਾਰ ਵਿਚ ਪਾ ਕੇ ਉਸ ਪਿੰਡ ਲੈ ਆਏ। ਆਲੇ-ਦੁਆਲੇ ਖ਼ਬਰ ਫੈਲ ਗਈ ਜੱਗੂ ਦਾ ਮੁੰਡਾ ਨਾਗਣ ਨੇ ਮਾਰ ਦਿੱਤਾ। ਮੈਂ ਦੁੱਖ ਵੰਡਾਉਣ ਵਾਲਿਆਂ ਨਾਲ ਅੱਖ ਵੀ ਨਾ ਭੇੜ ਸਕਾਂ। ਅਗਲਾ ਕਹਿੰਦਾ, "ਕਾਲੂ ਕੋਲ ਤਾਂ ਸੱਪ ਦੀ ਜ਼ਹਿਰ ਦੀ ਤੋੜ ਸੀ, ਉਸ ਦੇ ਕੋਲੋਂ ਪੰਜਾਹ ਪੰਜਾਹ ਕੋਹ ਤੋਂ ਨਾਗ ਦਾ ਡੰਗਿਆ ਇਲਾਜ਼ ਕਰਵਾਉਣ ਆਉਂਦਾ। ਉਸ ਦਾ ਪੁੱਤ ਨਾਗਣ ਦਾ ਡੰਗਿਆ ਮਰ ਗਿਆ?"

"ਜੱਗੂ ਦੀ ਜੁੰਡਲੀ ਦੇ ਯਾਰ, ਰੁਲੀਏ ਦਾ ਬਾਪੂ, ਭੋਲਾ ਅਫ਼ਸਰ ਪ੍ਰਗਟ ਆਇਆ। ਉਹਨੇ ਦੱਸਿਆ , "ਰੁਲੀਆ ਵੀ ਹਸਪਤਾਲ 'ਚ ਦਾਖਲ ਐ। ਹਵੇਲੀ ਵਾਲਿਆਂ ਦੀ ਅਫੀਮ ਸਟਿਕਣੀ ਵਾਲੀ ਸੀ।"

"ਮੇਰਾ ਨੀਵੀਂ ਪਾਈ ਬੈਠੇ ਦਾ ਸਿਰ ਇਕ ਦਮ ਉੱਚਾ ਹੋ ਗਿਆ ਮੈਂ ਝੁੱਗੀ ਵੱਲ ਮੂੰਹ ਕਰਕੇ ਕਿਹਾ, "ਏ ਜੱਗੂ ਦੀ ਮਾਂ ਏ? ਦੇਖ ਭੋਲਾ ਸਿਉਂ ਕੀ ਕਹਿੰਦਾ।"

ਫਿਰ ਭੋਲੇ ਦੇ ਦੋਵੇਂ ਹੱਥ ਫੜ ਕੇ ਕਹਿਣ ਲੱਗਿਆ, "ਮੈਂ ਕਹਿੰਦਾ ਨੀ ਸੀ ਜੱਗੂ ਮੇਰਾ ਪੁੱਤ ਆ, ਨਾਗਣ



ਦਾ ਡੰਗਿਆ ਨੀ ਮਰਦਾ...।"

ਇਸ ਕਰਕੇ ਨਹੀਂ ਮਰਦਾ ਕਿਉਂਕਿ ਮਿੱਥ ਹੈ ਕਿ ਧੰਨਾਤਰ ਵੈਦ ਨੂੰ ਵਰ ਮਿਲਿਆ ਹੋਇਆ ਸੀ ਕਿ ਜਿੱਥੋਂ ਤੱਕ ਨਿਗਾਹ ਜਾਂਦੀ ਤਾਂ ਸਾਰੀਆਂ ਜ਼ਹਿਰੀਲੀਆਂ ਚੀਜ਼ਾਂ ਦਾ ਸਫ਼ਾਇਆ ਹੋ ਜਾਂਦਾ। ਨਾਗਾਂ ਦੇ ਤੱਖੀ ਰਾਜ ਨੇ ਧੋਖੇ ਨਾਲ ਧੰਨਾਤਰ ਵੈਦ ਨੂੰ ਧੋਖੇ ਨਾਲ ਮਾਰ ਦੇਂਦਾ ਹੈ। ਇਉਂ ਹੀ ਉਸ ਦੀ ਕਹਾਣੀ 'ਪਾਵੇ ਨਾਲ ਬੰਨ੍ਹਿਆ ਹੋਇਆ ਕਾਲ' ਬਾਰੇ ਵੀ ਮਿੱਥ ਕਥਾ ਪ੍ਰਚਲਿਤ ਹੈ ਕਿ ਰਾਵਣ ਨੇ ਵੀ ਕਾਲ ਪਾਵੇ ਨਾਲ ਬੰਨ੍ਹ ਲਿਆ ਸੀ ਕਿ ਮੈਂ ਮਰਾਂਗਾ ਨਹੀਂ ਅਤੇ ਅਮਰ ਹੋ ਜਾਵਾਂਗਾ। ਪਰੰਤੂ ਤਾਂ ਵੀ ਕਾਲ ਨੇ ਰਾਵਣ ਨੂੰ ਆ ਨੱਪਿਆ ਸੀ ਅਤੇ ਰਾਵਣ ਦੀ ਮੌਤ ਹੋ ਗਈ। ਇਉਂ ਹਾਂਸ ਦੀਆਂ ਕਹਾਣੀਆਂ ਵਿਚ ਮਿਥ ਕਥਾ, ਦੰਤ ਕਥਾ ਤੇ ਲੋਕ ਕਹਾਣੀ ਦਾ ਕੋਈ ਨਾ ਕੋਈ ਰੂਪ ਸੁੱਤੇ ਸਿਧ ਹੀ ਮਿਲ ਜਾਂਦਾ ਹੈ। ਇਨ੍ਹਾਂ ਤੋਂ ਇਲਾਵਾਂ ਪੰਜਾਬੀ ਸਮਾਜ ਸਭਿਆਚਾਰਕ ਦੀਆਂ ਅਨੇਕਾਂ ਪਰਤਾਂ, ਰਸਮਾਂ, ਤਿਉਹਾਰ, ਰਿਸ਼ਤੇ ਨਾਤੇ, ਗੈਰ ਸਭਿਆਚਾਰਕ ਰਿਸ਼ਤੇ ਵਰਤਮਾਨ ਪ੍ਰਸੰਗ ਵਿਚ ਆਪਣਾ ਰੂਪ ਪ੍ਰਗਟ ਕਰਦੇ ਹਨ।

"ਪਾਵੇ ਨਾਲ ਬੰਨ੍ਹਿਆ ਹੋਇਆ ਕਾਲ' ਕਹਾਣੀ ਵਿਚ ਮੈਂ ਪਾਤਰ ਆਪਣੇ ਪਤੀ-ਦੀ ਮੌਤ ਤੋਂ ਬਾਅਦ ਆਪਣੇ ਮਾਸੀ ਦੇ ਪੁੱਤ ਨਾਲ ਸਰੀਰਕ ਸਬੰਧ ਬਣਾ ਲੈਂਦੀ ਹੈ। ਸਭਿਆਚਾਰਕ ਰਿਸ਼ਤਿਆਂ ਤੋਂ ਕਿਨਾਰਾ ਵੱਟ ਕੇ ਉਹ ਕੇਸਰ ਨੂੰ ਜਨਮ ਦੇਂਦੀ ਹੈ ਅਤੇ ਪੈਲੀ ਹੀ ਉਸ ਦੀ ਮੌਤ ਦਾ ਕਾਰਣ ਬਣਨਾ ਸ਼ੁਰੂ ਕਰ ਦੇਂਦੀ ਹੈ। ਕੇਸਰ ਵਿੱਤੋਂ ਬਾਹਰਾ ਖਰਚਾ ਕਰਦਾ ਹੈ, ਵਧਦੀਆਂ ਵਰਤਮਾਨ ਸਹੂਲਤਾਂ ਅਤੇ ਮੰਗਾਂ ਅਧੀਨ ਉਹ ਆਪਣੀ ਪੈਲੀ ਵੇਚਣਾ ਚਾਹੁੰਦਾ ਹੈ ਪਰੰਤੂ ਮੈਂ ਪਾਤਰ ਉਸ ਨੂੰ ਅਜਿਹਾ ਕਰਨ ਤੋਂ ਵਰਜਦੀ ਹੈ ਤਾਂ ਕੇਸਰ ਮੈਂ ਪਾਤਰ ਨੂੰ ਜਾਨੋਂ ਮਾਰ ਕੇ ਆਪਣੀਆਂ ਮੰਗਾਂ ਪੂਰੀਆਂ ਕਰਨਾ ਚਾਹੁੰਦਾ ਹੈ। ਮੈਂ ਪਾਤਰ ਕੇਸਰ ਦੀ ਇਸ ਬੁੱਧੀ ਤੋਂ ਦੁਖੀ ਹੋ ਕੇ ਸਾਧ ਕੋਲੋਂ ਕੇਸਰ ਦੀ ਬੁੱਧੀ ਲਈ ਪੁੜੀ ਲੈ ਕੇ ਆਉਂਦੀ ਹੈ ਪਰੰਤੂ ਘਬਰਾਹਟ ਵਿਚ ਜਿਸ ਪੁੱਤਰ ਨੂੰ ਲੋਕਾਂ ਤੋਂ ਚੋਰੀ ਪਾਲਿਆ ਉਸ ਨੂੰ ਮਾਰਨ ਦਾ ਖ਼ਾਬ ਦੇਖਦੀ ਹੈ।

ਇਸ ਕਹਾਣੀ ਵਿਚ ਪੇਂਡੂ ਸਮਾਜਕ ਸਭਿਆਚਾਰ ਦੀ ਬਹੁਤ ਹੀ ਖ਼ੂਬਸੂਰਤ ਤਸਵੀਰ ਖਿੱਚੀ ਗਈ ਹੈ। ਸਾਧਾਂ ਵਿਚ ਵਿਸ਼ਵਾਸ਼ ਉਸ ਤੋਂ ਮਿਲੀ ਰਾਖ ਦੀ ਪੁੜੀ ਨਾਲ ਘਰੇਲੂ ਆਰਥਿਕ ਮਸਲਿਆਂ ਦਾ ਸੁਲਝਾਉ, ਗ਼ੈਰ ਸਭਿਆਚਾਰਕ ਰਿਸ਼ਤੇ ਆਦਿ ਸਾਰਾ ਕੁਝ ਸਮੇਟ ਲਿਆ ਹੈ। ਭਾਸ਼ਾ ਵਿਚ ਰਵਾਨਗੀ, ਠੁੱਕਦਾਰ ਮੁਹਾਵਰੇ ਵਾਲੀ ਸ਼ਬਦਾਵਲੀ, ਲੋਕ ਉਕਤੀਆਂ, ਅਤੇ ਚਿੰਨ੍ਹਾਂ ਦੀ ਵਰਤੋਂ ਕੀਤੀ ਹੋਈ ਇਵੇਂ ਲੱਗਦੀ ਹੈ ਜਿਵੇਂ ਨਗੀਨੇ ਜੜੇ ਹੋਣ।

"ਉਹ ਤਾਂ ਗੱਲੀ ਬਾਤੀ ਮੈਨੂੰ ਵੀ ਸਮਝਾਉਂਦੀ ਰਹਿੰਦੀ, "ਜੁਆਨ ਭੈਣ ਭਾਈ ਨੂੰ ਇਕੋ ਛੱਤ ਹੇਠਾਂ ਨਹੀਂ ਸੌਣਾ ਚਾਹੀਦਾ। ਲਟੈਣ ਟੁੱਟ ਕੇ ਉਤੇ ਡਿੱਗ ਜਾਂਦੀ ਹੈ।"

-ਬਾਹਰ ਕੁੱਤੇ ਰੋਈ ਜਾਂਦੇ ਨੇ। ਮਾੜੇ ਹੁੰਦੇ ਨੇ। ਇਨ੍ਹਾਂ ਨੂੰ ਜਮਦੂਤ ਦਿਖਾਈ ਦਿੰਦੇ ਨੇ।

ਕਾਹਲੀ ਕਾਹਲੀ ਕਮਰੇ ਵੱਲ ਨੂੰ ਤੁਰ ਪਈ। ਦੇਹਲੀ ਵਿਚ ਅਟਕ ਕੇ ਡਿੱਗ ਪਈ। ਠੱਕ ਠੱਕ ਧੜਕਦੇ ਦਿਲ ਵਿਚ ਭੈੜਾ ਜਿਹਾ ਖਿਆਲ ਆਇਆ, "ਸ਼ਰਾਬ ਦੀ ਬੋਤਲ ਵਿਚ ਰਾਖ ਦੀ ਥਾਂ ਜ਼ਹਿਰ ਮੁਹਰਾ ਕਿਉਂ ਨਾ ਪਾਇਆ।"

ਇਉਂ ਅਸਿੱਧੇ ਤਰੀਕੇ ਨਾਲ ਹਾਂਸ ਨੇ ਵਰਤਮਾਨ ਸਮੇਂ ਵਿਚ ਖੇਤੀ ਕਰਦੇ ਜੱਟਾਂ ਦੀ ਮਾਨਸਿਕ ਸਥਿਤੀ ਨੂੰ ਅਤੇ ਵਧਦੀਆਂ ਖ਼ਾਹਿਸ਼ਾਂ ਨੂੰ ਸੰਖੇਪ ਪਰ ਖ਼ੂਬਸੂਰਤ ਤਰੀਕੇ ਨਾਲ ਬਿਆਨ ਕੀਤਾ ਹੈ। ਇਹੀ ਗੱਲ ਉਸ ਦੀਆਂ ਬਾਕੀ ਕਹਾਣੀਆਂ ਵਿਚ ਵੀ ਵੇਖਣ ਨੂੰ ਮਿਲ ਜਾਂਦੀ ਹੈ।' ਰਾਹੂ ਕੇਤੂ' ਕਹਾਣੀ ਵਿਚ ਵੀ ਕਿਸਾਨੀ ਸਮਾਜ ਦੀਆਂ ਪ੍ਰੇਸ਼ਾਨੀਆਂ ਨੂੰ ਬਿਆਨ ਕਰਦੀ ਹੈ। ਇਸ ਕਹਾਣੀ ਵਿਚ 1947 ਦੀ ਵੰਡ ਦੇ ਵਾਅਦੇ ਜੋ ਕਈ ਪੂਰੇ ਨਹੀਂ ਹੋਏ, ਭ੍ਰਿਸ਼ਟਾਚਾਰ, ਡਿਗਰੀਆਂ ਨੂੰ ਗਲਤ ਤਰੀਕੇ ਲੈਣ ਅਤੇ ਉਨ੍ਹਾਂ ਦਾ ਗਲਤ ਇਸਤੇਮਾਲ ਅਤੇ ਆਮ ਕਿਸਾਨ ਦੀਆਂ ਸਮੱਸਿਆਵਾਂ ਨੂੰ ਰਲਗੱਡ ਕਰਕੇ ਬਿਆਨ ਕੀਤਾ ਗਿਆ ਹੈ। ਪੰਜਾਬੀ ਸਮਾਜ ਹੀ ਨਹੀਂ ਬਲਕਿ ਇਹ ਕਹਾਣੀ ਭਾਰਤੀ ਸਮਾਜ ਦੇ ਹਾਣ ਦੀ ਹੋ ਜਾਂਦੀ ਹੈ। ਇਸ ਕਹਾਣੀ ਵਿਚ ਜਦੋਂ ਉਸ ਨੂੰ ਆਪਣੇ ਜ਼ਿੰਦਾ ਹੋਣ ਦਾ ਸਬੂਤ ਪੇਸ਼ ਕਰਨ ਲਈ ਕਿਹਾ ਜਾਂਦਾ ਹੈ। ਆਮ ਤਬਕੇ ਦੇ ਲੋਕਾਂ ਨਾਲ ਸਰਮਾਏਦਾਰੀ ਮੁੱਢ ਤੋਂ ਹੀ ਅਜਿਹਾ ਕਰਦੀ ਆਈ ਹੈ ਅਤੇ ਇਸ ਕਹਾਣੀ ਦਾ ਨਾਂ 'ਰਾਹੂ ਕੇਤੂ' ਕਿਸਾਨ ਦੀ

ਕਿਸਮਤ ਨਾਲ ਮਿਲਾ ਕੇ ਰੱਖਿਆ ਗਿਆ ਹੈ। ਸਾਰੀ ਕਹਾਣੀ ਵਿਚ ਰਾਹੂ ਕੇਤੂ ਹੀ ਕਿਸਾਨ ਨੂੰ ਆਪਣੇ ਨਾਲ ਦਸਤਪੰਜਾ ਲੈਣ ਲਈ ਮਜ਼ਬੂਰ ਕਰਦੇ ਹਨ। ਇਸ ਕਹਾਣੀ ਦਾ ਨਾਂ ਵੀ ਮਿੱਥ ਕਥਾ ਦੇ ਅਨੁਸਾਰ ਹੀ ਰੱਖਿਆ ਗਿਆ ਹੈ। ਕਿਹਾ ਜਾਂਦਾ ਹੈ ਕਿ ਜਦੋਂ ਇਹ ਦੋਵੇਂ ਰਾਸ਼ੀਆਂ ਕਿਸੇ ਦੀ ਕਿਸਮਤ ਵਿਚ ਬੈਠ ਜਾਂਦੀਆਂ ਹਨ ਤਾਂ ਉਸ ਦੀ ਕਿਸਮਤ ਦੇ ਅੱਗੇ 'ਬਦ' ਲੱਗ ਜਾਂਦਾ ਹੈ। ਇਹ 'ਬਦ' ਹਰ ਪਾਸੇ ਉਸ ਨੂੰ ਘੇਰੀ ਰੱਖਦਾ ਹੈ।

"ਦਫਤਰ ਜਾ ਕੇ ਪਤਾ ਕਰਿਆ। ਉਹ ਬਾਬੂ ਕਹਿੰਦਾ, "ਕਿਸੇ ਨੇ ਅਰਜ਼ੀ ਦਿੱਤੀ ਆ, ਇਸ ਪਿੰਡੋਂ ਚੰਦ ਸਿਉਂ ਨਾਂ ਦਾ ਬੰਦਾ ਗੁਜ਼ਰ ਗਿਆ। ਮੇਰੀ ਮੌਤ ਦਾ ਸਰਟੀਫਿਕੇਟ ਦਿੱਤਾ, ਮਤਲਬ ਮੈਨੂੰ ਜਿਉਂਦੇ ਨੂੰ ਏ ਮਾਰਤਾ। ਮੈਂ ਉਨ੍ਹਾਂ ਨੂੰ ਕਿਹਾ, "ਮੈਂ ਥੋਡੇ ਸਾਹਮਣੇ ਜਿਉਂਦਾ ਜਾਗਦਾ ਫਿਰਦਾ।" ਉਹ ਮੰਨਦੇ ਨੀ। ਸਬੂਤ ਭਾਲਦੇ ਆ। ਹੁਣ ਮੈਂ ਆਪਣੇ ਜਿਉਂਦੇ ਹੋਣ ਦਾ ਸਬੂਤ ਲੱਭ ਰਿਹਾ। ਜਿਹੜਾ ਉਨ੍ਹਾਂ ਨੂੰ ਦੇ ਸਕਾਂ। ਵੋਟਰ ਲਿਸਟ 'ਚੋਂ ਵੀ ਮੇਰਾ ਨਾਂ ਕਟਵਾ ਦਿੱਤਾ। ਰਾਸ਼ਨ ਕਾਰਡ ਬਹੂ ਦੇ ਜ਼ਿੰਦੇ ਹੇਠਾਂ। ਹੁਣ ਮੈਨੂੰ ਲੱਗਣ ਲੱਗ ਪਿਆ ਜਿਵੇਂ ਕਾਗਜ਼ਾਂ 'ਚ ਮਾਰਤਾ, ਉਵੇਂ ਮੈਨੂੰ ਮਾਰ ਦੇਣਗੇ। ਤਾਹੀਉਂ ਮੈਂ ਵਕੀਲ ਬਾਬੂ ਕੋਲ ਆਇਆ। ਉਨ੍ਹਾਂ ਲੋਕਾਂ ਨੂੰ ਪਤਾ ਲੱਗਜੇ ਜਿਹੜੇ ਮੈਨੂੰ ਮਰਿਆ ਭਾਲਦੇ ਨੇ। ਮੈਂ ਕੋਈ ਉਈ ਮਿੱਚੀ ਦਾ ਆਦਮੀ ਨੀ, ਜੱਟ ਤਾਂ ਘੀਸੀ ਕਰਵਾ ਦੇਂਦੇ। ਉਹ ਹੋਰ ਹੋਣਗੇ ਜਿਹੜੇ ਖੁਦਕੁਸ਼ੀਆਂ ਕਰ ਜਾਂਦੇ ਨੇ...।"

ਉਪਰੋਕਤ ਟਿੱਪਣੀ ਵਿਚ ਪੇਂਡੂ ਸਮਾਜ ਦਾ ਕਿੰਨਾ ਕੁਝ ਸਮੋ ਲਿਆ ਗਿਆ ਹੈ। ਜੱਟਾਂ ਦੀ ਫ਼ਿਤਰਤ, ਜੱਟਾਂ ਦੀ ਖੁਦਕੁਸ਼ੀਆਂ ਦਾ ਕਾਰਨ, ਆਪਸੀ ਰੰਜਸ਼ਾ, ਘਰੇਲੂ ਕਲੇਸ਼ ਆਦਿ।

ਇਉਂ ਜਤਿੰਦਰ ਹਾਂਸ ਦੀਆਂ ਕਹਾਣੀਆਂ ਵਿਚ ਆਮ ਪੇਂਡੂ ਸਮਾਜ ਦੀ ਗੱਲ ਨੂੰ ਬਿਆਨ ਕੀਤਾ ਗਿਆ ਹੈ। ਆਮ ਵਿਅਕਤ੍ਰਿਵ ਵਾਲੇ ਆਦਮੀ ਦੀਆਂ ਸਮੱਸਿਆਵਾਂ ਦੀਆਂ ਵੱਖਰੀਆਂ ਵੱਖਰੀਆਂ ਪਰਤਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਗਿਆ ਹੈ। 'ਛਿੱਟ ਕੁ ਕਹਾਣੀ' ਵਿਚ ਲੋਕ ਕਹਾਣੀ ਦੀ ਉਹ ਵਿਧਾ ਵਿਦਮਾਨ ਹੈ ਜਿਸ ਵਿਚ ਬੱਚਿਆਂ ਨੂੰ ਟਕਰਾਉਣ ਲਈ ਕਹਾਣੀ ਸੁਣਾਈ ਹੈ।

ਇੱਕ ਸੀ ਰਾਜਾ, / ਇਕ ਸੀ ਰਾਣੀ, / ਦੋਨੋਂ ਮਰ ਗਏ, / ਖ਼ਤਮ ਕਹਾਣੀ।

ਵਾਂਗੂੰ ਇਸ ਕਹਾਣੀ ਵਿਚ ਵੀ ਛੋਟੀਆਂ ਕਹਾਣੀਆਂ ਦੇ ਟੋਟਿਆਂ ਨੂੰ ਬਿਆਨ ਕੀਤਾ ਹੈ। ਇਹ ਬਹੁਤ ਹੀ ਵਧੀਆ ਤੇ ਦਿਲਚਸਪ ਤਰੀਕਾ ਹੈ। 'ਲਛਮਣ ਰੇਖਾ', 'ਹੂੰ', 'ਸਰਪੰਚਣੀ', 'ਪ੍ਰੇਤ', 'ਫ਼ੌਜੀ' , 'ਸੱਤ ਬਿਗਾਨੇ' , 'ਸਾਖੀ ਅੱਗੇ ਚੱਲੀ', 'ਚੱਲੋ ਪਿਆਰ ਕਰੀਏ', 'ਬੇਰਿਵਾਜਾ ਸੂਟ' , 'ਉਹ ਇੰਜ ਵੀ ਜਿਉਂਦਾ ਸੀ' ਆਦਿ ਕਹਾਣੀਆਂ ਦੀ ਸੰਰਚਨਾ ਨਵੀਂ ਕਹਾਣੀ ਦੀ ਗੱਲ ਕਰਦੀਆਂ ਹਨ ਅਤੇ ਉਸ ਗੱਲ ਨੂੰ ਅੱਗੇ ਤੋਰਦੀਆਂ ਹਨ ਜੋ ਆਪਣੇ ਬਜ਼ੁਰਗ ਕਹਾਣੀਕਾਰ ਦੀ ਪੈੜ ਨੂੰ ਨੱਪ ਕੇ ਅੱਗੇ ਤੁਰਦੀ ਹੈ ਅਤੇ ਨਵੀਆਂ ਸੰਭਾਵਨਾਵਾਂ, ਨਵੇਂ ਜ਼ਾਵੀਏ ਅਤੇ ਨਵਾਂ ਦ੍ਰਿਸ਼ਟੀਕੋਣ ਪੈਦਾ ਕਰਦੀ ਹੈ।

ਜਤਿੰਦਰ ਹਾਂਸ ਨੂੰ ਆਪਣੀਆਂ ਕਹਾਣੀਆਂ ਵਿਚ ਪਿੰਡ ਦੀ ਜ਼ਿੰਦਗੀ ਦੀ ਸਿਰਜਨਾ ਕਰਨ ਦਾ ਵੱਲ ਆਉਂਦਾ ਹੈ। ਸਿਰਜਨਾ ਕਰਨ ਦੇ ਨਾਲ ਪੇਂਡੂ ਬੁੜ੍ਹਿਆ ਵਾਂਗੂੰ ਇਕ ਨਸੀਹਤ ਵੀ ਕਰ ਜਾਂਦਾ ਹੈ। ਰਾਜਨੀਤੀ, ਸਮਾਜ ਸ਼ਾਸਤਰ ਅਤੇ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਉਸ ਦੀਆਂ ਕਹਾਣੀਆਂ ਕਾਬਿਲੇ-ਤਾਰੀਫ਼ ਹਨ। ਇਨ੍ਹਾਂ ਵਿਧੀਆਂ ਦੇ ਅੰਤਰਗਤ ਉਹ ਕਹਾਣੀਆਂ ਵਿਚ ਕਾਮ ਭੁੱਖ ਅਤੇ ਅਤ੍ਰਿਪਤ ਖਾਹਿਸ਼ਾਂ, ਜ਼ੁਲਮ, ਲਿੰਗ ਵਿਤਕਰਾ, ਆਰਥਿਕ ਸਥਿਤੀ ਤੋਂ ਉਪਜਦੀ ਬੇਬੱਸੀ, ਪੰਜਾਬੀ ਔਰਤ ਦੀ ਸਮਾਜਕ ਸਥਿਤੀ ਆਦਿ ਵਿਸ਼ੇ ਇਕ ਸਾਰ ਹੀ ਕਹਾਣੀਆਂ ਵਿਚ ਆਪਣਾ ਆਪਣਾ ਥਾਂ ਮੱਲ੍ਹ ਕੇ ਬੈਠੇ ਹਨ। ਹਾਂਸ ਕੋਲ ਕਹਾਣੀ ਕਹਿਣ ਦੀ ਆਪਣੀ ਜੁਗਤ ਹੈ ਅਤੇ ਉਹ ਆਪਣੇ ਪਾਤਰਾਂ ਨੂੰ ਬੋਲਣ ਦਾ, ਲੜਨ ਦਾ ਅਤੇ ਗੱਲ ਕਰਨ ਦਾ ਪੂਰਾ ਮੌਕਾ ਦੇਂਦਾ ਹੈ। ਇਉਂ ਹਾਂਸ ਪੁਰਾਣੀਆਂ ਲੀਹਾਂ ਨੂੰ ਲੈ ਕੇ ਨਵੀਂ ਉਸਾਰੀ ਕਰ ਰਿਹਾ ਹੈ। ਇਹ ਤਾਂ ਵੀ ਹੋ ਸਕਿਆ ਹੈ ਕਿਉਂਕਿ ਪੰਜਾਬੀ ਸਾਹਿਤ ਦੀ ਕਹਾਣੀਆਂ ਦੀਆਂ ਜੜ੍ਹਾਂ ਮਜ਼ਬੂਤ ਹਨ ਅਤੇ ਉਸਾਰੀ ਹੋ ਸਕਣੀ ਸੰਭਵ ਹੈ ਪਰੰਤੂ ਇਹ ਜੁਗਤ ਕਿਸੇ ਵਿਰਲੇ ਵਿਰਲੇ ਸਾਹਿਤਕਾਰ ਦੇ ਹੱਥਾਂ ਵਿਚ ਹੁੰਦੀ ਹੈ, ਜਿਸ ਵਿਚ ਹਾਂਸ ਸ਼ਾਮਿਲ ਹੈ। ਨਵੀਂ ਕਹਾਣੀ ਦੀ ਵਿਧਾ ਅਤੇ ਨਵੇਂ ਕਹਾਣੀਕਾਰ ਹਾਂਸ ਤੋਂ ਪੰਜਾਬੀ ਸਾਹਿਤ ਜਗਤ ਹੋਰ ਹੋਰ ਹੋਰ ਦੀ ਆਸ ਵਿਚ ਬੈਠਾ ਹੈ।

ਪਤਾ ਪਿੰਡ ਤੇ ਡਾਕਖਾਨਾ ਲੋਪੋਕੇ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ, 98152-67029



# ਜਨ ਬੋਧ

## ਵਿਆਹ ਤੋਂ ਬਾਹਰੇ ਸੰਬੰਧ/ ਸ਼ਰਣ ਕੁਮਾਰ ਲਿੰਬਾਲੇ

**ਅਨੁਵਾਦ : ਭਗਵੰਤ ਰਸੂਲਪੁਰੀ**

**ਕੁਝ ਸਵਾਲ :**

ਵਿਆਹ ਤੋਂ ਬਾਹਰੇ ਸੰਬੰਧ[1] ਰੱਖਣ ਵਾਲੇ ਕੀ ਸਧਾਰਨ ਪੱਧਰ ਦੇ ਹੁੰਦੇ ਹਨ? ਇਨ੍ਹਾਂ ਸੰਬੰਧਾਂ ਦੇ ਬਾਰੇ ਵਿਚ ਕੀ ਕਦੀ ਉਹ ਸੋਚਦੇ ਨਹੀਂ? ਕੀ ਇਸ ਦੇ ਖ਼ਤਰਿਆਂ ਬਾਰੇ ਉਨ੍ਹਾਂ ਨੂੰ ਗਿਆਨ ਹੈ? ਸਭ ਕੁਝ ਹੁੰਦੇ ਹੋਏ ਵੀ ਉਹ ਇਹ ਸੰਬੰਧ ਕਿਓਂ ਰੱਖਦੇ ਹਨ? ਦੂਜਿਆਂ 'ਤੇ ਇਨ੍ਹਾਂ ਦਾ ਕੀ ਪ੍ਰਭਾਵ ਪੈਂਦਾ ਹੈ? ਬੰਦੇ ਦੀ ਅਜ਼ਾਦੀ ਨੂੰ ਕਿੱਥੋਂ ਤੀਕ ਸਵੀਕਾਰ ਕੀਤਾ ਜਾਵੇ? ਅਜਿਹੇ ਸੰਬੰਧ ਰੱਖਣ ਵਾਲੇ ਵਿਅਕਤੀਆਂ ਨੂੰ ਕਿਵੇਂ ਸਮਝਿਆ ਜਾਵੇ? ਉਨ੍ਹਾਂ ਦੀ ਜ਼ਿੰਮੇਵਾਰੀ ਅਤੇ ਕਰਤੱਵ ਕੀ ਹੋਣਗੇ? ਜੇਕਰ ਮਰਦ ਵਧੇਰੇ ਔਰਤ ਭੋਗੀ ਹੋਵੇ ਤਾਂ ਕੀ ਔਰਤ ਨੂੰ ਵੀ ਵਧੇਰੇ ਮਰਦ ਭੋਗੀ ਹੋਣਾ ਚਾਹੀਦਾ? ਵਿਆਹ ਤੋਂ ਉਪਰੰਤ ਕੀ ਮਰਦ ਦੀ ਦੂਜੀ ਔਰਤ ਦੇ ਪ੍ਰਤੀ ਖਿੱਚ ਸਮਾਪਤ ਹੁੰਦਾ ਹੈ? ਕੀ ਪਿਆਰ ਕਿਸੇ ਇਕ ਨਾਲ ਹੀ ਕੀਤਾ ਜਾ ਸਕਦਾ ਹੈ? ਕੀ ਇਕ ਵਾਰ ਪਿਆਰ ਕਰਨ ਨਾਲ ਉਹ ਸਮਾਪਤ ਹੋ ਜਾਂਦਾ ਹੈ? ਜੇਕਰ ਕਿਸੇ ਵਿਅਕਤੀ ਨੂੰ ਸੱਚਮੁੱਚ ਹੀ ਧੁਰ ਅੰਦਰੋਂ ਲੱਗੇ ਕਿ ਵਿਆਹ ਉਪਰੰਤ ਸੰਬੰਧ ਰੱਖਣਾ ਚਾਹੀਦਾ ਹੈ, ਕੀ ਉਸ ਨੂੰ ਨਹੀਂ ਰੱਖਣ ਦੇਣਾ ਚਾਹੀਦਾ? ਵਿਆਹ ਸੰਸਥਾ ਨੂੰ ਮਹੱਤਵ ਦਿੱਤਾ ਜਾਵੇ ਜਾਂ ਪ੍ਰੇਮ ਸੰਬੰਧਾਂ ਨੂੰ? ਕੀ ਅਣਜੋੜ ਮਰਦ ਦੇ ਨਾਲ ਵਿਆਹ ਕਰਨ ਨਾਲੋਂ ਕੁਆਰਾ ਰਹਿਣਾ ਬੁਰਾ ਹੈ? ਕੁਆਰਾ ਰਹਿ ਜਾਣ ਤੇ ਸੈਕਸ ਦੀ ਸਹੂਲਤ ਕਿਵੇਂ ਪ੍ਰਾਪਤ ਹੋਵੇਗੀ? ਮਨੋਂ ਚਾਹੁਣ ਵਾਲੇ ਵਿਅਕਤੀ ਦੇ ਨਾਲ ਵਿਆਹ ਉਪਰੰਤ ਸੰਬੰਧ ਰੱਖੇ ਜਾਣ, ਤਾਂ ਕੀ ਹਰਜ ਹੈ? ਕੀ ਔਰਤ ਆਪਣੇ ਪਤੀ ਦੇ ਪ੍ਰਤੀ ਇਮਾਨਦਾਰ ਰਹਿ ਸਕੇਗੀ? ਸਰੀਰਕ ਸੰਬੰਧਾਂ ਦੇ ਲਈ ਕੀ ਪਤੀ ਨੂੰ ਵੀ ਨਕਾਰਨਾ ਚਾਹੀਦਾ ਹੈ? ਜੇ ਕਰ ਮਿੱਤਰ ਛੱਡ ਕੇ ਜਾ ਸਕਦਾ ਹੈ, ਤਾਂ ਪਤੀ ਵੀ ਨਹੀਂ ਛੱਡੇਗਾ, ਇਸਦੀ ਕੀ ਗਰੰਟੀ ਹੈ? ਪਤੀ ਤੋਂ ਇਲਾਵਾ ਮਰਦ ਪ੍ਰੇਮੀ ਅਤੇ ਪਤਨੀ ਤੋਂ ਇਲਾਵਾ ਸਹੇਲੀ ਕਿਓ ਨਹੀਂ ਹੋਣੀ ਚਾਹੀਦੀ?

"ਔਰਤ ਨੂੰ ਖੇਤ ਕਿਹਾ ਗਿਆ ਹੈ ਇਸ ਲਈ ਕਦੋਂ, ਕਿਸੇ ਬੀਜ ਨਾਲ ਬੀਜਾਈ ਕਰਦਾ ਹੈ, ਇਹ ਫੈਸਲਾ ਔਰਤ ਕਿਉਂ ਨਹੀਂ ਲੈ ਸਕਦੀ?" ਬੀਜ ਦਾ ਫੈਸਲਾ ਉਸ ਨੂੰ ਕਿਓਂ ਨਹੀਂ ਲੈਣ ਦਿੱਤਾ ਜਾਂਦਾ ਜਿਹਨੂੰ ਲੋੜ ਹੈ? ਇਨ੍ਹਾਂ ਸੰਬੰਧਾਂ ਵਿਚ ਫਸੇ ਲੋਕ ਇਨ੍ਹਾਂ ਸੰਬੰਧਾਂ ਬਾਰੇ ਝੂਠ ਕਿਉਂ ਬੋਲਦੇ ਹਨ? ਉਹ ਲੁਕ-ਛਿਪ ਕੇ ਕਿਉਂ ਮਿਲਦੇ ਹਨ? ਬੌਧਿਕ ਅਤੇ ਭਾਵਨਾਤਮਿਕ ਉਮੰਗਾ ਦੇ ਲਈ ਦੂਜੇ ਮਰਦ ਦੀ ਲੋੜ ਕਿਓਂ ਮਹਿਸੂਸ ਹੁੰਦੀ ਹੈ? ਪਰਿਵਾਰ ਦੀ ਜ਼ਿੰਮੇਵਾਰੀ ਸੰਭਾਲਦੇ ਹੋਏ, ਜੇਕਰ, ਅਜਿਹੇ ਲੁਤਫ਼ ਭਰਪੂਰ ਅਨੁਭਵ ਅਸਾਨੀ ਨਾਲ ਮਿਲਣ ਤਾਂ ਕਿਉਂ ਨਾ ਲਏ ਜਾਣ? ਪਤੀ ਜੇਕਰ ਸੈਕਸ ਦਾ ਆਨੰਦ ਦੂਜੀ ਥਾਂ ਤੋਂ ਲੈ ਰਿਹਾ ਹੈ ਤਾਂ ਔਰਤ ਨੂੰ ਅਜਿਹਾ ਅਨੁਭਵ ਲੈਣ ਤੋਂ ਕਿਉਂ ਰੋਕਿਆ ਜਾਂਦਾ ਹੈ? ਔਰਤ ਕੀ ਗਿੱਲੀ ਮਿੱਟੀ ਦਾ ਗੋਹਲਾ ਹੈ? ਪੂਰੀ ਸਹਿਮਤੀ ਨਾਲ ਦੇਹ ਸੁੱਖ ਲੈਣ ਦੀ ਸੰਭਾਵਨਾ ਜੇਕਰ ਹੈ, ਪਰਹੇਜ਼ ਲਈ ਗਰਭ ਨਿਰੋਧਿਕ ਗੋਲੀਆਂ ਲੈਣ 'ਚ ਕੀ ਸਮੱਸਿਆ ਹੈ? ਜੇਕਰ ਪਤੀ ਨਾਲ ਔਲਾਦ ਨਹੀਂ ਹੁੰਦੀ, ਮਿੱਤਰ ਤੋਂ ਕਿਉਂ ਨਾ ਪ੍ਰਾਪਤ ਕਰ ਲਈ ਜਾਵੇ? ਜੇਕਰ ਕੋਈ ਮਰਦ ਮਨ ਨੂੰ ਮੋਹਦਾ ਹੈ, ਉਸ ਨਾਲ ਸਰੀਰਕ ਸੰਬੰਧ ਬਣਾਉਣ ਨੂੰ

ਮਨ ਕਰਦਾ ਹੈ ਤਾਂ ਕੀ ਜ਼ਰੂਰੀ ਹੈ ਉਸ ਨਾਲ ਵਿਆਹ ਕੀਤਾ ਜਾਵੇ? ਬਿਨਾ ਵਿਆਰ ਕੀਤਿਆਂ ਆਨੰਦ ਲੈਣਾ ਅਤੇ ਉਸ ਤੋਂ ਪੈਦਾ ਹੋਈ ਸੰਤਾਨ ਉੱਤੇ ਮਾਣ ਕਰਨਾ, ਕੀ ਗਲਤ ਹੈ? ਉਸ ਦੀ ਨਿੱਜੀ ਜ਼ਿੰਦਗੀ ਵਿਚ ਦੂਜੇ ਦੀ ਦਖਲ ਅੰਦਾਜੀ ਕਰਨ ਦੀ ਕੀ ਲੋੜ ਹੈ? ਜੇ ਕਰ ਸੈਕਸ ਜ਼ਰੂਰੀ ਲੱਗਦਾ ਹੈ ਤਾਂ ਸਮਾਜ ਦੀ ਪ੍ਰਵਾਨਗੀ ਲੈਣੀ ਜ਼ਰੂਰੀ ਹੈ? ਔਲਾਦ ਨੂੰ ਜਨਮ ਦੇਣ ਤੋਂ ਇਲਾਵਾ ਸਰੀਰਕ ਅਤੇ ਭਾਵਨਾਤਮਕ ਦ੍ਰਿਸ਼ਟੀ ਤੋਂ ਕੀ ਸੰਭੋਗ ਦੀ ਜ਼ਰੂਰਤ ਨਹੀਂ ਹੁੰਦੀ? ਕਿਸੇ ਬੁੱਢੇ ਲਾਇਫ਼ ਪਾਰਟਨਰ ਨਾਲ ਰਹਿੰਦੇ ਹੋਏ ਮਨ ਚਾਹਿਆ ਸਾਥੀ ਪ੍ਰਾਪਤ ਕਰਕੇ ਉਸਦੀ ਮੌਜੂਦਗੀ ਵਿਚ ਮਨ ਪਰਚਾਵਾ ਕਰਨਾ ਕੀ ਗਲਤ ਹੈ? ਵਿਆਹੇ ਹੋਣ ਦੇ ਬਾਵਜੂਦ ਜੇਕਰ ਮਰਦ ਨੂੰ 'ਬਾਹਰ' ਅਸਾਨੀ ਨਾਲ ਸੰਭੋਗ ਸੁੱਖ ਮਿਲ ਜਾਂਦਾ ਹੈ, ਤਾਂ ਉਹ ਉਸ ਨੂੰ ਕਿਉਂ ਛੱਡੇ? ਇਹ ਜ਼ਿੰਦਗੀ ਦੁਬਾਰਾ ਨਹੀਂ ਮਿਲਦੀ, ਫਿਰ ਕਿਉਂ ਨਾ ਹਰ ਤਰ੍ਹਾਂ ਦਾ ਲੁਤਫ਼ ਲਿਆ ਜਾਵੇ? ਦੂਜੇ ਦੀ ਪਤਨੀ ਨੂੰ ਖੁਸ਼ ਕਰਨਾ ਅਤੇ ਆਪਣੀ ਪਤਨੀ ਨੂੰ ਦੁੱਖੀ ਕਰਨਾ ਇਹ ਕਿਹੜੀ ਰੀਤ ਹੈ? ਕੀ ਧਾਰਮਿਕ ਵਿਆਹ ਦੀ ਰਸਮ ਬਲਾਤਕਾਰ ਕਰਨ ਦੀ ਸਹਿਮਤੀ ਦਿੰਦੀ ਹੈ? ਮਰਦ ਦੇ ਸੰਭੋਗ ਸੁੱਖ ਦੇ ਲਈ ਔਰਤ ਦੀ ਸਹਿਮਤੀ ਪ੍ਰਾਪਤ ਕਰਨਾ ਜਾਂ ਉਸਦੇ ਪਿਆਰ ਕਰਨ ਦੇ ਪਲਾਂ-ਛਿਣਾ ਦਾ ਨੋਟਿਸ ਲਏ ਬਗੈਰ, ਵਿਆਹੇ ਮਰਦ ਦੇ ਲਈ ਜ਼ਰੂਰੀ ਨਾ ਸਮਝਿਆ ਜਾਣਾ-ਵਰਗੇ ਮੁੱਦਿਆਂ ਨੂੰ ਕਾਨੂੰਨ ਦੀ ਨਹੀਂ ਬਲਕਿ ਧਰਮ ਦੀ ਵੀ ਪ੍ਰਵਾਨਗੀ ਪ੍ਰਾਪਤ ਹੈ। ਇਕ ਕੀ ਨੈਤਿਕਤਾ ਦਾ ਲੱਛਣ ਹੈ? ਪਤਾ ਨਹੀਂ ਅਜਿਹੇ ਕਿੰਨੇ ਕੁ ਸਵਾਲ ਅੱਜ ਤੱਕ ਅਨੇਕ ਲੋਕਾਂ ਨੇ ਅਨੇਕ ਵਾਰ ਮੈਨੂੰ ਕੀਤੇ ਹਨ। ਭਾਵੇਂ ਕਿ ਸਵਾਲ ਅਤੇ ਉੱਤਰ ਤਾਂ ਵਿਅਕਤੀ ਦੇ ਸਨਮੁੱਖ ਹੁੰਦੇ ਹਨ-ਪ੍ਰੰਤੂ ਅਜਿਹੇ ਸਵਾਲ ਪੈਦਾ ਹੀ ਕਿਉਂ ਹੁੰਦੇ ਹਨ?

**ਲਿੰਗਿਕ ਸੰਬੰਧ :**

ਪ੍ਰਚੀਨ ਸਮੇਂ 'ਚ ਇਕ ਸੀਮਾ ਵਿਚ ਰਹਿ ਕੇ ਸੀਮਤ ਅਤੇ ਵੱਖ ਵੱਖ ਕਿਸਮ ਦੇ ਲਿੰਗ ਸੰਬੰਧ ਸਨ। "ਮਨ ਪਸੰਦ ਔਰਤ ਨੂੰ ਕਿਸੇ ਵੀ ਮਰਦ ਵਲੋਂ ਸਰੀਰਕ ਸੰਬੰਧ ਬਣਾਉਣ ਦੇ ਲਈ ਲੈ ਜਾਣਾ, ਮਰਦਾਨਗੀ ਸਮਝਿਆ ਜਾਂਦਾ ਸੀ। ਜੇ ਕਰ ਕਿਸੇ ਔਰਤ ਨੂੰ ਕੋਈ ਨਾ ਲੈ ਕੇ ਜਾਵੇ, ਤਾਂ ਉਹ ਔਰਤ ਉਦਾਸ ਹੋ ਜਾਂਦੀ ਸੀ ਕਿ ਉਸ ਨੂੰ ਕੋਈ ਵੀ ਨਹੀਂ ਲਿਜਾ ਰਿਹਾ ਭਾਵ ਕਿ ਦੇਹ ਸੁੱਖ ਨਹੀਂ ਦੇ ਰਿਹਾ।"[2] ਇਨ੍ਹਾਂ ਪਲਾ ਦੇ ਸਬੰਧਾਂ ਦੇ ਦੌਰ ਵਿਚ ਨੈਤਿਕਤਾ ਅਤੇ ਰਿਸ਼ਤੇ-ਦਾਰੀ ਦਾ ਝੰਜਟ ਹੀ ਨਹੀਂ ਸੀ। ਭੈਣ- ਭਰਾ, ਪਿਤਾ-ਪੁੱਤਰੀ, ਮਾਂ-ਬੇਟਾ, ਦਾਦਾ-ਪੋਤੀ ਅਤੇ ਗੁਰੂ-ਪਤਨੀ, ਗੁਰੂ ਚੇਲਾ ਆਦਿ ਦੇ ਸਰੀਰਕ ਸੰਬੰਧ ਉਸ ਸਮੇਂ ਗਲਤ ਨਹੀਂ ਮੰਨੇ ਜਾਂਦੇ ਸਨ। ਉਨ੍ਹਾਂ ਦਿਨਾਂ ਵਿਚ ਆਪਣੀ ਪਤਨੀ ਨੂੰ ਸੰਭੋਗ ਦੇ ਲਈ ਮਿੱਤਰ ਅਤੇ ਮਹਿਮਾਨ ਨੂੰ ਭੇਟ ਕਰਨ ਦੀ ਪ੍ਰਥਾ ਸੀ। ਅਜਿਹੀ ਹੀ ਇਕ ਪ੍ਰਥਾ ਸੀ ਆਪਣੀ ਪਤਨੀ ਨੂੰ ਸੁਹਾਗ ਰਾਤ ਨੂੰ ਪਿੰਡ ਦੇ ਸਮੰਤ ਅਤੇ ਧਰਮ ਗੁਰੂ ਦੇ ਕੋਲ ਭੇਜਣ ਦੀ। ਔਲਾਦ ਦੇ ਲਈ ਜੇਠ, ਕੋਈ ਸਤਿਕਾਰਯੋਗ ਮਰਦ ਅਤੇ ਰਿਸ਼ੀ ਦੇ ਨਾਲ ਸਰੀਰਕ ਸਬੰਧ ਬਣਾਉਣ ਦੀ ਖੁੱਲ੍ਹ ਵੀ ਔਰਤ ਨੂੰ ਪ੍ਰਾਪਤ ਸੀ। ਦਰਅਸਲ ਉਸ ਕਾਲ 'ਚ ਕਿਸੇ ਦੀ ਪਸੰਦ ਦੇ ਅਧਾਰ 'ਤੇ ਔਲਾਦ ਪ੍ਰਾਪਤ ਕਰਨ ਦਾ ਸਵਾਲ ਵਧੇਰੇ ਮਹੱਤਵ ਪੂਰਨ ਸੀ। ਔਰਤ ਨੂੰ ਇਸ ਸਾਰਾ ਕੁੱਝ ਸਵੀਕਾਰ ਸੀ। ਸੰਭੋਗ ਖੁੱਲਮ-ਖੁੱਲਾ ਹੁੰਦਾ ਸੀ। ਲੜਾਈ ਦੇ ਮੈਦਾਨ ਵਿਚ ਅਤੇ ਜੱਗ ਕਰਨ ਵਾਲੇ ਸਥਾਨ ਤੇ ਅਜਿਹਾ ਸੰਭਵ ਹੁੰਦਾ ਸੀ। ਇਹ ਤਾਂ "ਬਹੁਤ ਬਾਅਦ 'ਚ ਕਿਸੇ ਸੁਰੱਖਿਤ, ਇਕਾਂਤ ਸਥਾਨ ਉੱਤੇ ਸੰਭੋਗ ਕਰਨ ਦਾ ਨਿਯਮ ਬਣਿਆ।"[3]

ਕਿਸੇ ਮਰਦ ਅਤੇ ਔਰਤ ਵਲੋਂ ਸੰਭੋਗ ਸੁੱਖ ਦੀ ਇੱਛਾ ਪ੍ਰਗਟ ਕਰਨ 'ਤੇ ਉਸੇ ਵੇਲੇ ਪੂਰੀ ਕੀਤੀ ਜਾਂਦੀ ਸੀ। ਇਸਦੀ ਪੂਰਤੀ ਵਰ ਦਾਨ ਦੇ ਕੇ ਕੀਤੀ ਜਾਂਦੀ ਸੀ। ਪਾਰਾਸ਼ਰ ਰਿਸ਼ੀ ਨੇ ਮਤਸੇਗੰਧਾ ਤੋਂ ਅਜਿਹੇ ਸੁੱਖ ਦੀ ਮੰਗ ਕੀਤੀ ਅਤੇ ਬਦਲੇ 'ਚ ਉਸ ਨੂੰ ਵਰ ਦਾਨ ਦਿੱਤਾ ਕਿ ਮਛਿਆਰੇ ਦੀ ਉਹ ਲੜਕੀ ਮਹਾਰਾਣੀ ਬਣੇਗੀ। ਉਹੀ ਸਰਸਵਤੀ ਸੀ। ਜੇ ਕਿਸੇ ਨੇ ਸੰਭੋਗ ਸੁੱਖ ਦੀ ਇੱਛਾ ਕੀਤੀ ਤੇ ਉਹ ਪੂਰੀ ਨਾ ਕੀਤੀ ਜਾਵੇ ਤਾਂ ਸਰਾਪ ਦਿੱਤਾ ਜਾਂਦਾ ਸੀ। ਉਰਵਸ਼ੀ ਨੇ ਅਰਜਨ ਕੋਲੋਂ ਅਜਿਹੇ ਹੀ ਸੁੱਖ ਦੀ ਮੰਗ ਕੀਤੀ ਸੀ। ਅਰਜਨ ਦਾ ਇਨਕਾਰ ਸੁਣ ਕੇ ਉਸ ਨੂੰ 'ਨਮਰਦ ਹੋ ਜਾਵੇਗਾ' ਦਾ ਸਰਾਪ ਦਿੱਤਾ ਸੀ।

ਸਮੂਹਿਕ ਲਿੰਗਕ ਸੰਬੰਧਾਂ ਤੋਂ ਜੰਮੇ ਬੱਚੇ ਦਾ ਪਿਤਾ ਨਿਸਚਤ ਤੌਰ ਤੇ ਕੌਣ ਹੈ, ਇਹ ਪਤਾ ਨਹੀਂ



ਚੱਲਦਾ ਸੀ। ਕੇਵਲ ਵੰਸ਼ ਜਾਇਜ਼ ਮੰਨਿਆ ਜਾਂਦਾ ਸੀ। 'ਔਰਤ ਦੀ ਯੌਨੀ ਤੋਂ ਵਿਸ਼ਵ ਦੀ ਸਿਰਜਣਾ ਹੁੰਦੀ ਹੈ', ਦੀ ਕਲਪਨਾ ਨਾਲ ਔਰਤ ਨੂੰ ਸਤਿਕਾਰ ਦਾ ਸਥਾਨ ਪ੍ਰਾਪਤ ਸੀ। ਮਾਤਾ ਪ੍ਰਧਾਨ ਸਮਾਜ 'ਚ ਔਰਤ ਦਾ ਸਥਾਨ ਮਰਦ ਤੋਂ ਉਤਮ ਹੁੰਦਾ ਸੀ।

'ਗਣ ਸਮਾਜ' 'ਚ ਸਮੂਹਿਕ ਲਿੰਗਕ ਸਬੰਧਾਂ ਉੱਤੇ ਜਦੋਂ ਤੋਂ ਪਬੰਦੀ ਲਗਾਈ ਗਈ, ਉਦੋਂ ਤੋਂ ਔਰਤ ਕੇਵਲ ਉਸ ਕਬੀਲੇ ਦੇ ਹੀ ਮਰਦ ਨਾਲ ਸਰੀਰਕ ਸੰਬੰਧ ਰੱਖਣ ਲੱਗੀ। "ਪ੍ਰਾਚੀਨ ਸਮਾਜ ਦੇ ਇਤਿਹਾਸ ਦੇ ਅਧਿਐਨ ਤੋਂ ਪਤਾ ਚੱਲਦਾ ਹੈ ਕਿ ਇਕ ਅਜਿਹਾ ਸਮਾਂ ਵੀ ਸੀ ਜਦੋਂ ਮਰਦ ਦੀਆਂ ਅਨੇਕਾਂ ਪਤਨੀਆਂ ਅਤੇ ਪਤਨੀ ਦੇ ਅਨੇਕ ਪਤੀ ਹੁੰਦੇ ਸੀ। ਇਸੇ ਕਾਰਨ ਉਨ੍ਹਾਂ ਦੀ ਜਾਇਦਾਤ ਸਮੂਹ ਦੀ ਸਮਝੀ ਜਾਂਦੀ ਸੀ। ਇਸ ਸਿਸਟਮ ਵਿਚ ਅੱਗੇ ਜਾ ਕੇ ਅਨੇਕਾਂ ਤਬਦੀਲੀਆਂ ਹੁੰਦੀਆਂ ਰਹੀਆਂ।"[4]

ਬਾਅਦ ਵਿਚ ਇਕ ਕਬੀਲੇ ਦੀ ਔਰਤ-ਮਰਦਾਂ 'ਚ ਪੈਦਾ ਹੋਏ ਸਰੀਰਕ ਸੰਬੰਧ ਸਮਾਪਤ ਕਰਕੇ, ਇਕ ਕਬੀਲੇ ਦੇ ਔਰਤ-ਮਰਦ ਦਾ ਦੂਜੇ ਕਬੀਲੇ ਦੇ ਔਰਤ-ਮਰਦ ਨਾਲ ਸਰੀਰਕ ਸੰਬੰਧ ਨੂੰ ਮਾਨਤਾ ਦਿੱਤੀ ਗਈ। ਮਾਂ-ਭੈਣ ਨਾਲ ਸਰੀਰਕ ਸੰਬੰਧ ਵਰਜਿਤ ਮੰਨਿਆ ਜਾਣ ਲੱਗਾ। ਹੌਲੀ ਹੌਲੀ ਲਿੰਗਿਕ ਨੀਤੀ-ਸੰਕੇਤ ਦਾ ਨਿਰਮਾਣ ਹੋਣ ਲੱਗਾ। ਲਿੰਗਿਕ ਸੰਬੰਧਾਂ ਵਿਚ ਉਤਰਾਅ ਚੜਾਅ ਮਨੁੱਖ ਦੇ ਭੌਤਿਕ ਜੀਵਨ ਦੇ ਵਿਕਾਸ ਦਰ ਦੇ ਨਾਲ ਬਦਲਦਾ ਗਿਆ। ਅੱਗ ਦੀ ਕਾਢ, ਹਥਿਆਰ ਅਤੇ ਔਜਾਰਾਂ ਦਾ ਪ੍ਰਯੋਗ, ਖੇਤੀ ਬਾੜੀ ਦੀ ਖੋਜ ਅਤੇ ਪਸ਼ੂਆਂ ਦਾ ਪਾਲਣ-ਪੋਸ਼ਣ, ਕਾਲ ਅਤੇ ਦੂਜੇ ਕਬੀਲੇ ਨਾਲ ਯੁੱਧ ਆਦਿ ਦੇ ਕਾਰਨ ਮਰਦ ਵਧੇਰੇ ਤਾਕਤਵਰ ਬਣਦਾ ਗਿਆ ਅਤੇ ਔਰਤ ਕਮਜੋਰ ਅਤੇ 'ਦੋਇਮ' ਬਣਦੀ ਗਈ। ਖੇਤੀ, ਪਸ਼ੂ ਅਤੇ ਹਾਰੇ ਹੋਏ ਕਬੀਲੇ ਦੇ ਦਾਸ ਬਣਾਏ ਜਾਣ ਦੀ ਪ੍ਰਥਾ ਤੋਂ ਵੀ ਮਨੁੱਖੀ ਜੀਵਨ 'ਚ ਤਬਦੀਲੀ ਆਈ। ਦੁਸ਼ਮਣ ਅਤੇ ਕੁਦਰਤ ਨਾਲ ਸੰਘਰਸ਼ ਅਤੇ ਜਿੱਤੀ ਹੋਈ ਸੱਤਾ ਭਾਵ ਕਿ ਜਾਇਦਾਤ ਦੇ ਵਾਰਿਸ ਦੇ ਲਈ, ਔਰਤ ਨੂੰ ਕਮਜ਼ੋਰ ਕਰਕੇ, ਮਰਦ ਦਾ ਉਸ ਉੱਤੇ ਕਾਬਿਜ ਹੋਣਾ ਜ਼ਰੂਰੀ ਹੋ ਗਿਆ। ਇਥੋਂ ਹੀ ਆਰੰਭ ਹੋਇਆ ਔਰਤ ਨੂੰ ਮਰਦ ਦੀ ਨਿੱਜੀ ਜਾਇਦਾਤ ਸਮਝਣਾ।

ਹਰ ਮਹੀਨੇ 'ਮਾਹਵਾਰੀ' ਆਉਣ ਦਾ ਸਮਾਂ, ਗਰਭ ਦਾ ਸਮਾਂ ਅਤੇ ਪ੍ਰਸੂਤ ਉਪਰੰਤ ਨਾ ਸਹਿਣਯੋਗ ਪੀੜਾ, ਦੂਜੇ ਕਬੀਲਿਆਂ ਦਾ ਹਮਲਾ, ਲਿੰਗਿਕ ਹਿੰਸਾ, ਕੁਦਰਤੀ ਆਫਤਾ ਆਦਿ ਦੇ ਕਾਰਨ, ਜੀਵਨ ਸੰਘਰਸ਼ ਅਤੇ ਆਪਣੀ ਅਤੇ ਔਲਾਦ ਦੀ ਰੱਖਿਆ ਲਈ ਔਰਤ ਨੂੰ ਮਰਦ ਦੀ ਲੋੜ ਮਹਿਸੂਸ ਹੋਈ। ਉਸਦੀ ਰੱਖਿਆ ਅਤੇ ਸੁਰੱਖਿਆ ਨੂੰ ਹੀ ਔਰਤ ਨੂੰ ਮਰਦ ਦੀ ਗੁਲਾਮ ਬਣਾਇਆ।

ਕਬੀਲੇ ਦੇ ਮੁੱਖੀ ਦੇ ਬੇਟੇ ਨੂੰ ਕਬੀਲੇ ਦਾ ਪ੍ਰਮੁੱਖ ਆਹੁਦਾ ਮਿਲਦਾ ਸੀ। ਭਾਵ ਕਿ ਕਬੀਲੇ ਦੇ ਮੁੱਖੀ ਦੇ ਪੁੱਤਰ ਦੀ ਮਾਂ ਬਣੀ ਔਰਤ ਦਾ ਮਹੱਤਵ ਵੀ ਮਹੱਤਵਪੂਰਨ ਬਣਾ ਦਿੱਤਾ ਗਿਆ। 'ਮੁੱਖੀਆ ਦੀ ਪਟਰਾਣੀ ਪਤਨੀ' ਦੀ ਕੁੱਖ ਤੋਂ ਪੈਦਾ ਹੋਈ ਔਲਾਦ ਨੂੰ ਹੀ ਮੁੱਖੀਆ ਦਾ ਅਹੁਦਾ ਮਿਲਣ ਲੱਗਾ। ਮੁੱਖੀਆ ਦੇ ਅਹੁਦੇ ਲਈ ਇਕ ਔਰਤ ਵਿਸ਼ੇਸ਼ ਅਤੇ ਬਾਕੀ ਦਾਸੀਆਂ ਜਾਂ ਗੁਲਾਮ ਬਣਾ ਦਿੱਤੀਆਂ ਗਈਆਂ।

'ਵੰਸ਼ ਦੀ ਸੁੱਧਤਾਂ' ਅਤੇ 'ਵੰਸ਼ ਫੈਲਾਉਣ' ਦੇ ਲਈ ਮਰਦ ਵਲੋਂ ਔਰਤਾਂ ਉੱਤੇ ਤਕਲੀਫ ਦੇਹ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਵਿਆਹ ਸੰਬੰਧ ਵਧੇਰੇ ਪੱਕੇ ਕਰ ਦਿੱਤੇ। ਪਰਿਵਾਰ 'ਚ ਮਰਦਾਂ ਦਾ ਆਰਥਿਕ ਪ੍ਰਭਾਵ ਵੱਧ ਗਿਆ। ਔਰਤ ਆਰਥਿਕ ਦ੍ਰਿਸ਼ਟੀ ਨਾਲ ਅਧੀਨ ਬਣਾ ਦਿੱਤੀ ਗਈ। 'ਬਾਹਰ ਦੇ ਕੰਮ' ਮਰਦ ਦੇ ਲਈ, ਤੇ 'ਪਕਾ-ਰਿੰਨ ਕੇ ਖਵਾਉਣਾ' ਔਰਤ ਦੀ ਜ਼ਿੰਮੇਵਾਰੀ ਮੰਨੀ ਗਈ। ਉਸ ਦੇ ਅਧਾਰ ਉੱਤੇ ਕੰਮਾਂ ਦੀ ਵੰਡ ਹੋਈ। ਘਰ ਦੇ ਬਾਹਰ ਦੀਆਂ ਚੁਣੌਤੀਆਂ, ਮਿਹਨਤ ਵਾਲੇ ਕੰਮ, ਪਰਿਵਾਰ ਸੰਭਾਲਣ ਦੀ ਜ਼ਿੰਮੇਵਾਰੀ, ਵਰਤਾਓ ਅਤੇ ਕੰਮ ਆਦਿ ਨਾਲ ਪਰਿਵਾਰ ਮਰਦ ਪ੍ਰਧਾਨ ਬਣ ਗਿਆ। ਵਰਗ ਵੰਡ ਨੇ ਵੀ ਪਰਿਵਾਰ 'ਚ ਔਰਤ ਮਰਦ ਸੰਬੰਧਾਂ ਨੂੰ ਪ੍ਰਭਾਵਿਤ ਕੀਤੀ।

ਇਸ ਲਿੰਗਿਕ ਪਾਬੰਦੀ 'ਚ ਵੰਸ਼ ਫੈਲਾਉਣ ਦੇ ਨਾਲ ਨਾਲ ਵੰਸ਼ ਦੀ ਉੱਚਤਾ ਤੇ ਉਤਮਤਾ ਦੀ ਭਾਵਨਾ ਵੀ ਪਈ ਹੋਈ ਹੈ। ਹਾਰ ਤੇ ਜਿੱਤ ਦੇ ਵਿਚ ਲਿੰਗਿਕ ਸੰਬੰਧ ਦਾ ਸਰੂਪ ਧਿਆਨ ਯੋਗ ਹੈ। ਦਾਸਾ ਦੀਆਂ ਔਰਤਾਂ ਨੂੰ ਭੋਗਣਾ ਆਰੰਭ ਹੋਣ ਲੱਗਾ, ਇਸ ਨਾਲ ਔਰਤਾਂ ਦੇ ਆਚਰਨ ਦਾ ਪੱਧਰ ਪ੍ਰਭਾਵਿਤ ਹੋਇਆ। ਦਾਸ ਆਪਣੀ ਪਤਨੀ ਨਾਲ ਸੰਬੰਧ ਨਾ ਬਣਾਵੇ ਇਸ ਦੇ ਲਈ ਸਖਤ ਸਜ਼ਾ ਬਣਾਈ ਗਈ।

ਧਰਮ ਦੇ ਨਿਯਮਾਂ ਦੀ ਰੱਖਿਆ ਦੀ ਪੂਰੀ ਜ਼ਿੰਮੇਵਾਰੀ ਬ੍ਰਾਹਮਣ ਔਰਤਾਂ ਉੱਤੇ ਪਾ ਦਿੱਤੀ ਗਈ ਅਤੇ ਸੂਦਰ ਔਰਤਾਂ ਨੂੰ ਕਿਸੇ ਵੀ ਤਰ੍ਹਾਂ ਦੀ ਸੁਰੱਖਿਆ ਤੋਂ ਸੱਖਣਾ ਕਰ ਦਿੱਤਾ ਗਿਆ।

ਵਰਣ ਮਿਲਗੋਭਾ ਦੋਗਲਾ ਨਾ ਹੋਵੇ ਇਸ ਦੇ ਲਈ ਪਤਨੀ ਨਾਲ ਸੰਬੰਧ ਪਤੀ ਹੀ ਬਣਾਵੇ, ਵਰਗੇ ਸਖਤ ਲਿੰਗਕ ਪਬੰਧੀਆਂ ਔਰਤਾਂ ਉੱਤੇ ਥੋਪ ਦਿੱਤੀਆਂ ਗਈਆਂ। ਵਿਆਹ ਤੋਂ ਪਹਿਲਾਂ ਔਰਤ ਪਵਿੱਤਰ ਰਹੇ, ਇਸ ਦੇ ਲਈ ਬਾਲ ਵਿਆਹ ਪ੍ਰਥਾ ਸ਼ੁਰੂ ਕੀਤੀ ਗਈ। ਸਤੀ ਪ੍ਰਥਾ ਦੇ ਸ਼ੁਰੂ ਕਰਨ ਪਿੱਛੇ ਵੀ ਅਜਿਹੀ ਮਾਨਸਿਕਤਾ ਸੀ ਕਿ ਪਤੀ ਦੀ ਮੌਤ ਤੋਂ ਬਾਅਦ ਵੀ ਹੋਰ ਮਰਦ, ਔਰਤ ਨੂੰ ਭੋਗ ਨਾ ਸਕੇ। ਵਿਧਵਾ ਦੀ ਸੁੰਦਰਤਾ ਨੂੰ ਕਰੂਪ ਕਰਨ ਦੇ ਲਈ ਉਸ ਦਾ ਸਿਰ ਗੰਜਾ ਕਰ ਦਿੱਤਾ ਜਾਣ ਲੱਗਾ। ਲੜਕੀ ਪੈਦਾ ਹੋਈ ਤਾਂ ਬਾਲ ਹੱਤਿਆ ਆਰੰਭ ਹੋਈ। ਪਤੀ ਦੇ ਲਈ ਉਮਰ ਦੀ ਹੱਦ ਨਹੀਂ। ਅੱਠ-ਨੌਂ ਸਾਲ ਦੀ ਲੜਕੀ ਦੇ ਨਾਲ ਪੰਜਾਹ-ਸੱਠ ਸਾਲ ਦਾ ਮਰਦ ਵਿਆਹ ਕਰਦਾ ਸੀ। ਆਪਣੇ ਬਾਪ ਦੀ ਉਮਰ ਦੇ ਪਤੀ ਵੱਲ ਜਾਣ ਲੱਗੀ ਲੜਕੀ ਦੀ ਕੀ ਹਾਲਤ ਹੁੰਦੀ ਹੋਵੇਗੀ?, ਇਸ ਦਾ ਅੰਦਾਜਾ ਲਗਾਇਆ ਜਾ ਸਕਦਾ ਹੈ? ਬੁੱਢੇ ਪਤੀ ਦੀ ਮੌਤ ਤੋਂ ਬਾਅਦ ਬਾਲ ਵਿਧਵਾ ਨੂੰ ਕਿਸ ਤਰ੍ਹਾਂ ਦੀ ਜ਼ਿੰਦਗੀ ਜਿਊਣੀ ਪੈਂਦੀ ਹੋਵੇਗੀ? ਬੁੱਢੇ ਮਰਦ ਨੂੰ ਵੀ ਸੁਰੱਖਿਅਤ ਔਰਤ ਦੀ ਚਾਹਤ ਰਹਿੰਦੀ ਸੀ, ਇਸ ਲਈ ਉਹ 'ਬਾਲ ਵਧੂ' ਦੀ ਚੋਣ ਕਰਦਾ ਸੀ। ਔਰਤ ਨੂੰ ਮੁੜ ਵਿਆਹ ਕਰਨ ਦਾ ਅਧਿਕਾਰ ਨਹੀਂ ਸੀ, ਮਰਦ ਨੂੰ ਸੀ। ਔਰਤ ਦੇ ਲਿੰਗਕ ਸ਼ੋਸ਼ਣ ਦਾ ਇਹ ਕੌੜਾ ਸੱਚ ਹੈ।

-ਮਰਦ ਨੂੰ ਮੈਲਾ ਕਰਨਾ ਔਰਤ ਦਾ ਸੁਭਾ ਹੈ। (ਮਨੂ 2 / 113)

-ਮਾਂ ਭੈਣ-ਲੜਕੀ ਕੋਈ ਵੀ ਹੋਵੇ, ਮਰਦ ਨੂੰ ਉਸ ਨਾਲ ਇਕਾਂਤ ਸਥਾਨ 'ਤੇ ਗੱਲ ਨਹੀਂ ਕਰਨੀ ਚਾਹੀਦੀ। ਮਨੂ 2/115

-ਪਤੀ ਗੰਦੇ ਚਰਿਤਰ ਦਾ ਹੋਵੇ ਤਾਂ ਵੀ ਪਤਨੀ ਨੂੰ ਉਸਦੀ ਸੇਵਾ ਕਰਨੀ ਚਾਹੀਦੀ ਹੈ।

(ਮਨੂ 5/153

-ਔਰਤ ਨੂੰ ਮੁੜ ਕੇ ਦੁਬਾਰਾ ਵਿਆਹ ਕਰਨ ਦਾ ਅਧਿਕਾਰ ਨਹੀਂ (ਮਨੂ 5/162)

-ਔਰਤ ਮਾੜੇ ਚਰਿਤਰ ਦੀ ਅਤੇ ਮਨ ਦੀ ਚੰਚਲ ਹੁੰਦੀ ਹੈ। (ਮਨੂ 9/15) ਇਹ ਮਨੂ ਸਿਮ੍ਰਤੀ ਦੇ ਹਵਾਲੇ ਹਨ। ਇਹੀ ਮਾਨਸਿਕਤਾ ਅੱਜ ਵੀ ਘਰ ਘਰ 'ਚ ਦਿਖਾਈ ਦਿੰਦੀ ਹੈ।

"ਮਨੂ ਸਿਮਰਤੀ ਨੇ ਔਰਤ ਨਿੰਦਾ ਕੇਵਲ ਇਸ ਲਈ ਕੀਤੀ ਤਾਂ ਕਿ ਮਰਦ ਜਾਤੀ ਦੀ ਕਾਮ ਵਾਸਨਾ ਦਾ ਵੇਗ ਰੁਕੇ ਨਾ ਅਤੇ ਮਰਦ ਉੱਚੇ ਚਰਿਤਰ ਦਾ ਬਣਿਆ ਰਹਿ ਸਕੇ। ਇਸ ਵਿਚਾਰ ਦੀ ਪ੍ਰੋੜਤਾ ਕਰਨ ਵਾਲੇ ਲੋਕਾਂ ਦੀ ਭੀੜ ਅੱਜ ਵੀ ਗੈਰ ਜ਼ਿੰਮੇਵਾਰੀ ਦੇ ਨਾਲ ਅੱਧੀ ਮਨੁੱਖੀ ਜਾਤੀ ਦੀ ਗੁਲਾਮੀ ਦੀ ਹਮਾਇਤ ਕਰਦੀ ਹੈ। "[5]

"ਭਾਰਤੀ ਸਜ਼ਾ ਵਿਧਾਨ ਦੇ ਅਨੁਸਾਰ ਕੁਝ ਲਿੰਗਿਕ ਸੰਬੰਧ ਅਪਰਾਧ ਐਲਾਨੇ ਗਏ ਹਨ। 'ਬਲਾਤਕਾਰ' ਨੂੰ ਕਾਨੂੰਨ ਨੇ ਅਪਰਾਧ ਮੰਨਿਆ ਹੈ। "[6]

"ਇਸ ਤੋਂ ਇਲਾਵਾ, ਵੱਖਰੀ ਰਹਿਣ ਵਾਲੀ ਪਤਨੀ ਦੇ ਨਾਲ ਸਰੀਰਕ ਸਬੰਧ ਰੱਖਣ ਉੱਤੇ ਵੀ ਪਾਬੰਧੀ ਹੈ।"[7]

"ਸਰਕਾਰੀ ਅਧਿਕਾਰੀ ਆਪਣੇ ਹੇਠ ਕੰਮ ਕਰਨ ਵਾਲੀ ਔਰਤ ਨਾਲ ਸੰਬੰਧ ਨਹੀਂ ਬਣਾ ਸਕਦਾ।"[8]

"ਜੇਲ੍ਹ, ਰਿਮਾਂਡ ਘਰ, ਔਰਤਾਂ ਅਤੇ ਬੱਚਿਆਂ ਨਾਲ ਸੰਬੰਧਿਤ ਸੰਸਥਾਵਾਂ ਦੇ ਅਧਿਕਾਰੀ ਨੂੰ ਉਪਰੋਕਤ ਸੰਸਥਾ 'ਚ ਸਥਿਤ ਔਰਤਾਂ ਦੇ ਨਾਲ ਸਰੀਰਕ ਸੰਬੰਧ ਸਥਾਪਿਤ ਕਰਨ ਦੀ ਮਨਾਹੀ ਹੈ। "[9]

"ਹਸਪਤਾਲ ਦੇ ਪ੍ਰਬੰਧਕ ਅਤੇ ਕਰਮਚਾਰੀ ਦਾ ਹਸਪਤਾਲ ਦੇ ਕਿਸੇ ਵੀ ਔਰਤ ਨਾਲ ਸਰੀਰਕ ਸਬੰਧ ਰੱਖਣਾ ਅਪਰਾਧ ਹੈ। "[10]

"ਸਰੀਰਕ ਸੰਬੰਧ ਕੇਵਲ ਲਿੰਗ ਪ੍ਰਵੇਸ ਨਾਲ ਮੰਨ ਲਿਆ ਜਾਂਦਾ ਹੈ। ਉਸਦੇ ਲਈ ਵੀਰਜ ਪਤਨ ਹੋਣਾ ਹੀ ਚਾਹੀਦਾ , ਅਜਿਹਾ ਜ਼ਰੂਰੀ ਨਹੀਂ ਹੈ। ਅਜਿਹੇ ਸੰਭੋਗ ਦੇ ਲਈ ਕਾਨੂੰਨਨ ਸਜ਼ਾ ਸੁਣਾਈ ਗਈ ਹੈ। ਜ਼ਬਰਦਸਤੀ ਕੁਦਰਤੀ ਸੰਭੋਗ, ਫਿਰ ਚਾਹੇ ਉਹ ਮਰਦ, ਔਰਤ ਤੇ ਪਸ਼ੂ ਦੇ ਨਾਲ ਕੀਤਾ ਗਿਆ ਹੋਵੇ-ਦੇ



ਲਈ ਕਾਨੂੰਨ 'ਚ ਉਮਰ ਕੈਦ ਅਤੇ ਉਨੀ ਸਾਲਾਂ ਦੀ ਜੇਲ੍ਹ ਦੀ ਸਜ਼ਾ ਦਾ ਪ੍ਰਬੰਧ ਹੈ।"[11]

"ਜਬਰ-ਦਸਤੀ ਸੰਬੰਧਾਂ ਲਈ ਕੇਵਲ ਮਰਦ ਹੀ ਸਜ਼ਾਯੋਗ ਹੁੰਦਾ ਹੈ। ਔਰਤ ਨੇ ਉਸ ਨੂੰ ਉਤੇਜਿਤ ਕੀਤਾ, ਇਸ ਕਾਰਨ ਕਰਕੇ ਔਰਤ ਨੂੰ ਅਪਰਾਧੀ ਨਹੀਂ ਮੰਨਿਆ ਜਾ ਸਕਦਾ।"[12]

ਜਨਮ ਤੋਂ ਕੋਈ ਵੀ ਵਿਆਕਤੀ ਅਨੈਤਿਕ ਕੰਮ ਕਰਨ ਵਾਲਾ ਨਹੀਂ ਹੁੰਦਾ। ਹਾਲਾਤ ਉਸ ਨੂੰ ਅਨੈਤਿਕ ਕੰਮ ਕਰਨ ਵਾਲਾ ਬਣਾ ਦਿੰਦੇ ਹਨ। ਕੇਵਲ ਔਰਤ ਹੀ ਮਾੜੇ ਚਰਿਤਰ ਦੀ ਹੁੰਦੀ ਹੈ, ਅਜਿਹਾ ਨਹੀਂ ਹੈ, ਮਰਦ ਵੀ ਅਨੈਤਿਕ ਕੰਮ ਕਰਨ ਵਾਲੇ ਹੁੰਦੇ ਹਨ। ਔਰਤਾਂ ਉੱਤੇ ਹਜ਼ਾਰਾਂ ਸਾਲਾਂ ਤੋਂ ਸਖਤ ਪਬੰਧੀਆਂ ਹਨ ਪਰ ਮਰਦ ਉੱਤੇ ਨਹੀਂ। ਮਰਦਾਂ ਦੇ ਅਨੈਤਿਕ ਕੰਮਾਂ ਲਈ ਸ਼ਰੇਆਮ ਵੇਸ਼ਵਾਵਾ ਦੀ ਸਹੂਲਤ ਹੈ। ਮਰਦਾਂ ਦੇ ਲਈ ਜਿਸ ਤਰ੍ਹਾਂ ਦੇ ਚਕਲੇ ਹਨ, ਅਜਿਹੇ ਔਰਤ ਦੇ ਲਈ ਨਹੀਂ ਹਨ।"

## ਵਿਆਹ ਅਤੇ ਅਨੈਤਿਕ ਕਾਰਜ :

ਸ਼ਰੇਆਮ ਸਰੀਰਕ ਸੰਬੰਧਾਂ 'ਤੇ ਹੌਲੀ ਹੌਲੀ ਪਾਬੰਦੀ ਲਗਾ ਕੇ ਮਨੁੱਖ ਨੇ ਨੈਤਿਕਤਾ ਦੀ ਉੱਤਮਤਾ ਅਤੇ ਰਿਸ਼ਤੇ-ਨਾਤੇ ਦਾ ਨਿਰਮਾਣ ਕੀਤਾ। 'ਵਿਆਹ' ਵਿਵਸਥਾ ਔਰਤ-ਮਰਦ ਸੰਬੰਧਾਂ ਦੀ ਵਿਕਸਤ ਅਤੇ ਸਥਿਰ ਅਵਸਥਾ ਹੈ। ਸਮੂਹਿਕ ਮਿਲਾਪ ਦੀ ਸਮਾਜਿਕ ਵਿਵਸਥਾ ਨੂੰ ਮਨੁੱਖ ਅੱਜ ਪਸ਼ੂ-ਅਵਸਥਾ ਹੀ ਮੰਨਦਾ ਹੈ। ਸਮਾਜ 'ਚ ਰਹਿਣ ਵਾਲੇ ਮਰਦ ਨੂੰ ਖੁੱਲੀ ਆਜ਼ਾਦੀ ਮਿਲਣੀ ਸੰਭਵ ਨਹੀਂ ਰਹਿ ਗਈ। ਕਿਉਂਕਿ ਉੱਚੀਆਂ ਭਾਵਨਾਵਾਂ ਵਾਲੇ ਜੀਵਨ ਨੂੰ ਕਾਬੂ ਵਿਚ ਕਰਕੇ ਹੀ ਸਮਾਜ ਦਾ ਨਿਰਮਾਣ ਹੋਇਆ ਹੈ। ਨੈਤਿਕਤਾ, ਨਿਆ, ਮਾਂ-ਬਾਪ ਆਦਿ ਦੀ ਰੱਖਿਆ ਸਮਾਜ ਕਰਦਾ ਰਿਹਾ ਹੈ। ਸਮਾਜ ਦੇ ਨਿਰਮਾਣ ਦੇ ਲਈ ਨਵੇਂ ਪੁਰਾਣੇ ਵਿਚਾਰਾਂ 'ਚ ਵਿਚਾਰ ਚਰਚਾ ਰਾਹੀਂ ਹੀ ਇਸ ਸਥਾਈ ਸਭਿਆਤਾ ਦਾ ਨਿਰਮਾਣ ਹੋਇਆ ਹੈ। ਮਨੁੱਖ ਵਲੋਂ ਘੜਿਆ ਧਰਮ, ਨਿਆ, ਨੈਤਿਕਤਾ, ਪਰਿਵਾਰ, ਜਾਇਦਾਤ ਅਤੇ ਸਮਾਜ ਆਦਿ ਦਾ ਮਨੁੱਖ ਦੇ ਜੀਵਨ ਉੱਤੇ ਅਧਿਕਾਰ ਰਹਿੰਦਾ ਹੈ। ਸਮਾਜ, ਪਰਿਵਾਰ, ਧਰਮ ਦੇ ਕਾਰਨ ਮਾਨਵ ਜੀਵਨ 'ਚ ਸਥਿਰਤਾ, ਸੰਤੁਲਨ ਅਤੇ ਸ਼ਾਂਤੀ ਕਾਇਮ ਰਹਿ ਸਕੇ। ਵਿਆਹ ਸਬੰਧਾਂ ਨੂੰ ਇਕ ਵਾਰ ਸਵੀਕਾਰ ਕਰ ਲਏ ਜਾਣ ਉੱਤੇ, ਅਧਿਕਾਰ ਦੀ ਚਾਹਤ ਸਮਝੌਤਾਵਾਦੀ ਸੋਚ ਹੀ ਰਚਨਾਤਮਕ ਰਹਿੰਦੀ ਹੈ।

ਕਿੰਨਾ ਸਮਝੌਤਾ ਕਰਨਾ ਹੈ, ਇਹ ਹਰ ਕਿਸੇ ਦਾ ਨਿੱਜੀ ਸਵਾਲ ਹੈ। ਵਿਆਹ ਨਾਲ ਕਾਨੂੰਨੀ ਸੁਰੱਖਿਆ ਮਿਲਦੀ ਹੈ। ਸਮਾਜ ਦੀ ਜਾਇਦਾਤ ਪ੍ਰਾਪਤ ਹੋ ਜਾਂਦੀ ਹੈ। ਪਰਿਵਾਰਕ ਸੁਰੱਖਿਆ ਮਿਲਦੀ ਹੈ। ਭਵਿੱਖ ਦੀ ਚਿੰਤਾ ਨਹੀਂ ਹੁੰਦੀ। ਘਰੇਲੂ ਸੁੱਖ, ਪਰਿਵਾਰ ਅਤੇ ਜਾਇਦਾਤ ਆਦਿ ਦੇ ਘੇਰੇ 'ਚ ਔਰਤ 'ਗ੍ਰਹਿ ਲੱਛਮੀ' ਦਾ ਜੀਵਨ ਜੀ ਸਕਦੀ ਹੈ। ਪਤੀ ਪਤਨੀ ਨੂੰ ਇਕ ਦੂਸਰੇ ਦੇ ਚਰਿੱਤਰ, ਜਾਇਦਾਤ, ਸੱਤਾ, ਸਨਮਾਨ ਅਤੇ ਜਾਇਦਾਤ ਦਾ ਲਾਭ ਮਿਲਦਾ ਹੈ। ਪਿਆਰ ਤੇ ਤਿਆਗ ਦੀ ਭਾਵਨਾ ਨਾਲ ਵਿਆਹ ਸੰਪੂਰਨ ਹੋ ਜਾਂਦਾ ਹੈ। ਇਕ ਵਾਰ ਵਿਆਹ ਹੋ ਜਾਣ ਅਤੇ ਗ੍ਰਹਿਸਥੀ ਆਰੰਭ ਹੋਣ 'ਤੇ ਪਤੀ ਪਤਨੀ ਦਾ ਮਨੋਮਿਲਾਪ ਹੋ ਜਾਂਦਾ ਹੈ। ਪਰਿਵਾਰ ਦੇ ਅਨੁਕੂਲ ਸੰਸਕਾਰ ਸਮਾਜ ਅਤੇ ਪਰਿਵਾਰ ਦੇ ਮੈਂਬਰਾ ਤੋਂ ਮਿਲਦੇ ਹਨ। ਆਮ ਤੌਰ ਤੇ ਹਰ ਵਿਅਕਤੀ ਪ੍ਰੇਮ ਉਮੰਗ ਅਤੇ ਸੁਖੀ ਪਰਿਵਾਰ ਦਾ ਹੀ ਸੁਪਨਾ ਦੇਖਦਾ ਹੈ। ਪ੍ਰੰਤੂ ਹਰ ਪਿਆਰ ਨੂੰ ਸਫਲਤਾ ਪ੍ਰਾਪਤ ਹੋਵੇਗੀ, ਅਜਿਹਾ ਨਹੀਂ ਹੁੰਦਾ। ਅਜਿਹੀ ਸਥਿਤੀ ਵਿਚ ਪ੍ਰੇਮ ਇਕ ਨਾਲ ਅਤੇ ਪਰਿਵਾਰਕ ਜੀਵਨ ਦੂਜੇ ਨਾਲ ਨਿਭਾਉਣਾ ਪੈਂਦਾ ਹੈ। ਮਨ ਦੇ ਵਿਰੋਧ ਵਿਚ ਸਰੀਰ ਖੜਾ ਹੋ ਜਾਂਦਾ ਹੈ। ਮਨ ਇਕ ਵੱਲ ਅਤੇ ਸਰੀਰ ਕਿਸੇ ਹੋਰ ਵੱਲ ਖਿੱਚਿਆ ਜਾਂਦਾ ਹੈ।

"ਸਹੂਲਤ ਦੇ ਲਈ ਕੀਤਾ ਹੋਇਆ ਵਿਆਹ ਅਸਲ ਵਿਚ ਵੇਸਵਾ ਬਿਰਤੀ ਦੇ ਬਰਾਬਰ ਹੈ। ਫਰਕ ਕੇਵਲ ਐਨਾ ਹੀ ਕਿ ਔਰਤ ਆਪਣੇ ਸਰੀਰ ਦੀ ਵਿਕਰੀ ਵਾਰ ਵਾਰ ਨਹੀਂ ਕਰਦੀ। ਉਹ ਇਕ ਹੀ ਵਾਰ ਆਪਣਾ ਸਰੀਰ ਮਰਦ (ਪਤੀ) ਨੂੰ ਸੌਂਪ ਦਿੰਦੀ ਹੈ ਅਤੇ ਉਸਦੀ ਗੁਲਾਮ ਹੋ ਜਾਂਦੀ ਹੈ।"[13] ਮਨ ਦੇ ਖ਼ਿਲਾਫ਼ ਪੂਰਾ ਜੀਵਨ ਜੀਉਣਾ ਮੁਸ਼ਕਲ ਹੁੰਦਾ ਹੈ, ਬਾਵਜੂਦ ਇਸ ਦੇ ਕਿ ਵਿਧਵਾ ਔਰਤ ਨੂੰ ਮਜਬੂਰਨ ਮਰਦ ਦੀ ਸੱਤਾ ਅਤੇ ਨਿਰਦੇਸ਼ ਸਵੀਕਾਰ ਕਰਨੇ ਪੈਂਦੇ ਹਨ।

ਔਰਤ ਉੱਤੇ ਹੀ ਸਾਰੇ ਲਿੰਗਕ ਨੀਤੀ ਨਿਯਮ ਲਗਾ ਕੇ ਵਿਆਹ ਅਤੇ ਪਰਿਵਾਰ ਦੀ ਰਚਨਾ ਨੂੰ

ਜਿੰਦਾ ਰੱਖਿਆ ਗਿਆ ਹੈ। ਦੁਨੀਆਂ ਵਿਚ ਸਾਰੀਆਂ ਥਾਵਾਂ ਉੱਤੇ ਔਰਤ ਮਰਦਾਂ ਨੇ ਸਹਿ ਜੀਵਨ ਤਾਂ ਬਤੀਤ ਕੀਤਾ ਹੈ ਪ੍ਰੰਤੂ ਸਾਥ ਰਹਿਣ ਦਾ ਇਹ ਇਤਿਹਾਸ ਔਰਤ ਦੇ ਲਿੰਗਕ ਸ਼ੋਸ਼ਣ ਦਾ ਇਤਿਹਾਸ ਹੈ। ਇਸ ਦੇ ਨਾਲ ਹੀ ਔਰਤ ਦੀ ਸੋਚ ਅਤੇ ਚਰਿਤ੍ਰ ਦੀ ਹੱਤਿਆ ਹੋਈ ਹੈ। ਉਸ ਦੇ ਲਿੰਗਕ ਜੀਵਨ ਦੀ ਆਜ਼ਾਦੀ ਖੋਹ ਲਈ ਗਈ। ਲਿੰਗਕ ਜੀਵਨ ਦੇ ਨਤੀਜਿਆਂ ਦੀ ਜ਼ਿੰਮੇਦਾਰੀ ਪੁਰਾਤਨ ਕਾਲ ਤੋਂ ਔਰਤ ਸਹਿ ਰਹੀ ਹੈ। ਯੁੱਗਾ ਤੋਂ ਔਰਤ ਉੱਚੇ ਚਰਿਤਰ ਦਾ ਬੋਝ ਢੋਹਣ ਵਾਲੀ ਹੀ ਸਮਝੀ ਜਾਂਦੀ ਰਹੀ ਹੈ।

ਵਿਆਹ ਦੇ ਸਮੇਂ ਜਿੱਥੇ ਔਰਤ ਦਾ ਰੂਪ ਦੇਖਿਆ ਜਾਂਦਾ ਹੈ, ਉਥੇ ਮਰਦ ਦੀ ਜਾਇਦਾਤ ਪਰਖੀ ਜਾਂਦੀ ਹੈ। ਉਸ ਦੇ ਮਨ ਦਾ ਫੈਸਲਾ ਨਹੀਂ ਦੇਖਿਆ ਜਾਂਦਾ। ਔਰਤ ਚੁੱਲ੍ਹੇ-ਚੌਂਕੇ ਤੇ ਬੱਚਿਆਂ ਦੀ ਸਾਂਭ ਸੰਭਾਲ ਦੀ ਕਿੰਨੀ ਮਾਹਰ ਹੈ, ਕੇਵਲ ਇਹੀ ਦੇਖਿਆ ਜਾਂਦਾ ਹੈ। ਵਿਆਹ ਭਾਵ ਕਿ ਔਰਤ ਕੇਵਲ ਸੁਰੱਖਿਆ, ਭੋਜਨ, ਕੱਪੜੇ ਅਤੇ ਰਹਿਣ ਲਈ ਥਾਂ ਦੀ ਸਹੂਲਤ ਅਤੇ ਬਦਲੇ 'ਚ ਮੁਆਵਜੇ ਦੇ ਰੂਪ ਵਿਚ ਮਰਦ ਨੂੰ ਮਿਲਦਾ ਹੈ ਔਰਤ ਦਾ ਸਰੀਰ, ਸੇਵਾ ਅਤੇ ਸੰਤਾਨ।

ਬਿਮਾਰ ਹੋਵੇ ਜਾਂ ਇੱਛਾ ਨਾ ਵੀ ਹੋਵੇ ਤਾਂ ਵੀ ਔਰਤ ਨੂੰ ਰੋਗੀ ਅਤੇ ਮਨਚਾਹੇ ਪਤੀ ਨੂੰ ਸਰੀਰਕ ਸੁੱਖ ਦੇਣਾ ਪੈਂਦਾ ਹੈ। 'ਘਰ ਦੀ ਰੋਟੀ ਕਦੀ ਵੀ ਖਾਧੀ ਜਾ ਸਕਦੀ ਹੈ' ਵਾਲੀ ਮਾਨਸਿਕਤਾ ਹੁੰਦੀ ਹੈ ਮਰਦਾ ਦੀ। ਪਤੀ ਜੇਕਰ ਨਸ ਬੰਦੀ ਕਰਵਾ ਲਵੇ, ਤਾਂ ਉਹ ਆਪਣਾ ਨਜਾਇਜ ਕੰਮ ਲੁਕੋ ਸਕਦਾ ਹੈ ਪ੍ਰੰਤੂ ਕਈ ਪਤਨੀਆਂ ਹੀ ਅਗਿਆਨਤਾ ਕਰਕੇ ਪਰਿਵਾਰ ਨਿਯੋਜਨ ਦਾ ਵਿਰੋਧ ਕਰਦੀ ਹੈ।

ਪਰਿਵਾਰ ਅਤੇ ਸਮਾਜ ਦੇ ਲਈ ਔਰਤ ਨੂੰ ਆਪਣੇ ਵਿਅਕਤਿਤਵ ਵਿਕਾਸ ਅਤੇ ਆਜ਼ਾਦੀ ਨੂੰ ਮਾਰਨਾ ਪੈਂਦਾ ਹੈ। ਵਿਆਹੁਤਾ ਜੀਵਨ ਵਿਚ ਬੰਨ੍ਹ ਹੋਣਾ ਪੈਂਦਾ ਹੈ। ਪ੍ਰੰਤੂ ਅੱਜ ਦੀ ਔਰਤ ਇਸ ਨੂੰ ਸਵੀਕਾਰ ਨਹੀਂ ਕਰਦੀ। ਪਰਿਵਾਰ ਦੇ ਕੰਮਕਾਰ ਦੀ ਗੁਲਾਮੀ ਅਤੇ ਬੋਝਲ ਬੰਜਟ ਤੇ ਵਿਆਹੁਤਾ ਸਾਂਝੇਦਾਰੀ ਦੀ ਆਸ, ਅੱਜ ਦੀ ਔਰਤ ਨੂੰ ਆਪਣਾ ਕੈਰੀਅਰ ਵਧੇਰੇ ਮਹੱਤਵ ਪੂਰਨ ਲਗਦਾ ਹੈ। ਪਰਿਵਾਰਕ ਜੀਵਨ ਦੇ ਵਾਂਗ, ਪਰਿਵਾਰ ਦੇ ਬਾਹਰ ਦਾ ਜੀਵਨ ਵੀ ਮਹੱਤਵ ਪੂਰਨ ਹੈ ਅਤੇ ਘਰ ਦੇ ਰਿਸ਼ਤੇ ਦੇ ਵਾਂਗ ਬਾਹਰ ਦੇ ਰਿਸ਼ਤੇ ਵੀ। ਘਰ ਦੀ ਕਿੱਲੀ ਨਾਲ ਜੀਵਨ ਨੂੰ ਬੰਨ੍ਹਣਾ ਅੱਜ ਦੀ ਔਰਤ ਦੇ ਲਈ ਸਹਿਣਯੋਗ ਨਹੀਂ।

### ਵਿਆਹ ਤੋਂ ਬਾਹਰੇ ਸੰਬੰਧ, ਮਾਨਸਿਕਤਾ ਅਤੇ ਤਣਾਓ :

ਵਿਆਹ ਬਾਹਰੇ ਸੰਬੰਧ ਦੋ ਭਿੰਨ ਭਿੰਨ ਲਿੰਗੀ ਮਨੁੱਖਾਂ 'ਚ ਹੁੰਦੇ ਹਨ। ਉਨ੍ਹਾਂ ਦੀ ਇੱਛਾ, ਵਿਚਾਰ, ਸੁਭਾਅ ਅਤੇ ਸੁਪਨਿਆਂ 'ਚ ਅੰਤਰ ਹੋ ਸਕਦਾ ਹੈ। ਮਨ ਦੀ ਘੁਟਨ ਨਾਲ ਜੀਉਣਾ ਔਖਾ ਹੋ ਜਾਂਦਾ ਹੈ। ਮਨੁੱਖ ਛੜਾ ਰਹਿ ਸਕਦਾ ਹੈ ਪ੍ਰੰਤੂ ਉਹ ਪ੍ਰੇਮ ਤੋਂ ਬਿਨਾ ਜੀਅ ਨਹੀਂ ਸਕਦਾ। ਪਿਆਰ ਸੁਖਾਂਤ ਅਤੇ ਦੁਖਾਂਤ ਦੋਵੇਂ ਰੂਪਾਂ ਨਾਲ ਹੁੰਦਾ ਹੈ। ਪ੍ਰੇਮ ਵਿਚ ਇਕ ਪਾਗਲਪਨ ਵਰਗੀ ਸਮਰਪਤ ਦੀ ਭਾਵਨਾ ਹੁੰਦੀ ਹੈ।" ਨਾਂ ਮੈਂ ਪਤਨੀ ਸੀ, ਨਾ ਮਾਂ ਸੀ, ਮੈਂ ਤਾਂ ਸੀ ਬਸ ਇਕ ਪ੍ਰੇਮ ਦੀਵਾਨੀ -ਪ੍ਰੇਮ ਵਿਚ ਪਾਗਲ ਹੋਈ ਦੀਵਾਨੀ ! ਚਾਹੇ ਜਿੰਨੀਆਂ ਵੀ ਮੁਸ਼ਕਲਾ ਆਉਣ, ਮੈਂ ਨਿਡੱਰਤਾ ਨਾਲ ਪਾਰ ਕਰੂੰਗੀ।"[14]

ਉਪਰੋਕਤ ਅੰਸ਼ ਆਨੰਦੀ ਬਾਈ ਵਿਜਾਪੁਰੇ ਦੀ ਆਤਮ ਕਥਾ ਤੋਂ ਲਿਆ ਗਿਆ ਹੈ। ਪ੍ਰੇਮ ਦਾ ਕਾਰਨ ਹੀ ਨੀਰਸ ਜੀਵਨ ਖੂਬਸੂਰਤ ਸਰੋਵਰ ਹੋ ਜਾਂਦਾ ਹੈ। ਗਲੇ ਵਿਚ ਗੀਤ, ਮਨ 'ਚ ਯਾਦਾਂ ਅਤੇ ਅੱਖਾਂ ਵਿਚ ਉਨ੍ਹਾਂ ਦੇ ਲਈ ਤਤਕਾਲ ਅੱਥਰੂ ! ਐਨਾ ਕੌਮਲ ਅਤੇ ਸੰਵੇਦਨਸ਼ੀਲ ਰਿਸ਼ਤਾ ਹੁੰਦਾ ਹੈ ਪ੍ਰੇਮ ਵਿਚ।

"ਮੇਰੇ ਹੁਸਨ ਦੇ ਸੰਬੰਧ ਵਿਚ ਤਰੀਫ਼ ਦੇ ਚਾਰ ਸ਼ਬਦ ਕਹਿਣ ਵਾਲੇ ਕਿਸੇ ਵੀ ਖਿੱਚ ਭਰਪੂਰ ਮਰਦ ਦੇ ਨਾਲ ਬੈਠ ਕੇ ਪਿਆਰ ਕਲੋਲਾ, ਸੈਂਪੇਨ ਦਾ ਸਵਾਦ ਲੈਣਾ, ਇਹੀ ਮੈਨੂੰ ਵਧੇਰੇ ਕੁਦਰਤੀ ਲੱਗਦਾ ਹੈ। ਉਹ ਗੱਠਵਾਂ ਸਰੀਰ, ਸੈਕਸੀ ਹੋਠ, ਮੇਰੇ ਸਰੀਰ ਨੂੰ ਬਾਹਵਾਂ ਵਿਚ ਲੈਣ ਲਈ ਉਤਾਵਲੀਆਂ ਮਜਬੂਤ ਬਾਹਾਂ, ਕਿਸੇ ਸਨੇਹੀ ਦੇ ਮੋਢੇ 'ਤੇ ਝੁਕ ਕੇ ਮਿੱਠੀ ਨੀਂਦ ਤੋਂ ਮਿਲਣ ਵਾਲਾ ਆਨੰਦ, ਮੈਨੂੰ ਨਿਰ ਅਪਰਾਧ, ਮਾਸੂਮ ਅਤੇ ਸੁਖਦ ਲੱਗਦਾ ਸੀ। ਮਨੁੱਖ ਕਿਨਾ ਵੀ ਸੁੱਚਮ ਸੁੱਚਾ ਹੋਵੇ, ਉਸ ਨੂੰ ਨਿੱਕੀ ਮੋਟੀ ਬਿਮਾਰੀ ਲੱਗ ਹੀ ਜਾਂਦੀ ਹੈ। ਜੇਕਰ ਇਹ ਸੱਚ ਹੈ ਤਾਂ ਇਹ ਦੇਹ ਮਨ ਭਰ ਕੇ ਸੁੱਖ ਤੇ ਆਨੰਦ ਕਿਓ ਨਾ ਲਵੇ।"[15] ਇਹ ਵਿਚਾਰ ਵਿਸ਼ਵ ਪ੍ਰਸਿੱਧ ਨਾਚੀ ਇਜ਼ਾ ਡੋਰਾ ਡੰਕਨ ਦੀ ਸਵੈ ਜੀਵਨੀ 'ਚੋਂ ਹੈ।



ਭਾਰਤੀ ਔਰਤ ਦੇ ਜੀਵਨ ਵਿਚੋਂ ਪ੍ਰੇਮ, ਰਾਧਾ ਅਤੇ ਮੀਰਾ ਵਿਚੋਂ ਨਿਕਲਦਾ ਹੈ। ਇਸ ਪ੍ਰੇਮ ਵਿਚ ਭਗਤੀ ਹੈ। ਪੱਛਮੀ ਜੀਵਨ ਸੈਲੀ ਵਿਚ ਭਗਤੀ ਦੀ ਬਜਾਇ ਭੋਗ ਵਧੇਰੇ ਹੁੰਦਾ ਹੈ।

"ਮੈਨੂੰ ਕੇਵਲ ਦੇਹ ਸੁੱਖ ਚਾਹੀਦਾ ਸੀ। ਮੈਨੂੰ ਮੇਰੀ ਇਬਾਦਤ ਕਰਨ ਵਾਲਾ ਮਰਦ ਨਹੀਂ, ਮੇਰੇ ਵਿਚ ਖੁੱਭ ਜਾਣ ਵਾਲਾ ਮਰਦ ਚਾਹੀਦਾ ਸੀ। ਸਭ ਤੋਂ ਮੁਸ਼ਕਲ ਸਵਾਲ ਸੀ ਸਭ ਨੂੰ ਭੋਗਣਾ।"[16] ਇਹ ਵਿਚਾਰ ਹੇਡੀ ਲਾਮਾਰ ਨਾਂ ਦੀ ਵਿਸ਼ਵ ਪ੍ਰਸਿੱਧ ਸਵੈ ਜੀਵਨੀ ਵਿਚੋਂ ਲਿਆ ਗਿਆ ਹੈ।

"ਉਸਦੀ ਗਲਵਕੜੀ ਦਾ ਇਕ ਵੀ ਪਲ ਦੁਬਾਰਾ ਮਿਲੇ, ਤਾਂ ਬਦਲੇ ਵਿਚ ਮੈਂ ਮੂੰਹ ਮੰਗੀ ਕੀਮਤ ਚੁਕਾਉਣ ਨੂੰ ਤਿਆਰ ਹਾਂ।"

ਅਜਿਹੀ ਹੀ ਤੀਬਰਤਾ ਹੁੰਦੀ ਹੈ ਵਿਆਹ ਬਾਹਰੇ ਸੰਬੰਧਾਂ 'ਚ ! ਪਿਆਰ ਭਰਿਆ ਸਪਰਸ਼, ਦਿਵਾਨਾ ਕਰਨ ਵਾਲੇ ਪ੍ਰੇਮ ਦੇ ਅਨੇਕਾਂ ਅਹਿਸਾਸ, ਕਾਮੁਕਤਾ 'ਚ ਡੁੱਬ ਜਾਣ ਨਾਲ ਮਾਨਸਿਕਤਾ ਬਦਲ ਜਾਂਦੀ ਹੈ। ਉਸ ਦੇ ਨਾਲ ਰਹਿਣਾ ਵੀ ਅਸੰਭਵ ਹੁੰਦਾ ਹੈ, ਤਾਂ ਉਸ ਤੋਂ ਬਿਨਾ ਰਹਿਣਾ ਵੀ ਅਸੰਭਵ ਨਹੀਂ ਹੁੰਦਾ। ਇਕ ਪਾਸੇ ਮੈਨੂੰ 'ਯਾਰ ਇਹ ਚਾਹੀਦਾ' ਦੀ ਕਾਮ ਪ੍ਰੇਰਨਾ ਅਤੇ ਦੂਸਰੇ ਪਾਸੇ 'ਮੈਨੂੰ ਇਹ ਨਹੀਂ ਚਾਹੀਦਾ' ਦਾ ਤਰਕ-ਦੋਵਾਂ ਵਿਚ ਸੰਘਰਸ ਆਰੰਭ ਹੋ ਜਾਂਦਾ ਹੈ। ਇਸ ਸੰਘਰਸ਼ ਦਾ ਸਰੂਪ ਬਹੁਤ ਸੀਮਿਤ ਹੁੰਦਾ ਹੈ। ਇਕ ਪਾਸੇ ਵਿਅਕਤੀ ਦੀ ਕਾਮ ਪ੍ਰੇਰਨਾ ਅਤੇ ਤਰਕ 'ਚ ਸੰਘਰਸ਼, ਦੂਜੇ ਪਾਸੇ ਹਲਾਤ ਤੇ ਸਮਾਜ ਦੇ ਵਿਚ ਸੰਘਰਸ਼। ਅਜਿਹੀ ਸਥਿਤੀ ਵਿਚ ਵਿਅਕਤੀ ਦੇ ਲਈ ਠੀਕ ਫੈਸਲਾ ਲੈਣਾ ਜ਼ਰੂਰੀ ਹੋ ਜਾਂਦਾ ਹੈ। ਇਕ ਮਾੜੇ ਆਚਰਣ ਵਾਲੇ ਮਰਦ ਦਾ ਨਤੀਜਾ ਪੂਰੇ ਪਰਿਵਾਰ ਨੂੰ ਲੰਮੇ ਸਮੇਂ ਤਕ ਭੁਗਤਣਾ ਪੈਂਦਾ ਹੈ। ਵਿਆਹ ਬਾਹਰੇ ਸੰਬੰਧ ਲੁਕੋ ਕੇ ਰੱਖਣ 'ਚ ਔਰਤਾਂ ਮਹਿਰ ਹੁੰਦੀਆਂ ਹਨ। ਉਨ੍ਹਾਂ ਨੂੰ ਬਨਾਵਟੀ ਪਨ, ਰੋਣਾ, ਸੱਚ ਨੂੰ ਝੂਠ ਸਾਬਤ ਕਰਨਾ, ਹੋਰਨਾਂ ਦੀ ਹਮਦਰਦੀ ਪ੍ਰਾਪਤ ਕਰਨਾ ਆਉਂਦਾ ਹੈ।

ਇਹ ਵੀ ਸੰਭਵ ਹੈ ਕਿ ਮਨ ਇੱਛਤ ਪਤੀ ਨਾ ਮਿਲਣ ਤੇ ਔਰਤ ਨੂੰ ਜਾਨਲੇਵਾ ਸਮਝੌਤਾ ਕਰਕੇ ਵੀ ਜੀਉਣਾ ਪਏ। ਅਜਿਹੀ ਦਸ਼ਾ ਵਿਚ ਵਿਆਹ ਬਾਹਰੇ ਸੰਬੰਧ ਦੀ ਇੱਛਾ ਕਿਤੇ ਨਾ ਕਿਤੇ ਦੱਬੀ ਪਈ ਹੁੰਦੀ ਹੈ। ਵਿਆਹੁਤਾ ਜੀਵਨ ਵਿਚ ਸੰਘਰਸ਼ ਆਰੰਭ ਹੋ ਜਾਂਦਾ ਹੈ। ਸੰਬੰਧ ਰੱਖਣ ਨਾਲ ਅਪਰਾਧ ਬੋਧ ਮਹਿਸੂਸ ਹੁੰਦਾ ਹੈ। ਨਤੀਜੇ ਵਜੋਂ ਸੰਬੰਧ ਖਤਮ ਹੋ ਜਾਂਦੇ ਸਨ। ਕਦੀ ਕਦੀ ਜ਼ਰੂਰੀ ਲੱਗਣ ਉੱਤੇ ਅਜਿਹੇ ਸੰਬੰਧ ਜਾਰੀ ਵੀ ਰਹਿੰਦੇ ਹਨ। ਤਣਾਓ ਦੋਵਾਂ ਪਾਸੇ ਹੁੰਦਾ ਹੈ। ਇਸੇ ਕਾਰਨ ਕਦੇ ਹੱਤਿਆ ਜਾਂ ਆਤਮ ਹੱਤਿਆ ਜਾਂ ਤਲਾਕ ਵੀ ਹੋ ਸਕਦਾ ਹੈ।

ਵਿਆਹੁਤਾ ਔਰਤ ਦੀ ਬਜਾਏ ਵਧੇਰੇ ਵਿਆਹ ਬਾਹਰੇ ਸੰਬੰਧ ਰੱਖਣ ਵਾਲੀ ਔਰਤ ਵਧੇਰੇ ਅਸੁਰੱਖਿਅਤ ਅਤੇ ਵਧੇਰੇ ਗੁਲਾਮ ਹੁੰਦੀ ਹੈ। ਉਂਝ ਤਾਂ ਪਤੀ ਹੋਵੇ ਜਾਂ ਪ੍ਰੇਮੀ, ਔਰਤ ਦੀ ਸਥਿਤੀ ਤਾਂ ਗੁਲਾਮ ਵਰਗੀ ਹੀ ਹੁੰਦੀ ਹੈ। ਦੋਹਾਂ ਸਥਿਤੀਆਂ ਵਿਚ ਉਹ ਅਸੁਰੱਖਿਅਤ ਹੁੰਦੀ ਹੈ। ਵਿਆਹ ਬਾਹਰੇ ਸੰਬੰਧ ਸਵੀਕਾਰ ਕਰਕੇ ਜੀਉਣਾ ਹੋਵੇ, ਤਾਂ ਆਪਣਾ ਅਤੇ ਦੂਜੀ ਔਰਤ ਦਾ ਪਰਿਵਾਰ ਤਬਾਹ ਹੋਣ ਦਾ ਜੋਖ਼ਿਮ ਵੱਖਰੇ ਤੌਰ 'ਤੇ ਉਠਾਉਣਾ ਪੈਂਦਾ ਹੈ। ਵਿਆਹ ਬਾਹਰੇ ਸੰਬੰਧਾਂ ਨੂੰ ਨਜ਼ਰ ਅੰਦਾਜ਼ ਕਰਕੇ ਜੀਉਣ ਦਾ ਅਰਥ ਹੈ ਸਾਰਾ ਜੀਵਨ ਤੜਪ ਤੜਪ ਕੇ ਜੀਉਣਾ। ਮਰਦ ਜੇਕਰ ਅਜਿਹਾ ਕਰੇ, ਤਾਂ ਇੱਜਤ ਦੀ ਗੱਲ ਹੁੰਦੀ ਹੈ, ਔਰਤ ਕਰੇ ਤਾਂ ਗੁਨਾਹ। ਮਰਦ ਰਖ਼ੇਲ ਰੱਖ ਸਕਦਾ ਹੈ ਪ੍ਰੰਤੂ ਔਰਤ? ਔਰਤ ਨੂੰ ਇਸ ਆਜ਼ਾਦ ਵਿਅਕਤੀ ਜਾਂ ਇਕਾਈ ਦੇ ਰੂਪ ਵਿਚ ਨਹੀਂ ਦੇਖਿਆ ਜਾਂਦਾ। ਆਪਣੀ ਦੇਹ ਮਰਦ ਨੂੰ ਸਮਰਪਤ ਕਰਨਾ-ਔਰਤ ਦਾ ਕਰਤੱਵ ਸਮਝਿਆ ਜਾਂਦਾ ਹੈ ਔਰਤ ਦਾ ਭੋਗ ਕਰਨਾ ਮਰਦ ਆਪਣਾ ਅਧਿਕਾਰ ਸਮਝਦਾ ਹੈ। ਲਿੰਗਿਕ ਸਬੰਧਾਂ ਵਿਚ ਔਰਤ ਦੀ 'ਹਾਂ' ਅਤੇ 'ਨਾਂਹ' ਦਾ ਕੋਈ ਅਰਥ ਨਹੀਂ ਹੁੰਦਾ। ਇਕ ਪਾਸੇ ਸਭ ਕੁਝ ਗੁਆ ਦੇਣਾ, ਦੂਜੇ ਪਾਸੇ ਖੁਦ ਦੀ ਖੋਜ-ਇਹ ਕਲਾ ਹੁੰਦੀ ਹੈ।

ਵਿਆਹ ਬਾਹਰੇ ਸੰਬੰਧਾਂ ਦਾ ਕੀ ਕੋਈ ਅੰਤ ਹੈ? ਗੰਭੀਰ ਫੈਸਲਾ ਅਤੇ ਡੂੰਘੇ ਅਹਿਸਾਸ ਤੋਂ ਬਿਨਾ ਵਰਜਿਤ ਸੰਬੰਧ ਜੀਵਨ ਭਰ ਨਿਭਾਉਣੇ ਕਠਿਨ ਹੁੰਦੇ ਹਨ। ਕਿਸੇ ਇਕ ਨੂੰ ਧੋਖਾ ਨਾ ਦਿੰਦੇ ਹੋਏ, ਦੋਹਾਂ ਦੀ ਸਹਿਮਤੀ, ਮਿੱਤਰਤਾ ਅਤੇ ਪ੍ਰੇਮ ਨਾਲ ਇਹ ਸੰਬੰਧ ਫੈਲਦੇ ਹਨ। ਤੇ ਤੀਜੇ ਨੂੰ ਕਿਨਾ ਕੁ ਇਨਵਾਲਵ ਕਰਨਾ ਹੈ, ਇਸ ਨੂੰ ਨਿਸਚਤ ਕਰਨਾ ਚਾਹੀਦਾ। 'ਮੇਰੇ ਜੀਵਨ ਦੀਆਂ ਸਾਰੀਆਂ ਗੱਲਾਂ ਮੈਂ ਤੈਨੂੰ ਦੱਸਾ, ਇਸ

ਦੀ ਕੋਈ ਜ਼ਰੂਰਤ ਨਹੀਂ।" ਇਹ ਸੱਚ ਹੈ ਪ੍ਰੰਤੂ ਕੁਝ ਗੱਲਾਂ 'ਚ ਦੂਜੇ ਭਾਵ ਕਿ ਜੀਵਨ ਸਾਥੀ ਨੂੰ ਵਧੇਰੇ ਸਮੇਂ ਤੱਕ ਹਨੇਰੇ ਵਿਚ ਰੱਖਣਾ ਸੌਖਾ ਹੁੰਦਾ ਹੈ।

"ਕਈ ਪਲਾਂ ਵਿਚ ਸਹਿਯੋਗੀ ਨੂੰ ਵਿਸ਼ਵਾਸ ਵਿਚ ਲੈਣ ਦੀ ਜ਼ਰੂਰਤ ਨਹੀਂ ਹੁੰਦੀ। ਪ੍ਰੰਤੂ ਜਦੋਂ ਵਿਆਹ ਉਪਰੰਤ ਦੂਜੇ ਬੰਦੇ ਵੱਲ ਖਿੱਚ ਤੀਬਰਤਾ ਨਾਲ ਮਹਿਸੂਸ ਹੋਵੇ ਤਾਂ ਉਨ੍ਹਾਂ ਹਲਾਤਾਂ 'ਚ ਆਪਣੇ ਜੀਵਨ ਸਾਥੀ ਨੂੰ ਵਿਸ਼ਵਾਸ ਵਿਚ ਲੈਣਾ ਜ਼ਰੂਰੀ ਹੋ ਜਾਂਦਾ ਹੈ, ਨਹੀਂ ਤਾਂ ਰੋਜ਼ਾਨਾ ਦੇ ਜੀਵਨ ਉਤੇ ਇਸਦਾ ਪ੍ਰਭਾਵ ਪੈਣ ਲੱਗਦਾ ਹੈ। ਅਜਿਹੇ ਸਮੇਂ ਵਿਚ ਤੁਹਾਡੇ ਜੀਵਨ ਵਿਚ ਕਿਸ ਵਿਅਕਤੀ ਦਾ ਵਧੇਰੇ ਮਹੱਤਵ ਹੈ, ਤੁਸੀਂ ਕਿਸ ਨੂੰ ਕਿੰਨਾ ਸਮਾਂ ਦੇ ਸਕਦੇ ਹੋ, ਇਹ ਸਵਾਲ ਮਹੱਤਵਪੂਰਨ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿਚ ਪਹਿਲਾ ਠਰੰਮੇ ਨਾਲ ਰਿਸ਼ਤੇ-ਨਾਤੇ ਅਤੇ ਸਹਿ ਜੀਵਨ ਛੱਡ ਕੇ, ਦੂਜੇ ਦੇ ਨਾਲ ਜੀਵਨ ਆਰੰਭ ਕਰਨ ਦਾ ਫੈਸਲਾ ਲੈਣਾ ਪੈ ਸਕਦਾ ਹੈ। ਇਨ੍ਹਾਂ ਸਾਰੀਆਂ ਘਟਨਾਵਾਂ 'ਚ ਸੰਬੰਧ ਜੋੜਦੇ ਸਮੇਂ ਹੋਣ ਵਾਲੇ ਆਨੰਦ ਅਤੇ ਰੋਮਾਂਸ ਦੇ ਨਾਲ, ਟੁੱਟਦੇ ਸੰਬੰਧਾਂ ਦਾ ਦੁੱਖ ਵੀ ਸਹਿਣ ਕਰਨਾ ਪੈ ਸਕਦਾ ਹੈ। ਇਸ ਲਈ ਕਿਸੇ ਨੂੰ ਵੀ ਮਨ ਵਿਚ ਬਦਲੇ ਤੇ ਦੋਸ਼ ਦੀ ਭਾਵਨਾ ਮਹਿਸੂਸ ਨਹੀਂ ਹੋਣੀ ਚਾਹੀਦੀ। ਬਦਲੇ ਦੀ ਭਾਵਨਾ ਅਧਿਕਾਰ ਦੀ ਭਾਵਨਾ ਨਾਲ ਆਉਂਦੀ ਹੈ। ਕਿਸੇ ਦੇ ਕਬਜੇ ਵਿਚੋਂ ਕਿਸੇ ਦੀ ਔਰਤ ਜਾਂ ਮਰਦ ਨੂੰ ਕੋਈ ਦੂਜਾ ਖੋਹ ਲਵੇ, ਤਾਂ ਬਦਲੇ ਦੀ ਭਾਵਨਾ ਪੈਦਾ ਹੁੰਦੀ ਹੈ। ਪ੍ਰੰਤੂ ਸਮਝਦਾਰ ਅਤੇ ਤਿਆਗੀ ਵਿਅਕਤੀ ਕੋਲ ਆਪਣੇ ਸਰੀਰ ਤੇ ਜੀਵਨ ਉੱਤੇ ਅਧਿਕਾਰ ਹੁੰਦਾ ਹੈ, ਇਸ ਲਈ ਉਸ ਦੇ ਫੈਸਲੇ ਦੀ ਇੱਜ਼ਤ ਕਰਨਾ ਹਰ ਵਿਅਕਤੀ ਦੀ ਜ਼ਿੰਮੇਵਾਰੀ ਹੁੰਦਾ ਹੈ। ਮਿੱਤਰਤਾ ਦੇ ਰਿਸ਼ਤੇ ਨਾਤੇ 'ਤੇ ਵੱਧ ਤੋਂ ਵੱਧ ਵਿਚਾਰ ਚਰਚਾ ਹੋ ਸਕਦੀ ਹੈ। ਸਲਾਹ ਮਸਵਰਾ ਹੋ ਸਕਦਾ ਹੈ।" [17]

ਇਹ ਦ੍ਰਿਸ਼ਟੀਕੋਣ ਮੈਨੂੰ ਮਹੱਤਵਪੂਰਨ ਹੀ ਨਹੀਂ, ਵਿਹਾਰਕ ਵੀ ਲੱਗਦਾ ਹੈ। ਸੱਚ ਤਾਂ ਇਹ ਹੈ ਕਿ ਹੁਣ ਸੁੱਚਮਤਾ ਅਤੇ ਪਵਿੱਤਰਤਾ ਦੀ ਜੀਵਨ ਸ਼ੈਲੀ ਦੀ ਕਲਪਨਾ 'ਚ ਜੀਉਣਾ ਕਠਿਨ ਹੈ।

ਕੁਝ ਔਰਤ-ਮਰਦਾਂ ਵਿਚ ਆਪਣੇ ਵਿਆਹ ਬਾਹਰੇ ਸੰਬੰਧਾਂ ਨੂੰ ਦੂਜਿਆਂ ਦੇ ਸਾਹਮਣੇ ਚਟਕਾਰੇ ਲਾ ਲਾ ਕੇ ਦੱਸਣ ਦੀ ਆਦਤ ਹੁੰਦੀ ਹੈ। ਕਈ ਫੈਸ਼ਨ ਦੇ ਤੌਰ ਤੇ ਅਜਿਹਾ ਕਰਦੇ ਹਨ।

ਸੈਕਸ ਨੂੰ ਪ੍ਰਮੁੱਖ ਜ਼ਰੂਰਤ ਨਾ ਵੀ ਮੰਨੀ ਜਾਵੇ, ਤਾਂ ਵੀ ਇਹ ਨਹੀਂ ਕਿਹਾ ਜਾ ਸਕਦਾ ਕਿ ਉਹ ਮਹੱਤ ਪੂਰਨ ਜ਼ਰੂਰਤ ਨਹੀਂ ਹੈ। ਰੀਤੀ ਰਿਵਾਜ਼ ਅਤੇ ਨੈਤਿਕਤਾ ਦੇ ਦਬਾਅ ਹੇਠ ਮਨ ਦੀ ਕਾਮ ਭਾਵਨਾ ਦਬਾਈ ਜਾ ਸਕਦੀ ਹੈ, ਪ੍ਰੰਤੂ ਉਹ ਉਨੀ ਹੀ ਤਾਕਤ ਨਾਲ ਮਨ ਦਾ ਪਿੱਛਾ ਵੀ ਕਰਦੀ ਹੈ। ਕਾਮ ਵਾਸ਼ਨਾ ਦਬਾਉਣ ਨਾਲ ਮਾਨਸਿਕ ਵਿਕਾਰ ਪੈਦਾ ਹੋ ਸਕਦੇ ਹਨ। ਇਹ ਕੁਦਰਤੀ ਜ਼ਰੂਰਤ, ਕੁਦਰਤੀ ਰੂਪ ਨਾਲ ਪੂਰੀ ਨਹੀਂ ਹੁੰਦੀ, ਕਿਸੇ ਵੀ ਔਰਤ ਦੇ ਲਈ ਭਿਆਨਿਕ ਤ੍ਰਾਸਦੀ ਬਣ ਜਾਂਦੀ ਹੈ। ਦੌੜ, ਭੱਜ ਅਤੇ ਘੁਟਨ, ਹਮੇਸ਼ਾਂ ਰਹਿਣ ਵਾਲਾ ਤਣਾਓ, ਬੇਚੈਨੀ ਦੇ ਨਾਲ ਜਿਉਂਦਿਆਂ ਸਮੁੱਚੇ ਰੂਪ ਵਿਚ ਇਸਦਾ ਪ੍ਰਭਾਵ ਪੈਂਦਾ ਹੈ।

ਵਿਆਹ ਉਪਰੰਤ ਮਿੱਤਰਤਾ ਦੇ ਦੌਰਾਨ ਵਿਅਕਤੀ ਉੱਤੇ ਸਵਰਗ ਵਿਚ ਹੋਣ ਦਾ ਅਹਿਸਾਸ ਰਹਿੰਦਾ ਹੈ। ਪ੍ਰੰਤੂ ਇਕ ਵਾਰ ਮਿੱਤਰਤਾ ਟੁੱਟ ਗਈ, ਤਾਂ ਨਰਕ ਯਾਤਰਾ ਦਾ। ਇਕ ਦੂਜੇ ਦੀ ਬਦਨਾਮੀ ਕਰਨੀ, ਬਦਲਾ ਲੈਣਾ, ਦਗੇਬਾਜ਼ੀ ਕਰਨਾ, ਸਵਾਰਥ ਲਈ ਪਾਗਲ ਹੋਣਾ ਆਦਿ, ਆਪਣੇ ਆਪ ਹੋਣ ਲੱਗ ਪੈਂਦਾ ਹੈ। ਕੋਈ ਵਿਅਕਤੀ ਜੇਕਰ ਸਮਾਜ ਦੇ ਡਰ ਕਾਰਨ ਪਿੱਛੇ ਹੱਟਣਾ ਚਾਹੁੰਦਾ ਹੈ ਤਾਂ ਸਾਹਮਣੇ ਵਾਲੇ ਨੂੰ ਵਿਸ਼ਵਾਸ਼ ਵਿਚ ਲੈ ਕੇ ਫੈਸਲਾ ਲੈਣਾ ਉਚਿਤ ਹੈ। ਨਹੀਂ ਤਾਂ ਜੀਵਨ ਤੋਂ ਉਚਾਟ ਹੋ ਜਾਣਾ, ਆਤਮ ਹੱਤਿਆ, ਹੱਤਿਆ ਵਰਗੀਆਂ ਘਟਨਾਵਾਂ ਘਟ ਸਕਦੀਆਂ ਹਨ। ਅਜਿਹੇ ਸਮੇਂ ਪ੍ਰੇਮ ਤਾਂ ਖਤਮ ਹੀ ਹੋ ਜਾਂਦਾ ਹੈ। ਹੋਠਾਂ 'ਤੇ ਬਦਲੇ ਤੇ ਦੁੱਖ ਦੀ ਭਾਸ਼ਾ ਆ ਜਾਂਦੀ ਹੈ।

"ਮੇਰੇ ਸੰਬੰਧ 'ਚ ਕੀ ਸੋਚਿਆ ਹੈ ਆਪ ਨੇ? ਮੇਰੇ ਤੋਂ ਜ਼ਬਰਦਸਤੀ ਤਲਾਕ ਦਵਾ ਦਿੱਤਾ। ਬੇਟੇ ਦੀ ਕਸਮ ਖਾ ਕੇ ਵਿਆਹ ਕਰਨ ਦਾ ਵਾਅਦਾ ਕੀਤਾ ਸੀ ਆਪਨੇ। ਕੀ ਹੋਇਆ ਉਸਦਾ?"

"ਤੂੰ ਕੇਵਲ ਛੇ ਮਹੀਨੇ ਨੌਕਰੀ ਕਰ, ਉਸਤੋਂ ਬਾਅਦ ਜੀਵਨ ਭਰ ਮੈਂ ਤੈਨੂੰ ਸੰਭਾਲੂਗਾ, ਆਪ ਨੇ ਅਜਿਹਾ ਵਿਸ਼ਵਾਸ ਦਿੱਤਾ ਸੀ। ਉਸਦਾ ਕੀ ਹੋਇਆ?"

"ਵਾਪਸ ਦੇ ਦੇਵਾਂਗਾ, ਕਹਿਣ ਤੇ ਆਪ ਨੂੰ ਜਿਹੜੇ ਪੈਸੇ ਦਿੱਤੇ ਸਨ, ਉਸਦਾ ਕੀ ਹੋਇਆ?"



"ਇਹ ਘੱਟ ਨਹੀਂ ਆਪ ਦੇ ਨਾਲ ਚੋਦਾਂ ਸਾਲ ਇਕੱਠੇ ਬਤੀਤ ਕੀਤੇ ਹਨ। ਉਨ੍ਹਾਂ ਸਾਲਾਂ ਨੂੰ ਚੇਤੇ ਕਰੋ। ਤੇਰੀ ਉਹ ਮਿੱਠੀ ਤੇ ਮੋਮੋ-ਠੱਗਣੀ ਭਾਸ਼ਾ, ਉਹ ਨਿਮਰਤਾ, ਉਹ ਤਰੀਫ਼ਾ, ਉਹ ਰੋਮਾਂਸ ਦੇ ਵਾਅਦੇ, ਉਹ ਗਲੇ ਲਗਾਉਣਾ ਅਤੇ ਚੁੰਮਣਾ, ਕੀ ਸਭ ਕੁਝ ਭੁੱਲ ਗਏ ?"[18]

ਅਜਿਹੇ ਪਤਾ ਨਹੀਂ ਕਿੰਨੇ ਜਾਨਲੇਵਾ ਸਵਾਲ ਉਠਣ ਲੱਗਦੇ ਹਨ।

ਅਜਿਹਾ ਦ੍ਰਿਸ਼ਟੀਕੋਣ ਵੀ ਹੋ ਸਕਦੇ ਹਨ। ਗ੍ਰਹਿਸਥੀ ਅਤੇ ਜਾਇਦਾਤ ਦੀ ਸਮੱਸਿਆ ਤਾਂ ਹੋਰ ਵੀ ਵਧੇਰੇ ਜਾਨਲੇਵਾ ਹੁੰਦੀ ਹੈ।

### ਵਿਆਹ ਬਾਹਰੇ ਸੰਬੰਧਾਂ ਦੇ ਕਾਰਨ :

ਇਨ੍ਹਾਂ ਵਰਜਿਤ ਸੰਬੰਧਾਂ ਦੇ ਕੀ ਕਾਰਨ ਹਨ। ਉਹ ਕਿਵੇਂ ਬਣਦੇ ਹਨ ਅਤੇ ਕਿਉਂ-ਇਹ ਸਵਾਲ ਡਰਾਉਣਾ ਹੈ। ਵਿਆਹ ਬਾਹਰੇ ਸੰਬੰਧ ਵਿਆਹ ਸੰਸਥਾ ਦੀ ਅਸਫਲਤਾ ਦੇ ਕਾਰਨ ਹੁੰਦੇ ਹਨ-ਇਹ ਸਿੱਧ ਪੱਧਰਾ ਜਵਾਬ ਹੈ। ਦਰਅਸਲ ਵਿਆਹ ਬਾਹਰੇ ਸੰਬੰਧ ਜੈਵਿਕ ਹੁੰਦੇ ਹਨ ਅਤੇ ਵਿਆਹੁਤਾ ਸੰਬੰਧ ਸਮਾਜ ਵਲੋਂ ਜੋੜੇ ਹੋਏ। ਮਨੁੱਖ ਦੀ ਜੈਵਿਕ ਯੌਨ ਖਾਹਸ਼ ਇਨ੍ਹਾਂ ਸੰਬੰਧਾਂ ਦੀ ਬੁਨਿਆਦ ਹੈ। ਫਿਰ ਵੀ, ਯੌਨ ਭੁੱਖ ਪਰਗਟ ਹੋਣ ਦੇ ਕੁਝ ਹੋਰ ਕਾਰਨ ਵੀ ਹਨ। ਅਜਿਹੇ ਸੰਬੰਧ ਚਿਰਸਥਾਈ ਨਹੀਂ ਹੁੰਦੇ।

ਵਿਆਹ ਬਾਹਰੇ ਸੰਬੰਧ ਕਦੀ ਥ੍ਰਿਲਰ ਕੇ ਕਾਰਨ ਬਣਦੇ ਹਨ, ਤਾਂ ਕਦੀ ਪੈਸੇ ਦੇ ਕਾਰਨ। ਗ੍ਰਹਿਸਥੀ ਦੇ ਬਾਹਰ ਦਾ ਲੁਤਫ ਕਿਉਂ ਨਾ ਲਿਆ ਜਾਵੇ ਅਜਿਹੀ ਚੰਚਲਤਾ ਵੀ ਹੁੰਦੀ ਹੈ। ਜੇਕਰ ਮਾਤਾ ਪਿਤਾ ਦੇ ਵਿਆਹ ਬਾਹਰੇ ਸੰਬੰਧ ਹੋਣ, ਤਾਂ ਵਧੇਰੇ ਕਰਕੇ ਔਲਾਦ ਦੇ ਵੀ ਦਿਸ ਪੈਂਦੇ ਹਨ। ਸੰਜਮੀ ਅਤੇ ਸਹੀ ਮਿੱਤਰ-ਸਹੇਲੀ ਦੇ ਸੰਪਰਕ ਨਾਲ ਵੀ ਇਸ ਦੀ ਸ਼ੁਰੂਆਤ ਹੋ ਜਾਂਦੀ ਹੈ। ਆਯੋਗ ਲਾਇਫ ਪਾਰਟਨਰ, ਪਾਰਟਨਰ ਦੀ ਲਾਪਰਵਾਹੀ, ਇੱਛਾ ਬਗੈਰ ਹੋਏ ਵਿਆਹ ਤੋਂ ਵੀ ਵਿਅਕਤੀ ਅਜਿਹੇ ਸੰਬੰਧਾਂ ਦੇ ਵੱਲ ਝੁਕ ਜਾਂਦਾ ਹੈ।

ਸੈਕਸ ਸਟਰਵੇਸਨ, ਹਮੇਸ਼ਾਂ ਘਰ ਤੋਂ ਬਾਹਰ ਰਹਿਣਾ, 'ਅਸੀਂ ਵੀ ਕੁਝ ਘੱਟ ਨਹੀਂ' ਦੀ ਪ੍ਰਵਿਰਤੀ, ਇਕੱਲਾਪਨ, ਤਣਾਓ, ਮਨ ਦਾ ਖਿੰਡਿਆ ਹੋਣਾ ਆਦਿ ਗੱਲਾਂ ਦੇ ਕਾਰਨ ਵੀ ਵਿਆਹ ਬਾਹਰੇ ਸੰਬੰਧਾਂ ਦੇ ਲਈ ਮਨ ਤੇ ਸਰੀਰ ਉਤਾਵਲਾ ਹੋ ਜਾਂਦਾ ਹੈ। ਇਕ ਵਾਰ ਇਨ੍ਹਾਂ ਸਬੰਧਾਂ ਦਾ ਚਸਕਾ ਲੱਗ ਜਾਵੇ ਤਾਂ ਉਹ ਆਦਤ ਬਣ ਜਾਂਦੀ ਹੈ। ਕਦੇ ਕਦੇ ਇਸ ਲਈ ਵੀ ਇਹ ਸੰਬੰਧ ਰੱਖਣੇ ਪੈਂਦੇ ਹਨ ਕਿ ਮੋਹਰਲਾ ਬਲੈਕ ਮੇਲ ਨਾ ਕਰ ਸਕੇ। ਬੜੇ ਹੌਸਲੇ ਨਾਲ ਹੀ ਅਜਿਹੇ ਸਬੰਧ ਬਣੇ ਰਹਿੰਦੇ ਹਨ। ਥੀਏਟਰ, ਬਲਿਊ ਫਿਲਮਾਂ, ਅਸ਼ਲੀਲ ਗੱਪਸੱਪ ਤੇ ਅਸ਼ਲੀਲ ਸਾਹਿਤ ਪੜ੍ਹਨ ਨਾਲ ਇਨ੍ਹਾਂ ਸੰਬੰਧਾਂ ਨੂੰ ਉਤਸਾਹ ਮਿਲਦਾ ਹੈ। ਸਮਾਜਿਕ ਕਾਰਨਾ ਤੋਂ ਵੀ ਅਜਿਹੇ ਸੰਬੰਧਾਂ ਦਾ ਨਿਰਮਾਣ ਹੋ ਸਕਦਾ ਹੈ। ਸਾਬਕਾ ਪ੍ਰੇਮੀ ਮਿਲ ਜਾਣ ਤੇ ਵੀ ਸੰਬੰਧ ਫਿਰ ਤੋਂ ਆਰੰਭ ਹੋ ਜਾਂਦੇ ਹਨ।

ਕਦੀ ਕਦੀ ਜੀਵਨ ਵਿਚ ਇਕ ਔਰਤ ਦਾ ਇਕ ਮਰਦ ਨਾਲ ਐਨਾ ਨਿੱਘਾ ਪਿਆਰ ਹੋ ਜਾਂਦਾ ਹੈ ਕਿ ਉਸ ਦੇ ਚਲੇ ਜਾਣ ਤੋਂ ਬਾਅਦ ਉਸਦੀ ਦੂਜੇ ਮਰਦ ਦੇ ਲਈ ਕੋਈ ਇੱਛਾ ਹੀ ਨਹੀਂ ਜਾਗਦੀ। ਇਹ ਗੂੜਾ ਸਹਿਯੋਗ ਹੁੰਦਾ ਹੈ। ਪ੍ਰੰਤੂ ਅਜਿਹੀ ਥੋੜੀਆਂ ਔਰਤਾਂ ਹੁੰਦੀਆਂ ਹੋਣਗੀਆਂ? ਦਸ-ਵੀਹ-ਪੱਚੀ ਪ੍ਰੰਤੂ ਦੂਜੀਆਂ 70-80 ਦਾ ਕੀ ਬਣੇ?

ਔਲਾਦ ਦੇ ਲਈ ਔਰਤਾਂ ਅਜਿਹੇ ਸੰਬੰਧ ਬਣਾ ਲੈਂਦੀਆਂ ਹਨ। ਕਿਸੇ ਦੇ ਵੀ ਜੀਵਨ 'ਚ ਭਾਵਨਾਵਾਂ ਵਾਲੇ ਸੰਬੰਧ ਪੈਦਾ ਹੋ ਸਕਦੇ ਹਨ। ਮਿੱਤਰਤਾ ਤੇ ਪ੍ਰੇਮ ਨਾਲ ਵੀ ਅਜਿਹੇ ਸੰਬੰਧ ਬਣਦੇ ਹਨ, ਉਸੇ ਤਰ੍ਹਾਂ ਮਿੱਤਰ ਦੀ ਰਹਿਮ ਜਾਂ ਅਹਿਸਾਨ ਦੇ ਲਈ ਵੀ ਵਿਆਹ ਬਾਹਰੇ ਸੰਬੰਧ ਬਣ ਜਾਂਦੇ ਹਨ। ਨਵੇਂ ਅਨੁਭਵਾਂ ਦੀ ਖਿੱਚ, ਸ਼ਿੰਗਾਰਹੀਣ ਕਾਮ ਜੀਵਨ, ਜੀਵਨ ਵਿਚ ਹੋਰ ਰੋਕਾ, ਯੋਨ ਸੁੱਖ ਦੀ ਰੁਮਾਂਟਿਕ ਕਲਪਨਾ ਆਦਿ ਨਾਲ ਯੋਗ ਭੁੱਖ ਆਪੇ ਤੋਂ ਬਾਹਰ ਹੋ ਜਾਂਦੀ ਹੈ। ਵੱਧਦਾ ਸ਼ਹਿਰੀਕਰਨ, ਥਾਂ ਦੀ ਘਾਟ, ਸਾਂਝੇ ਪਰਿਵਾਰ ਦਾ ਹੋਣਾ, ਹਰ ਰੋਜ ਮਿਲਣ ਵਾਲਾ ਘੱਟ ਸਮਾਂ, ਹਰ ਰੋਜ ਦੇ ਜੀਵਨ ਵਿਚ ਜੀਵਨ ਸਾਥੀ ਦਾ ਵਧੇਰੇ ਹੋਰ ਵਿਅਕਤੀਆਂ ਨਾਲ ਮਿਲਣਾ ਜੁਲਣਾ ਆਦਿ ਮਹੱਤਵਪੂਰਨ ਕਾਰਨ ਹੁੰਦੇ ਹਨ। ਅੱਜ ਦੇ ਸਮੇਂ ਵਿਚ ਪਿਕਨਿਕ, ਪਾਰਟੀਆਂ, ਪੇਟਿੰਗ, ਡੇਟਿੰਗ ਦਾ ਰੁਝਾਨ ਵਧਿਆ ਹੈ। ਪਰਿਵਾਰ ਨਿਯੋਜਨ ਦੀ ਸਹੂਲਤ,

ਲੱਜਾ ਤੇ ਇਕੱਲਤਾ ਦੀ ਸਹੂਲਤ, ਸਮਾਜ ਦੀ ਖੁੱਲੀ ਨੀਤੀ ਅਤੇ ਭਾਰਤੀ ਔਰਤ ਵਿਚ ਤੇਜੀ ਨਾਲ ਹੋਣ ਵਾਲੀ ਤਬਦੀਲੀ ਆਦਿ ਨੂੰ ਵੀ ਨਜ਼ਰ ਅੰਦਾਜ਼ ਨਹੀਂ ਕੀਤੀ ਜਾ ਸਕਦਾ।

ਇਹ ਸਹੀ ਹੈ ਕਿ ਵਿਆਹ ਦੇ ਕੁਝ ਹੀ ਸਮੇਂ ਬਾਅਦ ਵਿਆਹੁਤਾ ਜੀਵਨ 'ਚ ਖੜੋਤ ਜਿਹੀ ਆ ਜਾਂਦੀ ਹੈ ਅਤੇ ਜੀਵਨ ਸਾਥੀ ਦੀਆਂ ਕਮਜ਼ੋਰੀਆਂ ਅਤੇ ਦੋਸ਼ ਸਪੱਸ਼ਟ ਨਜ਼ਰ ਆਉਣ ਲੱਗਦੇ ਹਨ।ਉਦੋਂ ਅਜਿਹੇ ਉਚਾਟ ਮਨ ਦੇ ਲਈ ਵੀ ਅਜਿਹੇ ਸੰਬੰਧਾਂ ਨੂੰ ਸਵੀਕਾਰ ਕਰਨ ਨੂੰ ਮਨ ਕਰਦਾ ਹੈ।ਜਦੋਂ ਹਾਲਾਤਾਂ ਦੇ ਅਨੁਕੂਲ ਸਮੱਸਿਆਵਾਂ ਅਤੇ ਭਾਵਨਾਤਮਿਕ ਸਰੀਰਕ ਅਤੇ ਆਰਥਿਕ ਕਾਰਨ ਕਰਕੇ ਤਲਾਕ ਨਹੀਂ ਹੋ ਸਕਦਾ ਤਾਂ ਸਮਝੌਤੇ ਦੇ ਤੌਰ ਤੇ ਵਿਆਹ ਬਾਹਰੇ ਸੰਬੰਧ ਹੋ ਜਾਂਦੇ ਹਨ।ਔਰਤਾਂ ਦੀ ਅਜਿਹੀ ਲੋੜ ਨੂੰ ਗਲਤ ਨਾ ਮੰਨਣ ਦੀ ਲਾਪਰਵਾਹੀ ਤਾਂ ਸਾਨੂੰ ਜਾਨਣੀ ਹੀ ਚਾਹੀਦੀ ਹੈ।

ਜਵਾਨੀ ਦੇ ਸਮੇਂ ਦੀ ਬੇਚੈਨੀ, ਮੁੜ ਮਿਲਣ ਦੀ ਭਾਵਨਾ ਤੋਂ ਅਜਿਹੇ ਸੰਬੰਧਾਂ ਦਾ ਹੋਣਾ ਆਰੰਭ ਹੋ ਜਾਂਦਾ ਹੈ। ਸਿੱਖਿਆ, ਨੌਕਰੀ, ਜੇਲ, ਕੰਮ ਕਾਰ, ਰਾਜਨੀਤੀ, ਸਮਾਜਸੇਵਾ ਦੇ ਕਾਰਨ ਕਰਕੇ ਘਰੋਂ ਬਾਹਰ ਰਹਿਣਾ ਅਤੇ ਦੂਜਿਆਂ ਦੇ ਸੰਪਰਕ ਵਿਚ ਰਹਿਣਾ ਜ਼ਰੂਰੀ ਹੋ ਜਾਂਦੇ ਹਨ।ਆਪਣੇ ਆਪ ਨੂੰ ਖਿੱਚਣ ਵਾਲੇ ਵਿਅਕਤੀ ਦੀ ਲਗਾਤਾਰ ਨੇੜਤਾ ਅਤੇ ਵੱਡੇ ਅਧਿਕਾਰੀ ਦੀ ਮਿਹਰਬਾਨੀ ਪ੍ਰਾਪਤ ਕਰਨ ਦੇ ਲਈ ਵੀ, ਵਿਆਹ ਬਾਹਰੇ ਸੰਬੰਧ ਬਣ ਸਕਦੇ ਹਨ।

ਕੰਮ ਕਰਨ ਲਈ ਦੂਜੇ ਪਿੰਡ ਜਾਣਾ, ਲੰਮੇ ਸਮੇਂ ਤੱਕ ਉਥੇ ਰਹਿਣਾ ਆਦਿ ਕਰਕੇ ਵੀ ਵਿਆਹ ਬਾਹਰੇ ਸੰਬੰਧ ਬਣਦੇ ਹਨ।ਉਸੇ ਪ੍ਰਕਾਰ ਪਤਨੀ ਦੀ ਨਜ਼ਰ ਅੰਦਾਜੀ ਨਾਲ ਵੀ ਸੰਬੰਧ ਬਣਦੇ ਹਨ।ਚੌਦਾ-ਪੰਦਰਾਂ ਸਾਲਾਂ ਦੀ ਉਮਰ ਹੋਣ ਤੱਕ ਮਹੀਨਾ ਆਉਣ ਲੱਗ ਪੈਂਦਾ ਹੈ।25 ਤੋਂ 30 ਸਾਲ ਤੱਕ ਵਿਆਹ ਨਾ ਹੋਣ ਤੱਕ ਉਸ ਦੇ ਲਈ ਸੰਜਮ ਵਰਤਣਾ ਕਠਿਨ ਹੋ ਜਾਂਦਾ ਹੈ।ਰੰਡੇਪਾ, ਕੁਆਰਾ ਜੀਵਨ ਅਤੇ ਜੀਵਨ ਸਾਥੀ ਦਾ ਲਗਾਤਾਰ ਬੀਮਾਰ ਹੋਣਾ ਆਦਿ ਵੀ ਸਬੰਧ ਬਣਾਉਣ ਦਾ ਕਾਰਨ ਬਣ ਜਾਂਦੇ ਹਨ।ਕੇਵਲ ਸਰੀਰਕ ਸੁੱਖ ਦੇ ਲਈ ਨੇੜੇ ਆਏ ਔਰਤ ਮਰਦ ਵਧੇਰੇ ਸਮੇਂ ਤੱਕ ਇਕ ਸਾਥ ਨਹੀਂ ਰਹਿ ਸਕਦੇ।ਮਿੱਤਰਤਾ, ਪ੍ਰੇਮ ਅਤੇ ਭਾਵਨਾਤਮਕ ਬੌਧਿਕ ਅਤੇ ਮਾਨਸਿਕ ਜ਼ਰੂਰਤ ਕਰਕੇ ਵਿਆਹ ਬਾਹਰੇ ਸੰਬੰਧ ਵਧਦੇ ਹਨ।ਅਜਿਹੇ ਸੰਬੰਧ ਜੀਵਨ ਨੂੰ ਨਵਾਂ ਮੋੜ ਦਿੰਦੇ ਹਨ।ਵਧੇਰੇ ਕਰਕੇ ਅਜਿਹੇ ਸੰਬੰਧਾਂ ਦਾ ਅੰਤ ਸੰਭੋਗ ਨਾਲ ਹੁੰਦਾ ਹੈ, ਅਜਿਹਾ ਵੀ ਨਹੀਂ ਕਿਹਾ ਜਾ ਸਕਦਾ।ਪ੍ਰੰਤੂ ਅਜਿਹਾ ਸੰਬੰਧਾਂ ਦੇ ਕੇਂਦਰ ਵਿਚ ਕਾਮ-ਭਾਵਨਾ ਹੁੰਦੀ ਹੈ।

ਔਰਤ ਮੁਕਤੀ ਅੰਦੋਲਨ, ਨਵੇਂ ਵਿਚਾਰ, ਯੌਨ ਸੰਬੰਧਾਂ ਉੱਤੇ ਬਹਿਸ, ਅਧਿਕਾਰ ਦੀ ਭਾਸ਼ਾ, ਅਨਿਆ-ਅਤਿਆਚਾਰ ਦਾ ਅਹਿਸਾਸ ਅਤੇ ਔਰਤ ਦਾ ਸਾਰੇ ਖੇਤਰਾਂ 'ਚ ਪ੍ਰਵੇਸ਼ ਦੇ ਕਾਰਨ, ਅੱਜ ਔਰਤ 'ਚੁੱਲਾ ਅਤੇ ਬੱਚੇ' ਦੀ ਸੀਮਾ ਤੋਂ ਬਾਹਰ ਨਿਕਲ ਆਈ ਹੈ।'ਮੇਰੇ ਸਰੀਰ ਉੱਤੇ ਮੇਰਾ ਅਧਿਕਾਰ ਹੈ' ਇਹ ਸੋਚ ਜੜ੍ਹ ਫੜ ਚੁੱਕੀ ਹੈ।ਔਰਤ ਖੁਦ ਨੂੰ ਮਨੁੱਖ ਦੇ ਰੂਪ ਵਿਚ ਦੇਖਣ ਲੱਗੀ ਹੈ।ਖੁਦ ਨੂੰ ਸਵਾਲ ਕਰਨ ਲੱਗੀ ਹੈ।ਉਸ ਨੇ ਖੁਦ ਨੂੰ ਮਰਦ ਦੇ ਭੋਗਣ ਵਾਲੀ ਵਸਤੂ ਦੇ ਰੂਪ ਵਿਚ ਦੇਖਣਾ ਛੱਡ ਦਿੱਤਾ ਹੈ।ਸਰੀਰਕ ਪਵਿੱਤਰਤਾ ਦੀ ਰਵਾਇਤੀ ਕਲਪਨਾ ਤੋਂ ਉਹ ਮੁਕਤ ਹੋਣਾ ਚਾਹੁੰਦੀ ਹੈ।

ਕਾਰਨ ਕੁਝ ਵੀ ਹੋਣ 'ਜੈਵਿਕ ਖਿੱਚ' ਅਤੇ ਕਿਸੇ ਵਿਚ ਉਲਝਣਾ ਮਾਨਸਿਕ ਜ਼ਰੂਰਤ ਹੈ।ਜੈਵਿਕ ਭਾਵਨਾ ਤੀਬਰ ਹੁੰਦੀ ਹੈ।ਉਸ ਨੂੰ ਦਬਾ ਕੇ ਨਹੀਂ ਰੱਖਿਆ ਜਾ ਸਕਦਾ।ਇਸ ਲਈ ਵਿਆਹ ਬਾਹਰੇ ਸੰਬੰਧ ਅਨੈਤਿਕ ਹੁੰਦੇ ਹੋਏ ਵੀ ਠੀਕ ਲੱਗਦੇ ਹਨ।ਇਸ ਤਰ੍ਹਾਂ ਦੇ ਸੰਬੰਧ ਰੱਖਣਾ ਮਨੁੱਖ ਦਾ ਸੁਭਾਵਿਕ ਗੁਣ ਹੈ।ਹਾਂ ਵੱਖ ਵੱਖ ਔਰਤਾਂ ਮਰਦਾਂ ਨਾਲ ਸੰਬੰਧ ਹੋਣ ਤੇ ਵਧੇਰੇ ਸੁਚੇਤ ਹੋਣ ਦੀ ਲੋੜ ਹੈ।

'ਇਕ ਪਤੀ' ਜਾਂ 'ਇਕ ਪਤਨੀ' ਵਿਆਹ ਨਿਯਮ ਅਚਾਨਿਕ ਹੋਂਦ ਵਿਚ ਨਹੀਂ ਆਇਆ।ਸਮੇਂ ਸਮੇਂ ਉੱਤੇ ਸਮੂਹਿਕ ਲਿੰਗਕ ਸੰਬੰਧਾਂ ਉੱਤੇ ਪਾਬੰਧੀ ਲਾਗੂ ਕਰਨ ਦੇ ਕਾਰਨ ਵਿਆਹ ਸੰਸਥਾ ਹੋਂਦ ਵਿਚ ਆਈ ਹੈ।ਵਿਆਹ ਸੰਸਥਾ ਦੇ ਬਰਾਬਰ ਲਿੰਗਕ ਵਿਹਾਰ ਕਾਰਨ ਵੇਸਵਾ ਪ੍ਰਵਿਰਤੀ ਅਤੇ ਆਨੈਤਿਕਤਾ ਦੀ ਵੀ ਛੋਟ ਦਿੱਤੀ ਗਈ ਹੈ।

ਜੈਵਿਕ ਭਾਵਨਾ, ਹਲਾਤ ਅਤੇ ਪੈਸੇ ਦੇ ਕਾਰਨ ਆਨੈਤਿਕਤਾ ਆਰੰਭ ਹੁੰਦੀ ਹੈ।ਇਸ ਦੇ ਲਈ ਮੌਕਾ ਹੀ ਮਿਲਣਾ ਮਹੱਤਵਪੂਰਨ ਹੁੰਦਾ ਹੈ।ਅਨੇਕਾ ਵਿਆਹੇ ਵਿਅਕਤੀਆਂ ਨੂੰ ਮੌਕਾ ਹੀ ਨਹੀਂ ਮਿਲਦਾ, ਇਸ



ਲਈ ਉਹ ਉੱਚੇ ਆਚਰਣ ਦਾ ਜੀਵਨ ਜੀਉਂਦੇ ਹਨ।ਅਜਿਹੇ ਸਾਰਿਆਂ ਦੇ ਵਿਆਹ ਬਾਹਰੇ ਸੰਬੰਧ ਨਹੀਂ ਹੁੰਦੇ।ਵਿਅਕਤੀ ਦਾ ਸੁਭਾਅ, ਸੰਸਕਾਰ, ਪਰਿਵਾਰ ਦਾ ਮਾਹੌਲ ਅਤੇ ਸਮਾਜ ਦੇ ਪ੍ਰਭਾਵ ਦੇ ਕਾਰਨ, ਮੌਕਾ ਮਿਲਣ ਤੇ ਵੀ ਵਿਆਹ ਬਾਹਰੇ ਸੰਬੰਧ ਨਹੀਂ ਬਣਦੇ।ਵਿਆਹ ਬਾਹਰੇ ਸੰਬੰਧਾਂ ਵਿਚ ਚਕਲਿਆ 'ਚ ਕੇਵਲ ਯੌਨ ਸੁੱਖ ਹੀ ਅਹਿਮ ਹੁੰਦਾ ਹੈ, ਪਤੀ ਪਤਨੀ ਦੇ ਸੰਬੰਧ ਵਿਚ ਅਜਿਹਾ ਨਹੀਂ ਹੁੰਦਾ। ਉਹ ਸੁੱਖ ਅਤੇ ਪ੍ਰਸੰਨਤਾ ਦੇ ਨਾਲ ਜੀਵਨ ਦੇ ਸਵਾਲਾਂ ਨਾਲ ਖਹਿਦੇ ਹਨ।

ਅੱਜ ਦੇ ਵਿਆਹ ਬਾਹਰੇ ਸੰਬੰਧਾਂ ਦਾ ਰੂਪ, ਅੱਜ ਤੋਂ ਪਹਿਲਾਂ ਦੇ ਸੰਬੰਧਾਂ ਤੋਂ ਭਿੰਨ ਹੈ।ਪ੍ਰਾਚੀਨ ਸਮੇਂ ਵਿਚ ਇਹ ਸੰਬੰਧ ਕਾਮ ਭਾਵਨਾ ਅਤੇ ਔਲਾਦ ਦੇ ਲਈ ਹੁੰਦੇ ਸਨ।ਰਾਜੇ ਮਹਾਰਾਜੇ ਦੇ ਕਾਲ ਵਿਚ ਅਜਿਹੇ ਸੰਬੰਧਾਂ ਨੂੰ ਸਨਮਾਨ ਦੀ ਦ੍ਰਿਸ਼ਟੀ ਨਾਲ ਦੇਖਿਆ ਜਾਂਦਾ ਸੀ।ਪ੍ਰੰਤੂ ਅੱਜ ਦੇ ਸ਼ਹਿਰੀ ਅਤੇ ਪੇਂਡੂ ਸਮਾਜ ਵਿਚ ਇਹ ਵਿਆਹ ਬਾਹਰੇ ਸੰਬੰਧ ਵਧੇਰੇ ਕਰਕੇ ਸ਼ੋਸ਼ਣ ਉੱਤੇ ਅਧਾਰਿਤ ਹਨ।ਔਰਤਾਂ ਦਾ ਇਥੇ ਸਤਿਕਾਰ ਨਹੀਂ ਬਲਕਿ ਜਬਰਦਸਤੀ ਭੋਗ ਹੈ।ਮੱਧਵਰਗੀ ਔਰਤ ਦੇ ਅਜਿਹੇ ਸੰਬੰਧ 'ਮਿੱਤਰਤਾ' ਜਾਂ 'ਸਹਿਮਤੀ' ਉੱਤੇ ਬਣਦੇ ਹਨ।ਜਿਨ੍ਹਾਂ ਨੂੰ ਜਦੋਂ ਚਾਹੇ ਤੋੜਿਆ ਜਾਂ ਜੋੜਿਆ ਜਾ ਸਕਦਾ ਹੈ।ਕੁਝ ਔਰਤਾਂ ਇਸ ਲਈ ਵੀ ਸਬੰਧ ਬਣਾਉਂਦੀਆਂ ਹਨ ਕਿ ਚਾਰ ਪੈਸੇ ਮਿਲਣਗੇ ਤੇ ਉਹ ਐਸ਼ ਕਰਨਗੀਆਂ।"ਉੱਚ ਜਾਤੀ ਦੀਆਂ ਅਤੇ ਅਮੀਰ ਖਾਨਦਾਨ ਦੀਆਂ ਔਰਤਾਂ ਓਪਰੇ ਮਨ ਤੋਂ ਸਮਾਜਿਕ ਵਿਵਸਥਾ ਨੂੰ ਬੜੇ ਅਦਬ ਨਾਲ ਸਵੀਕਾਰ ਕਰਦੀਆਂ ਹਨ ਪਰ ਅੰਦਰੋਂ ਦਰੋਪਦੀ ਬਣ ਜਾਂਦੀਆਂ ਹਨ।" [19]

## ਲਿੰਗਕ ਸੰਬੰਧ ਅਤੇ ਯੌਨ ਸੁੱਚਮਤਾ :

ਵਿਆਹ ਬਾਹਰੇ ਸੰਬੰਧ ਹੋਣ ਜਾਂ ਵਿਆਹੁਤਾ ਸੰਬੰਧ, ਦੋਹਾਂ 'ਚ ਮੁੱਖ ਸੰਭੋਗ ਹੀ ਹੁੰਦਾ ਹੈ।ਸੰਭੋਗ 'ਚ ਵੀ 'ਔਰਤ ਦੀ ਯੌਨੀ' ਵਧੇਰੇ ਮਹੱਤਵਪੂਰਨ ਮੰਨੀ ਜਾਂਦੀ ਹੈ।ਵਿਆਹੁਤਾ ਸੰਬੰਧਾਂ ਦਾ ਸੰਭੋਗ ਨੈਤਿਕ ਅਤੇ ਵਿਆਹ ਬਾਹਰੇ ਸੰਬੰਧ 'ਚ ਅਨੈਤਿਕ ਮੰਨਿਆ ਜਾਂਦਾ ਹੈ।

ਲਿੰਗਕ ਸੁੱਖ ਲਿੰਗ ਅਤੇ ਯੌਨੀ ਤੱਕ ਸੀਮਿਤ ਨਹੀਂ ਰਹੇ, ਤਾਂ ਫਿਰ ਉਹ ਮਾਨਸਿਕ ਤ੍ਰਿਪਤੀ ਦਾ ਅਨੁਭਵ ਦਿੰਦਾ ਹੈ।ਮਨ ਵਿਚ ਇੱਛਾ ਹੈ, ਨਿਗੁਣੀਆਂ ਯਾਦਾਂ ਨਾਲ ਵੀ ਕਾਮ ਭਾਵਨਾ ਭੜਕ ਜਾਂਦੀ ਹੈ। ਪ੍ਰੰਤੂ ਮਾਨਸਿਕ ਸਹਿਯੋਗ ਬਿਨਾ ਬਣਾਏ ਸੰਬੰਧ 'ਚ ਧੱਕੇ ਤੋਂ ਉਤਪਨ ਹੋਇਆ ਗੁੱਸਾ ਤੇ ਨਫ਼ਰਤ ਵੀ ਹੁੰਦੀ ਹੈ।ਸੰਭੋਗ ਦੋਹਾਂ ਵਿਚ ਹੁੰਦਾ ਹੈ।ਪ੍ਰੰਤੂ ਦੋਹਾਂ ਵਿਚ ਮਾਨਸਿਕ ਮਿਲਾਪ ਵਿਚ ਭੇਦ ਹੈ।ਪ੍ਰੇਮ, ਕਾਮ-ਹਰਕਤਾਂ, ਸਿੰਗਾਰ ਦੇ ਤਰੀਕੇ ਆਦਿ 'ਚ ਸੰਭੋਗ ਸੁੱਖ ਦਾ ਪੱਧਰ ਵਧਦਾ ਹੈ।ਦੋਹਾਂ ਦਾ ਇਕ ਦੂਜੇ ਪ੍ਰਤੀ ਸੰਨੇਹ, ਇਕ ਦੂਜੇ ਨੂੰ ਖੁਸ਼ ਰੱਖਣਾ, ਉਤੇਜਨਾ ਵਧਾਉਣਾ ਹੀ ਪ੍ਰੇਮ ਹੈ। ਇਹ ਸਾਰਾ ਕੁਝ ਸਹਿਜ ਰੂਪ ਵਿਚ ਚਲਣਾ ਚਾਹੀਦਾ ਹੈ।ਉਸ ਲਈ ਵਿਸ਼ੇਸ਼ ਯਤਨ ਕਰਨ ਦੀ ਲੋੜ ਨਹੀਂ।

ਯੋਨ ਪਲਾਂ ਵਿਚ ਪੈਦਾ ਹੋਣ ਵਾਲੀ ਕਾਮ ਸ਼ਕਤੀ ਜਦੋਂ ਟੀਸੀ 'ਤੇ ਪਹੁੰਚ ਜਾਂਦੀ ਹੈ ਤਾਂ, ਸਰੀਰ ਹਵਾ ਵਿਚ ਉੜਨ ਲੱਗਦਾ ਹੈ।ਅਜਿਹੇ ਪਲਾਂ ਵਿਚ ਮਨ ਆਪਾ ਖੋਹ ਬੈਠਦਾ ਹੈ।ਕਦੇ ਕਦੇ ਮਰਦ ਪਹਿਲਾਂ ਹੀ ਖ਼ਲਾਸ ਹੋ ਜਾਂਦਾ ਹੈ ਔਰਤ ਪਿਆਸੀ ਰਹਿ ਜਾਂਦੀ ਹੈ, ਮਰਦ ਵਿਚ ਇਸ ਲੱਗ ਨੂੰ ਲੈ ਕੇ ਘਬਰਾਹਟ ਰਹਿੰਦੀ ਹੈ ਔਰਤ ਨੂੰ ਦੇਹ ਸੁੱਖ ਪੂਰੀ ਤਰ੍ਹਾਂ ਮਿਲ ਸਕਿਆ ਜਾਂ ਨਹੀਂ।ਇਨ੍ਹਾਂ ਪਲਾਂ ਵਿਚ ਮਾਹਰ ਹੋਣ ਤੇ ਸਿਆਣਪ ਦੀ ਲੋੜ ਹੁੰਦੀ ਹੈ।

ਖ਼ਲਾਸ ਉਪਰੰਤ ਮਰਦ ਦਾ ਜੋਸ਼ ਖਤਮ ਹੋਣ ਲੱਗਦਾ ਹੈ ਪ੍ਰੰਤੂ ਔਰਤ ਖ਼ਲਾਸ ਹੋਈ ਹੋਵੇਗੀ ਇਹ ਜ਼ਰੂਰੀ ਨਹੀਂ। ਇਸੇ ਕਰਕੇ ਇਹ ਧਾਰਨਾ ਦਾ ਜਨਮ ਹੋਇਆ ਕਿ ਔਰਤ ਵਿਚ ਕਾਮ ਵਾਸ਼ਨਾ ਵਧੇਰੇ ਹੈ। ਇਸੇ ਕਰਕੇ ਔਰਤ ਦੀ ਅਜ਼ਾਦੀ ਉੱਤੇ ਪਬੰਦੀ ਲਗਾਈ ਗਈ। 'ਔਰਤ 'ਚ ਕਾਮ ਦਾ ਜਾਗਣਾ ਪਾਪ ਹੈ।' ਵਰਗੀਆਂ ਧਾਰਨਾਵਾਂ ਥੋਪੀਆ ਗਈਆਂ।"[20]

ਜੀਵਨ ਵਿਚ ਜੇਕਰ ਮਰਦ ਔਰਤ ਕਾਮ ਭਾਵਨਾ ਵਿਚ ਅਤ੍ਰਿਪਤ ਰਹਿੰਦੇ ਹਨ ਤਾਂ ਉਨ੍ਹਾਂ ਨੇ ਇਹ ਨਿਰਣਾ ਲੈਣਾ ਹੈ ਕਿ ਵਾਸਨਾ ਅਹਿਮ ਹੈ ਜਾਂ ਪਰਿਵਾਰ। ਮਨ ਦੀ ਭਾਵਨਾ ਅਹਿਮ ਹੈ ਜਾਂ ਸੰਸਕਾਰ। ਤ੍ਰਿਪਤੀ ਜਾਂ ਘਰੇਲੂ ਸੁੱਖ।ਇਹ ਹਰ ਇਕ ਦੇ ਸੁਭਾਅ ਤੇ ਰੁਚੀ ਦਾ ਸਵਾਲ ਹੈ।ਇਥੇ ਕਿਸੇ ਉਪਦੇਸ ਦੀ ਲੋੜ

ਨਹੀਂ ਪੈਂਦੀ।

ਕੁਝ ਔਰਤਾਂ ਚਤੁਰ ਤੇ ਹਰ ਪਹਿਲੂ ਤੋਂ ਸਿਆਣੀਆਂ ਹੁੰਦੀਆਂ ਹਨ। ਉਹ ਮਰਦ ਨੂੰ ਮੂਰਖ ਬਣਾ ਕੇ ਹਰ ਇੱਛਾ ਦੀ ਪੂਰਤੀ ਕਰ ਲੈਂਦੀਆਂ ਹਨ। ਜਵਾਨ ਤੇ ਬੇਬਾਕ ਚਰਿਤਰ ਵਾਲੀ ਲੜਕੀ ਦੇ ਨੇੜੇ ਤੇੜੇ ਅਵਾਰਾ ਲੋਕਾਂ ਦੀ ਭੀੜ ਰਹਿੰਦੀ ਹੈ। ਅਜਿਹੀ ਔਰਤ ਇਕ ਨਾਲ ਬੱਝ ਕੇ ਨਹੀਂ ਰਹਿੰਦੀ। 'ਉਹ ਪ੍ਰੇਮ' ਸ਼ਬਦ ਦੀ ਖਿੱਲੀ ਉਡਾਉਂਦੀ ਹੈ। ਅਨੇਕ ਮਰਦਾਂ ਨਾਲ ਸਾਉਣ ਦਾ ਉਸ ਨੂੰ ਚਸਕਾ ਹੁੰਦਾ ਹੈ। ਦੇਹ ਸੁੱਖ ਤੇ ਮਾਨਸਿਕ ਸੁੱਖ ਤੋਂ ਅਭਿੱਜ ਰਹਿੰਦੀ ਹੈ। ਅਜਿਹੀ ਔਰਤ ਪ੍ਰੇਮ ਨਹੀਂ ਕਰ ਸਕਦੀ। ਅਜਿਹੀ ਚੰਚਲ ਔਰਤ ਵਲੋਂ ਲਾਭ ਹਰ ਮਰਦ ਉਠਾਉਂਦਾ ਹੈ। ਇਕ ਦਿਨ ਉਹਨੂੰ ਮਹਿਸੂਸ ਹੁੰਦਾ ਹੈ ਕਿ ਉਹ ਭੋਗਦਾਸੀ ਬਣ ਗਈ ਹੈ, ਉਦੋਂ ਉਹਨੂੰ ਆਪਣੇ ਸਰੀਰ ਨਾਲ ਨਫ਼ਰਤ ਹੋਣ ਲੱਗਦੀ ਹੈ। ਮਰਦ ਦੇ ਲਈ ਉਸਦੇ ਮਨ ਵਿਚ ਬਹੁਤ ਨਫ਼ਰਤ ਪੈਦਾ ਹੋ ਜਾਂਦੀ ਹੈ

ਬਿਨਾ ਕਿਸੇ ਦਬਾਅ ਤੇ ਸਹਿਮਤੀ ਨਾਲ ਕੀਤਾ ਸੰਭੋਗ ਦੋਹਾਂ ਨੂੰ ਮਾਨਸਿਕ ਤੇ ਸਰੀਰਕ ਆਨੰਦ ਮਿਲਦਾ ਹੈ। ਖੁਦ ਨੂੰ ਮਿਲਣ ਵਾਲੇ ਆਨੰਦ ਤੋਂ ਵੱਧ ਸਹਿਯੋਗੀ ਨੂੰ ਮਿਲਣ ਵਾਲੇ ਆਨੰਦ ਦੀ ਚਿੰਤਾ ਵਧੇਰੇ ਰਹਿੰਦੀ ਹੈ। ਉਹ ਸੰਭੋਗ ਉਤਮ ਹੁੰਦਾ ਹੈ ਇਹ ਭਾਵੇਂ ਵਿਆਹ ਦਾ ਹੋਵੇ ਜਾਂ ਵਿਆਹ ਬਾਹਰਾ। ਸੰਭੋਗ ਦੇ ਲਈ ਸਵੀਕਾਰੇ ਗਏ ਮਰਦ ਦਾ ਕਿਸੇ ਵੀ ਹਾਲਤ 'ਚ ਬੇਇੱਜਤੀ ਨਾ ਕਰਨੀ, ਉਸ ਦੇ ਮਨ ਵਿਚ ਸਤਿਕਾਰ ਹੋਣਾ ਅਤੇ ਬਿਨਾ ਕਿਸੇ ਮਾੜੀ ਭਾਵਨਾ ਦੇ ਸਭ ਕੁਝ ਸਮਰਪਤ ਕਰ ਦੇਣਾ ਹੀ ਉਤਮ ਸੰਭੋਗ ਦੀ ਕੜੀ ਹੁੰਦੀ ਹੈ। ਇਕ ਦੂਜੇ ਦੀ ਉਮਰ, ਰਿਸ਼ਤਾ, ਸੰਸਕਾਰ, ਰੁਤਬਾ, ਸੁਭਾਅ, ਇਕ ਦੂਜੇ ਦੀਆਂ ਸਮਾਜਿਕ, ਆਰਥਿਕ, ਮਾਨਸਿਕ, ਕੰਮ ਅਤੇ ਨੈਤਿਕ ਦੂਰੀਆਂ ਆਦਿ ਕੇ ਕਾਰਨ ਸੰਭੋਗ ਦਾ ਆਨੰਦ ਪ੍ਰਭਾਵਿਤ ਹੁੰਦਾ ਹੈ। ਵਪਾਰ ਦੀ ਦ੍ਰਿਸ਼ਟੀ ਨਾਲ ਸਰੀਰ ਤਾਂ ਮਿਲ ਜਾਂਦਾ ਹੈ ਅਤੇ ਵਾਸ਼ਨਾ ਦੀ ਤ੍ਰਿਪਤੀ ਵੀ ਹੋ ਜਾਂਦੀ ਹੈ ਪਰ ਮਨ ਨਹੀਂ ਮਿਲਦਾ।

**ਦੇਵਦਾਸੀ, ਵੇਸਵਾ ਅਤੇ ਰਖ਼ੇਲ :**

ਧਰਮ ਦੇ ਨਾਂ ਤੇ ਰੱਬ ਨੂੰ ਸਮਰਪਤ ਕਰਕੇ ਜਿਨ੍ਹਾਂ ਕੁੜੀਆਂ ਦਾ ਰੱਬ ਨਾਲ ਵਿਆਹ ਕਰਵਾਇਆ ਜਾਂਦਾ ਹੈ ਉਹ 'ਦੇਵਦਾਸੀਆਂ' ਕਹਾਉਂਦੀਆਂ ਹਨ। ਪਰੋਹਿਤ ਤੋਂ ਲੈ ਕੇ ਭਗਤ ਤੱਕ ਸਾਰਿਆ ਦੀ ਕਾਮ ਵਾਸਨਾ ਦੀ ਪੂਰਤੀ ਇਨ੍ਹਾਂ ਦੇਵ ਦਾਸੀਆਂ ਕੋਲੋਂ ਹੁੰਦੀ ਹੈ। ਇਹ ਔਰਤਾਂ ਪਿਛੜੀਆਂ ਜਾਤੀਆਂ ਦੀਆਂ ਹੁੰਦੀਆਂ ਹਨ। ਦੇਵਦਾਸੀਆਂ ਦੇ ਨਾਂ ਤੇ ਇਹ ਭੋਗਦਾਸੀਆਂ ਬਣ ਜਾਂਦੀਆਂ ਹਨ।

ਅੱਜ ਹਰ ਸ਼ਹਿਰ ਵਿਚ ਚਕਲਾ ਹੈ। ਇਸ ਕਿੱਤੇ ਵਿਚ ਵਧੇਰੇ ਕਰਕੇ ਪੱਛੜੀਆਂ ਜਾਤੀਆਂ ਦੀਆਂ ਔਰਤਾਂ ਹੁੰਦੀਆਂ ਹਨ। ਜਿਨ੍ਹਾਂ ਨੂੰ ਧੋਖੇ ਨਾਲ ਜਾਂ ਜਬਰਦਸਤੀ ਇਸ ਕਿੱਤੇ ਵਿਚ ਧਕੇਲ ਦਿੱਤਾ ਜਾਂਦਾ ਹੈ। ਭੂਮੀਹੀਣ ਮਜਦੂਰ, ਆਦਿਵਾਸੀ ਅਤੇ ਦਲਿਤ ਔਰਤਾਂ ਦੀ ਹਾਲਤ ਚਿੰਤਾਜਨਕ ਹੈ। ਜ਼ਿੰਮੀਦਾਰ ਪਟੇਲ, ਸਰਪੰਚ ਆਦਿ ਗਰੀਬ ਔਰਤਾਂ ਨੂੰ ਲੁੱਟਦੇ ਹਨ। ਟੱਪਰੀਵਾਸੀ ਔਰਤ ਦੀ ਤ੍ਰਾਸਦੀ ਇਸ ਨਾਲੋਂ ਵੀ ਵਧੇਰੇ ਹੈ। ਖੇਤ ਵਿਚ ਮਾਲਕ ਬਲਾਤਕਾਰ ਕਰਦਾ ਹੈ ਤੇ ਠਾਣੇ ਵਿਚ ਪੁਲਿਸ। ਇਸ ਹਾਲਤ ਵਿਚ ਸ਼ਿਕਾਇਤ ਕਿਸ ਨੂੰ ਕਰੇ? ਮੇਰੀ ਬੇਟੀ ਨੂੰ ਆਪ ਨੇ ਭੋਗਿਆ ਹੈ-ਇਸ ਲਈ ਆਪ ਉਸ ਨੂੰ ਪਤਨੀ ਦੇ ਰੂਪ ਵਿਚ ਘਰ ਰੱਖੋ- ਕਹਿਣ ਵਾਲੇ ਗਵਰਈ ਜੋੜੇ ਦੀਆਂ ਅੱਖਾਂ ਕੱਢ ਲਈਆਂ ਜਾਂਦੀਆਂ ਹਨ।

"ਜਿਸ ਦੇ ਕੋਲ ਧਰਮ ਅਧਾਰਤ ਜਾਤ ਦੀ ਉੱਚਤਾ ਦੀ ਸੱਤਾ ਜਾਂ ਪਿਤਾ ਦੀ ਜਾਇਦਾਤ ਹੈ, ਉਨ੍ਹਾਂ ਨੇ ਇੱਜਤ ਨਾਲ ਖਿਲਵਾੜ ਕੀਤੀ। ਪਿੰਡ ਦੇ ਜ਼ਿੰਮੀਦਾਰ ਅਤੇ ਪਟੇਲ ਨੇ ਭੂਮੀਹੀਣ ਮਜਦੂਰ ਦਲਿਤਾਂ ਦੀਆਂ ਪਤਨੀਆਂ ਦੀ 'ਰਾਂਡ' ਦੇ ਵਾਂਗ ਵਰਤੋ ਕੀਤੀ। ਗਰੀਬ ਦੀਆਂ ਜਵਾਬ ਲੜਕੀਆਂ ਇਨ੍ਹਾਂ ਦੀ ਕਾਮ ਵਾਸਨਾ ਦੀਆਂ ਸ਼ਿਕਾਰ ਹੋ ਜਾਂਦੀਆਂ ਹਨ। ਪਟੇਲ ਵਲੋਂ ਭੋਗੀ ਗਈ ਔਰਤ ਦੀ ਇਕ ਜਾਇਦਾਤ ਵੀ ਵੱਖਰੀ ਹੁੰਦੀ ਹੈ। ਪਟੇਲ ਦੀ ਮਰਜ਼ੀ ਨਾਲ ਚੱਲਣ ਅਤੇ ਜੀਉਣ ਵਾਲੇ ਕੁਝ ਪਰਿਵਾਰ ਹੁੰਦੇ ਹਨ। ਪਟੇਲ ਦੀ ਰਹਿਮ ਉੱਤੇ, ਆਉਣ ਜਾਣ ਵਾਲੇ ਨੂੰ ਖੁਸ਼ ਕਰਕੇ ਜੀਉਣਾ ਬਦਲੇ ਵਿਚ ਪਰਿਵਾਰ ਨੂੰ ਕੀ ਮਿਲਦਾ ਹੈ?"[21] ਇਹ ਮੇਰੀ ਸਵੈ ਜੀਵਨੀ ਵਿਚੋਂ ਹੈ।

ਅੱਜ ਪਿੰਡਾਂ ਵਿਚ ਨੌਕਰੀ ਕਰਨ ਵਾਲੇ ਲਾਇਨਮੈਨ, ਪਟਵਾਰੀ, ਪੰਚਾਇਤ ਸਕੱਤਰ, ਡੰਗਰ ਡਾਕਟਰ,



ਅਧਿਆਪਕ, ਨਰਸ ਆਦਿ 'ਚ ਵਿਆਹ ਬਾਹਰੇ ਸੰਬੰਧ ਬਣ ਰਹੇ ਹਨ। ਗਰੀਬ ਕਿਸਾਨ, ਭੂਮੀਹੀਣ ਦਲਿਤ ਮਜਦੂਰਾਂ ਦੀ ਕੁਆਰੀਆਂ ਕੁੜੀਆਂ ਅਤੇ ਔਰਤਾਂ ਆਦਿ ਸਰਕਾਰੀ ਨੌਕਰੀ ਕਰਨ ਵਾਲਿਆਂ ਦੀਆਂ ਸ਼ਿਕਾਰ ਬਣ ਰਹੀਆਂ ਹਨ।

**ਵਿਆਹ ਬਾਹਰੇ ਸੰਬੰਧ- ਇਕ ਸਰਵੇਖਣ :**

ਅਜਿਹੇ ਸੰਬੰਧ ਬਣਾਉਣ ਵਾਲਿਆਂ ਨਾਲ ਗੱਲਬਾਤ ਕਰਨ ਦਾ ਮੌਕਾ ਮੈਨੂੰ ਮਿਲਿਆ। "ਇਕ ਵਾਰ ਤੁਹਾਨੂੰ ਲਾਇਫ ਪਾਰਟਨਰ ਦੀ ਚੋਣ ਕਰਨ ਦਾ ਮੌਕਾ ਮਿਲੇ ਤਾਂ ਤੁਸੀਂ ਪਤਨੀ ਦੀ ਚੋਣ ਕਰੋਗੇ ਜਾਂ ਪ੍ਰੇਮਕਾਂ ਦੀ?" ਇਸ ਸਵਾਲ ਦਾ ਉੱਤਰ ਵਧੇਰੇ ਲੋਕਾਂ ਨੇ 'ਪਤਨੀ' ਹੀ ਦਿੱਤਾ।

'ਪ੍ਰੇਮਕਾ ਪਤਨੀ ਹੋ ਹੀ ਨਹੀਂ ਸਕਦੀ, ਉਹ ਪ੍ਰੇਮਕਾ ਹੀ ਰਹੇ।" ਕਈਆਂ ਨੇ ਕਿਹਾ।

ਇਕ ਦੋ ਨੇ ਇਹ ਵੀ ਕਿਹਾ-'ਮੈਨੂੰ ਦੋਵੇਂ ਚਾਹੀਦੀਆਂ ਹਨ।"

ਕੇਵਲ ਇਕ ਨੇ ਪ੍ਰੇਮਕਾ ਨੂੰ ਪਤਨੀ ਦੇ ਰੂਪ ਵਿਚ ਸਵੀਕਾਰਨ ਦੀ ਇੱਛਾ ਪ੍ਰਗਟ ਕੀਤੀ।

ਪ੍ਰੰਤੂ ਇਨ੍ਹਾਂ ਸਾਰਿਆਂ ਨੇ ਕਿਹਾ ਕਿ ਉਹ ਆਪਣੀ ਪਤਨੀ ਦੇ ਵਿਆਹ ਬਾਹਰੇ ਸੰਬੰਧਾਂ ਨੂੰ ਸਵੀਕਾਰ ਨਹੀਂ ਕਰ ਸਕਦੇ। ਪਰ ਆਪਣੇ ਸੰਬੰਧਾਂ ਦੇ ਖਤਮ ਹੋਣ ਤੇ ਉਨ੍ਹਾਂ ਨੂੰ ਦੁੱਖ ਹੋਵੇਗਾ। ਉਨ੍ਹਾਂ ਨੇ ਇਹ ਵੀ ਮੰਨਿਆ ਕਿ ਕਦੀ ਕਦੀ ਇਨ੍ਹਾਂ ਸੰਬੰਧਾਂ ਬਾਰੇ ਆਪਣੇ ਆਪ ਨੂੰ ਦੋਸ਼ੀ ਦਾ ਅਹਿਸਾਸ ਵੀ ਹੁੰਦਾ ਹੈ।

ਕਈਆਂ ਨੇ ਇਹ ਕਿਹਾ-ਪਤਨੀ ਨੂੰ ਜਿਹੜੀ ਚੀਜ ਚਾਹੀਦੀ ਹੈ ਉਹ ਦਿੰਦੇ ਹਾਂ। ਉਹ ਜੇਕਰ ਠੀਕ ਨਹੀਂ ਰਹਿੰਦੀ, ਤਾਂ ਅਸੀਂ ਇਹ ਸਭ ਕੁਝ ਨਾ ਕਰਦੇ। ਉਸ ਵਿਚ ਖਿੱਚ ਨਹੀਂ ਰਹੀ।"

ਅਜਿਹੇ ਸੰਬੰਧ ਰੱਖਣ ਵਾਲਿਆਂ ਦਾ ਸਮਾਜਿਕ ਜੀਵਨ, ਸ਼ੱਕ, ਬੇਵਿਸ਼ਵਾਸ ਡਗਮਗਾ ਜਾਂਦਾ ਹੈ। ਇਸ ਕਾਰਨ ਇਸ 'ਚ ਵਧੇਰੇ ਲੋਕਾਂ ਨੂੰ ਮਾਨਸਿਕ, ਪਰਿਵਾਰਕ, ਆਰਥਿਕ ਅਤੇ ਕੈਰੀਅਰ ਵਿਚ ਨੁਕਸਾਨ ਸਹਿਣਾ ਪੈਂਦਾ ਹੈ। ਵੱਖਰਾ ਜੀਵਨ ਜੀਉਣ ਦਾ ਅਨੁਭਵ ਵੀ ਮਿਲਦਾ ਹੈ।

ਤਾਮਿਲ ਨਾਡੂ ਪੁਲਿਸ ਵਲੋਂ ਕੀਤੇ ਗਏ ਇਕ ਸਰਵੇਖਣ ਤੋਂ ਪਤਾ ਲੱਗਾ ਕਿ 28% ਔਰਤਾਂ ਦੇ ਵਿਆਹ ਬਾਹਰੇ ਸੰਬੰਧ ਸਨ। ਅਤੇ ਉਨ੍ਹਾਂ ਵਿਚੋਂ 11% ਔਰਤਾਂ ਨੇ ਵਿਆਹ ਉਪਰੰਤ ਵੀ ਇਹ ਬਣਾਈ ਰੱਖੇ।"[22]

ਉਮਰ ਦੇ 35 ਤੋਂ 40 ਸਾਲ ਦੇ ਬਾਅਦ ਵਿਆਹ ਬਾਹਰੇ ਸੰਬੰਧ ਆਰੰਭ ਹੁੰਦੇ ਹਨ। 35-45 ਦੀ ਉਮਰ 'ਚ ਮਰਦ ਖਿੱਚ ਭਰਪੂਰ ਹੁੰਦਾ ਹੈ। ਔਰਤਾਂ ਵਿਚ ਵੀ 40 ਦੀ ਉਮਰ ਤੋਂ ਬਾਅਦ ਅਜਿਹੇ ਸੰਬੰਧ ਬਣਾਉਣ ਦੀ ਸ਼ੁਰੂਆਤ ਹੁੰਦੀ ਹੈ। ਇਸਦਾ ਕਾਰਨ ਪਰਿਵਾਰ ਦਾ ਠੀਕ-ਠਾਕ ਸਥਿਤੀ 'ਚ ਹੋਣਾ ਵੀ ਹੁੰਦਾ ਹੈ। ਬੱਚੇ ਵੱਡੇ ਹੋਣ ਲੱਗਦੇ ਹਨ। ਪਤੀ-ਪਤਨੀ ਦੇ ਸੰਬੰਧਾਂ ਵਿਚ ਠੰਢਾਪਨ ਆਉਣ ਲੱਗਦਾ ਹੈ। ਜੋਬਨ ਦਾ ਫਿਰ ਤੋਂ ਨਵਾਂ ਜੋਸ ਅਤੇ ਆਨੰਦ ਭਰਨ ਦੇ ਲਈ ਵਿਆਹ ਬਾਹਰੇ ਸਬੰਧ ਜ਼ਰੂਰੀ ਲੱਗਣ ਲੱਗਦੇ ਹਨ। ਬਸ ਪਤੀ ਦਾ ਦੇਰ ਨਾਲ ਘਰ ਆਉਣਾ ਆਰੰਭ ਹੋ ਜਾਂਦਾ ਹੈ। 'ਦੇਰ ਨਾਲ ਘਰ ਆਉਣਾ' ਵਿਆਹ ਬਾਹਰੇ ਸੰਬੰਧਾਂ ਦਾ ਇਸ਼ਾਰਾ ਹੁੰਦਾ ਹੈ।

ਅਮਰੀਕਾ ਦੇ ਡਾ. ਐਲਫਰੇਡ ਕਿਨਸਲੇ ਨੇ 1953 ਵਿਚ ਅੱਠ ਹਜ਼ਾਰ ਔਰਤਾਂ ਦੇ ਨਾਲ ਮੁਲਾਕਾਤ ਕਰਕੇ 'ਸੈਕਸੂਅਲ ਬਿਹੇਵੀਅਰ ਇਸ ਦਿ ਹਿਊਮਨ ਫੀਮੇਲ' ਨਾਂ ਦਾ ਗ੍ਰੰਥ ਪ੍ਰਕਾਸ਼ਤ ਕੀਤਾ ਸੀ। ਡਾ. ਕਿਨਸਲੇ ਦੇ ਸਰਵੇਖਣ ਅਨੁਸਾਰ-"83% ਔਰਤਾਂ ਨੇ ਵਿਆਹ ਬਾਹਰੇ ਸੰਬੰਧਾਂ ਨੂੰ ਪਸੰਦ ਨਹੀਂ ਕੀਤਾ। 44% ਇਹ ਸੰਬੰਧ ਦੁਬਾਰਾ ਨਹੀਂ ਚਹੁੰਦੀਆਂ। ਇਨ੍ਹਾਂ ਵਿਚੋਂ ਕੇਵਲ 5% ਔਰਤਾਂ ਨੇ ਕਿਹਾ ਕਿ ਇਹ ਸੰਬੰਧ ਜ਼ਰੂਰੀ ਹੈ।'

ਪੰਜ ਹਜ਼ਾਰ ਵੇਸਵਾ ਦੇ ਸਰਵੇਖਣ ਵਿਚ 1441 ਔਰਤਾਂ ਗਰੀਬੀ ਦੇ ਕਾਰਨ, 1425 ਪਹਿਲੀ ਵਾਰ ਕਿਸੇ ਦੀ ਕਾਮ ਵਾਸਨਾ ਦਾ ਸ਼ਿਕਾਰ ਹੋਣ ਕਾਰਨ ਅਤੇ 1225 ਔਰਤਾਂ ਰਿਸ਼ਤੇ ਨਾਤੇ ਵਲੋਂ ਰਿਸ਼ਤੇ ਦਾਰਾ ਦੇ ਕਾਰਨ ਇਥੇ ਪਹੁੰਚੀਆਂ।"[23]

ਔਰਤਾਂ ਦੇ ਤਿੰਨ੍ਹਾਂ ਥਾਵਾਂ ਤੋਂ ਇਕੱਠੇ ਕੀਤੇ ਅੰਕੜੇ ਇਹ ਸਿੱਧ ਕਰਦੇ ਹਨ ਕਿ ਔਰਤਾਂ ਨੂੰ ਇਸ ਵੱਲ

ਲਾਲਚ ਤੇ ਥੋਖੇ ਨਾਲ ਥਕੇਲ ਦਿੱਤਾ ਜਾਂਦਾ ਹੈ। ਕੁਲ 350 ਅਜਿਹੀਆਂ ਔਰਤਾਂ ਜਿਨ੍ਹਾਂ ਨੂੰ ਹੋਰ ਲੋਕਾਂ ਨੇ ਵਿਗਾੜਿਆ ਉਹ ਹਨ-ਦਿਉਰ -37, ਸਹੁਰਾ-9, ਹੋਰ-10, ਕੁਲ-56। ਜੀਜਾ-6, ਭਰਾ-7, ਪਿਤਾ-2, ਹੋਰ-26, ਕੁਲ 41। ਘਰਾਂ ਵਿਚ ਆਉਣ ਵਾਲੇ ਵਿਸ਼ਵਾਸਪਾਤਰ ਲੋਕ ਜਿਹੜੇ ਮੌਕੇ ਦਾ ਲਾਭ ਪ੍ਰਾਪਤ ਕਰਦੇ ਹਨ। ਹਮਦਰਦ-42, ਟੀਚਰ-11, ਧਰਮ ਗੁਰੂ-12।" [24]

ਪਿਛਲੇ ਡੇੜ ਦਹਾਕੇ ਵਿਚ ਵਿਆਹ ਬਾਹਰੇ ਸੰਬੰਧਾਂ ਦੀ ਸੰਖਿਆ ਵਧੀ ਹੈ। ਉਸ ਦੇ ਨਾਲ ਲਿੰਗਕ ਹਿੰਸਾ ਤੇ ਅਪਰਾਧ ਵੀ ਵਧਿਆ ਹੈ। ਅਜਿਹਾ ਹੋਣ ਤੇ ਕੇਵਲ ਮਰਦ ਨੂੰ ਹੀ ਸਜ਼ਾ ਮਿਲਦੀ ਹੈ। ਅਜਿਹੇ ਸਬੰਧ ਰੱਖਣ ਨਾਲ ਔਰਤ ਤੇ ਮਰਦ ਦੋਹਾਂ ਦਾ ਕਾਨੂੰਨੀ ਤਲਾਕ ਹੋ ਜਾਂਦਾ ਹੈ। ਦੂਜਾ ਵਿਆਹ ਕਰਨਾ ਤਾਂ ਗੁਨਾਹ ਹੈ ਪਰ ਰਖ਼ੇਲ ਰੱਖਣਾ ਜਾਂ ਸਹੇਲੀ ਨਾਲ ਰਹਿਣਾ ਉੱਤੇ ਕੋਈ ਕਾਨੂੰਨੀ ਪਾਬੰਦੀ ਨਹੀਂ।

'ਵਿਸ਼ਵ ਸਿਹਤ ਸੰਸਥਾ ਦੇ ਸਰਵੇਖਣ ਅਨੁਸਾਰ ਮੁੰਬਈ ਵਿਚ ਦੋ ਲੱਖ ਵੇਸਵਾ ਹਨ ਉਨ੍ਹਾਂ ਵਿਚੋਂ 60% ਔਰਤਾਂ ਗੰਭੀਰ ਬਿਮਾਰੀ ਦੀਆਂ ਸ਼ਿਕਾਰ ਹਨ। 1970 ਵਿਚ ਇਲਾਜ਼ ਲਈ ਆਈਆਂ ਦੀ ਗਿਣਤੀ ਸੀ 2.18 ਲੱਖ ਅਤੇ 1980 ਵਿਚ 6.79 ਲੱਖ। ਇਹ ਅੰਕੜੇ ਹਸਪਤਾਲ ਦੇ ਹਨ।"[25]

"ਇਕੱਲੇ ਮਹਾਰਾਸ਼ਟਰ 'ਚ 1975 'ਚ ਲਗਭਗ 27,000 ਗਰਭ ਪਾਤ ਕਾਨੂੰਨੀ ਰੂਪ ਨਾਲ ਰਜਿਸਟਰਡ ਹੋਏ, ਜਿਨ੍ਹਾਂ ਵਿਚੋਂ ਤਿੰਨ ਹਜ਼ਾਰ ਗਰਭਪਾਤ ਕੁਆਰੀਆਂ ਔਰਤਾਂ ਦੇ ਹੋਏ।" [26]

### ਵਿਆਹ ਬਾਹਰੇ ਸੰਬੰਧ ਅਤੇ ਜ਼ਿੰਮੇਵਾਰੀਆਂ :

ਜੇਕਰ ਪ੍ਰੇਮਕਾ ਨਾਲ ਜਿਨ੍ਹਾ ਪ੍ਰੇਮ ਕੀਤਾ ਜਾਂਦਾ ਹੈ ਓਨਾ ਪਤਨੀ ਜਾਂ ਬੱਚਿਆਂ ਨਾਲ ਕੀਤਾ ਜਾਵੇ ਤਾਂ ਪਰਿਵਾਰ ਸਵਰਗ ਹੋ ਜਾਵੇ। ਔਰਤ ਪ੍ਰੇਮੀ ਦਾ ਜਿਨਾ ਫਿਕਰ ਕਰਦੀ ਹੈ ਉਨਾ ਪਤੀ ਦਾ ਕਰੇ, ਪਰ ਇਹ ਸੰਭਵ ਨਹੀਂ। ਇਸ ਸੰਬੰਧ ਵਿਚ ਭਾਵੇਂ ਕਿ ਪਤਨੀ ਤੇ ਪਤੀ ਨੂੰ ਕਿਸੇ ਨੇ ਆਪਣੇ ਪ੍ਰੇਮ ਜਾਲ ਵਿਚ ਫਸਾਇਆ ਹੋਵੇ ਤਾਂ ਵੀ ਦੋਹਾਂ ਦਾ ਆਪਸੀ ਪ੍ਰੇਮ ਘੱਟਦਾ ਨਹੀਂ। ਇਕ ਮਰਦ ਦੋ ਔਰਤਾਂ ਨਾਲ ਤੇ ਇਕ ਔਰਤ ਦੋ ਮਰਦਾ ਨਾਲ ਇਕੋ ਵੇਲੇ ਵਧੀਆਂ ਪ੍ਰੇਮ ਕਰ ਸਕਦੇ ਹਨ।

ਵਿਆਹ ਬਾਹਰੇ ਸੰਬੰਧ ਦੋਸਤੀ ਉਤੇ ਖੜੇ ਹੁੰਦੇ ਹਨ। ਇਸ ਦੋਸਤੀ ਨੂੰ ਅਨੈਤਿਕ ਕਿਵੇਂ ਮੰਨਿਆ ਜਾਵੇਗਾ? ਔਰਤ-ਮਰਦ ਦੀ ਦੋਸਤੀ ਇਕ ਸੀਮਾ ਤੱਕ ਸੰਭਵ ਹੈ। ਦੋਸਤੀ ਮਨ ਵਿਚ ਹੁੰਦੀ ਅਤੇ ਸੰਬੰਧ ਸਰੀਰਕ ਹੈ। ਅੰਦਰੋਂ ਕਾਮ ਵਾਸਨਾ ਅਤੇ ਉਪਰੋ ਨਿਰਮਲ ਭਾਵਨਾ ਲੈ ਕੇ ਜੀਣ ਵਾਲੇ ਮਿੱਤਰ ਨਾਲ ਪ੍ਰੇਮ ਕਰਨਾ ਖਤਰੇ ਤੋਂ ਖਾਲੀ ਨਹੀਂ ਹੁੰਦਾ। ਇਹ ਪ੍ਰੇਮ ਕਦੀ ਵੀ ਨਫ਼ਰਤ ਵਿਚ ਬਦਲ ਸਕਦਾ ਹੈ।

ਮੇਰੀ ਧਾਰਨਾ ਹੈ ਕਿ ਵਰਜਿਤ ਸੰਬੰਧਾਂ ਦੀ ਵੀ ਨਿਸਚਤ ਨੀਤੀ ਹੋਣੀ ਚਾਹੀਦੀ ਹੈ। ਇਹ ਦੋ ਵਿਅਕਤੀਆਂ ਦੇ ਸੰਬੰਧ ਹਨ। ਇਨ੍ਹਾਂ ਵਿਚ ਇਮਾਨਦਾਰੀ, ਵਿਸ਼ਵਾਸ ਹੋਣਾ ਚਾਹੀਦਾ ਹੈ। ਇਕ ਦੂਜੇ ਦੀ ਵਰਤੋ ਕਰਨੀ, ਫਸਾਉਣਾ, ਠੱਗਨਾ ਆਦਿ ਨਹੀਂ। ਇਹ ਰਿਸ਼ਤੇ ਕੌਮਲ ਤੇ ਉਗਰ ਹੁੰਦੇ ਹਨ। ਇਸ ਲਈ ਇਨ੍ਹਾਂ ਰਿਸ਼ਤਿਆਂ ਦੇ ਰਹੱਸਾ ਨੂੰ ਜੀਵਨ ਤੋਂ ਵਧੇਰੇ ਅਹਿਮ ਸਮਝ ਕੇ ਸੰਭਾਲਣ ਦੀ ਜ਼ਰੂਰਤ ਹੈ। ਇਸੇ ਪ੍ਰਸੰਗ ਵਿਚ ਆਮ ਲੋਕਾਂ ਦੇ ਵਿਚਕਾਰ ਇਸ ਦੀ ਚਰਚਾ ਨਹੀਂ ਕਰਨੀ ਚਾਹੀਦੀ।

ਵਿਆਹ ਬਾਹਰੇ ਸੰਬੰਧ ਵਿਚ ਸਮਝ ਅਤੇ ਸਮਝਦਾਰੀ ਅਹਿਮ ਹੁੰਦੀ ਹੈ ਨਹੀਂ ਤਾਂ ਇਹ ਫਾਂਸੀ ਦਾ ਫੰਦਾ ਬਣ ਜਾਂਦੇ ਹਨ। ਮਿੱਤਰਤਾ ਖਤਮ ਹੋ ਜਾਵੇ ਪ੍ਰੰਤੂ ਮਿੱਤਰ ਨੂੰ ਖਤਮ ਕਰਨ ਦੀ ਸਾਜ਼ਸ਼ ਨਹੀਂ ਕਰਨੀ ਚਾਹੀਦੀ। ਉਸ ਦੀਆਂ ਚੰਗੀਆਂ ਯਾਦਾਂ ਲੈ ਕੇ ਜਿਓ।

### ਹਵਾਲੇ :

1. ਵਿਆਹ ਤੋਂ ਬਾਹਰੇ ਸੰਬੰਧ-ਵਿਆਹੇ ਹੋਏ ਔਰਤ ਮਰਦ ਦੇ ਹੋਰ ਵਿਅਕਤੀਆਂ ਨਾਲ ਲਿੰਗਕ ਸੰਬੰਧਾਂ ਨੂੰ 'ਵਿਆਹ ਤੋਂ ਬਾਹਰੇ ਸੰਬੰਧ' ਕਿਹਾ ਜਾਂਦਾ ਹੈ। ਇਸ ਸ਼ਬਦ ਨਾਲੋਂ 'ਔਰਤ ਮਰਦ ਮਿੱਤਰਤਾ' ਸ਼ਬਦ ਵਧੇਰੇ ਠੀਕ ਹੈ। ਕਿਉਂਕਿ ਅੱਜ ਇਨ੍ਹਾਂ ਸੰਬੰਧਾਂ ਦਾ ਵੱਖਰਾ ਨਤੀਜਾ ਹੈ।



2. ਭਾਰਤੀ ਵਿਆਹ ਸੰਸਥੇਚਾ ਇਤਿਹਾਸ, ਵਿ. ਕਾ. ਰਾਜਵਾੜੇ, ਪੰਨਾ-77
3. ਭਾਰਤੀ ਵਿਆਹ ਸੰਸਥੇਚਾ ਇਤਿਹਾਸ, ਵਿ. ਕਾ. ਰਾਜਵਾੜੇ, ਪੰਨਾ-2
4. ਕੁਟੰਭ ਸੰਸਥਾ, ਖਾਜਗੀ ਮਾਲਮਤਰਾ ਆਣਿ ਸਾਸ਼ਨਥੰਤਾ ਯਾਂਚੀ ਉਗਮ, ਏਂਗਲਜ਼ ਪੰਨਾ-8
5. ਮਨੁਸਿਮਰਤੀ-ਕਾਹੀ ਵਿਚਾਰ, ਨਰਹਰ, ਨਰਹਰ ਕੁਰੰਦਕਰ ਪੰਨਾ 68
6. I.P.C. 376
7.I.P.C .376-A
8.I.P.C. 376-B
9.I.P.C. 376-C
10.I.P.C. 376-D
11.I.P.C.377
12.I.P.C. 497
13. ਕੁਟੰਬ ਸੰਸਥਾ, ਖਾਜ਼ਗੀ ਮਾਲਮਤਰਾ ਆਣਿ, ਸ਼ਾਸਨ ਸੰਸਥਾ, ਯਾਂਚਾ ਉਗਮ, ਏਂਗਲਜ, ਪੰਨਾ 52-53
14. ਅਨੁਜਿ ਚਾਲਤੇਚਿ ਵਾਟ, ਅੰਨਦੀਬਾਈ ਵਿਜਾਪੁਰੇ, ਪੰਨਾ 185
15. ਮੀ. ਇਜ਼ਾਡੋਰਾ, ਪੰਨਾ 280
16. ਹੇਡੀ ਲਾਮਾਰ, ਐਕਸਟਸੀ ਆਂਡ ਲਵਹ, (ਮ.) ਪੰਨਾ 70
17. ਛਾਆ ਦਤਾਰ, ਇਸਤਰੀ ਪੁਰਸ, ਪੰਨਾ 71ਏ-72
18. ਅਜੁਨਿ ਚਾਲਤੇਚਿ ਵਾਟ, ਆਨੰਦੀਬਾਈ ਬਿਜਾਪੁਰੇ, ਪੰਨਾ 246-47
19. ਰਾਮ ਮਨੋਹਰ ਲੋਹੀਆ, ਨਰਨਾਰੀ, 40
20. ਲੈਂਗਿਕ ਜੀਵਨ ਸ਼ਾਸਤਰ ਆਣਿ ਚਿਕਿਤਸਾ, ਡਾ ਲੀਨਾ ਮੋਹਾਡੀਕਰ, ਪੰਨਾ 78
21. ਸਰਣ ਕੁਮਾਰ ਲਿੰਬਾਲੇ ਅੱਕਰਮਾਸ਼ੀ, ਪੰਨਾ 31
22. ਮਾਲਤੀ ਬੇਡੇਕਰ, ਘਰਾਲਾ ਮੁਕਲਲੇਲਯਾ ਸਿਸਤਰੀ ਵ ਕਾਚੀ ਚਾਹੁਲ ਪੰ 100
23. ,, ,, ,,
24. ,, ,, ,,
25. ,, ,, ,,
26.

## ਪੁਸਤਕ ਪਰਖ /- ਭਗਵੰਤ ਰਸੂਲਪੁਰੀ





**ਅੰਮ੍ਰਿਤਾ ਪ੍ਰੀਤਮ ਦੀਆਂ ਚੋਣਵੀਆਂ ਕਹਾਣੀਆਂ**
**ਸੰਪਾਦਕ ਡਾ. ਬਲਦੇਵ ਸਿੰਘ 'ਬੱਦਨ'**
**ਮੁੱਲ 190 ਰੁਪਏ, ਪੰਨੇ 381**
**ਪ੍ਰਕਾਸ਼ਕ ਨੈਸਨਲ ਬੁਕ, ਟਰੱਸਟ, ਇੰਡੀਆ**

ਅੰਮ੍ਰਿਤਾ ਪੰਜਾਬੀ ਦੀ ਇਕੋ ਇਕ ਲੇਖਿਕਾ ਹੈ ਜਿਹੜੀ ਪੰਜਾਬੀ ਤੋਂ ਵੱਧ ਦੂਜੀਆਂ ਭਾਸ਼ਾਵਾਂ ਵਿਚ ਸਭ ਤੋਂ ਵੱਧ ਪੜ੍ਹੀ ਜਾਂਦੀ ਹੈ। ਉਹ ਜਿੱਡੀ ਵੱਡੀ ਕਵਿਤਰੀ ਤੇ ਨਾਵਲਕਾਰ, ਵਾਰਤਕਕਾਰ ਹੈ ਉਨੀ ਵੱਡੀ ਕਹਾਣੀਕਾਰ ਵੀ ਹੈ। ਉਸ ਦੀ ਚੋਣਵੀਆਂ ਕਹਾਣੀਆਂ ਸੰਪਾਦਤ ਕਰਕੇ ਡਾ. 'ਬੱਦਨ' ਨੇ ਬੜਾ ਨੇਕ ਕਾਰਜ ਕੀਤਾ ਹੈ। 'ਬੱਦਨ' ਜਿੱਥੇ ਸਫਲ ਅਨੁਵਾਦਕ ਹੈ ਉਥੇ ਅਨੁਭਵੀ ਸੰਪਾਦਕ ਵੀ ਹੈ, ਉਸ ਨੇ ਵਿਛੜ ਚੁੱਕੇ ਪੰਜਾਬੀ ਕਹਾਣੀਕਾਰਾਂ ਦੀ ਕਹਾਣੀਆਂ ਨੂੰ ਵੱਖ ਵੱਖ ਜਿਲਦਾਂ ਵਿਚ ਸੰਪਾਦਤ ਕਰਕੇ ਬੜਾ ਵੱਡਾ ਕਾਰਜ ਕੀਤਾ ਹੈ। ਇਹ ਪੁਸਤਕ ਅਜੇ ਹੁਣੇ ਜਿਹੇ ਛਪ ਕੇ ਆਈ ਹੈ ਤੇ ਇਸ ਦੀ ਸੇਲ ਗਰਮ ਗਰਮ ਪਕੌੜਿਆਂ ਵਾਂਗ ਹੋ ਰਹੀ ਹੈ, ਇਹ ਮੰਜ਼ਰ ਮੈਂ ਜਲੰਧਰ, ਲੁਧਿਆਣੇ ਅੱਖੀ ਵੇਖਿਆ ਹੈ।

ਅੰਮ੍ਰਿਤਾ ਪ੍ਰੀਤਮ ਨੇ ਉਸ ਵੇਲੇ ਕਹਾਣੀਆਂ ਲਿਖਣੀਆਂ ਆਰੰਭ ਕੀਤੀਆ ਜਦੋਂ ਪ੍ਰਗਤੀਵਾਦ ਦੀ ਚੜਤ ਸੀ। ਸਾਰੇ ਲੇਖਕ ਪ੍ਰਗਤੀਵਾਦ ਦੇ ਪ੍ਰਭਾਵ ਹੇਠ ਲਿਖ ਰਹੇ ਸਨ ਪਰ ਅੰਮ੍ਰਿਤਾ ਨੇ ਉਸ ਦੌਰ ਵਿਚ ਰਵਾਇਤ ਤੋਂ ਹੱਟ ਕੇ ਕਹਾਣੀ ਲਿਖੀ, ਉਹ ਕਹਾਣੀ ਜਿਹੜੀ ਔਰਤ ਨੂੰ ਨਵੇਂ ਜਾਵੀਏ ਤੋਂ ਪੇਸ਼ ਕਰਦੀ ਸੀ। ਅੰਮ੍ਰਿਤਾ ਦੇ ਪਾਤਰ ਪੰਜਾਬ ਦੀ ਨਾਰੀ ਨਹੀਂ ਬਲਕਿ ਭਾਰਤ ਦੇ ਹਰ ਖਿੱਤੇ ਅਤੇ ਵਿਦੇਸ਼ ਦੀ ਨਾਰੀ ਹੈ। ਇਸੇ ਕਰਕੇ ਉਹਦੀ ਕਹਾਣੀ ਨੂੰ ਪਾਠਕ ਪੂਰੀ ਇਕਾਗਰਤਾ ਨਾਲ ਪੜ੍ਹਦਾ ਹੈ। ਉਹਦੀ ਹਰ ਕਹਾਣੀ ਦਾ ਕੇਂਦਰ ਨਾਰੀ ਹੋਣ ਕਰਕੇ ਉਹ ਨਾਰੀ ਦੀ ਵੇਦਨਾ, ਮਜ਼ਬੂਰੀ, ਬੇਵੱਸੀ ਅਤੇ ਉਹਦੀਆਂ ਸਮਾਜ ਵੱਲੋਂ ਦਬਾ ਦਿੱਤੀਆਂ ਗਈਆਂ ਭਾਵਨਾਵਾਂ ਅਤੇ ਸਰੀਰਕ ਲੋੜਾਂ ਨੂੰ ਅਧਾਰ ਬਣਾਉਂਦੀ ਹੈ। ਅੰਮ੍ਰਿਤਾ ਸ਼ਹਿਰੀ ਮੱਧ ਵਰਗੀ ਅਤੇ ਨਿਮਨ ਵਰਗ ਦੀਆਂ ਔਰਤਾਂ ਨੂੰ ਆਪਣੀਆਂ ਕਹਾਣੀਆਂ ਦੇ ਪਾਤਰ ਬਣਾਉਂਦੀ ਹੈ। ਪੰਜਾਬੀ ਕਲਚਲ ਦੀ ਪੇਸ਼ਕਾਰੀ ਉਸ ਦੀਆਂ ਕਹਾਣੀਆਂ ਦੀ ਇਕ ਹੋਰ ਅਹਿਮ ਕੜੀ ਹੈ। ਇਸ ਪੁਸਤਕ ਵਿਚ ਅੰਮ੍ਰਿਤਾ ਦੀਆਂ 59 ਕਹਾਣੀਆਂ ਸੰਪਾਦਤ ਹਨ। 'ਸ਼ਾਹ ਦੀ ਕੰਜਰੀ', 'ਲਟੀਆ ਦੀ ਛੋਕਰੀ', 'ਮਿੱਟੀ ਦੀ ਜ਼ਾਤ', 'ਹੀਰੇ ਦੀ ਕਣੀ', 'ਜੰਗਲੀ ਬੂਟ', 'ਸਤਲਤੀਆ', 'ਪੰਜੇ ਕੁਆਰੀਆਂ', 'ਉਹ ਔਰਤ', 'ਕੋਰੀ ਹਾਂਡੀ', 'ਖ਼ਾਲੀ ਕੈਨਵਸ', 'ਮੋਨਾਲੀਜ਼ਾ ਨੰਬਰ ਦੋ' ਉਸ ਦੀਆਂ ਸ਼ਾਹਕਾਰ ਕਹਾਣੀਆਂ ਹਨ ਇਸ ਪੁਸਤਕ ਵਿਚ ਪੜ੍ਹੀਆਂ ਜਾ ਸਕਦੀ ਹਨ।

ਅੰਮ੍ਰਿਤਾ ਸਿਰਲੇਖ ਰੱਖਣ ਵਿਚ ਬੜੀ ਸੁਚੇਤ ਹੈ, ਉਸ ਨੇ ਨਾਰੀ ਵੇਦਨਾ, ਨਾਰੀ ਪੀੜਾ, ਨਾਰੀ ਰੀਝਾਂ ਅਤੇ ਨਾਰੀ ਖਹਿਸ਼ਾ ਨੂੰ ਪੇਸ਼ ਕਰਕੇ ਕਹਾਣੀਆਂ ਦੇ ਸਿਰਲੇਖ ਰੱਖੇ ਹਨ। ਦ੍ਰਿਸ਼ਟੀ ਦੀ ਸਪਸ਼ੱਟਤਾ ਹੋਣ ਕਰਕੇ ਉਹ ਸਿਰਲੇਖ ਨਾਰੀ ਦ੍ਰਿਸ਼ਟੀ ਤੋਂ ਰੱਖਦੀ ਸੀ। ਉਸ ਨੇ ਕੁਝ ਕਹਾਣੀਆਂ ਵਿਚ ਆਰਥਿਕ ਤੌਰ ਤੇ ਸੰਪੰਨ ਉਨ੍ਹਾਂ ਔਰਤਾਂ ਨੂੰ ਪਾਤਰ ਲਿਆ ਹੈ ਜਿਹਨਾਂ ਦੀ ਆਰਥਿਕ ਸਮੱਸਿਆ ਨਹੀਂ ਪਰ ਉਹਦੇ ਮੁਹਰੇ ਹੋਰ ਮਾਨਸਿਕ ਸਮੱਸਿਆਵਾਂ ਵਿਕਰਾਲ ਰੂਪ ਵਿਚ ਖੜੀਆਂ ਰਹਿੰਦੀਆਂ ਹਨ। 'ਮੁਰੱਬਿਆਂ ਵਾਲੀ' ਕਹਾਣੀ ਦੀ ਅਮੀਰ ਔਰਤ ਆਪਣੀਆਂ ਸਾਰੀਆਂ ਖ਼ਾਹਿਸ਼ਾਂ ਤੇ ਖੁਸ਼ੀਆਂ ਆਪਣੀ ਦੋਹਤੀ ਦਾ ਨੀਵੀਂ ਜਾਤ ਦੇ ਮੁੰਡੇ ਨਾਲ ਵਿਆਹ ਕਰ ਕੇ ਪੂਰੀਆਂ ਕਰਦੀ ਹੈ। 'ਇਕ ਹਉਕਾ' ਦੀ ਔਰਤ ਵਾਰਿਸ ਪੈਦਾ ਕਰਨ ਲਈ ਆਪਣੀ ਸੌਂਕਣ ਆਪ ਲੈ ਕੇ ਆਉਂਦੀ ਹੈ। 'ਕਮੀਣ' ਵਿਚ ਵੀ ਇਹੋ ਜਿਹੀ ਸਮੱਸਿਆ ਹੈ। ਹੀਰੇ ਦੀ ਕਣੀ ਉੱਧੜੀਆਂ ਹੋਈਆਂ ਕਹਾਣੀਆਂ, ਗਰੁੜ ਗੰਗਾ, ਕੋਰੀ ਹਾਂਡੀ, ਕਹਾਣੀ ਦਰ ਕਹਾਣੀ, ਭਾਬੀ ਮੋਰਨੀ, ਹੀਰੇ ਦੀ ਕਣੀ, ਕਰਮਾਂ ਵਾਲੀ, ਮੁਰਕੀ ਉਰਫ਼ ਬੁਲਾਕੀ ਕਹਾਣੀਆਂ ਵਿਚ ਅੰਮ੍ਰਿਤਾ ਨੇ ਨਿਮਨ ਵਰਗ ਦੀਆਂ ਥੁੜ੍ਹਾਂ ਮਾਰੀਆਂ ਔਰਤਾਂ ਦੀਆਂ ਆਤ੍ਰਿਪਤ ਸਰੀਰਕ ਖਹਿਸ਼ਾਂ ਤੋਂ ਉਤਪਨ ਹੋਏ ਮਨੋਵੇਗਾ ਨੂੰ ਪੇਸ਼ ਕੀਤਾ ਹੈ। ਇਹ ਔਰਤ ਮਰਦ ਦੇ ਪਿਆਰ ਦੀਆਂ ਤਿਹਾਈਆਂ ਹਨ। ਇਨ੍ਹਾਂ ਕਹਾਣੀਆਂ ਦੀਆਂ ਔਰਤਾਂ ਘਰ ਵਰਗੀ ਸੰਸਥਾ ਨੂੰ ਤੋੜਦੀਆਂ ਹਨ। 'ਕੋਰੀ ਹਾਂਡੀ' ਕਹਾਣੀ ਵਿਚ ਅੰਮ੍ਰਿਤਾ ਨੇ ਹਾਂਡੀ ਨੂੰ ਔਰਤ ਦੇ ਚਿਹਨ ਦੇ ਤੌਰ ਤੇ ਵਰਤਿਆ ਹੈ। ਹਾਂਡਾ ਦੀ ਲੋਕ ਮਿਥ ਨੂੰ ਕਹਾਣੀ ਵਿਚ ਬੜੀ ਕੁਸ਼ਲਤਾ ਨਾਲ ਰੂਪਾਂਤ੍ਰਿਤ ਕੀਤਾ ਹੈ। 'ਬੋਅ' , 'ਇਕ ਸੀਟੀ ਮਾਰ ਮਿੱਤਰਾ', 'ਉੱਧੜੀਆਂ ਹੋਈਆਂ ਕਹਾਣੀਆਂ', 'ਲਟੀਆਂ ਦੀ ਛੋਕਰੀ' , 'ਤੀਸਰੀ ਔਰਤ' ਕਹਾਣੀਆਂ ਪਤੀ ਪਤਨੀ ਦੇ ਰਿਸ਼ਤਿਆਂ ਵਿਚ ਆਉਂਦੇ ਉਤਰਾਅ ਚੜ੍ਹਾ ਨੂੰ ਬਿਆਨ ਕਰਦੀਆਂ ਹਨ। 'ਛਮਕ ਛੱਲੋ' ਉਸ ਦੀ ਬੜੀ ਖ਼ੂਬਸੂਰਤੀ ਕਹਾਣੀ ਹੈ ਜਿਸ ਵਿਚ ਮਾਪਿਆ ਦੀ ਧੀ ਟੋਕਰੀਆਂ ਬਣਾ, ਵੇਚ ਕੇ ਘਰ ਦਾ ਗੁਜਾਰਾ ਕਰਦੀ ਹੈ। ਦਫਤਰੀ ਕਲਚਰ ਵਿਚ ਵਿਚਰਦੀ ਔਰਤ ਨੂੰ 'ਪੰਜੇ ਕੁਆਰੀਆਂ' ਕਹਾਣੀ ਵਿਚ ਪੇਸ਼ ਕੀਤਾ ਹੈ। ਪੰਜਾਬੀ ਲੋਕਾਂ ਦਾ ਮਨੋਵਿਗਿਆਨ ਅਤੇ ਸਮਾਜ ਵਿਗਿਆਨ ਨੂੰ ਸਮਝਣ ਲਈ ਇਹ ਕਹਾਣੀਆਂ ਬੜੀਆਂ ਮੁਲਵਾਨ ਹਨ। ਅੰਮ੍ਰਿਤਾ ਪ੍ਰੀਤਮ ਆਪਣੀਆਂ ਲਿਖਤਾਂ ਨੂੰ ਜਾਂ ਤਾਂ ਖੁਦ ਕਿਤਾਬੀ ਰੂਪ ਦਿੰਦੀ ਸੀ ਜਾਂ ਇਕੋ ਇਕ ਪ੍ਰਕਾਸ਼ਕ ਅੰਮ੍ਰਿਤਾ ਨੂੰ ਪ੍ਰਕਾਸ਼ਤ ਕਰਦਾ ਸੀ। ਨੈਸ਼ਨਲ ਬੁਕ ਟਰੱਸਟ ਨੇ ਇਸ ਪੁਸਤਕ ਰਾਹੀ ਪ੍ਰਕਾਸ਼ਨ ਦੇ ਜਮੂਦ ਨੂੰ ਵੀ ਤੋੜਿਆ ਹੈ ਅਤੇ ਬਹੁਤ ਘੱਟ ਕੀਮਤ ਦੇ ਅੰਮ੍ਰਿਤਾ ਦੀਆਂ ਕਹਾਣੀਆਂ ਪਾਠਕਾਂ ਨੂੰ ਦਿੱਤੀਆਂ ਹਨ।

**ਸੰਤੋਖ ਸਿੰਘ ਧੀਰ ਦੀਆਂ ਚੋਣਵੀਆਂ ਕਹਾਣੀਆਂ**
**ਸੰਪਾਦਕ ਡਾ. ਬਲਦੇਵ ਸਿੰਘ 'ਬੱਦਨ'**
**ਮੁੱਲ 205, ਪੰਨੇ 426**
**ਪ੍ਰਕਾਸ਼ਕ ਨੈਸ਼ਨਲ ਬੁਕ, ਟਰੱਸਟ, ਇੰਡੀਆ**





ਧੀਰ ਪੰਜਾਬੀ ਦਾ ਬੜਾ ਸਮਰੱਥ ਕਹਾਣੀਕਾਰ ਹੋਇਆ ਹੈ। ਉਸ ਦੀ ਕਹਾਣੀ ਨਾਲ ਪੰਜਾਬੀ ਕਹਾਣੀ ਇਕ ਨਵਾਂ ਮੋੜ ਕੱਟਦੀ ਹੈ। ਉਹ ਹਿੱਕ ਥਾਪੜ ਕੇ ਆਪਣੇ ਆਪ ਨੂੰ ਪ੍ਰਗਤੀਵਾਦੀ ਵਿਚਾਰਧਾਰਾ ਵਾਲਾ ਕਹਾਣੀਕਾਰ ਕਹਿਣ ਵਾਲਾ ਅਜਿਹੇ ਕਹਾਣੀਕਾਰ ਹੈ ਜਿਸ ਨੇ ਪੂਰੀ ਸ਼ਿੱਦਤ ਨਾਲ ਆਪਣੀਆਂ ਕਹਾਣੀਆਂ ਵਿਚ ਪਾਤਰਾਂ ਰਾਹੀਂ ਪ੍ਰਗਤੀਵਾਦੀ ਸੁਰ ਭਰਪੂਰਤਾ ਨਾਲ ਲੈ ਕੇ ਆਂਦੀ। ਅਜਿਹੇ ਸਮਰੱਥ ਕਹਾਣੀਕਾਰਾਂ ਦੀਆਂ ਚੋਣਵੀਆਂ 51 ਕਹਾਣੀਆਂ ਨੂੰ ਇਕ ਥਾਂ ਸੰਪਾਦਤ ਕਰਕੇ ਡਾ. 'ਬੱਦਨ' ਨੇ ਬੜਾ ਸਲਾਘਾਯੋਗ ਕਾਰਜ ਕੀਤਾ ਹੈ। ਉਸ ਨੂੰ ਪੰਜਾਬੀ ਦਾ ਵੱਡਾ ਕਹਾਣੀਕਾਰ ਇਸ ਲਈ ਮੰਨਿਆ ਗਿਆ ਕਿ ਕਿਉਂਕਿ ਉਸ ਦੇ ਕਹਾਣੀ ਸੰਗ੍ਰਹਿ 'ਪੱਖੀ' ਨੂੰ ਭਾਰਤੀ ਸਾਹਿਤ ਅਕੈਡਮੀ ਦਾ ਐਵਾਰਡ ਵੀ ਪ੍ਰਾਪਤ ਹੋ ਚੁੱਕਾ ਹੈ। ਇਸ ਪੁਸਤਕ ਵਿਚ ਹੋਰ ਕਹਾਣੀਆਂ ਤੋਂ ਇਲਾਵਾ ਉਸ ਦੀਆਂ ਸ਼ਾਹਕਾਰ ਕਹਾਣੀਆਂ 'ਕੋਈ ਇਕ ਸਵਾਰ', 'ਸਵੇਰ ਹੋਣ ਤੱਕ', 'ਸਾਂਝੀ ਕੰਧ', 'ਮੰਗੋ', 'ਇਕ ਸਾਧਾਰਨ ਆਦਮੀ', 'ਭੇਤ ਵਾਲੀ ਗੱਲ' ਵੀ ਸਾਮਿਲ ਹਨ। ਧੀਰ ਨੇ ਮਾਰਕਸਵਾਦੀ ਦ੍ਰਿਸ਼ਟੀ ਅਧੀਨ ਆਪਣੇ ਪਾਤਰਾਂ ਨੂੰ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਇਸੇ ਕਰਕੇ ਉਹਦੀਆਂ ਕਹਾਣੀਆਂ ਦੇ ਨਿਮਨ ਦਲਿਤ ਵਰਗ ਅਤੇ ਨਿਮਨ ਕਿਸਾਨੀ ਵਰਗ ਵਿਚੋਂ ਆਏ ਪਾਤਰ ਵਧੇਰੇ ਸ਼ਕਤੀਸ਼ਾਲੀ ਹਨ। ਪੰਜਾਬ ਸੰਕਟ ਨੂੰ ਕੇਂਦਰ ਵਿਚ ਰੱਖ ਕੇ ਉਸ ਨੇ ਕੁਝ ਕਹਾਣੀਆਂ ਵੀ ਲਿਖੀਆਂ ਹਨ। ਆਪਣੀ ਸਿਰਜਣਾ ਦੇ ਆਖੀਰਲੇ ਸਾਲਾਂ ਵਿਚ ਭਾਵੇਂ ਧੀਰ ਨੇ ਹਲਕੇ ਪੱਧਰ ਦੀਆਂ ਕਹਾਣੀਆਂ ਲਿਖੀਆਂ ਸਨ ਪਰ ਇਸ ਨਾਲ ਉਸ ਨੂੰ ਬਤੌਰ ਕਹਾਣੀਕਾਰ ਛੋਟਾ ਕਰਕੇ ਨਹੀਂ ਦੇਖਿਆ ਜਾ ਸਕਦਾ। ਛੇ ਦਹਾਕੇ ਤੱਕ ਕਹਾਣੀ ਲਿਖਣ ਦੇ ਕਾਰਜ ਕਾਲ ਵੇਲੇ ਕਹਾਣੀ ਵਿਚ ਬਹੁਤ ਸਾਰੇ ਨਵੇਂ ਵਿਸ਼ੇ , ਨਵੀਆਂ ਬ੍ਰਿਤਾਂਤਕ ਜੁਗਤਾ, ਸਾਹਮਣੇ ਆਈਆਂ ਇਸੇ ਕਰਕੇ ਵੀ ਉਸ ਦੀ ਕਹਾਣੀ ਦੀ ਚਰਚਾ ਹੁੰਦੀ ਰਹੀ ਕਿਉਂਕਿ ਉਸ ਇਸ ਸਮੇਂ ਦੇ ਨਾਲ ਨਾਲ ਚੱਲਦਾ ਰਿਹਾ। ਧੀਰ ਨੇ ਪਿੰਡ ਦੀ ਜ਼ਿੰਦਗੀ ਨੂੰ ਲੈ ਕੇ ਬੜੀਆਂ ਸ਼ਕਤੀਸ਼ਾਲੀ ਕਹਾਣੀਆਂ ਲਿਖੀਆਂ

ਹਨ। ਇਸ ਸਮੇਂ ਦੌਰਾਨ ਜਿਹੜੀਆਂ ਕਹਾਣੀਆਂ ਲਿਖੀਆਂ ਗਈਆਂ ਉਸ ਨੇ ਹੀ ਉਸ ਨੂੰ ਸਥਾਪਤ ਕੀਤਾ। ਜਿਹੜੀਆਂ ਬਾਅਦ ਵਿਚ ਸ਼ਾਹਕਾਰ ਦਾ ਦਰਜਾ ਪ੍ਰਾਪਤ ਕਰ ਗਈਆਂ।

ਪਾਲਤੂ ਪਸ਼ੂ 'ਮੱਝ' 'ਤੇ ਲਿਖੀ ਗਈ ਕਹਾਣੀ 'ਮੰਗੋ' ਰਾਹੀਂ ਧੀਰ ਨੇ ਪਸ਼ੂ ਦੀਆਂ ਭਾਵਨਾਵਾਂ ਨੂੰ ਪ੍ਰਗਟ ਕੀਤਾ ਹੈ ਜਿਸ ਨੂੰ ਉਹ ਬਿਆਨ ਨਹੀਂ ਕਰ ਸਕਦਾ। ਮੱਝ ਇਕ ਅਜਿਹਾ ਪਾਲਤੂ ਜਾਨਵਰ ਹੈ ਜਿਸ ਨਾਲ ਪੰਜਾਬੀ ਪਰਿਵਾਰ ਦੀ ਆਰਥਿਕਤ ਅਤੇ ਮਨੁੱਖੀ ਸਰੀਰਕ ਖ਼ੁਰਾਕ ਦੀ ਲੋੜ ਲੁਕੀ ਹੁੰਦੀ ਹੈ। ਕਿਸਾਨੀ ਦੇ ਦੁਖਾਂਤ ਨੂੰ ਉਸ ਨੇ 'ਸਵੇਰ ਹੋਣ ਤੱਕ' ਕਹਾਣੀ ਵਿਚ ਪੇਸ਼ ਕੀਤਾ ਹੈ। ਕਹਾਣੀ ਵਿਚ ਧੀਰ ਨੇ ਕੰਮ ਦੇ ਬੋਝ ਥੱਲੇ ਪਿਸ ਰਹੇ ਇਕ ਕਿਸਾਨ ਦੀ ਤਸਵੀਰ ਪਾਠਕ ਦੇ ਸਨਮੁੱਖ ਪੇਸ਼ ਕੀਤੀ ਹੈ। ਛੋਟੀ ਕਿਸਾਨੀ ਦੇ ਦਰਦ ਨੂੰ ਧੀਰ ਆਪਣੀਆਂ ਹੋਰ ਕਹਾਣੀਆਂ ਵਿਚ ਵੀ ਬਿਆਨ ਕਰਦਾ ਹੈ। 'ਦੋ ਚਿੱਠੀਆਂ' ਕਹਾਣੀ ਫ਼ੌਜੀ ਜ਼ਿੰਦਗੀ ਦੇ ਵੱਖਰੇ ਪਾਸਾਰ ਖੋਲਦੀ ਹੈ। 'ਡੈਣ' ਕਹਾਣੀ ਆਪਣੇ ਪਤੀ ਵਲੋਂ ਛੱਡੀ ਹੋਈ ਨਾਰੀ ਦੀ ਪੀੜ੍ਹਾ ਦੀ ਕਹਾਣੀ ਹੈ। ਧੀਰ ਦੀਆਂ ਕਹਾਣੀਆਂ ਦੇ ਪਾਤਰ ਇਕ ਵਰਗ ਜਾਂ ਜਾਤ ਦੀ ਪ੍ਰਤੀਨਿੱਧਤਾ ਨਹੀਂ ਕਰਦੇ ਬਲਕਿ ਉਹ ਇਨ੍ਹਾਂ ਗੱਲਾਂ ਤੋਂ ਉਪਰ ਉੱਠ ਕੇ ਕੇਵਲ ਸਮਾਜਕ ਸਿਸਟਮ ਵਲੋਂ ਪੀੜਤ ਲੋਕਾਂ ਨੂੰ ਆਪਣੀ ਕਹਾਣੀ ਦਾ ਅਧਾਰ ਬਣਾਉਂਦਾ ਹੈ। ਉਸ ਨੇ ਖੱਬੇ ਪੱਖੀ ਅਤੇ ਮਾਰਕਸਵਾਦੀ ਵਿਚਾਰਧਾਰ ਦਾ ਵਿਸ਼ਲੇਸ਼ਣ ਕਰਦੀਆਂ ਕਹਾਣੀਆਂ ਵੀ ਲਿਖੀਆਂ ਹਨ, ਉਹ ਪਾਤਰਾਂ ਰਾਹੀਂ ਵਿਚਾਰਧਾਰਾ ਨੂੰ ਨਿੰਦਦਾ ਨਹੀਂ ਬਲਕਿ ਇਸ ਨੂੰ ਅਮਲ ਵਿਚ ਲਿਆਉਣ ਆਈਆਂ ਕਮੀਆਂ ਦਾ ਵਿਸ਼ਲੇਸ਼ਣ ਕਰਦਾ ਹੈ। ਇਨਕਲਾਬ ਦੀ ਚਿੰਤਾ, ਖੱਬੇ ਪੱਖੀ, ਜੈ ਸ਼੍ਰੀਰਾਮ, ਨਵੀਆਂ ਅੱਖਾਂ, ਲਾਲ ਕਿਤਾਬ, ਮਰਗਮੱਛ ਦਾ ਜਬ੍ਹਾੜਾ ਉਸ ਦੀਆਂ ਉਪਰੋਕਤ ਵਿਸ਼ਿਆ ਦੀ ਹਾਮੀ ਭਰਦੀਆਂ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਰਾਹੀ ਉਹ ਨਕਸਲਬਾੜੀ ਤੇ ਖੱਬੇ ਪੱਖੀ ਲਹਿਰਾਂ ਦਾ ਵਿਸ਼ਲੇਸ਼ਣ ਕਰਦਾ ਹੈ। ਧੀਰ ਨੇ ਨੌਜਵਾਨ ਪੀੜ੍ਹੀ ਦੀਆਂ ਸਮੱਸਿਆਵਾਂ ਅਤੇ ਖ਼ਹਿਸ਼ਾਂ ਨੂੰ 'ਮਰਗਮੱਛ ਦਾ ਜਬ੍ਹਾੜਾ' ਤੇ 'ਮਨੁੱਖ ਦੀ ਲਾਜ' ਕਹਾਣੀ ਵਿਚ ਲਿਆ ਹੈ। 'ਊਸ਼ਾ ਭੈਣ ਜੀ ਚੁੱਪ ਸਨ' ਦੀ ਊਸ਼ਾ ਅਤੇ 'ਗਿਆਨੀ ਅਨੰਤ ਲੋਚਨੰ' ਕਹਾਣੀ ਦੀ ਜਗਦੀਸ਼ ਕੌਰ ਇਸਤਰੀ ਜ਼ਾਤ ਦੀ ਪ੍ਰਤੀਨਿੱਧਤਾ ਕਰਦੀਆਂ ਪਾਤਰ ਹਨ। ਇਸ ਤੋਂ ਇਲਾਵਾ ਧੀਰ ਦੀ ਕਹਾਣੀਆਂ ਇਕ ਵੀਰਾਂਗਣਾ, ਦੀਵੇ ਹੇਠ, ਚਪੇੜ, ਆਪਣਾ ਦੇਸ਼, ਮਹਾਤਮਾ ਬੁੱਧ, ਗ਼ੱਦਾਰੀ ਦੀ ਨਮੋਸ਼ੀ, ਨਸ਼ਾ, ਇਕ ਕੁੱਤਾ ਤੇ ਮੈਂ, ਸ਼ਰਾਬ ਦਾ ਗਿਲਾਸ, ਲਾਲ ਕਿਤਾਬ, ਨਵੀਆਂ ਅੱਖਾਂ ਆਦਿ ਕਹਾਣੀਆਂ ਵੀ ਜ਼ਿਕਰਯੋਗ ਕਹਾਣੀਆਂ ਹਨ।

**ਸੰਤ ਸਿੰਘ ਸੇਖੋਂ ਦੀਆਂ ਚੋਣਵੀਆਂ ਕਹਾਣੀਆਂ**
**ਸੰਪਾਦਕ ਤੇਜਵੰਤ ਸਿੰਘ ਗਿੱਲ**
**ਮੁੱਲ 95 ਰੁਪਏ, ਪੰਨੇ 146**
**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ, ਇੰਡੀਆ**





ਸੰਤ ਸਿੰਘ ਸੇਖੋਂ ਪੰਜਾਬੀ ਦਾ ਬੜਾ ਸੂਝਵਾਨ ਅਤੇ ਗਹਿਰੀ ਸਮਾਜਕ ਸੋਝੀ ਰੱਖਣ ਵਾਲਾ ਕਹਾਣੀਕਾਰ ਹੋਇਆ ਹੈ। ਉਸ ਨੇ ਪੇਂਡੂ ਕਿਸਾਨੀ ਦੇ ਦੁੱਖ ਦਰਦ, ਉਨ੍ਹਾਂ ਦੀਆਂ ਅੱਥਰੀਆਂ ਰੀਝਾਂ ਅਤੇ ਮਾਨਵੀ ਖਾਹਿਸ਼ਾ ਨੂੰ ਬੜੀ ਸਿੱਦਤ ਨਾਲ ਬਿਆਨ ਕੀਤਾ ਹੈ। ਸੰਤ ਸਿੰਘ ਸੇਖੋਂ ਦੀਆਂ ਅਨੇਕਾਂ ਕਲਾਸੀਕਲ ਕਹਾਣੀਆਂ ਹਨ ਪੁਸਤਕ ਵਿਚ ਸੰਪਾਦਕ ਨੇ ਸੰਪਾਦਕੀ 24 ਪੰਨਿਆ ਦੀ ਲਿਖੀ ਹੈ ਤੇ ਕੇਵਲ 19 ਕਹਾਣੀਆਂ ਸੰਪਾਦਤ ਕੀਤੀਆਂ ਹਨ। ਇਸ ਨਾਲ ਸੰਪਾਦਕ ਆਪਣੀ ਵਿਦਵਤਾ ਨਾਲ ਵੱਧ ਮੋਹ ਕਰ ਬੈਠਾ ਹੈ। ਪੁਸਤਕ ਵਿਚ ਪੇਮੀ ਦੇ ਨਿਆਣੇ, ਹਲ ਵਾਹ, ਅਨੋਖ ਸਿੰਘ ਦੀ ਵਹੁਟੀ, ਕੰਮ ਕਿ ਚੰਮ, ਮੀਂਹ ਜਾਵੇ, ਅਨ੍ਹੇਰੀ ਜਾਵੇ, ਇੱਕ ਯੋਧੇ ਦਾ ਚਲਾਣਾ ਆਦਿ ਕਲਾਸੀਕਲ ਕਹਾਣੀਆਂ ਵੀ ਸ਼ਾਮਿਲ ਕੀਤੀਆਂ ਹਨ। ਸੰਪਾਦਕੀ ਵਿਚ ਗਿੱਲ ਨੇ ਬੜੇ ਵਿਦਵਤਾ ਭਰਪੂਰ ਆਲੋਚਨਾ ਵਿਧੀ ਨਾਲ ਸੇਖੋਂ ਨੂੰ ਵੱਡਾ ਕਹਾਣੀਕਾਰ ਸਿੱਧ ਕੀਤਾ ਹੈ। ਉਸ ਨੇ ਸੇਖੋਂ ਦੀਆਂ ਕਹਾਣੀਆਂ ਦੇ ਅਨੇਕਾਂ ਨੁਕਤੇ ਪੇਸ਼ ਕੀਤੇ ਹਨ ਜਿਹੜੇ ਉਸ ਨੂੰ ਸਮਕਾਲੀ ਕਹਾਣੀਕਾਰਾਂ ਤੋਂ ਵੱਖਰਾ ਖੜਾ ਕਰਦੇ ਹਨ। ਕਹਾਣੀ ਦੀ ਇਤਿਹਾਸਕਾਰੀ ਰਾਹੀ ਸੇਖੋਂ ਨੂੰ ਵੱਡਾ ਕਹਾਣੀਕਾਰ ਸਿੱਧ ਕੀਤਾ ਹੈ।



'ਪੇਮੀ ਦੇ ਨਿਆਣੇ' ਕਹਾਣੀ ਵਿਚ ਸੇਖੋਂ ਨੇ ਬਾਲ ਮਾਨਸਿਕਤਾ ਨੂੰ ਪੇਸ਼ ਕੀਤਾ ਹੈ ਜਿਸ ਵਿਚ ਦੋ ਬੱਚਿਆਂ ਵਿਚ ਕਿਵੇਂ ਡਰ ਬੈਠਦਾ ਹੈ ਫਿਰ ਕਿਵੇਂ ਉਨ੍ਹਾਂ ਦੀ ਮਾਨਸਿਕਤਾ ਖਿੰਡਦੀ ਹੈ ਤੇ ਕਿਵੇਂ ਉਹ ਆਪਣੀ ਬਾਲ ਸੋਝੀ ਨਾਲ ਇਸ ਨੂੰ ਦੂਰ ਕਰਦੇ ਹਨ। ਇਸ ਕਹਾਣੀ ਵਿਚ ਸੇਖੋਂ ਦੀ ਪ੍ਰਗਤੀਵਾਦੀ ਸੁਰ ਕਾਇਮ ਰਹਿੰਦੀ ਹੈ ਉਹਦੇ ਪਾਤਰਾਂ ਦੇ ਮਨ ਵਿਚ ਡਰ ਈਸ਼ਵਰ, ਵਾਹਿਗੁਰੂ ਨਹੀਂ ਬਲਕਿ ਉਨ੍ਹਾਂ ਦੀ ਮਾਂ ਦਾ ਨਾਂ ਕੱਢ ਦਿੰਦਾ ਹੈ। ਉਪਰੀ ਨਜ਼ਰੇ ਕਹਾਣੀ ਸਪਾਟ ਲੱਗਦੀ ਹੈ ਪਰ ਇਹਦੇ ਅਰਥ ਬਹੁਤ ਡੂੰਘੇ ਹਨ। 'ਟੱਪਰੀਵਾਸ ਮੁੰਡਾ' ਕਹਾਣੀ ਵਿਚ ਪਾਤਰ ਭਿਖਾਰਨ ਦਾ ਪੁੱਤ ਬਣਦਾ ਹੈ। ਸੇਖੋਂ ਨੂੰ ਉਸ ਨੂੰ ਭੀਖ ਮੰਗਣ ਦੀ ਥਾਂ ਕਿਰਤ ਕਰਨ ਵੱਲ ਤਾਂਘਦਾ ਦਿਖਾ ਕੇ ਨਵੀਂ ਦਿਸ਼ਾ ਦਿੱਤੀ ਹੈ। 'ਮੁੜ ਵਿਧਵਾ' ਕਹਾਣੀ ਜਵਾਨ ਮੁੰਡੇ ਤੇ ਕੁੜੀ ਦੀ ਕਹਾਣੀ ਹੈ, ਕੁੜੀ ਜਿਹੜੀ ਕਿ ਵਿਧਵਾ ਹੋ ਜਾਂਦੀ ਹੈ ਤੇ ਇਕ ਮੁੰਡੇ ਦੀ ਮਾਂ ਬਣ ਜਾਂਦੀ ਹੈ ਪਰ ਅੱਥਰੀ ਜਵਾਨੀ ਅੱਗੇ ਬੇਵੱਸ ਹੈ। ਉਸ ਨੂੰ ਸਮਾਜ ਵਿਚ ਵਿਧਵਾ ਨਾਲ ਕੀਤਾ ਜਾਂਦਾ ਸਲੂਕ ਬਰਦਾਸਤ ਨਹੀਂ ਇਸੇ ਕਰਕੇ ਰੇਲ ਸਫ਼ਰ ਵਿਚ ਉਹ ਇਕ ਅਜਨਬੀ ਨੂੰ ਮਨੋ ਮਨੀ ਆਪਣਾ ਸਾਥੀ ਮੰਨ ਲੈਂਦੀ ਹੈ ਜਦੋਂ ਉਹ ਉੱਠ ਕੇ ਜਾਂਦਾ ਹੈ ਤਾਂ ਕੁੜੀ ਆਪਣੇ ਆਪ ਨੂੰ ਮੁੜ ਵਿਧਵਾ ਮੰਨਣ ਲੱਗ ਜਾਂਦੀ ਹੈ। ਕਹਾਣੀ ਵਿਚ ਸੇਖੋਂ ਨੇ ਕੋਮਲ ਭਾਵਨਾਵਾਂ ਨੂੰ ਪੇਸ਼ ਕੀਤਾ ਹੈ। 'ਹਲਵਾਹ' ਕਹਾਣੀ ਕਿਸਾਨੀ ਦੇ ਬੋਝ ਥੱਲੇ ਮਨੁੱਖੀ ਭਾਵਨਾਵਾਂ ਦੇ ਮਰਨ ਦੀ ਕਹਾਣੀ ਹੈ। ਕਿ ਕਿਵੇਂ ਕੰਮ ਦਾ ਭੰਨਿਆ ਕਿਸਾਨ ਜ਼ਿੰਦਗੀ ਨੂੰ ਮਾਨਣ ਬਾਰੇ ਸੋਚਦਾ ਹੀ ਨਹੀਂ ਉਹਨੂੰ ਇਸ ਤਰ੍ਹਾਂ ਲੱਗਦਾ ਹੈ ਕਿ ਕੋਈ ਕੁੜੀ ਨਹੀਂ ਬਲਕਿ ਉਹਦਾ ਮਾਮਾ ਉਹਨੂੰ ਉਠਾ ਰਿਹਾ ਹੈ। ਮਨੋਵਿਗਿਆਨਕ ਛੋਹਾ ਰਾਹੀਂ ਮਨੁੱਖੀ ਮਾਨਸਿਕਤਾ ਨੂੰ ਸੇਖੋਂ ਨੇ ਫੜਿਆ ਹੈ। 'ਅਨੋਖ ਸਿੰਘ ਦੀ ਵਹੁਟੀ' ਦੋ ਸਭਿਆਤਾਵਾਂ ਤੇ ਦੋ ਸੰਸਕ੍ਰਿਤੀਆਂ ਦੀ ਕਹਾਣੀ ਹੈ ਜਦੋਂ ਦੋਵੇਂ ਜੁੜਦੀਆਂ ਹਨ ਤਾਂ ਕਿਸੇ ਨਾ ਕਿਸੇ ਮੋੜ ਤੇ ਆ ਕੇ ਪਾਤਰ ਡੋਲ ਜਾਂਦੇ ਹਨ। ਜਿਵੇਂ ਇਸ ਕਹਾਣੀ ਦੀ ਪਾਤਰ ਅਨੋਖ ਸਿੰਘ ਦੀ ਵਹੁਟੀ ਡੋਲ ਜਾਂਦੀ ਹੈ। ਜਿਹਦਾ ਪਿਛੋਕੜ ਪਛਮੀ ਦੇਸ਼ ਹੈ। ਨਸਲ, ਰੰਗ-ਭੇਦ, ਰਸਮ ਰਿਵਾਜ ਕਹਾਣੀ ਵਿਚ ਅਨੇਕਾਂ ਗੰਢਾ ਪੈਦਾ ਕਰਦੇ ਹਨ। 'ਕੁਰਬਾਨੀ ਦਾ ਬੱਕਰਾ' ਇਕ ਵਿਦੇਸ਼ੀ ਅਫਸਰ ਦੀ ਕਹਾਣੀ ਹੈ ਜਿਹੜਾ ਭਾਰਤ ਵਿਚ ਉੱਚ ਪਦਵੀ ਤੇ ਲੱਗਾ ਹੋਇਆ ਹੈ। ਉਹ ਦਾ ਵਿਵਹਾਰ ਭਾਰਤੀਆਂ ਲਈ ਇਸ ਲਈ ਚੰਗਾ ਹੈ ਕਿਉਂਕਿ ਉਸਦਾ ਜਨਮ ਕਿਰਤੀ ਪਰਿਵਾਰ ਵਿਚ ਹੋਇਆ ਹੈ। ਦੂਜੀ ਕਹਾਣੀ 'ਪਰਦੇਸੀ' ਵਿਚ ਇਕ ਅੰਗਰੇਜ਼ ਮੁਟਿਆਰ ਜਿਹੜੀ ਆਪਣੀ ਨਸਲ ਅਤੇ ਕੌਮ ਦੇ ਪ੍ਰੇਮੀ ਨੂੰ ਠੁਕਰਾ ਦਿੰਦੀ ਹੈ ਤੇ ਪੰਜਾਬੀ ਸਿੱਖ ਨਾਲ ਵਿਆਹ ਕਰਵਾ ਲੈਂਦੀ ਹੈ। 'ਭੂਤਾਂ ਦੀ ਖੇਡ' ਜਨੂੰਨੀ ਲੋਕਾਂ ਦੀ ਕਹਾਣੀ ਹੈ। 'ਜਿੱਤ ਅਤੇ ਹਾਰ' ਦੇਸ਼ ਵੰਡ ਦੇ ਦੁਖਾਂਤ ਨੂੰ ਪੇਸ਼ ਕਰਦੀ ਕਹਾਣੀ ਹੈ। 'ਇਹ ਨਿਦੋਸਾ ਮਾਰੀਐ' ਬਜ਼ੁਰਗ ਦੇ ਦੁਖੀ ਤੇ ਦਲਿਦਰੀ ਜੀਵਨ ਨੂੰ ਪੇਸ਼ ਕਰਨ ਵਾਲੀ ਕਹਾਣੀ ਹੈ। ਪੁਸਤਕ ਵਿਚ ਸੇਖੋਂ ਦੀਆਂ ਹੋਰ ਪ੍ਰਤੀਨਿਧ ਕਹਾਣੀਆਂ ਵੀ ਸਾਮਿਲ ਕੀਤੀਆਂ ਜਾ ਸਕਦੀਆਂ ਸਨ।

**ਮਿਥ ਖ਼ਿਲਾਫ਼ ਮਨੁੱਖ**
**ਲੇਖਕ ਬੈਰੌਜ਼ ਡਨਹੈਮ, ਅਨੁ. ਡਾ. ਗੁਰਚਰਨ ਸਿੰਘ ਅਰਸ਼ੀ**
**ਮੁੱਲ 95 ਰੁਪਏ, ਪੰਨੇ 275**
**ਪ੍ਰਕਾਸ਼ਕ ਨੈਸ਼ਨਲ ਬੁਕ ਟਰੱਸਟ, ਇੰਡੀਆ**




ਬੈਰੌਜ਼ ਡਨਹੈਮ ਦੀ ਇਹ ਜਗਤ ਪ੍ਰਸਿੱਧ ਪੁਸਤਕ ਹੈ ਜਿਸ ਨੂੰ ਟਰੱਸਟ ਨੇ ਪੰਜਾਬੀ ਵਿਚ ਅਨੁਵਾਦ ਕਰਵਾ ਕੇ ਪੰਜਾਬੀ ਬੁੱਧੀਜੀਵੀਆਂ ਲਈ ਉਪਕਾਰ ਦਾ ਕਾਰਜ ਕੀਤਾ ਹੈ। ਇਹ ਪੁਸਤਕ ਅੱਜ ਤੋਂ ਤਕਰੀਬਨ 65 ਸਾਲ ਪਹਿਲਾਂ ਲਿਖੀ ਤੇ ਸੈਕੜਿਆਂ ਵਿਚ ਪੜ੍ਹੀ ਗਈ ਅਜਿਹੀ ਪੁਸਤਕ ਹੈ ਜਿਸ ਨੇ ਉਸ ਵੇਲੇ ਦੀ ਅਮਰੀਕਾ ਸਰਕਾਰ ਤੇ ਉਸ ਦੀ ਖ਼ੁਫੀਆਂ ਇਜੈਂਸੀ ਐਫ. ਬੀ. ਆਈ. ਨੂੰ ਚੱਕਰਾ ਵਿਚ ਪਈ ਰੱਖਿਆ ਸੀ। ਉਸ ਵੇਲੇ ਇਹ ਸੱਤਾਂ ਨੂੰ ਹਈਡਰੋਜਨ ਬੰਬ ਵਰਗੀ ਲੱਗਦੀ ਸੀ। ਇਸ ਪੁਸਤਕ

ਦੀਆਂ ਭੂਮਿਕਾਵਾਂ ਬੈਰੌਜ਼ ਡਨਹੈਮ ਦੇ ਬੇਟੇ ਤੇ ਫਿਰ ਉਸ ਦੇ ਪੋਤੇ ਨੇ ਲਿਖੀਆਂ ਹਨ। ਜਦੋਂ ਇਹ ਪੁਸਤਕ ਛਪ ਕੇ ਆਈ ਤਾਂ ਉਸ ਵੇਲੇ ਅਮਰੀਕਾ ਸਰਕਾਰ ਨੇ ਲੇਖਕ ਵਿਰੁੱਧ ਮੁਕੱਦਮਾ ਚਲਾਇਆ ਤੇ ਉਸ ਦਾ ਨਾਂ ਕਾਲੀ ਸੂਚੀ ਵਿਚ ਦਰਜ ਕਰ ਲਿਆ। ਪੁਸਤਕ ਵਿਚ ਲੇਖਕ ਨੇ ਅਜਿਹੀਆਂ ਮਿਥਿਹਾਸਕ ਕਥਾਵਾਂ ਤੇ ਮਿੱਥਾਂ ਦਾ ਭੰਜਨ ਵਿਸਫੋਟਕ ਅੰਦਾਜ਼ ਵਿਚ ਕੀਤਾ ਹੈ, ਐਨੇ ਸਾਲ ਬੀਤਣ ਬਾਅਦ ਵੀ ਪੁਸਤਕ ਦੀ ਅੱਜ ਵੀ ਪ੍ਰਾਸੰਗਿਕਤਾ ਹੈ। ਇਸ ਪੁਸਤਕ ਕਰਕੇ ਲੇਖਕ ਨੂੰ ਟੈਂਪਲ ਯੂਨੀਵਰਸਿਟੀ ਵਿਚੋਂ ਕੱਢ ਦਿੱਤਾ ਜਾਂਦਾ ਹੈ। ਲੇਖਕ 28 ਸਾਲ ਸੱਤਾਂ ਨਾਲ ਲੜਦਾ ਹੈ ਅਖੀਰ ਉਸ ਦੀ ਜਿੱਤ ਹੁੰਦੀ ਹੈ। ਐਫ਼. ਬੀ. ਆਈ. ਨੂੰ ਪੁਸਤਕ ਬਾਰੇ ਸਮੱਗਰੀ ਇਕੱਠੀ ਕਰਦੇ ਕਰਦੇ ਕਈ ਸਾਲ ਲੱਗ ਗਏ।

ਲੇਖਕ ਮਿੱਥਾਂ ਦੇ ਦਰਸ਼ਨ ਸ਼ਾਸਤ੍ਰ ਨੂੰ ਅਮਲ ਵਿਚ ਲਿਆਉਣ ਲਈ ਮਿੱਥਾਂ ਦਾ ਭੰਜਨ ਕਰਦਾ ਹੈ। ਪੁਸਤਕ ਵਿਚ ਮਿਥਿਹਾਸਕ ਕਥਾਵਾਂ ਅਤੇ ਦਾਰਸ਼ਨਿਕ ਮਸਲਿਆ ਨੂੰ ਵਿਚਾਰਿਆ ਗਿਆ ਹੈ। ਜਿਸ ਵਿਚ ਦਰਸ਼ਨ ਅਤੇ ਵਿਗਿਆਨ, ਮਿਥਾਂ ਦੀ ਉਪਯੋਗਤਾ, ਮਿਥਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਇਸ ਤੋਂ ਇਲਾਵਾ ਲੇਖਕ ਨੇ ਅਮੀਰ ਸਭ ਕੁੱਝ ਕਰਨ ਦੇ ਸਮਰੱਥ ਹੁੰਦੇ ਹਨ ਅਤੇ ਗ਼ਰੀਬ ਅਸਮਰੱਥ ਭਾਵ ਕੀ ਨਿਤਾਣੇ, ਮੂਰਖ ਤੇ ਜਾਹਲ ਹੁੰਦੇ ਆਦਿ ਮਿੱਥਾਂ ਦਾ ਵਿਸ਼ਲੇਸ਼ਣ ਕੀਤਾ ਹੈ। ਅਗੇ ਮਨੁੱਖੀ ਨਸਲਾਂ ਨਾਲ ਜੁੜੀਆਂ ਮਿੱਥਾਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਕਿ ਨਸਲਾਂ ਵਧੀਆਂ ਕਿਵੇਂ ਬਣਦੀਆਂ ਹਨ ਤੇ ਘਟੀਆਂ ਕਿਵੇਂ ਬਣਦੀਆਂ ਹਨ। ਬੈਰੋਜ ਨੇ ਖ਼ੂਨ ਦਾ ਮਿਥ ਵਿਗਿਆਨ ਬਹੁਤ ਦੀ ਵਿਗਿਆਨਕ ਤਰੀਕੇ ਨਾਲ ਵਿਸ਼ਲੇਸ਼ਣ ਕਰਦਾ ਚੈਪਟਰ ਹੈ। ਖ਼ੂਨ ਨਾਲ ਜੁੜੀਆਂ ਮਿਥਾਂ ਦੇ ਸਮਾਜਿਕ ਇਸਤੇਮਾਲ ਦੇ ਅਧਿਐਨ ਉਨ੍ਹਾਂ ਦੇ ਝੂਠ ਨੂੰ ਸਾਹਮਣੇ ਲਿਆਉਣ ਲਈ ਕਾਫ਼ੀ ਨਹੀਂ। ਖ਼ੂਨ ਵੱਖ ਵੱਖ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ ਪਰ ਇਨ੍ਹਾਂ ਕਿਸਮਾਂ ਦਾ ਨਸਲੀ ਵੰਡੀਆਂ ਨਾਲ ਕੋਈ ਵਾਸਤਾ ਨਹੀਂ। ਉਦਾਹਰਨ ਲਈ ਉਸ ਨੇ ਆਸਟ੍ਰੇਲੀਆਈ ਝਾਂਗੀ ਲੋਕਾਂ ਅਤੇ ਅਮਰੀਕਨ ਆਦਿਵਾਸੀਆਂ ਦਾ ਖ਼ੂਨ ਉੱਚ ਵਰਗ ਦੀਆਂ ਕੌਮਾਂ ਵਿਚ ਕਿਵੇਂ ਮਿਲਦਾ ਹੈ। ਜੀਨਜ਼ ਨਾਲ ਜੁੜੀਆਂ ਮਿੱਥਾਂ ਉੱਤੋਂ ਵੀ ਲੇਖਕ ਨੇ ਪਰਦਾ ਚੁੱਕਿਆ। ਇਹ ਕਿਤਾਬ ਡੂੰਘੀ ਤਰ੍ਹਾਂ ਧਸੀਆਂ ਹੋਈਆਂ ਸਮਾਜਿਕ ਮਿੱਥਾਂ ਦੀ ਲੜੀ ਨੂੰ ਖ਼ਤਮ ਕਰਦੀ ਹੈ। ਜਿਵੇਂ ਅਮੀਰ ਸਮਰੱਥ ਹਨ ਅਤੇ ਗ਼ਰੀਬ ਅਸਮਰੱਥ ਹਨ। ਇਨ੍ਹਾਂ ਮਿਥਾਂ ਦਾ ਸਥਾਈਕਰਣ ਬਾਰੇ ਇਹ ਕਿਤਾਬ ਦਲੀਲ ਦਿੰਦੀ ਹੈ। ਦਰਸ਼ਨ ਨਾਲ ਸੰਬੰਧਤ ਹੋਣ ਕਰਕੇ ਪੁਸਤਕ ਦੀ ਭਾਸ਼ਾ ਵੀ ਕਠਿਨ ਹੈ।

**ਪਿੰਡਾਂ ਦਾ ਬਦਲ ਰਿਹਾ ਸਭਿਆਚਾਰਕ ਮੁਹਾਂਦਰਾ**
**ਲੇਖਕ ਸੁਲੱਖਣ ਸਰਹੱਦੀ**
**ਮੁੱਲ 95 ਰੁਪਏ, ਪੰਨੇ 337**

ਗਿਆਨੀ ਗੁਰਦਿੱਤ ਸਿੰਘ ਦੀ ਪੁਸਤਕ 'ਮੇਰਾ ਪਿੰਡ' ਤੋਂ ਪੰਜਾਬ ਦੇ ਪਿੰਡਾਂ ਨੂੰ ਸਮਝਣ ਲਈ ਇਹ ਇਕ ਨਿੱਗਰ ਉਪਰਾਲਾ ਹੈ। ਜਿਸ ਵਿਚ ਸਲੱਖਣ ਸਰਹੱਦੀ ਨੇ ਆਪਣੇ ਵਲੋਂ ਕਾਫੀ ਮਿਹਨਤ ਕੀਤੀ ਹੈ। ਪੰਜਾਬੀ ਸਭਿਆਚਾਰ ਪਿੰਡਾਂ ਵਿਚੋਂ ਜਨਮਿਆ ਤੇ ਜਵਾਨ ਹੋਇਆ ਹੈ, ਸਭਿਆਚਾਰ ਹੈ। ਪਿੰਡ ਮਨੁੱਖੀ ਸਭਿਆਤਾ ਦਾ ਅਮੀਰ ਖ਼ਜ਼ਾਨਾ ਹੈ। ਅੱਜ ਪੰਜਾਬ ਦੇ ਪਿੰਡ ਦਾ ਮੁਹਾਂਦਰਾ ਬਿਲਕੁਲ ਬਦਲ ਗਿਆ ਹੈ। ਹਰੀ ਕ੍ਰਾਂਤੀ ਤੋਂ ਬਾਅਦ ਪਿੰਡ ਵਿਚ ਕ੍ਰਾਂਤੀਕਾਰੀ ਤਬਦੀਲੀ ਆਈ। ਖੇਤੀ ਵਿਚ ਇਨਕਲਾਬ ਆਉਣ ਨਾਲ ਪਿੰਡ ਵਿਚ ਰਹਿੰਦੇ ਹਰ ਵਰਗ, ਜਾਤ ਤੇ ਔਰਤ ਵਿਚ ਤਬਦੀਲੀ ਆਈ। ਪੂੰਜੀ ਆਉਣ ਨਾਲ ਪਿੰਡ ਵਿਚ ਪਿੰਡੋਂ ਬਾਹਰਲੇ ਵਰਤਾਰੇ ਵੜਨ ਲੱਗੇ। ਜਿਸ ਕਾਰਨ ਪੰਜਾਬ ਦਾ ਪਿੰਡ ਬਦਲਣ ਲੱਗ ਪਿਆ। ਸਰਹੱਦੀ ਨੇ ਇਨ੍ਹਾਂ ਬਦਲ ਰਹੇ ਪਿੰਡ ਨੂੰ ਇਸ ਪੁਸਤਕ ਵਿਚ ਫੜਿਆ ਹੈ। ਭਾਵੇਂ ਕਿ ਉਸ ਨੇ ਆਪਣੇ ਪਿੰਡ ਨੂੰ ਮਾਡਲ ਲੈ ਕੇ ਪੰਜਾਬ ਦੇ ਪਿੰਡਾਂ ਦਾ ਵਿਸ਼ਲੇਸ਼ਣ ਕੀਤਾ ਹੈ। ਇਹ ਕਿਤਾਬ ਅਸਲ ਵਿਚ ਮਾਝੇ ਦੇ ਪਿੰਡਾਂ ਦਾ ਬਦਲ ਰਿਹਾ ਮੁਹਾਂਦਰਾ ਹੈ। ਜੇ ਕੋਈ ਦੁਆਬੇ ਜਾਂ ਮਾਲਵੇ ਦਾ ਲੇਖਕ







ਵਿਸ਼ਲੇਸ਼ਣ ਕਰਦਾ ਤਾਂ ਉਹ ਆਪਣੀ ਤਰ੍ਹਾਂ ਦੀਆਂ ਧਾਰਨਾਵਾਂ ਪੇਸ਼ ਕਰਦਾ ਪ੍ਰੰਤੂ ਮੋਟੇ ਤੌਰ ਤੇ ਪੰਜਾਬ ਦੇ ਪਿੰਡਾਂ ਨੂੰ ਸਮਝਣ ਵਾਲੀ ਇਹ ਮੁੱਲਵਾਨ ਪੁਸਤਕ ਹੈ। ਵਿਸ਼ਵੀਕਰਨ ਦੇ ਇਸ ਦੌਰ ਵਿਚ ਪਿੰਡ ਬਹੁਤ ਬਦਲ ਗਿਆ ਹੈ। ਮਲਟੀਨੈਸ਼ਨਲ ਕੰਪਨੀਆਂ ਦੇ ਬੋਰਡ ਅਤੇ ਟਾਵਰ ਪਿੰਡਾਂ ਵਿਚ ਲੱਗਣ ਲੱਗ ਪਏ ਹਨ। ਪਿੰਡ ਦੀ ਹੋਂਦ ਖਤਮ ਹੁੰਦੀ ਜਾ ਰਹੀ ਹੈ, ਉਹ ਹੌਲੀ ਹੌਲੀ ਕਸਬਿਆਂ ਵਿਚ ਵਟਦਾ ਜਾ ਰਿਹਾ ਹੈ। ਅੱਜ ਦੇ ਪਿੰਡ ਦਾ ਕਲਚਰ ਗੁਰਦਿੱਤ ਸਿੰਘ ਦੇ ਪਿੰਡ ਦਾ ਕਲਚਰ ਨਹੀਂ ਰਿਹਾ। ਕੁੜੀਆਂ ਘੱਗਰੀਆਂ ਦੀ ਥਾਂ ਜੀਨਾਂ ਪਾ ਰਹੀਆਂ ਹਨ। ਮਨੁੱਖੀ ਰਿਸ਼ਤਿਆਂ ਦੇ ਸਰੋਕਾਰ ਬਦਲ ਰਹੇ ਹਨ।

ਪੁਸਤਕ ਤੋਂ ਪਤਾ ਲੱਗਦਾ ਹੈ ਕਿ ਪਿੰਡਾਂ ਦੇ ਜਾਦੂ ਟੂਣੇ, ਰਸਮਾਂ-ਰਿਵਾਜ਼, ਪਹਿਰਾਵਿਆਂ, ਰੁਝੇਵਿਆਂ, ਧੰਦਿਆਂ, ਖੇਡਾਂ, ਝਗੜਿਆਂ, ਗੀਤਾਂ-ਕਥਾ ਕਹਾਣੀਆਂ, ਲੋਕ ਵਿਸ਼ਵਾਸ਼ਾਂ, ਖੇਤੀਬਾੜੀ, ਸੱਥਾਂ, ਧੂਣੀਆਂ, ਸਿਆਣਪਾਂ, ਚੁਟਕਲਿਆਂ, ਵਿਆਹ ਦੇ ਗੀਤਾਂ, ਲੋਕ ਨਾਚਾ, ਖਾਣ ਪੀਣ ਆਦਿ ਦੇ ਰੂਪ ਬਦਲ ਰਹੇ ਹਨ। ਬਦਲ ਰਹੇ ਪਿੰਡ ਪ੍ਰਤੀ ਆਪਣੀਆਂ ਧਾਰਨਾਵਾਂ ਸਿਰਜਣ ਲਈ ਲੇਖਕ ਨੇ 83 ਚੈਪਟਰ ਬਣਾਏ ਹਨ। ਪਿੰਡਾਂ ਦੇ ਲੋਕਾਂ ਵਿਚ ਗੰਵਾਰਪਣ ਤੇ ਅੱਖੜਤਾ ਦੀ ਥਾਂ ਸੂਹਜ ਸਹਿਜ ਅਤੇ ਸਲੀਕਾ ਆਇਆ ਹੈ। ਔਰਤਾਂ ਵਿਚ ਸਿੰਗਾਰ ਕਰਨ ਦੀ ਸੌਝੀ ਆਈ ਹੈ। ਖੇਤੀਬਾੜੀ ਦਾ ਰੂਪ ਪੂਰੀ ਤਰ੍ਹਾਂ ਬਦਲ ਗਿਆ ਹੈ। ਲੇਖਕ ਨੇ 50 ਸਾਲ ਪਿੰਡ ਵਿਚ ਰਹਿ ਕੇ ਉਸ ਨੂੰ ਸਮਝਿਆ ਹੈ। ਉਸ ਨੂੰ ਵਾਚਿਆ ਹੈ। ਉਸ ਨੇ ਪਿੰਡ ਦੇ ਯਾਦਗਾਰੀ ਪਾਤਰਾਂ ਨੂੰ ਲੈ ਕੇ ਮਨੁੱਖੀ ਮਾਨਸਿਕਤਾ ਨੂੰ ਸਮਝਿਆ ਹੈ। ਸਮਾਜਿਕ ਵਿਗਿਆਨ ਦੀ ਦ੍ਰਿਸ਼ਟੀ ਤੋਂ ਪੁਸਤਕ ਵਿਚ ਥੋੜ੍ਹੀ ਪਰਖ ਹੋਈ ਹੈ, ਇਹ ਕੋਈ ਸਮਾਜ ਵਿਗਿਆਨੀ ਹੀ ਕਰ ਸਕਦਾ ਸੀ। ਪੁਸਤਕ ਵਿਚ ਘੱਟ ਗਿਣਤੀ ਲੋਕਾਂ ਜਿਵੇਂ ਨਾਈ, ਘੁਮਿਆਰ, ਬਾਜੀਗਰ, ਚਮਾਰ, ਵਾਲਮੀਕੀ, ਮਿਸਤਰੀ, ਕੰਬੋਜ਼ ਆਦਿ ਦੇ ਰਸਮੋ-ਰਿਵਾਜ਼ ਦਾ ਘੱਟ ਜ਼ਿਕਰ ਹੋਇਆ ਹੈ। ਲੇਖਕ ਦੇ ਅਚੇਤ ਮਨ ਵਿਚ ਕਿਤੇ ਪਿਆ ਹੋਇਆ ਹੈ ਕਿ ਪਿੰਡਾਂ ਦਾ ਸਭਿਆਚਾਰ ਕਿਸਾਨੀ ਸਭਿਆਚਾਰ ਹੀ ਹੁੰਦਾ ਹੈ।

**ਆਵਾਂ (ਨਾਵਲ) ਚਿਤਰਾ ਮੁਦਗਲ, ਅਨੁ. ਨਵਨਿੰਦਰ ਬਹਿਲ**
**ਮੁੱਲ 500 ਰੁਪਏ, ਪੰਨੇ 616**
**ਪ੍ਰਕਾਸ਼ਕ ਯੂਨੀਸਟਾਰ, ਚੰਡੀਗੜ੍ਹ**




ਇਹ ਟਰੇਡ ਯੂਨੀਅਨਾਂ ਨੂੰ ਵਿਸ਼ਾਲ ਕੈਨਵਸ 'ਤੇ ਚਿਤਰਨ ਵਾਲਾ ਚਿੱਤਰਾ ਮੁਦਗਲ ਦਾ ਹਿੰਦੀ ਵਿਚ ਚਰਚਿਤ ਹੋਇਆ ਨਾਵਲ ਹੈ ਜਿਸ ਨੂੰ ਨਵਨਿੰਦਰ ਬਹਿਲ ਨੇ ਬਹੁਤ ਮਿਹਨਤ ਨਾਲ ਅਨੁਵਾਦ ਕੀਤਾ ਹੈ। ਆਪਣੇ ਨਿੱਜੀ ਅਨੁਭਵ ਨੂੰ ਲੇਖਿਕਾਂ ਨੇ ਨਾਵਲ ਵਿਚ ਯੂਨੀਅਨਾਂ ਦੇ ਅੰਦਰੂਨੀ ਸੱਚ ਨਾਲ ਜੋੜ ਬੜੀ ਕੁਸ਼ਲਤਾ ਨਾਲ ਬਿਆਨ ਕੀਤਾ ਹੈ।

ਯੂਨੀਅਨਾਂ ਦੇ ਕਲੇਸ਼, ਝਗੜੇ, ਅੰਤਰ ਵਿਰੋਧ, ਚੌਧਰ ਅਤੇ ਆਪਸੀ ਖਿੱਚੋਤਾਣ ਨਾਵਲਕਾਰ ਨੇ ਮੁੱਖ ਪਾਤਰ 'ਨਮਿਤਾ' ਰਾਹੀਂ ਉਭਾਰਿਆ ਹੈ। ਇਸ ਪਾਤਰ ਦਾ ਪਿਤਾ ਦੇਵੀ ਸ਼ੰਕਰ ਪਾਂਡੇ ਮਜ਼ਦੂਰ ਜਥੇਬੰਦੀ ਦਾ ਵੱਡਾ ਆਗੂ ਸੀ। ਜਿਹੜਾ ਮਜ਼ਦੂਰਾਂ ਦੇ ਹੱਕਾਂ ਲਈ ਮਰਨ ਵਰਤ 'ਤੇ ਬੈਠਦਾ ਹੈ ਤੇ ਇਕ ਭਾੜੇ ਦੇ ਗੁੰਡੇ ਦੇ ਛੁਰੇ ਨਾਲ ਸਰੀਰਕ ਤੌਰ ਤੇ ਨਕਾਰਾ ਹੋ ਜਾਂਦਾ ਹੈ। ਯੂਨੀਅਨ ਦੇ ਆਗੂ ਉਸ ਦੀ ਬੇਟੀ ਨੂੰ ਯੂਨੀਅਨ ਦੇ ਦਫ਼ਤਰ ਵਿਚ ਨੌਕਰੀ ਦੇ ਦਿੰਦੇ ਹਨ। ਇਸ ਅਧੀਨ ਉਸ ਦਾ ਹਰ ਕੋਈ ਸ਼ਰੀਰਕ ਸ਼ੋਸ਼ਣ ਕਰਦੇ ਹਨ। ਆਰਥਿਕ ਲੋੜਾਂ ਉਸ ਨੂੰ ਇਸ ਸਿਸਟਮ ਦਾ ਇਕ ਅੰਗ ਬਣਾ ਦਿੰਦੀਆਂ ਹਨ। ਇਥੋ ਤੱਕ ਮਜਦੂਰ ਸੰਘ ਦੇ ਨੇਤਾ ਉਸ ਨਾਲ ਸਬੰਧ ਬਣਾਉਂਦੇ ਹਨ। ਇਸ ਸਿਸਟਮ ਵਿਚ ਪਿਸ ਰਹੀ ਨਿਰਬਲ ਨਾਰੀ ਦੀ ਪੀੜ੍ਹਾ ਨੂੰ ਲੇਖਿਕਾ ਨੇ ਆਵਾਜ਼ ਦਿੱਤੀ ਹੈ। ਚਿੱਤਰਾ ਨਾਵਲ ਵਿਚ ਅੱਗੇ ਸਵਾਲ ਖੜ੍ਹਾ ਕਰਦੀ ਹੈ ਕਿ ਦਲਿਤ ਤੇ ਨਾਰੀ ਦੀ ਇਹ ਹਾਲਤ ਕਿਵੇਂ ਬਦਲੀ ਜਾ ਸਕਦੀ ਹੈ। ਉਸ ਇਸ ਸੰਕਟ ਨੂੰ ਸ਼੍ਰੈਣੀ ਸਮਾਜ ਦੀ ਦੇਣ ਕਹਿੰਦੀ ਹੈ। ਜਿਸ ਦੀ ਤਬਾਹੀ ਜ਼ਰੂਰੀ ਹੈ। ਇਸ ਸਿਸਟਮ ਨੂੰ ਹਥਿਆਰਬੰਦ ਬਗਾਵਤ ਬਦਲਣ ਦੀ ਪ੍ਰੇਰਨਾ ਨਾਵਲ ਦਿੰਦਾ ਹੈ। ਚਿੱਤਰਾ ਇਸ ਨਾਵਲ ਰਾਹੀਂ

ਖੱਬੇਪੱਖੀ ਪਾਰਟੀਆਂ ਦੇ ਮਜ਼ਦੂਰ ਸੰਗਠਨਾਂ ਦੇ ਅੰਦਰਲੇ ਸੱਚ ਨੂੰ ਉਭਾਰਦੀ ਹੈ। ਉਹ ਬੜੀ ਕੁਸ਼ਲਤਾ ਨਾਲ ਇਸ ਭ੍ਰਿਸ਼ਟ ਸਮਾਜਿਸ ਵਿਵਸਥਾ ਨੂੰ ਨੰਗਾ ਕਰਦੀ ਹੈ। ਉਹ ਉਨ੍ਹਾਂ ਵੱਲ ਬੜੀ ਸਮਰੱਥਾ ਨਾਲ ਉਂਗਲੀ ਕਰਦੀ ਹੈ ਜਿਹੜੇ ਖੱਬੇ ਪੱਖੀਆਂ ਦੇ ਇਹ ਸੰਗਠਨ ਗਰੀਬ ਤੇ ਦਲਿਤ, ਔਰਤ ਨੂੰ ਆਪਣੇ ਨਾਲ ਜੋੜ ਕੇ ਸੱਤਾ ਨੂੰ ਬਦਲ ਨਹੀਂ ਸਕੇ ਬਲਕਿ ਉਨ੍ਹਾਂ ਦਾ ਸ਼ੋਸ਼ਣ ਕਰਨ ਲੱਗ ਪੈਂਦੇ ਹਨ, ਨਾਵਲ ਦਾ ਮਹੱਤਵ ਪੜ੍ਹਿਆ ਹੀ ਪਤਾ ਲੱਗਦਾ ਹੈ।

**ਨਿਰਵਾਣ (ਨਾਵਲ) ਮਨਮੋਹਣ**
**ਮੁੱਲ 300, ਪੰਨੇ 400**
**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ**


ਮਨਮੋਹਨ ਦਾ ਇਹ ਨਾਵਲ ਵਿਚਾਰ ਉਤੇਜਕ ਅਤੇ ਬਹਿਸ ਤਲਬ ਨਾਵਲ ਹੈ। ਦਰਸ਼ਨ ਦੇ ਮਸਲਿਆਂ ਨੂੰ ਲੇਖਕ ਨੇ ਨਾਵਲ ਦਾ ਮੁੱਖ ਮੁੱਦਾ ਬਣਾਇਆ ਹੈ। ਇਹ ਰਚਨਾ ਮਾਰਕਸਵਾਦੀ ਅਤੇ ਬੋਧੀ (ਅੰਬੇਡਕਰੀ?) ਦਰਸ਼ਨ ਦੇ ਸੰਵਾਦ ਦਾ ਨਾਵਲ ਹੈ। ਇਨ੍ਹਾਂ ਵਿਚਾਧਾਰਾਵਾਂ ਦਾ ਸਾਂਝਾ ਸੂਤਰ ਇਹ ਹੈ ਕਿ ਇਹ ਜ਼ਮੀਨੀ ਹਕੀਕਤ ਨਾਲ ਜੁੜੀਆਂ ਹੋਣ ਕਾਰਨ ਰੱਬੀ ਤੇ ਧਾਰਮਿਕ ਮਿੱਥਾਂ ਵਿਚ ਵਿਸ਼ਵਾਸ ਨਹੀਂ ਰੱਖਦੀਆਂ ਸਨ। ਇਨ੍ਹਾਂ ਨੂੰ ਸੰਵਾਦੀ ਜੁਗਤ ਰਾਹੀਂ ਪੇਸ਼ ਕੀਤਾ ਗਿਆ ਹੈ। ਇਹ ਵਿਚਾਰਧਾਰਾਵਾਂ ਮਨੁੱਖ ਦੇ ਭਲੇ ਦੀ ਹੋਣ ਦੇ ਬਾਵਜੂਦ ਮਨੁੱਖ ਦੇ ਅੰਦਰ ਤੀਕ ਕਿਓਂ ਨਹੀਂ ਜਾ ਸਕੀਆਂ ਇਸ ਮੁੱਦੇ 'ਤੇ ਨਾਵਲ ਕੇਂਦਰਿਤ ਹੈ। ਮਨਮੋਹਨ ਨੇ ਨਾਵਲ ਪੰਜਾਬ ਤੋਂ ਬਾਹਰ ਲਿਜਾ ਕੇ ਇਸ ਨਾਵਲ ਦਾ ਬਿਰਤਾਂਤ ਸਥਾਨ ਬਿਹਾਰ ਦੇ ਮਗਧ ਦਾ ਖੇਤਰ ਲਿਆ ਹੈ। ਨਾਵਲ ਪੇਂਡੂ ਦਲਿਤ ਜਿਹੜੇ ਕਿ ਖੇਤਾਂ ਵਿਚ ਕੰਮ ਕਰਦੇ ਹਨ ਉਨ੍ਹਾਂ ਦੀ ਦਲਿਦਰ ਭਰੀ ਜ਼ਿੰਦਗੀ ਨੂੰ ਵੀ ਬਿਆਨ ਕਰਦਾ ਹੈ। ਉਨ੍ਹਾਂ ਦੀ ਬਾਂਹ ਫੜਨ ਵਾਲਾ ਕੋਈ ਨਹੀਂ। ਉਗਰ ਖੱਬੇ ਪੱਖੀ ਮਾਓਵਾਦੀ ਸੰਗਠਨ ਉਨ੍ਹਾਂ ਨੂੰ ਆਪਣੇ ਵੱਲ ਖਿਚਦੇ ਹਨ ਦਲਿਤਾਂ ਲਈ ਇਹਦਾ ਹੋਰ ਕੋਈ ਬਦਲ ਨਹੀਂ । ਇਹ ਸਾਰਾ ਬਿਰਤਾਂਤ ਨਾਵਲਕਾਰ ਆਨੰਦ ਨਾਂ ਦੇ ਪਾਤਰ ਰਾਹੀਂ ਉਭਾਰਦਾ ਹੈ। ਜਿਹੜਾ ਖੱਬੇਪੱਖੀਆਂ ਦਾ ਪ੍ਰਚਾਰਕ ਹੈ। ਭਾਵੇਂ ਕਿ ਉਹ ਤਿੱਖੀ ਬੁੱਧੀ ਵਾਲਾ ਪਾਤਰ ਹੈ ਜਿਹੜਾ ਕਿ ਨਾਵਲ ਵਿਚ ਸਿਧਾਂਤਕ ਮੁੱਦੇ ਉਭਾਰਦਾ ਹੈ ਪਰ ਉਹਨੂੰ ਔਰਤ ਦੀ ਭੁੱਖ ਵੀ ਲੱਗਦੀ ਹੈ। ਇਸ ਲਈ ਉਹ ਇਕ ਡਾਕਟਰ ਦੀ ਪਤਨੀ ਪੰਕਜਾ ਨਾਲ ਸੰਬੰਧ ਬਣਾ ਲੈਂਦਾ ਹੈ। ਇਸੇ ਦੌਰਾਨ ਹੀ ਨਾਵਲ ਵਿਚ ਦੋ ਪਾਤਰ ਮਿਸ਼ਰਾ ਤੇ ਅਖਿਲੇਸ਼ ਆਉਂਦੇ ਹਨ ਜਿਹੜੇ ਉਪਰੋ ਖੱਬੇ ਪੱਖੀ ਹਨ ਪਰ ਸੰਗਠਨ ਦੀ ਵਿਚਾਰਧਾਰਾ ਵਿਰੁੱਧ ਭੁਗਤਦੇ ਹਨ। ਤੇ ਚੋਣਾਂ ਵਿਚ ਬਾਈਕਾਟ ਕਰਵਾ ਦਿੰਦੇ ਹਨ। ਇਸ ਦਾ ਹਾਕਮ ਲੋਕਾਂ ਨੂੰ ਲਾਭ ਮਿਲਦਾ ਹੈ ਇਹ ਮੰਜਰ ਦੇਖ ਕੇ ਆਨੰਦ ਨਿਰਾਸ਼ ਹੋ ਜਾਂਦਾ ਹੈ। ਮਾਓ ਦੀ ਵਿਚਾਰਧਾਰਾ ਨਾਵਲ ਦੇ ਕਾਫੀ ਬਿਰਤਾਂਤ ਦਾ ਹਿੱਸਾ ਬਣਦੀ ਹੈ। ਲੇਖਕ ਇਸ ਪਾਤਰ ਨੂੰ ਆਪਣੇ ਕਾਬੂ ਵਿਚ ਰੱਖਦਾ ਹੋਇਆ ਆਪਣੀ ਵਿਚਾਰਧਾਰਾ ਤੇ ਚਿੰਤਨ ਨੂੰ ਪਾਤਰ ਰਾਹੀਂ ਖੁੱਲ ਕੇ ਪੇਸ਼ ਕਰਦਾ ਹੈ। ਜਿਸ ਕਾਰਨ ਨਾਵਲ ਵਿਚਾਰਧਾਰਾ ਦੇ ਵਿਆਖਿਆਨ ਲੰਮੇ ਅਤੇ ਨਾਵਲ ਦੀ ਚਾਲ ਨੂੰ ਮੱਠਾ ਕਰਦੇ ਹਨ। ਨਾਵਲ ਵਿਚ ਬੋਧੀ ਵਿਚਾਰਧਾਰਾ ਨੂੰ ਪੇਸ਼ ਕਰਨ ਵਾਲਾ ਪਾਤਰ ਮਿਲਿੰਦ ਹੈ ਜਿਹੜਾ ਕਿ ਇਸਤਰੀ ਕਮਲਾ ਨੂੰ ਪਸੰਦ ਕਰਨ ਲੱਗਦਾ ਹੈ। ਪਰ ਇਸਤਰੀ ਨਾਲ ਸਬੰਧ ਬਣਾਉਣ ਤੋਂ ਪਰਹੇਜ਼ ਕਰਦਾ ਹੈ। ਇਕ ਹੋਰ ਬੋਧੀ ਪਾਤਰ ਚਤੁਰ ਸੈਨ ਹੈ ਜਿਹੜਾ ਆਤਮਾ ਨੂੰ ਵੱਸ ਵਿਚ ਕਰਨ ਲਈ ਬੋਧੀ ਮੱਠਾਂ ਵਿਚ ਭੱਜ ਕੇ ਬਲਦੇ ਸਿਵਿਆਂ ਕੋਲ ਜਾਂਦਾ ਹੈ। ਇੰਝ ਉਹ ਬੋਧੀ ਦਰਸ਼ਨ ਦੇ ਮੂਲ ਸਿਧਾਂਤ ਤੋਂ ਭਾਂਜਵਾਦੀ ਬਣਦੇ ਹਨ। ਇਕ ਚੀਨੀ ਭਿਕਸ਼ੂ ਹੁਆ ਹੈ ਜਿਹੜਾ ਬੋਧੀ ਲਿਖਤਾਂ ਦਾ ਅਨੁਵਾਦ ਆਪਣੀ ਭਾਸ਼ਾ ਵਿਚ ਕਰਕੇ ਆਪਣੇ ਦੇਸ਼ ਚੀਨ ਲਿਜਾਣਾ ਚਾਹੁੰਦਾ ਹੈ। ਬੁੱਧ ਦੀ ਫਿਲਾਸਫੀ ਨੂੰ ਲੇਖਕ ਵਿਸਥਾਰ ਨਾਲ ਬਿਆਨ ਕਰਦਾ ਹੈ। ਨਾਵਲ ਨਿਰਵਾਣ, ਧਿਆਨ, ਮੌਤ ਤੇ ਸਮਾਧੀ ਨੂੰ ਨਵੇਂ ਅਰਥ ਦਿੰਦਾ ਹੈ।

ਨਾਵਲ ਵਿਚ ਮਨਮੋਹਨ ਨੇ ਸੰਪੂਰਨ ਮਨੁੱਖ ਨੂੰ ਪੇਸ਼ ਕੀਤਾ ਹੈ। ਉਹ ਨਹੀਂ ਜਿਹੜੇ ਸਾਡੇ ਧਰਮ ਵਾਲੇ,



ਜਾਂ ਵਿਚਾਰਧਾਰਵਾਂ ਬਣਾਉਂਦੀਆਂ ਹਨ ਜਾਂ ਬਣੇ ਪੇਸ਼ ਕਰਦੀਆਂ ਹਨ। ਉਨ੍ਹਾਂ ਵਿਚ ਹਰ ਭਾਵਨਾ ਹੈ, ਜਿਹੜੀ ਮਰਦੀ ਨਹੀਂ। ਨਾਵਲ ਵਿਚ ਕੁਝ ਹੋਰ ਪਾਤਰ ਵੀ ਆਉਂਦੇ ਹਨ ਰਈਸ, ਰਾਣੀ, ਮੁਨਸ਼ੀ, ਪੰਕਜਾ ਦਾ ਪਤੀ, ਦਾਸ ਆਂਟੀ ਤੇ ਇਸ ਦਾ ਪਤੀ ਇਹ ਪਾਤਰ ਸੱਚ ਦੇ ਨੇੜੇ ਚਿਤਰੇ ਗਏ ਹਨ। ਆਨੰਦ ਦਾ ਪ੍ਰਵੇਸ਼ ਸੁਪਨੇ ਦੇ ਟੁੱਟਣ ਨਾਲ ਹੁੰਦਾ ਹੈ ਅਤੇ ਮਿਲਿੰਦ ਨੀਂਦ 'ਚੋਂ ਜਾਗਣ ਨਾਲ ਨਾਵਲ ਵਿਚ ਪ੍ਰਵੇਸ਼ ਕਰਦਾ ਹੈ। ਇਹ ਦੋਵੇਂ ਚਿਹਨ ਨਾਵਲ ਵਿਚ ਲੇਖਕ ਧੁਰ ਤੀਕ ਲੈ ਕੇ ਜਾਂਦਾ ਹੈ। ਇਹ ਨਾਵਲ ਪੰਜਾਬੀ ਦੇ ਰਵਾਇਤੀ ਨਾਵਲੀ ਬਿਰਤਾਂਤ ਨੂੰ ਤੋੜਦਾ ਹੋਇਆ ਅਛੂਤੇ ਮਸਲਿਆਂ ਵਿਚ ਵਿਚਰਦੇ ਮਨੁੱਖ ਦੀ ਗੱਲ ਕਰਦਾ ਹੈ। ਪੰਜਾਬੀ ਵਿਚ ਇਕੋ ਕਿਸਮ ਦੇ ਨਾਵਲ ਲਿਖਣ ਦੀ ਭੇਡ ਚਾਲ ਨੂੰ ਤੋੜਦਾ ਹੈ। ਭਵਿੱਖ ਵਿਚ ਇਸ ਨਾਵਲ ਦੇ ਵੱਡੀ ਗਿਣਤੀ ਵਿਚ ਨਵੇਂ ਪਾਠਕ ਪੈਦਾ ਹੋਣਗੇ।

**ਦੀਵੇ ਜਗਦੇ ਰਹਿਣਗੇ (ਨਾਵਲ) ਅਵਤਾਰ ਸਿੰਘ ਬਿਲਿੰਗ**
**ਮੁੱਲ 260 ਰੁਪਏ, ਪੰਨੇ 312**
**ਪ੍ਰਕਾਸ਼ਕ ਯੂਨੀਸਟਾਰ ਬੁੱਕ, ਚੰਡੀਗੜ੍ਹ**




ਪੰਜਾਬੀ ਨਾਵਲ ਵਿਚ ਆਪਣਾ ਨਿੱਗਰ ਨਾਂ ਬਣਾਉਣ ਵਾਲੇ ਨਾਵਲਕਾਰ ਬਿਲਿੰਗ ਦਾ ਦਾ ਨਵਾਂ ਨਾਵਲ ਹੈ। ਜਿਸ ਵਿਚ ਉਸ ਨੇ ਪੂਰੀ ਪਕੜ ਨਾਲ ਪੰਜਾਬ ਦੀ ਕਿਸਾਨੀ ਦੇ ਨਿਵੇਕਲੇ ਪਸਾਰ ਸਮੁੱਚੇ ਪੇਂਡੂ ਰਹਿਤਲ ਵਿਚ ਪੇਸ਼ ਕੀਤੇ ਹਨ। ਪੰਜਾਬੀ ਦਾ ਤਕਰੀਬਨ ਸਾਰਾ ਨਾਵਲ ਕਿਸਾਨੀ ਦੇ ਦੁਆਲੇ ਘੁੰਮਦਾ ਹੈ। ਜਿਸ ਕਾਰਨ ਨਾਵਲਕਾਰਾਂ ਲਈ ਇਹ ਸਮੱਸਿਆ ਬਣ ਜਾਂਦੀ ਹੈ ਕਿ ਹੁਣ ਕਿਸਾਨੀ ਦੇ ਕਿਹੜੇ ਅਛੂਤੇ ਅਨੁਭਵ ਜਾਂ ਵਿਸ਼ੇ ਨੂੰ ਨਾਵਲ ਦਾ ਬਿਰਤਾਂਤ ਬਣਾਇਆ ਜਾਵੇ। ਜਿਸ ਕਾਰਨ ਪੰਜਾਬੀ ਦਾ ਨਾਵਲ ਆਪਣੇ ਆਪ ਨੂੰ ਦੁਹਰਾਈ ਜਾ ਰਿਹਾ ਹੈ। ਅਜਿਹੀ ਸਮੱਸਿਆ ਦਾ ਬਿਲਿੰਗ ਨੂੰ ਵੀ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਬਿਲਿੰਗ ਦਾ ਪੰਜਵਾ ਨਾਵਲ ਹੈ, ਜਿਸ ਕਾਰਨ ਬਿਲਿੰਗ ਆਪਣੇ ਆਪ ਨੂੰ ਦੁਹਰਾਉਣ ਲੱਗ ਪਿਆ ਹੈ। ਪ੍ਰੰਤੂ ਨਾਵਲ ਵਿਚ ਕੁਝ ਸੂਤਰ ਨਵੇਂ ਪੇਸ਼ ਕਰਨ ਵਿਚ ਜ਼ਰੂਰ ਸਫ਼ਲ ਹੋਇਆ ਹੈ।

ਨਾਵਲ ਗੁਰਦਿਆਲ ਸਿੰਘ ਮੁੱਖ ਪਾਤਰ ਦੁਆਲੇ ਘੁੰਮਦਾ ਹੈ। ਜਿਹੜਾ ਕਿ ਰਵਾਇਤੀ ਜਾਗੀਰੂ ਕਿਸਮ ਦਾ ਪਾਤਰ ਹੈ। ਇਹ ਪਾਤਰ ਅਮੀਰ ਕਿਸਾਨ ਹੈ ਜਿਹਦੇ ਵਿਚ ਜੱਟ ਹਉਮੈ ਹੋਣ ਕਾਰਨ ਸਮਾਜ ਤੇ ਦਲਿਤ ਵਿਰੋਧੀ ਕਾਰਜ ਕਰਦਾ ਹੈ। ਤੇ ਦਲਿਤ ਖੇਤਾਂ ਵਿਚ ਕੰਮ ਕਰਨ ਨਾਲੋਂ ਸ਼ਹਿਰ ਜਾ ਕੇ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਪਿੰਡ ਦੀਆਂ ਹੋਰ ਨਿਮਨ ਸ਼੍ਰੇਣੀਆਂ ਤਰਖਾਣ ਤੇ ਝਿਉਰ ਦਾ ਕਿਸਾਨਾਂ ਨਾਲ ਲਾਗੀ ਸੀਰੀ ਵਾਲੇ ਸਬੰਧ ਟੁੱਟਦੇ ਦਿਖਾਏ ਗਏ ਹਨ। ਨਾਵਲਕਾਰ ਦਲਿਤ ਪਾਤਰਾਂ ਨੂੰ ਫਿਲਰ ਦੇ ਤੌਰ ਤੇ ਵਰਤਦਾ ਹੈ। ਇੰਝ ਨਾਵਲ ਕਾਰ ਬਦਲ ਰਹੇ ਪਿੰਡ ਨੂੰ ਚਿਤਰਦਾ ਹੈ। ਜਿੱਥੇ ਸਮਾਜਿਕ ਪ੍ਰਬੰਧ ਵਿਚ ਵੱਡੀ ਪੱਧਰ ਤੇ ਬਦਲਾਅ ਆ ਰਿਹਾ ਹੈ। ਜ਼ਮੀਨ ਨਾਲ ਜੁੜੀ ਕਿਸਾਨੀ ਨੂੰ ਚਿਤਰਨਾ ਲੇਖਕ ਮੁੱਖ ਟੀਚਾ ਹੈ। ਇਹ ਜ਼ਮੀਨ ਨਾਲ ਮੋਹ ਹੀ ਦਿਆਲੇ, ਜੱਗੋ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਆਰਥਿਕ ਤੌਰ ਤੇ ਤਕੜੇ ਕਿਸਾਨ ਬਣਾਉਂਦਾ ਹੈ ਜਿਹੜੇ ਕਿ ਧੰਨ ਦੀ ਸੱਤਾ ਤੋਂ ਬਾਅਦ ਰਾਜਨੀਤਿਕ ਸੱਤਾ ਪ੍ਰਾਪਤ ਕਰਨ ਵੱਲ ਵੱਧਦੇ ਹਨ। ਫਿਰ ਜਦੋਂ ਪਰਿਵਾਰ ਦੇ ਵੰਡ ਹੋਣ ਨਾਲ ਜ਼ਮੀਨ ਵੰਡ ਹੋਣ ਨਾਲ ਸੱਤਾ ਟੁੱਟਦੀ ਹੈ ਤੇ ਇਹ ਕਿਸਾਨੀ ਥਿੜਕ ਜਾਂਦੀ ਹੈ। ਇਥੇ ਬਿਲਿੰਗ ਜ਼ਮੀਨ ਦੇ ਟੁਕੜਿਆਂ ਵਿਚ ਵੰਡ ਹੋਣ ਕਾਰਨ ਕਿਸਾਨੀ ਨੂੰ ਮੰਦਹਾਲੀ ਦਾ ਸ਼ਿਕਾਰ ਹੋ ਗਿਆ ਪੇਸ਼ ਕਰਦਾ ਹੈ। ਅੱਜ ਦੇ ਦੌਰ ਵਿਚ ਜੇਕਰ ਕਿਸਾਨ ਕੋਲ ਇਕ -ਦੋ ਏਕੜ ਜ਼ਮੀਨ ਹੈ ਤਾਂ ਵੀ ਉਹ ਕਰੋੜਪਤੀ ਹੈ। ਇਸ ਦੇ ਬਦਲ ਵਿਚ ਪਿੰਡ ਦੇ ਬਾਕੀ ਦਲਿਤ ਭੂਮੀਹੀਣ ਵਰਗ ਦੀ ਹਾਲਤ ਕੀ ਹੈ? ਜਿਸ ਕੋਲ ਖਾਣ ਲਈ ਦੋ ਡੰਗ ਦੀ ਰੋਟੀ ਵੀ ਨਹੀਂ। ਨਾਵਲ ਵਿਚ ਭਿੰਦਰ ਕੌਰ ਦੇ ਪ੍ਰਸੰਗ ਵਿਚ ਦਹਿਸ਼ਤਗਰਦੀ ਲਹਿਰ ਦਾ ਜ਼ਿਕਰ ਵੀ ਆਉਂਦਾ ਹੈ। ਬਿਲਿੰਗ ਨਾਵਲ ਵਿਚ ਭਾਸ਼ਾ ਬੜੀ ਜਾਨਦਾਰ

ਵਰਤਦਾ ਹੈ। ਖਾਸ ਕਰਕੇ ਢਾਹੇ ਦੀ ਆਂਚਲਿਕ ਬੋਲੀ ਅਤੇ ਕਾਵਿਕ ਕਵੀਸ਼ਰੀ ਆਦਿ। ਨਾਵਲਕਾਰ ਨੂੰ ਪਾਠਕ ਨੂੰ ਆਪਣੇ ਨਾਲ ਤੋਰਨ ਦੀ ਜੁਗਤ ਆਉਂਦੀ ਹੈ।

**ਬ੍ਰਿਟਿਸ ਬੌਰਨ ਦੇਸੀ (ਨਾਵਲ) ਹਰਜੀਤ ਅਟਵਾਲ**
**ਮੁੱਲ 300 ਰੁਪਏ, ਪੰਨੇ 310**
**ਸੰਗਮ ਪਬਲੀਕੇਸ਼ਨਜ਼, ਸਮਾਣਾ**

ਪਰਵਾਸੀ ਜ਼ਿੰਦਗੀ ਦੇ ਬਹੁਪੱਖੀ ਅਨੁਭਵ ਨੂੰ ਪਰਵਾਸੀ ਨਾਵਲਕਾਰ ਹਰਜੀਤ ਅਟਵਾਲ ਆਪਣੇ ਨਵੇਂ ਨਾਵਲ 'ਬ੍ਰਿਟਿਸ਼ ਬੌਰਨ ਦੇਸੀ' ਵਿਚ ਲੈ ਕੇ ਆਉਂਦਾ ਹੈ। ਇੰਗਲੈਂਡ ਵਿਚ ਜਨਮ ਲੈਣ ਵਾਲੀ ਪੰਜਾਬੀ ਟੱਬਰਾਂ ਦੀ ਪੀੜ੍ਹੀ ਦੀਆਂ ਖ਼ਾਹਿਸ਼ਾ, ਪਛਾਣ ਦੇ ਮਸਲੇ ਅਤੇ ਉਨ੍ਹਾਂ ਦੀਆਂ ਵੇਦਨਾਵਾਂ ਨੂੰ ਨਾਵਲ ਪੇਸ਼ ਕਰਦਾ ਹੈ। ਉਹ ਪੀੜ੍ਹੀ ਜਿਹੜੀ ਪੰਜਾਬੀ, ਪੰਜਾਬੀ ਕਲਚਰ ਅਤੇ ਪੰਜਾਬੀ ਰਹਿਤ ਮਰਿਯਾਦਾ ਨਾਲ ਰਤਾ ਵੀ ਜੁੜੀ ਹੋਈ ਨਹੀਂ। ਇੰਝ ਨਾਵਲ ਦੋ ਪੀੜ੍ਹੀਆਂ ਦੇ ਸਭਿਆਚਾਰਕ ਟਕਰਾਅ, ਵਖਰੇਵਾਂ, ਬੇਗਾਨਗੀ ਤੇ ਪਛਾਣ ਦੀ ਮਿੱਟ ਰਹੀ ਹੋਂਦ ਬਿਰਤਾਂਤ ਦਾ ਹਿੱਸਾ ਹਨ। ਨਾਵਲ ਪੰਜਾਬ ਤੋਂ ਪਰਵਾਸ ਹੋਏ ਪਰਿਵਾਰਾਂ ਦੀ ਕਹਾਣੀ ਬਿਆਨ ਕਰਦਾ ਹੈ। ਇਨ੍ਹਾਂ ਪਰਿਵਾਰਾਂ ਦੀ ਉਧਰ ਜੰਮੀ ਤੇ ਪਲੀ ਪੀੜ੍ਹੀ ਵਿਸ਼ੇਸ਼ ਕਿਸਮ ਦੇ ਮਿਕਸ ਸਭਿਆਚਾਰ ਦੀ ਅਗਵਾਈ ਕਰਦੀ ਹੈ। ਇਨ੍ਹਾਂ ਦੋ ਪੀੜ੍ਹੀਆਂ ਵਿਚ ਜਿਹੜਾ ਪੀੜ੍ਹੀ ਪਾੜਾ ਹੈ ਉਸ ਤੋਂ ਉਤਪੰਨ ਹੁੰਦੇ ਹਨ ਵਿਚਾਰਾ ਦੇ ਟਕਰਾਅ, ਸਮਾਜਿਕ ਕੇ ਸੱਭਿਆਚਾਰਕ ਟਕਰਾਅ ਪੇਸ਼। ਨਵੀਂ ਪੀੜ੍ਹੀ ਉੱਤੇ ਬ੍ਰਿਟਿਸ਼ ਸਮਾਜ ਦੀ ਜਕੜ ਹੋਣੀ ਸੁਭਾਵਿਕ ਹੈ। ਇਧਰੋਂ ਗਈ ਪੀੜ੍ਹੀ ਜਗੀਰੂ ਮਾਨਸਿਕਤਾ ਵਾਲੀ ਹੈ। ਇਹ ਜਗੀਰੂ ਮਿੱਥ ਜਦੋਂ ਨਵੀਂ ਪੀੜ੍ਹੀ ਨਾਲ ਟਕਰਾਉਂਦੀ ਹੈ ਤਾਂ ਜਗੀਰੂ ਪੀੜ੍ਹੀ ਮਾਨਸਿਕ ਤੌਰ ਤੇ ਖੰਡਤ ਹੁੰਦੀ ਹੈ। ਇਹ ਟਕਰਾਅ ਨਾਵਲ ਦੇ ਬਿਰਤਾਂਤ ਵਿਚ ਵਾਰ ਵਾਰ ਆ ਕੇ ਨਾਵਲੀ ਬਿਰਤਾਂਤ ਨੂੰ ਲੰਮਾ ਹੋਰ ਲੰਮਾ ਕਰੀ ਜਾਂਦੇ ਹਨ।

ਨਾਵਲ ਵਿਚ ਪਰਦੁੰਮਣ ਸਿੰਘ, ਸਾਧੂ ਸਿੰਘ, ਗੁਰਮੁਖ ਸਿੰਘ, ਸੁਦਾਗਰ ਸਿੰਘ ਪਹਿਲੀ ਪੀੜ੍ਹੀ ਭਾਵ ਕਿ ਜਗੀਰੂ ਪੀੜ੍ਹੀ ਦੀ ਪ੍ਰਤੀਨਿੱਧਤਾ ਕਰਦੇ ਹਨ। ਬ੍ਰਿਟਿਸ਼ ਦੇਸ ਵਿਚ ਜੰਮੀ ਪੀੜ੍ਹੀ ਜੀਤੀ, ਸੱਤੀ, ਗੁਰੀ, ਸ਼ੈਰਨ, ਬਿੰਦੀ, ਜੋਤੀ, ਸੁੱਖੀ, ਰੱਤੀ, ਮਨਿੰਦਰ ਆਦਿ ਪਾਤਰ ਨਵੀਂ ਪੀੜ੍ਹੀ ਦੀ ਪ੍ਰਤੀਨਿੱਧਤਾ ਕਰਦੇ ਹਨ। ਇਹ ਪੀੜ੍ਹੀ ਜਦੋਂ ਉਥੋਂ ਦੇ ਕਲਚਰ ਦੇ ਅਧਾਰ ਤੇ ਬਿਨਾਂ ਜਾਤੀ, ਸਮਾਜੀ ਤੇ ਕੌਮੀ ਵਿਤਕਰੇ ਦੇ ਆਪਸੀ ਸੰਬੰਧ ਬਣਾਉਂਦੇ ਹਨ ਤੇ ਪਹਿਲੀ ਜਗੀਰੂ ਪੀੜ੍ਹੀ ਮਾਨਸਿਕ ਤੌਰ ਤੇ ਮਰਦੀ ਜਾਂਦੀ ਹੈ। ਆਪਣੀ ਮਰ ਰਹੀ ਹੋਂਦ ਨੂੰ ਬਚਾਉਣ ਲਈ ਇਹ ਜਗੀਰੂ ਪੀੜ੍ਹੀ ਬ੍ਰਿਟਿਸ਼ ਪੀੜ੍ਹੀ ਨੂੰ ਖਤਮ ਕਰਨ ਬਾਰੇ ਸੋਚਦੀ ਹੈ। ਜਿਸ ਕਾਰਨ ਪਾਤਰ ਰੱਤੀ ਘਰੋਂ ਨਿੱਕਲ ਜਾਂਦੀ ਹੈ, ਮਨਿੰਦਰ ਮੁਸਲਮਾਨ ਮੁੰਡੇ ਰਫੀਕ ਨਾਲ ਰਹਿਣ ਲੱਗਦੀ ਹੈ ਅਤੇ ਸ਼ੈਰਨ ਵਿਆਹ ਤੋਂ ਪਹਿਲਾਂ ਬੱਚੇ ਨੂੰ ਜਨਮ ਦੇ ਦਿੰਦੀ ਹੈ। ਦੋ ਪੀੜ੍ਹੀਆਂ ਦਾ ਟਕਰਾਅ ਇਹ ਨਾਵਲ ਪੇਸ਼ ਕਰਦਾ ਹੈ। ਨਾਵਲ ਫਿਊਡਲ ਪੀੜ੍ਹੀ ਤੇ ਅਧੁਨਿਕ ਪੀੜ੍ਹੀ ਨੂੰ ਅਧਾਰ ਬਣਾ ਕੇ ਲਿਖਿਆ ਗਿਆ ਹੈ। ਇਸ ਤੋਂ ਇਲਾਵਾ ਇਹ ਨਾਵਲ ਦੀ ਇਕ ਪਰਤ ਹੈ ਇਸ ਵਿਚ ਨਸਲੀ ਵਿਤਕਰੇ, ਪਰਿਵਾਰਕ ਰਿਸ਼ਤਿਆਂ ਦਾ ਤਿੜਕਦਾ ਸਰੂਪ, ਬੇਰੋਜਗਾਰੀ, ਵਰਕ ਵੀਜ਼ੇ ਦੇ ਗਈ ਪੀੜ੍ਹੀ ਦਾ ਦੁਖਾਂਤ, ਵਰਜਿਤ ਸਬੰਧ, ਪੱਛਮ ਦਾ ਖੁੱਲ੍ਹਾ ਕਲਚਰ, ਛੋਟੀ ਉਮਰ ਦੀਆਂ ਵਿਆਹੀਆਂ ਕੁੜੀਆਂ ਦਾ ਸੰਤਾਪ ਅਤੇ ਹੋਰ ਅਨੇਕਾਂ ਪਸਾਰ ਨਾਵਲ 'ਬ੍ਰਿਟਿਸ ਬੋਰਨ ਦੇਸੀ ਦਾ ਹਿੱਸਾ ਬਣਦੇ ਹਨ। ਹਰਜੀਤ ਅਟਵਾਲ ਦਾ ਇਹ ਨਾਵਲ ਪਰਵਾਸੀ ਜ਼ਿੰਦਗੀ ਦੇ ਅਛੂਤੇ ਪਸਾਰ ਖੋਲਣ ਵਾਲਾ ਨਾਵਲ ਹੈ।


**ਪਥਰਾਟ (ਨਾਵਲ) ਧਰਮਪਾਲ ਸਹਿਲ**
**ਮੁੱਲ 200 ਰੁਪਏ, ਪੰਨੇ 222**
**ਪ੍ਰਕਾਸ਼ਕ ਯੂਨੀਸਟਾਰ ਚੰਡੀਗੜ੍ਹ**






ਇਸ ਨਾਵਲ ਰਾਹੀਂ ਧਰਮਪਾਲ ਸਾਹਿਲ ਨੇ ਨੀਮ ਪਹਾੜੀ ਇਲਾਕੇ ਦੇ ਉਸ ਖੇਤਰ ਵਿਚ ਸਥਿਤ ਇਕ ਪਿੰਡ ਬਾਰੇ ਲਿਖਿਆ ਹੈ ਜਿਸ ਨੂੰ ਕੰਢੀ ਜਾਂ ਬੀਤ ਦਾ ਇਲਾਕਾ ਕਿਹਾ ਜਾਂਦਾ ਹੈ। ਇਸ ਪਿੰਡ ਨੂੰ ਅਧਾਰ ਬਣਾ ਕੇ ਉਸ ਨੇ ਪਿੰਡ ਦੀ ਆਂਚਲਿਤਾ ਨੂੰ ਬੜੀ ਸਮਰੱਥਾ ਨਾਲ ਬਿਆਨ ਕੀਤਾ ਹੈ। ਇਹ ਪਿੰਡ ਕੰਢੀ ਖੇਤਰ ਦੇ ਸਮੁੱਚੇ ਪਿੰਡਾਂ ਦੀ ਪ੍ਰਤੀਨਿੱਧਤਾ ਕਰਦਾ ਹੈ ਇਸ ਲਈ ਇਸ ਨਾਵਲ ਦੀ ਮਹੱਤਤਾ ਹੋਰ ਵੱਧ ਜਾਂਦੀ ਹੈ। ਨਾਵਲਕਾਰ ਨੇ ਇਸ ਪਿੰਡ ਦੀ ਆਂਚਲਿਕਤਾ ਨੂੰ ਪੇਸ਼ ਕਰਨ ਲਈ ਉਥੋਂ ਦੇ ਪੇਂਡੂ ਪਾਤਰਾਂ ਨੂੰ ਸੰਵਾਦੀ ਜੁਗਤ ਨੂੰ ਬਿਆਨ ਕੀਤਾ ਹੈ। ਹਰੀ ਕ੍ਰਾਂਤੀ ਤੋਂ ਬਾਅਦ ਪੰਜਾਬ ਦੇ ਪਿਡਾਂ ਦਾ ਵਿਕਾਸ ਹੁੰਦਾ ਹੈ। ਪਿੰਡ ਸੜਕਾਂ, ਰੇਲਾਂ, ਮੁੱਖ ਮਾਰਗਾ, ਖੇਤੀ ਬਾੜੀ ਦੀਆਂ ਨਵੀਆਂ ਤਕਨੀਕਾ ਅਤੇ ਆਧੁਨਿਕ ਸਹੂਲਤਾਂ ਨਾਲ ਜੁੜਦੇ ਹਨ ਉਥੇ ਇਸ ਇਲਾਕੇ ਦਾ ਪਿੰਡ ਸਭ ਸਹੂਲਤਾ ਨਾਲੋਂ ਕੱਟਿਆ ਜਾਂਦਾ ਹੈ। ਇਥੋਂ ਦੇ ਲੋਕ ਕੁਦਰਤ ਵੱਲ ਝਾਕਦੇ ਹਨ। ਉਤਮ ਪੁਰਖੀ ਵਿਧੀ ਨਾਲ ਨਾਵਲ ਦਾ ਬਿਰਤਾਂਤ ਤੁਰਦਾ ਹੈ। ਨਾਵਲ ਦਾ ਮੁੱਖ ਪਾਤਰ ਮੂਲ ਰੂਪ ਵਿਚ ਸਕੂਲ ਵਿਚ ਅਧਿਆਪਕ ਹੈ ਪਰ ਉਹ ਪਿੰਡ ਨਾਲ ਵੱਧ ਜੁੜਿਆ ਹੋਇਆ ਹੈ। ਹਰਦਰਦੀ ਪਿੰਡ ਦੇ ਲੋਕਾਂ ਨਾਲ ਸਾਂਝ ਪਾਉਣ ਦਾ ਸਾਧਨ ਹੈ। ਨਾਵਲ ਵਿਚ ਕਿਸ਼ਨਾ, ਕੁੱਕੂ, ਗੌਰੀ, ਰਾਧਾ, ਰਕਸ਼ਾ, ਚਿੰਤਾਮਨੀ ਆਦਿ ਮੁੱਖ ਪਾਤਰ ਆਉਂਦੇ ਹਨ। ਜਿਨ੍ਹਾਂ ਨਾਲ ਨਾਵਲ ਵਿਚ ਗੁੰਝਲਾ ਪੈਂਦੀਆਂ ਹਨ। ਬਿਰਤਾਂਤ ਸੰਘਣਾ ਹੁੰਦਾ ਹੈ। ਨਾਵਲਕਾਰ ਨੇ ਚਮਾਰ ਜਾਤੀ ਦੀ ਦਲਿਤ ਪਾਤਰ ਕਮਲੋ ਨੂੰ ਲਿਆ ਹੈ ਜਿਸ ਦਾ ਸ਼ਰੀਰਕ ਸ਼ੋਸ਼ਣ ਹੁੰਦਾ ਹੈ। ਹਾਲਾਤ ਦੇ ਥਪੇੜੇ ਸਹਿੰਗੀ ਥਾਂ ਥਾਂ ਤੇ ਵਿਕਦੀ ਅੰਤ ਨੂੰ ਆਪਣੇ ਪਿੰਡ ਆ ਕੇ ਇਨਸਾਫ ਲਈ ਪੁਕਾਰਦੀ ਹੈ। ਪਿੰਡ ਦੇ ਲੋਕ ਵਿਦਿਆ ਪੱਖੋਂ ਸੱਖਣੇ ਹਨ ਜਿਸ ਕਾਰਨ ਵਹਿਮ ਭਰਮ ਤੇ ਤਾਂਤਰਿਕਾਂ ਤੋਂ ਸੁੱਖ ਤੇ ਇਲਾਜ਼ ਭਾਲਦੇ ਹਨ। ਨਾਵਲਕਾਰ ਨੇ ਇਸ ਨਾਵਲ ਵਿਚ ਸਮੁੱਚੇ ਪਿੰਡ ਨੂੰ ਚਿਤਰਿਆ ਹੈ। ਉਹ ਪਿੰਡ ਜਿਸ ਵਿਚ ਹਰ ਵਰਗ, ਜਾਤ ਧਰਮ ਦੇ ਪਾਤਰ ਹਨ। ਚੰਚਲ ਸੁਭਾ ਦੀਆਂ ਕੁੜੀਆਂ ਗੋਰੀ ਤੇ ਕਮਲੋ ਹੈ। ਨਾਵਲ ਵਿਚ ਪਹਾੜੀ ਲੋਕਾਂ ਦੀ ਬੋਲੀ ਵਰਤੀ ਗਈ ਹੈ। ਇਸ ਨਾਵਲ ਵਿਚ ਸਮੁੱਚੇ ਪਿੰਡ ਨੂੰ ਪਾਠਕ ਆਪਣੇ ਅੱਗੇ ਵਿਚਰਦਾ ਮਹਿਸੂਸ ਕਰਦਾ ਹੈ। ਇਹੀ ਨਾਵਲ ਦੀ ਵਿਲੱਖਣਤਾ ਹੈ। ਇਹ ਨਾਵਲ ਆਮ ਪੰਜਾਬ ਦੇ ਪੇਂਡੂ ਦੀ ਜ਼ਿੰਦਗੀ ਬਾਰੇ ਨਹੀਂ ਹੈ। ਇਕ ਵੱਖਰੀ ਟੈਕਸਟ ਸਿਰਜਦਾ ਹੈ। ਵਿਸ਼ੇ ਪੱਖੋ ਅਤੇ ਨਿਭਾ ਪੱਖੋ ਇਹ ਪੰਜਾਬੀ ਵਿਚ ਲਿਖਿਆ ਨਿਵੇਕਲਾ ਨਾਵਲ ਹੈ। ਜਿਸ ਦੀ ਭਵਿੱਖ ਵਿਚ ਹੋਰ ਪ੍ਰਪੱਕਤਾ ਨਾਲ ਗੱਲ ਹੋਵੇਗੀ। ਇਹ ਕੰਢੀ ਖੇਤਰ ਦੇ ਸਭਿਆਚਾਰ ਨੂੰ ਦਰਸਾਉਣ ਵਾਲਾ ਪੰਜਾਬੀ ਦਾ ਪਹਿਲਾ ਨਾਵਲ ਹੈ।


**ਇਹ ਅਰਦਾਸ ਤੁਮਾਰੀ ਹੈ (ਨਾਵਲਕਾਰ ਸ਼ਾਹ ਚਮਨ)**
**ਮੁੱਲ 200 ਰੁਪਏ, ਪੰਨੇ 171**
**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ**




ਸ਼ਾਹ ਚਮਨ ਇਕੋ ਵੇਲੇ ਅਨੁਵਾਦਕ, ਲਿਪੀਅੰਤਰ ਤੇ ਨਾਵਲਕਾਰ ਦੇ ਤੌਰ ਤੇ ਪੂਰੀ ਪਕੜ ਨਾਲ ਆਪਣੀ ਪਛਾਣ ਬਣਾ ਚੁੱਕਾ ਹੈ। ਖਾਸ ਕਰਕੇ ਬਤੌਰ ਨਾਵਲਕਾਰ ਉਸ ਨੇ ਆਪਣੀ ਪਛਾਣ ਗੂੜੀ ਕੀਤੀ ਹੈ, ਹਥਲਾ ਨਾਵਲ ਵੀ ਇਕ ਕੜੀ ਦਾ ਕਾਰਜ ਕਰਦਾ ਹੈ। ਇਸ ਨਾਵਲ ਵਿਚ ਕੂਕਾ ਅੰਦੋਲਨ ਜਿਹੜਾ ਕਿ ਬਰਤਾਨਵੀ ਸਾਮਰਾਜ ਵਿਰੁੱਧ ਖੜਾ ਹੋਇਆ ਸੀ ਉਸ ਨੂੰ ਆਪਣੇ ਨਾਵਲ ਦਾ ਬਿਰਤਾਂਤ ਬਣਾਉਂਦਾ ਹੈ। ਇਸ ਪਿੱਛੇ ਚਲਦੀਆਂ ਅੰਤਰੀਵੀ ਧੁੰਨੀਆਂ ਨੂੰ ਸ਼ਾਹ ਚਮਨ ਨੇ ਬੜੀ ਸਮਰੱਥਾ ਨਾਲ ਫੜਿਆ ਹੈ। ਸ਼ਾਹ ਚਮਨ ਦਾ ਇਹ ਇਤਿਹਾਸਕ ਨਾਵਲ ਨਹੀਂ ਹੈ ਬਲਕਿ ਸਮਾਜਿਕ ਮਸਲਿਆ ਨਾਲ ਜੁੜਿਆ ਨਾਵਲ

ਹੈ। ਨਾਵਲ ਦੇ ਬਿਰਤਾਂਤ ਦੀ ਮੁੱਖ ਘਟਨਾ ਭਾਵੇਂ ਇਤਿਹਾਸਕ ਹੈ ਪਰ ਨਾਵਲਕਾਰ ਨੇ ਪੰਜਾਬ ਦੀ ਕਿਸਾਨੀ ਖਾਸ ਕਰਕੇ ਗੁਲਾਮ ਬਣਾ ਲਈ ਗਈ ਲੋਕਾਈ ਦੇ ਦਰਦ ਨੂੰ ਬਿਆਨ ਕੀਤਾ ਹੈ। ਈਸਟ ਇੰਡੀਆ ਕੰਪਨੀ ਸੜਕਾਂ, ਰੇਲਾਂ, ਖੇਤੀ ਦੇ ਧੰਦਿਆਂ ਵਿਚ ਤਰੱਕੀ ਦੇ ਨਾਂ ਤੇ ਲੋਕਾਂ ਨੂੰ ਗੁਲਾਮ ਬਣਾਉਂਦੀ ਹੈ। ਇਸ ਦੌਰ ਵਿਚ ਲੋਕਾਂ ਦੇ ਵਿਦਰੋਹ ਨੂੰ ਹਵਾ ਦੇਣ ਲਈ ਪੰਜਾਬ ਵਿਚ ਕੂਕਾ ਲਹਿਰ ਉਠਦੀ ਹੈ। ਜਿਸ ਲਹਿਰ ਨਾਲ ਲੋਕ ਜੁੜਦੇ ਹਨ ਅਤੇ ਅਦਾਲਤਾਂ ਦਾ ਬਾਈਕਾਟ ਹੁੰਦਾ ਹੈ, ਲੋਕਾਂ ਨੂੰ ਆਪਣੇ ਕੱਪੜੇ ਬਣਾਉਣ ਲਈ ਉਕਸਾਇਆ ਜਾਂਦਾ ਹੈ। ਸਤਿਗੁਰੂ ਰਾਮ ਸਿੰਘ ਪੰਜਾਬ ਵਿਚ ਇਕ ਸਮਾਜਿਕ ਚੇਤਨਾ ਵਾਲੀ ਲਹਿਰ ਖੜੀ ਕਰਦੇ ਹਨ। ਮੋਟੇ ਤੌਰ ਤੇ ਇਹ ਲਹਿਰ ਕਿਸਾਨੀ ਨਾਲ ਜੁੜੀ ਹੋਈ ਹੈ। ਲੇਖਕ ਨੂੰ ਇਤਿਹਾਸ ਤੇ ਰਾਜਨੀਤੀ ਉੱਤੇ ਬਰਾਬਰ ਪਕੜ ਹੈ। ਨਾਵਲ ਦਾ ਬਿਰਤਾਂਤ ਪਾਠਕ ਨੂੰ ਆਪਣੇ ਵੱਲ ਖਿੱਚੀ ਰੱਖਦਾ ਹੈ। ਇਸ ਨਾਵਲ ਨਾਲ ਸ਼ਾਹ ਚਮਨ ਇਕ ਵੱਖਰੀ ਸ਼ੈਲੀਕਾਰ ਵਜੋਂ ਵੀ ਉਭਰਦਾ ਹੈ।

**ਮਾਊਂਟ ਆਬੂ ਵਾਇਆ ਪੁਸ਼ਕਰ (ਸਫ਼ਰਨਾਮਾ)**
**ਸੰਪਾਦਕ ਪ੍ਰੋ. ਜੇ. ਬੀ. ਸੇਖੋਂ**
**ਮੁੱਲ 200, ਪੰਨੇ 232**
**ਪ੍ਰਕਾਸ਼ਕ ਸੰਗਮ ਪਬਲੀਕੇਸ਼ਨਜ਼, ਸਮਾਣਾ**





ਸਫ਼ਰਨਾਮੇ ਦਾ ਪੰਜਾਬੀ ਸਾਹਿਤ ਵਿਚ ਅਹਿਮ ਯੋਗਦਾਨ ਹੈ। ਸਫ਼ਰ ਮਨੁੱਖ ਦੇ ਬੌਧਿਕ ਗਿਆਨ ਵਿਚ ਵਾਧਾ ਕਰਦਾ ਹੈ। ਇਸ ਪੁਸਤਕ ਵਿਚ ਬਲਦੇਵ ਸਿੰਘ ਦਾ ਸਫ਼ਰਨਾਮਾ 'ਮੋਗਾ ਮਾਊਟ ਆਬੂ ਵਾਇਆ ਬਠਿੰਡਾ', ਜਿੰਦਰ ਦਾ 'ਛੇ ਸੌ ਇਕਵੰਜਾ ਮੀਲ', ਹਰਮਹਿੰਦਰ ਚਹਿਲ ਦਾ 'ਰੇਤਾ, ਪਹਾੜ ਤੇ ਮੰਦਿਰ', ਗੁਰਮੇਲ ਸਿੰਘ ਚੰਦ ਦਾ 'ਰਣਭੂਮੀ, ਮਹੱਲਾਂ ਅਤੇ ਦੁਰਗਾਂ ਦਾ ਰਾਜਸਥਾਨ' ਆਦਿ ਸਫ਼ਰਨਾਮੇ ਸਾਮਿਲ ਕੀਤੇ ਹਨ। ਭੂਮਿਕਾ ਵਿਚ ਸੇਖੋਂ ਨੇ ਸਫ਼ਰ ਤੇ ਰਚਨਾਵਾ ਬਾਰੇ ਇਤਿਹਾਸਕਾਰੀ ਦੇ ਹਵਾਲੇ ਨਾਲ ਵਿਸ਼ਲੇਸ਼ਣ ਕੀਤਾ ਹੈ। ਇਨ੍ਹਾਂ ਵੱਖ ਵੱਖ ਰਚਨਾਵਾਂ ਦਾ ਸਾਂਝਾ ਸੂਤਰ ਹੈ ਰਾਜਸਥਾਨ। ਤਿੰਨੇ ਲੇਖਕ ਆਪਣੀ ਆਪਣੀ ਸਮਰੱਥਾ ਨਾਲ ਉਥੋਂ ਦੇ ਸਭਿਆਚਾਰ, ਭੂਗੋਲਿਕ ਸਥਿਤੀ, ਇਤਿਹਾਸਕ ਇਮਾਰਤਾ, ਲੋਕਾਂ ਦੀ ਸਮਾਜਿਕ ਹਾਲਤ ਅਤੇ ਉਥੋਂ ਦੇ ਪੂਰੇ ਸਿਸਟਮ ਨੂੰ ਅਨੁਭਵ ਕਰਨ ਦੀ ਸਮਰੱਥਾਂ ਨਾਲ ਆਪਣੇ ਆਪਣੇ ਸਫ਼ਰਨਾਮੇ ਦਾ ਬਿਰਤਾਂਤ ਸਿਰਜਦੇ ਹਨ। ਦੁਹਰਾਅ ਦੇ ਬਾਵਜੂਦ ਹਰ ਲੇਖਕ ਦੀ ਆਪਣੀ ਸ਼ੈਲੀ ਤੇ ਸਮਰੱਥਾ ਹੈ। ਜਿੱਥੇ ਬਲਦੇਵ ਸਿੰਘ ਰਾਜਸਥਾਨ ਨੂੰ ਸਮਾਜਿਕ ਬਣਤਰ ਵਾਲਾ ਬਿਰਤਾਂਤ ਸਿਰਜ ਕੇ ਸਮਝਦਾ ਹੈ ਉਥੇ ਜਿੰਦਰ ਇਸ ਖਿੱਤੇ ਦੀ ਇਤਿਹਾਸਕਾਰੀ ਦੇ ਪ੍ਰਸੰਗ ਵਿਚ ਉਥੋਂ ਦੀ ਸਮਾਜਿਕ ਬਣਤਰ ਨੂੰ ਸਮਝਦਾ ਹੈ।

**ਫਾਂਸੀ ਦੇ ਫੰਦੇ ਤੱਕ**
**ਲੇਖਕ ਯਸ਼ਪਾਲ ਅਨੁ. ਬਲਜਿੰਦਰ ਨਸਰਾਲੀ**
**ਮੁੱਲ 150 , ਪੰਨੇ 158**
**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ**

ਸ਼ਹੀਦ ਭਗਤ ਸਿੰਘ ਅਤੇ ਉਸ ਦੌਰ ਦੇ ਕ੍ਰਾਂਤੀਕਾਰੀ ਅੰਦੋਲਨ ਨੂੰ ਸਮਝਣ ਲਈ ਇਹ ਪੁਸਤਕ ਬੜੀ ਪ੍ਰਮਾਣਿਕ ਲਿਖਤ ਹੈ। ਇਸ ਵਿਚ ਯਸ਼ਪਾਲ ਨੇ ਆਪਣੀ ਦ੍ਰਿਸ਼ਟੀ ਨਾਲ ਭਗਤ ਸਿੰਘ ਨੂੰ ਚਿਤਰਿਆ ਹੈ। ਲੇਖਕ ਦੀ ਭਗਤ ਸਿੰਘ ਨਾਲ ਕਾਫੀ ਨੇੜਤਾ ਹੋਣ ਕਰਕੇ ਅਤੇ ਉਸ ਦੀ ਵਿਚਾਰਧਾਰਾ ਨੂੰ ਸਮਝਦਿਆਂ ਪੁਸਤਕ ਵਿਚ ਅਛੂਤੇ ਵੇਰਵੇ ਮਿਲਦੇ ਹਨ। ਇਸ ਨੂੰ ਭਗਤ ਸਿੰਘ ਦੀ ਜੀਵਨੀ ਵੀ ਕਿਹਾ ਜਾ ਸਕਦਾ ਹੈ। ਪੁਸਤਕ ਵਿਚ ਹਥਿਆਰਬੰਦ ਕ੍ਰਾਂਤੀਕਾਰੀ ਅੰਦੋਲਨ, ਹਿੰਦੋਸਤਾਨ ਸਮਾਜਵਾਦੀ ਪਰਜਾਤੰਤਰ ਸੈਨਾ, ਲਾਲਾ ਲਾਜਪਤ ਰਾਏ, ਚੰਦਰ ਸ਼ੇਖਰ ਆਜ਼ਾਦ, ਸਾਂਡਰਨ, ਅਸੈਂਬਲੀ ਬੰਬ ਕਾਂਡ, ਭਗਤ ਸਿੰਘ ਤੇ ਦੱਤ ਦੀ ਗ੍ਰਿਫ਼ਤਾਰੀ, ਲਾਹੌਰ ਬੰਬ ਫੈਕਟਰੀ, ਜੇਲ੍ਹ ਦਾ ਦਿਨ, ਦੁਰਗਾ ਭਾਬੀ, ਪ੍ਰਕਾਸ਼ਵਤੀ, ਬੋਸਟਲ ਜੇਲ੍ਹ ਤੇ




ਸ਼ਹਾਦਤ ਆਦਿ ਪ੍ਰਸੰਗ ਬਾਰੇ ਪੁਸਤਕ ਵਿਚ ਖੁੱਲ ਕੇ ਜ਼ਿਕਰ ਹੋਇਆ ਹੈ। ਇਨ੍ਹਾਂ ਸਾਰੇ ਬਿਰਤਾਂਤਾ ਵਿਚ ਪੁਸਤਕ ਦਾ ਲੇਖਕ ਇਕ ਪਾਤਰ ਦੇ ਤੌਰ ਤੇ ਵਿਚਰਿਆ ਹੈ। ਵਾਰਤਾਲਾਪ ਸ਼ੈਲੀ ਨਾਲ ਪੁਸਤਕ ਵਿਚਲੀਆਂ ਘਟਨਾਵਾਂ ਨੂੰ ਸੱਚ ਦੇ ਨੇੜੇ ਦਰਸਾਇਆ ਗਿਆ ਹੈ। ਇਕ ਚੰਗੀ ਪੁਸਤਕ ਨੂੰ ਪੰਜਾਬੀ ਦੇ ਕਹਾਣੀਕਾਰ ਬਲਜਿੰਦਰ ਨਸਰਾਲੀ ਨੇ ਮੌਲਿਕ ਅੰਦਾਜ਼ ਵਿਚ ਅਨੁਵਾਦ ਕੀਤਾ ਹੈ।




**ਫਿਰੌਤੀ (ਕਹਾਣੀ ਸੰਗ੍ਰਹਿ) ਗੁਰਦਿਆਲ ਦਲਾਲ**
**ਮੁੱਲ 200 ਰੁਪਏ, ਪੰਨੇ 176**
**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ ਲੁਧਿਆਣਾ**


ਗੁਰਦਿਆਲ ਦਲਾਲ ਪੰਜਾਬੀ ਕਹਾਣੀ ਦੇ ਖੇਤਰ ਵਿਚ ਬੜਾ ਸੁਲਝਿਆ ਹੋਇਆ ਕਹਾਣੀਕਾਰ ਹੈ। ਉਸ ਨੇ ਆਪਣੀ ਕਹਾਣੀ ਵਿਚ ਅਨੇਕਾਂ ਸਮਾਜਿਕ ਮਸਲੇ ਪੇਸ਼ ਕਰਕੇ ਆਪਣੀ ਨਿੱਗਰ ਥਾਂ ਬਣਾ ਲਈ ਹੈ। ਉਸ ਦੀ ਕਹਾਣੀ 'ਅੰਨ੍ਹੀ ਗਲੀ ਦਾ ਮੋੜ' ਦੇਰ ਤੀਕ ਜਿਊਂਦੀ ਰਹਿਣ ਵਾਲੀ ਕਹਾਣੀ ਹੈ। ਇਸ ਪੁਸਤਕ ਵਿਚ ਦਲਾਲ ਨੇ ਆਪਣੀਆਂ ਅੱਠ ਕਹਾਣੀਆਂ ਸਾਮਿਲ ਕੀਤੀਆਂ ਹਨ। ਉਸ ਦੇ ਪਾਤਰ ਮੱਧਵਰਗੀ ਹਨ ਜਿਸ ਕਰਕੇ ਉਨ੍ਹਾਂ ਦੇ ਮਸਲੇ ਵੀ ਗੁੰਝਲਦਾਰ ਹਨ। ਸਿਰਲੇਖ ਵਾਲੀ ਕਹਾਣੀ 'ਫਿਰੌਤੀ' ਮਰਦ ਔਰਤ ਦੇ ਵਰਜਿਤ ਸਬੰਧਾ ਤੋਂ ਉਪਜੇ ਦੁਖਾਂਤ ਦੀ ਕਹਾਣੀ ਹੈ। ਮਰਦ ਦੀ ਔਰਤ ਪ੍ਰਤੀ ਭੁੱਖ ਉਦੋਂ ਉਜਾਗਰ ਹੁੰਦੀ ਹੈ ਜਦੋਂ ਕਹਾਣੀ ਦੇ ਪਾਤਰ ਦੀ ਪਤਨੀ ਮਰ ਜਾਂਦੀ ਹੈ, ਉਸ ਨੂੰ ਔਰਤ ਦੀ ਲੋੜ ਮਹਿਸੂਸ ਹੁੰਦੀ ਹੈ ਪਰ ਉਸ ਨੂੰ ਵਿਆਹ ਦੇ ਨਾਂ ਤੇ ਧੋਖਾ ਮਿਲਦਾ ਹੈ। ਇਹ ਬੰਦੇ ਦੀ ਮਾਨਸਿਕ ਟੁੱਟ ਭੱਜ ਦੀ ਕਹਾਣੀ ਹੈ। ਕਹਾਣੀ 'ਇੱਕੋ ਕਿਸ਼ਤ' ਦੇ ਪਾਤਰ ਨੂੰ ਸ਼ਰਾਬ ਤੇ ਜੂਏ ਦੀ ਲੱਤ ਕਾਰਨ ਘਰ ਦੀਆਂ ਜਿੰਮੇਵਾਰੀਆਂ ਤੋਂ ਦੂਰ ਕਰ ਦਿੰਦੀ ਹੈ। ਘਰ ਦੀ ਮਾੜੀ ਆਰਥਿਕਤਾ ਨੂੰ ਠੁੰਮਣਾ ਦੇਣ ਲਈ ਘਰ ਦੀਆਂ ਔਰਤਾਂ ਆਪਣੀ ਇੱਜਤ ਦਾਅ ਤੇ ਲਾ ਦਿੰਦੀਆਂ ਹਨ। 'ਸੂਰੇ' ਕਹਾਣੀ ਦੇਸ਼ ਵੰਡ ਦੇ ਫਿਰਕੂ ਦੰਗਿਆਂ ਦੀ ਦਾਸਤਾਨ ਬਿਆਨ ਕਰਦੀ ਹੈ। ਮਨੁੱਖੀ ਰਿਸ਼ਤਿਆਂ ਨੂੰ 'ਜੜ੍ਹ' ਵਿਚ ਪੇਸ਼ ਕੀਤਾ ਗਿਆ ਹੈ। 'ਆਪਣਾ ਘਰ' ਅੰਤਰਜਾਤੀ ਵਿਆਹ ਦੁਆਲੇ ਸਿਰਜੀ ਗਈ ਹੈ। 'ਨੱਥ' ਵਰਜਿਤ ਸੰਬੰਧਾਂ ਵਿਚ ਪਿਸ ਰਹੇ ਪਤੀ ਪਤਨੀ ਦੇ ਰਿਸ਼ਤਿਆਂ ਨੂੰ ਪੇਸ਼ ਕਰਨ ਵਾਲੀ ਕਹਾਣੀ ਹੈ। 'ਸੇਵਾ' ਕਹਾਣੀ ਬਾਪ ਤੇ ਪੁੱਤ ਦੇ ਪੀੜ੍ਹੀ ਪਾੜੇ ਵਿਚ ਪਿਸ ਰਹੇ ਬਾਪ ਦੀਆਂ ਆਸਾ ਉਮੀਦਾ ਦੀ ਬਾਤ ਪਾਉਂਦੀ ਕਹਾਣੀ ਹੈ। ਦਲਾਲ ਦੀ ਸ਼ੈਲੀ ਪਾਠਕ ਨੂੰ ਨਾਲ ਤੋਰੀ ਰੱਖਦੀ ਹੈ।




**ਜਗਰਾਵਾਂ ਠੰਢੀਆਂ ਛਾਵਾਂ (ਅਜੀਤ ਪਿਆਸਾ)**
**ਮੁੱਲ 250 ਰੁਪਏ, ਪੰਨੇ 188**
**ਪ੍ਰਕਾਸ਼ਕ ਚੇਤਨਾ ਪ੍ਰਕਾਸ਼ਨ, ਲੁਧਿਆਣਾ**


ਅਜੀਤ ਪਿਆਸਾ ਨੇ ਇਸ ਪੁਸਤਕ ਰਾਹੀਂ ਇਕ ਪੁਰਾਣੇ ਸ਼ਹਿਰ ਦੀ ਵਿਗਿਆਨਕ ਦ੍ਰਿਸ਼ਟੀ ਤੋਂ ਇਤਿਹਾਸਕਾਰੀ ਕੀਤੀ ਹੈ। ਪਿੰਡਾਂ ਤੇ ਸ਼ਹਿਰਾਂ ਦੀ ਇਤਿਹਾਸਕਾਰੀ ਕਰਨ ਦੀ ਪ੍ਰੰਪਰਾ ਭਾਵੇ ਪੰਜਾਬੀ ਵਿਚ ਪਹਿਲਾ ਵੀ ਹੈ ਜਿਸ ਰਾਹੀ ਉਸ ਇਲਾਕੇ ਦੀ ਮੁਕੰਮਲ ਜਾਣਕਾਰੀ ਪਾਠਕ ਨੂੰ ਮਿਲਦੀ ਹੈ। ਇਹ ਇਕ ਅਜਿਹੀ ਇਤਿਹਾਸਕਾਰੀ ਹੈ ਜਿਸ ਨੂੰ ਲਿਖਣ ਲਈ ਲੇਖਕ ਨੂੰ ਫੀਲਡ ਵਰਕ ਕਰਨਾ ਪੈਂਦਾ ਹੈ। ਉਸ ਨੂੰ ਦੱਬੇ ਹੋਏ ਇਤਿਹਾਸ ਦੇ ਵਰਕੇ ਭਾਲਣੇ ਪੈਂਦੇ ਹਨ, ਫਰੋਲਣੇ ਪੈਂਦੇ ਹਨ। ਮਰ ਰਹੇ ਇਤਿਹਾਸ ਦੇ ਨਿਸ਼ਾਨ ਲੱਭਣੇ ਪੈਂਦੇ ਹਨ ਇਹ ਸਾਰਾ ਕੁਝ ਇਸ ਪੁਸਤਕ ਦੇ ਲੇਖਕ ਅਜੀਤ ਪਿਆਸਾ ਨੇ ਕੀਤਾ ਹੈ। ਇਸ ਪੁਸਤਕ

ਨੂੰ ਤਿਆਰ ਕਰਨ ਲਈ ਕਈ ਸਾਲ ਲਾਏ ਹਨ।




ਪੁਸਤਕ ਵਿਚ ਜਗਰਾਵਾਂ ਦੀ ਭੂਗੋਲਿਕ ਜਾਣਕਾਰੀ ਬੜੀ ਬਰੀਕੀ ਨਾਲ ਦਿੱਤੀ ਹੈ। ਪੀਰਾਂ ਦੇ ਮਜ਼ਾਰ, ਫ਼ਕੀਰਾਂ ਦੇ ਟਿੱਲੇ, ਤਕੀਏ ਤੇ ਦਰਗਾਹਾਂ, 1947 ਸਮੇਂ ਮੁਸਲਮਾਨਾਂ ਦੀ ਆਪਸੀ ਸਾਂਝ ਅਤੇ ਸਮਾਜਿਕ ਸਥਿਤੀ ਪੁਸਤਕ ਵਿਚ ਦਰਜ ਹੈ। ਜਗਰਾਓਂ ਦੀ ਰੌਸ਼ਨੀ ਦਾ ਮੇਲੇ ਬਾਰੇ ਪੁਸਤਕ ਵਿਚ ਵਿਸਥਾਰ ਨਾਲ ਲਿਖਿਆ ਗਿਆ ਹੈ। ਪਿਆਸਾ ਨੇ ਖੰਡਰ ਹੋ ਰਹੀਆਂ ਇਤਿਹਾਸਕ ਇਮਾਰਤਾ ਦਾ ਜ਼ਿਕਰ ਵੀ ਕੀਤਾ ਹੈ। ਇਥੋਂ ਦੀ ਕੋਠੇ ਪੋਨੇ ਵੱਲ ਖੰਡਰ ਬਣਿਆ ਸੁੰਦਰ ਤਲਾਅ ਜਿਹੜੀ ਕਿ ਮੁਗਲਸ਼ਾਹੀ ਸਮੇਂ ਦਾ ਹੁਨਰਮੰਦੀ ਦਾ ਗਵਾਹ ਹੈ। ਇਲਾਹੀ ਜਾਨ ਜਗਰਾਵਾਂ ਵਾਲੀ ਦਾ ਜ਼ਿਕਰ ਬੜਾ ਦਿਲਚਸਪ ਹੈ। ਫਿੱਲੀ ਗੇਟ, ਮੋਰੀ ਗੇਟ, ਖਾਨਗਾਹ ਚੌਂਕ ਬਾਰੇ ਜਾਣਕਾਰੀ ਵਾਰਤਾਲਾਪੀ ਜੁਗਤ ਨਾਲ ਦਿੱਤੀ ਹੈ। ਇਥੇ ਹੀ ਲਾਲਾ ਲਾਜਪਤ ਰਾਏ ਦੇ ਘਰ ਬਾਰੇ ਜਾਣਕਾਰੀ ਦਿੱਤੀ ਹੈ। ਲੇਖਕ ਨੂੰ ਇਸ ਗੱਲ ਦਾ ਝੋਰਾ ਹੈ ਕਿ ਜਗਰਾਵਾਂ ਦਾ ਇਤਿਹਾਸ ਖੰਡਰ ਹੋ ਰਿਹਾ ਹੈ। ਮਜ਼ਾਰਾਂ ਨੂੰ ਨਵਾਂ ਰੂਪ ਦਿੱਤਾ ਗਿਆ ਹੈ। ਪੁਰਾਣਾ ਜਗਰਾਵਾਂ ਮਰ ਰਿਹਾ ਹੈ। ਇਸ ਮਰ ਰਹੇ ਜਗਰਾਵਾਂ ਵਿਚ ਅਜੀਤ ਪਿਆਸਾ ਨੇ ਠੰਢੀਆਂ ਛਾਵਾਂ ਦੀ ਗੱਲ ਇਸ ਪੁਸਤਕ ਵਿਚ ਕੀਤੀ ਹੈ।

**ਕੜ੍ਹਦਾ ਦੁੱਧ (ਵਾਰਤਕ) ਮੁਖ਼ਤਿਆਰ ਸਿੰਘ**
**ਮੁੱਲ 140 ਰੁਪਏ, ਪੰਨੇ 128**
**ਪ੍ਰਕਾਸ਼ਕ ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**




ਮੁਖ਼ਤਿਆਰ ਸਿੰਘ ਪੰਜਾਬੀ ਦਾ ਜ਼ਿਕਰਯੋਗ ਕਹਾਣੀਕਾਰ ਹੈ। ਉਸ ਨੇ ਨਾਵਲ ਵੀ ਲਿਖੇ ਹਨ। ਪੁਸਤਕ ਉਸ ਆਪਣੇ ਬਚਪਨ ਅਤੇ ਜਵਾਨੀ ਵੇਲੇ ਦੀਆਂ ਯਾਦਾਂ ਨੂੰ ਨਿੱਕੇ ਨਿੱਕੇ ਲੇਖਾਂ ਰਾਹੀ ਪੇਸ਼ ਕੀਤਾ ਹੈ। ਇਕ ਤਰ੍ਹਾਂ ਦੀ ਲੇਖਕ ਦੀ ਸਵੈ ਜੀਵਨੀ ਵੀ ਕਹੀ ਜਾ ਸਕਦੀ ਹੈ ਜਿਸ ਵਿਚੋਂ ਲੇਖਕ ਦੀ ਸਖ਼ਸ਼ੀਅਤ ਉਘੜਦੀ ਹੈ। ਇਹ ਲੇਖ ਪੰਜਾਬੀ ਸਮਾਜ ਅਤੇ ਸਭਿਆਚਾਰ ਦੀ ਗੱਲ ਵੀ ਕਰਦੇ ਹਨ। ਲੇਖਕ ਹਰ ਲੇਖ ਵਿਚ ਇਕ ਪਾਤਰ ਦੇ ਤੌਰ ਤੇ ਵਿਚਰਦਾ ਹੈ। ਲੇਖ ਭਾਵੇਂ ਨਿੱਕੇ ਹਨ ਪਰ ਪਾਠਕ ਉੱਤੇ ਚਿਰ ਸਥਾਈ ਪ੍ਰਭਾਵ ਪਾਉਂਦੇ ਹਨ। ਇਨ੍ਹਾਂ ਲੇਖਾਂ ਵਿਚ ਨਿੱਕੀਆਂ ਨਿੱਕੀਆਂ ਘਟਨਾਵਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਦਾ ਲੇਖਕ ਦੀ ਸਖ਼ਸ਼ੀਅਤ ਉੱਤੇ ਪ੍ਰਭਾਵ ਪਾਇਆ ਹੈ। 'ਜਦੋਂ ਪੰਜਾਬੀ ਲਾਗੂ ਹੋਈ' ਲੇਖ ਲੇਖਕ ਦੇ ਸਕੂਲ ਦੇ ਪਹਿਲੇ ਦਿਨ ਦੀ ਘਟਨਾ ਹੈ ਜਦੋਂ ਉਹਨੂੰ ਪਤਾ ਲੱਗਦਾ ਹੈ ਕਿ ਉਰਦੂ ਦੀ ਥਾਂ ਪੰਜਾਬੀ ਲਾਗੂ ਹੋ ਗਈ ਹੈ। 'ਕੋਟ ਦਾ ਚਾਅ' ਬੱਚੇ ਦੀਆਂ ਨਿੱਕੀਆਂ ਨਿੱਕੀਆਂ ਖ਼ਾਹਸਾਂ ਦਾ ਜ਼ਿਕਰ ਹੈ। ਪੁਸਤਕ 'ਚ ਕਾਫੀ ਲੇਖ ਲੇਖਕ ਦੇ ਸਕੂਲ ਵੇਲੇ ਦਾ ਹਨ, ਕੁਝ ਲੇਖ ਨਾਨਕੇ ਜਾਣ ਬਾਰੇ ਹਨ। ਬਾਕੀ ਕਾਲਜ ਸਮੇਂ ਦੇ ਪ੍ਰਸੰਗ ਹਨ। ਜਿਨ੍ਹਾਂ ਤੋਂ ਮਨੁੱਖ ਦੇ ਸੁਭਾਅ ਦੇ ਨਿੱਕੇ ਨਿੱਕੇ ਦ੍ਰਿਸ਼ ਸਕਾਰ ਹੁੰਦੇ ਹਨ। 'ਟਿੱਡੀ ਦਲ ਆ ਗਿਆ' ਲੇਖ ਉਸ ਵੇਲੇ ਨੂੰ ਚੇਤੇ ਕਰਵਾ ਦਿੰਦਾ ਹੈ ਜਦੋਂ ਟਿੱਡੀ ਦਲ ਨੇ ਕਿਸਾਨਾਂ ਦੀਆਂ ਸਾਰੀਆਂ ਫ਼ਸਲਾਂ ਤਬਾਹ ਕਰ ਦਿੱਤੀਆਂ ਸਨ। ਪਿੰਡਾਂ ਵਿਚ ਹੁੰਦੇ ਲੜਾਈ ਝਗੜਿਆਂ ਨੂੰ ਵੀ ਲੇਖਕ ਨੇ ਸੋਧ ਮਈ ਪ੍ਰਸੰਗਾ ਨਾਲ ਪੇਸ਼ ਕੀਤਾ ਹੈ। '1947 ਵੇਲੇ ਬਾਲ-ਮਨ' ਲੇਖ ਦਹਿਸ਼ਤ ਨੂੰ ਬਿਆਨ ਕਰਨ ਵਾਲਾ ਲੇਖ ਹੈ। ਵਾਰਤਾਲਾਪ ਪ੍ਰਸੰਗਾਂ ਰਾਹੀਂ ਲੇਖਕ ਬਿਰਤਾਂਤ ਸਿਰਜਦਾ ਹੈ। ਜਿਹੜਾ ਕਿ ਪਾਠਕ ਨੂੰ ਆਪਣੇ ਨਾਲ ਤੋਰੀ ਰੱਖਦਾ ਹੈ।



## ਹੁੰਗਾਰਾ/ 'ਆਪਣੇ ਆਪਣੇ ਜਨਮੇਜੇ... ਵਾਦ ਤੇ ਸੰਵਾਦ

'ਕਹਾਣੀ ਧਾਰਾ' ਵਿਚ ਕਿਸੇ ਵਿਸ਼ਵੀਕਰਨ ਦੇ ਮਾਹਰ ਅਤੇ 'ਅਮਰੀਕਾ ਅਤੇ ਹੋਰ ਵਿਕਸਤ ਦੇਸ਼ਾਂ ਦੇ ਸਾਹਿਤ ਬਾਰੇ ਵੱਡੀ ਜਾਣਕਾਰੀ ਰੱਖਣ ਵਾਲੇ ਪ੍ਰੀਤਮ ਦਾ ਪ੍ਰਤੀਕਰਮ ਪੜ੍ਹਿਆ ਹੈ। ਮੇਰੇ ਵਰਗੇ ਛੋਲੇ ਦੇ ਕੇ ਪਾਸ ਹੋਏ ਡਾਕਟਰ (ਜਾਂ ਬੁੱਧੀਜੀਵੀ) ਦੀਆਂ ਬੰਦ ਅੱਖਾਂ ਖੋਲ੍ਹ ਦਿੱਤੀਆਂ ਹਨ।

ਵੈਸੇ ਜਿੱਥੋਂ ਤੱਕ ਮੇਰੀ ਸੂਝ ਹੈ, ਲਿੱਟ ਨੇ ਜਨਮੇਜੇ ਨੂੰ ਕਾਰਪੋਰਟ ਜਗਤ ਦਾ ਪ੍ਰਤੀਕ ਬਣਾਇਆ ਹੈ। ਜਨਮੇਜਾ (ਕਾਰਪੋਰੇਟ ਜਗਤ) ਦੋ ਚੀਜ਼ਾਂ ਦੀ ਵਰਤੋਂ ਕਰਦਾ ਹੈ, ਔਰਤ-ਕਾਮ ਅਤੇ ਪੂੰਜੀ, ਜਿੱਥੇ ਕਾਮ ਅਤੇ ਪੂੰਜੀ ਹੈ ਉੱਥੇ ਰਿਸ਼ਤੇ ਨਹੀਂ ਹੋ ਸਕਦੇ। ਔਰਤ (ਕਾਮ) ਰਾਹੀਂ ਪੂੰਜੀ ਅਤੇ ਪੂੰਜੀ ਰਾਹੀਂ ਔਰਤ (ਕਾਮ) ਦੀ ਪ੍ਰਾਪਤੀ ਕੀਤੀ ਜਾਂਦੀ ਹੈ। ਲਿੱਟ ਨੇ ਕਾਰਪੋਰੇਟ ਜਗਤ ਨੂੰ ਨੰਗਾ ਹੀ ਨਹੀਂ ਸਗੋਂ ਸਾਡੇ ਅੰਦਰ ਉਸ ਪ੍ਰਤੀ ਇਕ ਗੁੱਸਾ, ਨਫ਼ਰਤ ਅਤੇ ਰੋਹ ਵੀ ਪੈਦਾ ਕੀਤਾ ਹੈ। ਲਿੱਟ ਨੇ ਇਨ੍ਹਾਂ ਕਰੂਰ ਬਰਬਰ ਘਟਨਾਵਾਂ ਰਾਹੀਂ ਸਾਨੂੰ ਸੋਚਣ ਲਈ ਇਕ ਆਧਾਰ ਦਿੱਤਾ ਹੈ। ਲਿੱਟ ਨੇ ਸਿਰਫ਼ ਦੋ ਪੱਖਾਂ (ਕਾਮ ਤੇ ਪੂੰਜੀ) ਦੀ ਪ੍ਰਸਤੁਤੀ ਰਾਹੀਂ ਵਿਸ਼ਵੀਕਰਨ ਦੇ ਦੋ ਅਹਿਮ ਜ਼ੁਜ਼ਾਂ ਨੂੰ ਸਮਝਾਇਆ ਹੈ, ਇਹ ਅਮਾਨਵੀ ਚਿਹਰੇ ਵਾਲਾ ਵਿਸ਼ਵੀਕਰਨ ਹੈ। 'ਅਮਰੀਕੀ ਅਤੇ ਵਿਸ਼ਵ ਸਾਹਿਤ ਦੇ ਮਾਹਰ ਵੱਡੇ ਪਾਠਕ' ਨੂੰ ਮੈਂ ਪੁੱਛਦਾ ਹਾਂ ਕਿ ਉਸਦੀਆਂ ਨਜ਼ਰਾਂ ਵਿੱਚ ਮਾਨਵੀ ਚਿਹਰੇ ਵਾਲਾ ਵਿਸ਼ਵੀਕਰਨ ਠੀਕ ਹੈ ਜਾਂ ਅਮਾਨਵੀ ਚਿਹਰੇ ਵਾਲਾ। ਕਿਸੇ ਪ੍ਰੀਤਮ ਦੇ ਪ੍ਰਤੀਕਰਮ ਵਜੋਂ ਲਿਖੇ ਚਾਰ ਕੁ ਸ਼ਬਦਾਂ ਤੋਂ ਇਹ ਸਿੱਧ ਹੁੰਦਾ ਹੈ ਕਿ 'ਇਹ ਵਿਸ਼ਵੀਕਰਨ ਦਾ ਮਾਹਰ ਬੰਦਾ' ਅਮਾਨਵੀ ਚਿਹਰੇ ਵਾਲੇ ਵਿਸ਼ਵੀਕਰਨ ਦੀ ਤੂਤੀ ਬੁਲਾਈ ਜਾਂਦਾ ਹੈ।

ਨਾਵਲ 'ਚ ਦਰਜ ਜਨਮੇਜੇ ਦੀ ਪਤਨੀ ਤਾਂ ਆਜ਼ਾਦ ਹੈ ਜੇ ਉਹ ਆਜ਼ਾਦ ਨਾ ਹੁੰਦੀ ਜੇ ਉਸਨੂੰ ਖੁੱਲ੍ਹ ਨਾ ਹੁੰਦੀ ਤਾਂ ਉਹ ਜਨਮੇਜੇ ਤੋਂ ਬਿਨਾ ਬਾਹਰ ਜਾ ਕੇ ਕਦੇ ਅਯਾਸ਼ੀਆਂ ਨਾ ਕਰਦੀ। ਪ੍ਰੀਤਮ ਜੀ ਨੂੰ ਇਹ ਨਹੀਂ ਪਤਾ ਕਿ ਫਿਊਡਲ ਔਰਤ ਵੀ ਇਕ ਵਸਤ ਵਾਂਗ ਵਰਤੀ ਜਾਂਦੀ ਰਹੀ ਹੈ। ਫ਼ਰਕ ਏਨਾ ਸੀ ਕਿ ਉਸ ਦੌਰ ਵਿੱਚ ਔਰਤ ਵਸਤ ਸੀ ਪਰ ਉਸਨੂੰ ਖੁੱਲ੍ਹ ਨਹੀਂ ਸੀ। ਨਵ ਪੂੰਜੀਵਾਦੀ ਦੌਰ ਵਿੱਚ ਉਹ ਬਾਜ਼ਾਰ ਦੀ ਲਖਾਇਕ ਹੈ। ਜੇ ਅਜਿਹੇ ਕਰੂਰ ਬਰਬਰ ਮੁੱਲਾਂ ਪ੍ਰਤਿਮਾਨਾਂ ਵਾਲੇ ਵਿਸ਼ਵੀਕਰਨ ਦੀ ਜ਼ਰੂਰਤ ਹੈ ਤਾਂ ਇਹ ਪ੍ਰੀਤਮ ਜੀ ਦੀ ਵਿਚਾਰਧਾਰਾ ਪ੍ਰੀਤਮ ਨੂੰ ਮੁਬਾਰਕ ਹੋਵੇ।

ਡਾ. ਮਨਮੋਹਨ ਸਿੰਘ ਅਤੇ ਕਾਂਗਰਸ ਪਾਰਟੀ ਦੇ ਨੇਤਾਵਾਂ ਦੇ ਕਿਰਦਾਰਾਂ ਬਾਰੇ ਜੋ ਤੱਥ ਪ੍ਰੀਤਮ ਨੇ ਪ੍ਰਸਤੁਤ ਕੀਤੇ ਹਨ। ਉਹ ਵੀ ਵਿਸ਼ਵੀਕਰਨ ਦਾ ਹਿੱਸਾ ਹਨ ਪ੍ਰੰਤੂ ਇਸ ਵਿਸ਼ਵੀਕਰਨ ਦੇ ਵਰਤਾਰੇ ਦਾ ਨਾਵਲ ਨਾਲ ਕੋਈ ਸੰਬੰਧ ਨਹੀਂ। ਹਾਂ, ਏਨਾ ਕੁ ਸੰਬੰਧ ਜ਼ਰੂਰ ਹੈ ਕਿ ਸਾਡੇ ਕਾਂਗਰਸੀ ਨੇਤਾ ਵੀ ਵਿਸ਼ਵੀਕਰਨ ਦੇ ਪੁਰਜੇ ਹਨ। ਅਤੇ ਜਨਮੇਜਾ ਵੀ ਵਿਸ਼ਵੀਕਰਨ ਦਾ ਪੁਰਜਾ ਹੈ। ਇਸ ਸੱਚ ਤੋਂ ਵੀ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਜਨਮੇਜਾ ਵੀ 'ਕਾਰਪੋਰੇਟ ਜਗਤ ਦਾ ਪ੍ਰਤੀਕ ਹੈ। ਅਤੇ ਕਾਰਪੋਰੇਟ ਜਗਤ ਹੀ ਕਾਂਗਰਸੀ ਨੇਤਾਵਾਂ (ਲਗਭੱਗ ਸਾਰੇ ਬੁਰਜੂਆ ਨੇਤਾਵਾਂ ਨੂੰ) ਆਪਣੇ ਢੰਗ ਨਾਲ ਚਲਾ ਰਿਹਾ ਹੈ। ਅੰਕ-23 ਵਿੱਚ ਕੁਲਜੀਤ ਮਾਨ ਦੀਆਂ ਗੱਲਾਂ ਧਾਰਨਾਵਾਂ ਬੜੇ ਹੀ ਕੰਮ ਦੀਆਂ ਹਨ। ਇਹ ਮੁਲਾਕਾਤ ਅੱਖਾਂ ਖੋਲ੍ਹਦੀ ਹੈ। ਕੰਨ ਚੁਕੰਨੇ ਕਰਦੀ ਹੈ।

**-ਸੁਰਜੀਤ ਬਰਾੜ, ਘੋਲੀਆਂ ਕਲਾਂ, ਮੋਗਾ, 98553-71313**

ਅਪ੍ਰੈਲ-ਜੂਨ, 2011 ਦੇ 'ਕਹਾਣੀ ਧਾਰਾ' ਵਿੱਚ ਗੁਰਪਾਲ ਲਿੱਟ ਦਾ ਨਾਵਲ 'ਆਪਣੇ ਆਪਣੇ ਜਮਨੇਜੇ' ਪੜ੍ਹਿਆ। ਨਾਵਲਕਾਰ ਨੇ ਇਸ ਵਿੱਚ ਸਮਾਜ ਦੇ ਕੋਹਜੇ ਤੇ ਅਮਾਨਵੀ ਪੱਖ ਨੂੰ ਪ੍ਰਸਤੁਤ ਕੀਤਾ। ਜਨਮੇਜਾ ਪਾਤਰ ਬਿਮਾਰ ਜ਼ਹਿਨੀਅਤ ਅਤੇ ਜਗੀਰੂ ਮਾਨਸਿਕਤਾ ਦਾ ਧਾਰਨੀ ਹੈ। ਉਹ ਆਪਣੇ ਪੁਰਾਣੇ ਜਮਾਤੀ ਜੱਸੀ ਦੀ ਮੰਦੀ ਆਰਥਿਕ ਦਸ਼ਾ ਦੌਰਾਨ ਉਸ ਨਾਲ ਹਮਦਰਦੀ ਦਾ ਪਰਪੰਚ ਰਚਦਾ ਹੋਇਆ ਉਸਦੀਆਂ ਮੁਟਿਆਰ ਧੀਆਂ ਦੀ ਇੱਜਤ ਨਾਲ ਖੇਡਦਾ ਹੈ। ਉਹ ਦੋਗਲਾ ਕਿਰਦਾਰ ਨਿਭਾਉਂਦਾ ਹੈ। ਜੱਸੀ ਦੀ ਤੀਸਰੀ ਕੁੜੀ ਨੀਲੂ ਚੰਡੀ ਦੇ ਕਿਰਦਾਰ ਵਾਂਗ ਨਾਵਲ ਵਿਚ ਆਈ ਜੋ ਜਨਮੇਜੇ ਦੀ ਵਿਚਲਤ ਮਾਨਸਿਕਤਾ, ਭੈੜੀਆਂ ਕਰਤੂਤਾਂ ਦਾ ਪਾਜ ਉਘੇੜਦੀ ਹੈ। ਇਹ ਨਾਵਲ ਪਰੰਪਰਕ ਮੁੱਲ ਵਿਧਾਨ ਦੇ ਸਨਮਨੁੱਖ ਪ੍ਰਸ਼ਨ ਚਿੰਨ ਖੜਾ ਕਰਦਾ ਹੈ। ਜਨਮੇਜੇ ਦੇ ਨੀਚ ਕਿਰਦਾਰ ਨੂੰ ਪੇਸ਼ ਕਰਦਿਆਂ ਨਾਵਲ ਵਿੱਚ ਕਈ ਥਾਂਈ ਅਸ਼ਲੀਲਤਾ ਹੱਦਾਂ ਬੰਨੇ ਟੱਪ ਗਈ ਹੈ। ਨਾਵਲਕਾਰ ਨੇ ਮਨੁੱਖੀ ਚਰਿਤਰ ਵਿੱਚ ਵਧਦੀ ਗਿਰਾਵਟ, ਮਨਫ਼ੀ ਹੋ ਰਹੀਆਂ ਸਦਾਚਾਰਕ ਕੀਮਤਾਂ ਨੂੰ ਯਥਾਰਥ ਰੂਪ ਵਿੱਚ ਪੇਸ਼ ਕਰਨ ਦੇ ਨਾਲ ਨਾਲ ਆਮ ਮਨੁੱਖ ਦੀ ਬੇਬੱਸੀ, ਪਿੰਡ ਵਿੱਚ ਹੁੰਦੇ ਲੜਾਈ ਝਗੜਿਆਂ ਨੂੰ ਰੂਪਮਾਨ ਕੀਤਾ ਹੈ। ਪਾਤਰਾਂ ਦੇ ਜ਼ਿਹਨੀ ਸੰਸਾਰ ਦੀ ਮਾਨਸਿਕ ਕਸ਼ਮਕਸ਼ ਨੂੰ ਬਾਖ਼ੂਬੀ ਉਲੀਕਿਆ ਹੈ। ਪਰ ਨਾਵਲ ਦੇ ਸਿਰਲੇਖ ਬਾਰੇ ਅਸ਼ਪਸ਼ਟਤਾ ਨਜ਼ਰ ਆ ਰਹੀ ਹੈ। ਲਿੱਟ ਨੇ ਸਮਾਜਿਕ ਅਣ-ਸਦਾਚਾਰਕ ਵਰਤਾਰੇ ਉਪਰ ਬਾਖ਼ੂਬੀ ਵਿਅੰਗ ਕੀਤਾ ਹੈ। **-ਹਰਜੀਤ ਕੌਰ ਵਿਰਕ, 76, ਪ੍ਰੋਫ਼ੈਸਰ ਇਨਕਲੇਵ, ਪੰ. ਯੂ. ਪਟਿਆਲਾ**